*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com ਸਾਲ- 15, ਅੰਕ-2, ਫਰਵਰੀ 2025 Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

# ਅਮਰੀਕਾ-ਕੈਨੇਡਾ ਸਬੰਧਾਂ 'ਚ ਤਰੇੜਾਂ, ਕੈਨੇਡੀਅਨ ਇੱਕਜੁਟਤਾ ਦਾ ਵੇਲਾ

'ਅਮਰੀਕਾ ਨੂੰ ਮਹਾਨ ਮੁਲਕ' ਬਣਾਉਣ ਦੇ ਲੁਭਾਵੇਂ ਨਾਅਰੇ ਲਈ ਡੋਨਾਲਡ ਟਰੰਪ ਵੱਲੋਂ ਕਾਰਵਾਈਆਂ ਸ਼ੁਰੂ ਹੋ ਗਈਆਂ ਹਨ। ਆਪਣੇ ਪਸਾਰਵਾਦੀ ਅਤੇ ਪਰਵਾਸੀਆਂ ਵਿਰੋਧੀ ਨਸਲੀ ਕੱਟੜਤਾ ਦਾ ਵਿਖਾਵਾ ਕਰਣਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਵਿੱਚੋਂ ਇੱਕ ਹੈ, ਕੈਨੇਡਾ ਖ਼ਿਲਾਫ ਹਮਲਾਵਰ ਰੁੱਖ, ਜਦਕਿ ਇਹ ਅਮਰੀਕਾ ਦਾ ਸਭ ਤੋਂ ਨੇੜਲਾ ਜੰਗੀ ਭਾਈਵਾਲ ਅਤੇ ਗਵਾਂਡੀ ਦੇਸ਼ ਹੈ। ਇਸ ਦੇ ਵਪਾਰ ਖਿਲਾ.ਫ 25% ਟੈਰਿ.ਫ ਦੀ ਕਾਰਵਾਈ ਦੇ ਐਲਾਨ ਕਾਰਣ, ਸਦੀਆਂ ਤੋਂ ਆਪਸੀ ਵਪਾਰ ਅਤੇ ਇਕਜੁਟਤਾ ਨਾਲ ਚੱਲਣ ਵਾਲੇ ਅਮਰੀਕਨ-ਕੈਨੇਡਾ ਸਬੰਧਾਂ ਵਿਚ ਵੀ ਬੁਰੀ ਤਰ੍ਹਾਂ ਖੜ੍ਹੋਤ ਆਉਣ ਦੇ ਖਦਸ਼ੇ ਵੱਧ ਗਏ ਹਨ। ਜਿਸ ਕਿਸਮ ਨਾਲ ਡੋਨਾਲਡ ਟਰੰਪ ਨੇ ਆਪਣੇ ਹੀ ਖਿੱਤੇ ਦੇ ਗੁਆਂਢੀ ਮੁਲਕਾਂ ਪ੍ਰਤੀ ਧਮਕੀ ਵਾਲਾ ਵਿਵਹਾਰ ਸ਼ੁਰੂ ਕਰ ਦਿੱਤਾ ਹੈ, ਇਸ ਨਾਲ ਸਮੁੱਚੇ ਨਾਰਥ ਅਮਰੀਕਾ ਨੂੰ ਨਵੇਂ ਸੰਕਟਾਂ ਵਿਚ ਸੁੱਟ ਸਕਦੇ ਹਨ। ਹਰ ਇਕ ਨੂੰ ਸੋਚਣ ਪੈ ਰਿਹਾ ਹੈ ਕਿ ਅਮਰੀਕਾ ਦੀ ਇਹ ਵਿਦੇਸ਼ ਨੀਤੀ ਸਾਰੇ ਸੰਸਾਰ ਲਈ, ਕੀ ਗੁੱਲ ਖਿਲਾਏਗੀ ਅਤੇ ਕਿਸ ਕਿਸਮ ਦੇ ਆਰਥਿਕ ਮੰਦਵਾੜਿਆਂ ਤੋਂ ਲੈ ਕੇ ਸਮਾਜਿਕ ਮੰਦਵਾੜਿਆਂ ਨੂੰ ਜਨਮ ਦੇਵੇਗੀ।

ਟਰੰਪ ਦੇ ਹੁਕਮਾਂ ਮੁਤਾਬਿਕ ਜੇ ਇਸੇ ਇੱਕ ਫਰਵਰੀ ਤੋਂ ਕੈਨੇਡਾ ਦੇ ਵਪਾਰਕ ਵਸਤਾਂ ਤੇ ਅਮਰੀਕੀ ਸਰਕਾਰ ਵਾਲੋਂ 25% ਟੈਰਿ.ਫ ਸ਼ੁਰੂ ਹੋ ਜਾਂਦਾ ਹੈ ਤਾਂ ਇਹ ਕੈਨੇਡੀਅਨ ਆਰਥਿਕਤਾ ਲਈ ਇੱਕ ਵੱਡੀ ਫੋਰੀ ਚੁਣੌਤੀ ਹੈ। ਕੈਨੇਡਾ ਲਈ ਇਕ ਗੱਲ ਸਪਸ਼ਟ ਹੈ ਕਿ ਡੋਨਾਲਡ ਟਰੰਪ ਦੀ ਸੱਤਾ ਵਿਚ ਆਉਣ ਨਾਲ ਕੈਨੇਡਾ-ਅਮਰੀਕਾ ਦੇ ਸਬੰਧ ਪੁਰਾਣੇ ਰਿਸ਼ਤਿਆਂ 'ਤੇ ਨਹੀਂ ਚਲਣਗੇ। ਕੈਨੇਡਾ ਦੀਆਂ ਰਾਜਨੀਤਕ ਪਾਰਟੀਆਂ ਨੇ ਵੀ ਹੁਣ ਬੋਲਣਾ ਸ਼ੁਰੂ ਕਰ ਦਿੱਤਾ ਹੈ ਕਿ ਉਹ ਅਮਰੀਕਾ ਨੂੰ ਤੇਲ ਅਤੇ ਊਰਜਾ ਦੀ ਸਪਲਾਈ ਬਾਰੇ ਵੀ ਨਵੇਂ ਸਿਰੇ ਤੇ ਸੋਚਣ ਲਈ ਮਜ਼ਬੂਰ ਹੋਵੇਗਾ। ਕੈਨੇਡਾ .ਫੈਡਰਲ ਜਾਂ ਪ੍ਰੋਵਿਨਸ਼ੀਅਲ ਪੱਧਰ ਦਾ ਹਰ ਸਿਆਸੀ ਨੇਤਾ ਮੁਕਾਬਲੇ ਦੀ ਰਣਨੀਤੀ ਬਣਾ ਰਿਹਾ ਹੈ। ਕੈਨੇਡੀਅਨ ਨੇਤਾਵਾਂ ਨੇ ਲੋਕਾਂ ਨੂੰ "ਸਪੋਰਟ ਲੋਕਲ ਬਿਜ਼ਨਸ' ਦਾ ਵੀ ਨਾਅਰਾ ਦੇ ਕੇ ਅਮਰੀਕਨ ਵਸਤਾਂ ਦੀ ਖ਼ਰੀਦ ਘਟਾਉਣ ਦਾ ਸੱਦਾ ਦਿੱਤਾ ਹੈ। ਇਸ ਦਾ ਮੁਕਾਬਲਾ ਕਰਣ ਲਈ ਹੁਣ ਤੱਕ ਸਰਕਾਰ ਨੇ ਅਮਰੀਕੀ ਵਪਾਰ ਤੇ ਮੋੜਵੇਂ ਟੈਰਿ.ਫ ਅਤੇ ਹੋਰ ਪਾਬੰਦੀਆਂ; ਕੈਨੇਡੀਅਨ ਕਾਰੋਬਾਰੀਆਂ ਅਤੇ ਵਰਕਰਾਂ ਨੂੰ ਆਰਥਕ ਰਾਹਤ ਦਾ ਵਾਅਦਾ ਵੀ ਕੀਤਾ ਹੈ। ਸਾਰੀਆਂ ਪਾਰਟੀਆਂ ਲਈ ਵੀ ਇੱਕਜੁੱਟ ਹੋਕੇ .ਫੈਸਲੇ ਲੈਣ ਦਾ ਵੇਲਾ ਹੈ ਅਤੇ ਇਸ ਵਿੱਚ ਆਮ ਲੋਕਾਂ ਦੀ ਸ਼ਮੂਲੀਅਤ ਵੀ ਜ਼ਰੂਰੀ ਹੈ। ਇਸ ਸਮੇਂ ਕੈਨੇਡੀਅਨ ਲੋਕਾਂ ਨੂੰ ਹੌਂਸਲਾ ਅਤੇ ਸਹੀ ਅਗਵਾਈ ਦੇਣ ਦੀ ਲੋੜ ਹੈ।



ਟਰੰਪ ਦੀਆਂ ਕਾਰਵਾਈਆਂ ਕਾਰਣ ਅਮਰੀਕੀ ਲੋਕ ਵੀ ਡਰੇ ਹੋਏ ਹਨ ਜਿਵੇਂ ਕਿ ਪਰਵਾਸੀ, ਪੈਦਾਇਸ਼ੀ ਅਧਿਕਾਰ ਵਾਲੇ ਬੱਚੇ, ਟਰਾਂਸਜੈਂਡਰ ਲੋਕ, ਗੈਰ-ਸ਼ਵੇਤ, ਨੇਟਿਵ ਅਤੇ ਵੀਜ਼ੀਵਲ ਘੱਟ-ਗਿਣਤੀ ਭਾਈਚਾਰੇ। ਇਨ੍ਹਾਂ ਖਿਲਾ.ਫ ਟਰੰਪ ਦੀ ਸਰਕਾਰ ਨੇ ਮੋਰਚਾ ਖੋਲ੍ਹ ਦਿੱਤਾ ਹੈ। ਆਪਣੀ ਸਰਕਾਰ ਦੇ ਪਹਿਲੇ ਦਿਨ ਹੀ ਟਰੰਪ ਦੁਆਰਾ ਸਾਇਨ ਕੀਤੇ ਗਏ ਹੁਕਮਾਂ ਵਿੱਚ, ਪਰਵਾਸੀਆ ਖਿਲਾ.ਫ ਮੁਹਿੰਮ ਲਈ ਨੈਸ਼ਨਲ ਬਾਡਰ ਐਮਰਜੈਂਸੀ ਲਗਾਉਣਾ; ਅਮਰੀਕਾ ਵਿੱਚ ਪਰਵਾਸੀਆਂ ਦੇ ਬੱਚਿਆਂ ਲਈ ਬਰਥ-ਰਾਇਟ ਖ਼ਤਮ ਕਰਣਾ; .ਫੈਡਰਮ ਮੁਲਾਜ਼ਮਾਂ ਦੀ ਭਰਤੀ ਨੂੰ ਰੀ-ਕਲਾਸੀਫਾਈ ਕਰਕੇ ਨੌਕਰੀ ਤੋਂ ਛਾਂਟੀ; ਟਰਾਂਸਜ਼ੈਂਡਰ ਅਧਿਕਾਰਾਂ ਨੂੰ ਖਤਮ ਕਰਣਾ; ਅਮਰੀਕਾ ਨੂੰ "ਸੰਸਾਰ ਸਿਹਤ ਸੰਸਥਾ" 'ਚੋਂ ਬਾਹਰ ਆਉਣਾ ਆਦਿ ਹਨ। ਹਾਲਾਂਕਿ ਵੱਖ ਵੱਖ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਡੋਨਾਰਡ ਟਰੰਪ ਨੇ ਇੱਕ ਵੀ ਅਜਿਹੇ ਮਸਲੇ ਨੂੰ ਛੋਹਿਆ ਜੋ ਅਸਲ ਅਮਰੀਕਨ ਸੰਕਟ ਨਾਲ ਸਬੰਧਤ ਹੋਵੇ, ਜਿਨ੍ਹਾਂ ਵਿੱਚ ਲੋਕਾਂ ਲਈ ਸਿਹਤ ਸਹੂਲਤਾਂ ਦੀ ਮਾੜੀ ਹਾਲਤ, ਸਮਾਜਿਕ ਸੁਰੱਖਿਆ ਅਤੇ ਹਾਊਸਿੰਗ ਦਾ ਸਵਾਲ ਬਹੁਤ ਗੰਭੀਰ ਸਵਾਲ ਹਨ।

ਹੁਣ ਤੱਕ ਇਨ੍ਹਾਂ ਦੋਵੇਂ ਮੁਲਕਾਂ ਵੱਲ ਦੁਨੀਆਂ ਪਰਵਾਸ ਲਈ ਦੇਖ ਰਹੀ ਸੀ ਅਤੇ ਆਪਣਾ ਰੈਣ ਬਸੇਰਾ ਬਣਾਉਣਾ ਚਾਹੁੰਦੀ ਸੀ, ਉਹ ਲੋਕ ਵੀ ਹੁਣ ਕਈ ਪੱਖਾਂ ਤੋਂ ਦੁਚਿੱਤੀ ਵਿੱਚ ਹਨ। ਜੋ ਲੋਕ ਕਈ ਅਜ਼ਾਦੀਆਂ ਇਨ੍ਹਾਂ ਮੁਲਕਾਂ ਵਿਚ, ਵਿਸ਼ੇਸ਼ ਤੌਰ 'ਤੇ ਅਮਰੀਕਾ ਵਿਚ ਮਾਣ ਰਹੇ ਸਨ ਉਨ੍ਹਾਂ ਦੀਆਂ ਵੀ ਅਜ਼ਾਦੀਆਂ ਖੁੱਸਣ ਜਾ ਰਹੀਆਂ ਹਨ। ਚਾਹੇ ਉਹ ਧਾਰਮਿਕ ਅਜ਼ਾਦੀਆਂ ਹੋਣ, ਚਾਹੇ ਵਿਚਾਰਾਂ ਦੀਆਂ ਅਜ਼ਾਦੀਆਂ ਹੋਣ, ਚਾਹੇ ਨਿੱਜਤਾ ਦੀਆਂ ਅਜ਼ਾਦੀਆਂ ਹੋਣ ਅਤੇ ਚਾਹੇ ਬੌਧਿਕ ਪੱਧਰ ਦੀਆਂ ਹੋਣ। ਟਰੰਪ ਦੇ ਇਸ ਤਾਨਾਸ਼ਾਹੀ ਅਤੇ ਅਣ-ਮਨੁੱਖੀ ਰਵੱਈਏ ਕਾਰਣ ਅਮਰੀਕਾ ਅੰਦਰ ਵੀ ਅ.ਫਰਾ-ਤ.ਫਰੀ ਫੈਲ ਸਕਦੀ ਹੈ ਜਿਸ ਕਾਰਣ ਕੈਨੇਡਾ ਦੇ ਬਾਰਡਰਾਂ ਤੇ ਵੀ ਰਿ.ਫਿਊਜੀ ਲੋਕਾਂ ਦਾ ਵੱਡਾ ਇਕੱਠ ਆ ਸਕਦਾ ਹੈ। ਕੈਨੇਡਾ ਇੱਕ ਅਜਿਹਾ ਦੇਸ਼ ਹੈ ਜੋ ਮਨੁੱਖੀ ਅਧਿਕਾਰਾਂ ਅਤੇ ਅੰਤਰ-ਰਾਸ਼ਟਰੀ ਕਾਨੂੰਨਾਂ ਦੀ ਪਾਲਣਾ ਕਰਦਾ ਹੈ, ਇਸ ਲਈ ਇਹ ਆਪਣੇ ਬਾਰਡਰਾਂ ਉੱਤੇ ਆਉਣ ਵਾਲੇ ਸ਼ਰਨਾਥੀਆਂ ਦੀ ਮਦਦ ਕਰਣ ਲਈ ਵੱਚਨਬੱਧ ਹੈ। ਅਮਰੀਕਾ ਤੋਂ ਵੱਡੀ ਪੱਧਰ ਤੇ ਆਉਣ ਵਾਲੇ ਸ਼ਰਨਾਰਥੀਆਂ ਦੀ ਆਬਾਦੀ ਦੀ ਸੰਭਾਲ, ਕੈਨੇਡਾ ਲਈ ਇੱਕ ਸਮੱਸਿਆ ਬਣ ਸਕਦੀ ਹੈ। ਆਉਣ ਵਾਲਾ ਸਮਾਂ ਕੈਨੇਡੀਅਨ ਲੋਕਾਂ ਲਈ ਬੌਧਿਕ ਪੱਧਰ 'ਤੇ ਨਵੇਂ ਸਰੋਕਾਰਾਂ ਅਤੇ ਸਕੰਟ ਨਾਲ ਨਜਿੱਠਣ ਲਈ ਹੋਂਸਲੇ ਦੀ ਮੰਗ ਕਰਦਾ ਹੈ ਕਿਉਂਕਿ ਅਜੋਕੇ ਸੰਕਟਮਈ ਹਾਲਾਤ ਵਿੱਚ ਮੁਲਕਾਂ ਦੀਆਂ ਪਾਲਿਸੀਆਂ ਵਿਚ ਨਵੀਂ ਤਬਦੀਲੀ ਅਤੇ ਸਥਿਤੀ ਉਪਤੰਨ ਹੋਵੇਗੀ।

**- ਸੰਪਾਦਕੀ ਬੋਰਡ**

CALL NOW
FOR HOUSE BUYING & SELLING NEEDS.
RE/MAX
BALJINDER SANGHA REALTOR®
(Certified Condominium Specialist)
403.680.3212
BSANGHA.REALTOR@GMAIL.COM
RE/MAX REAL ESTATE (CENTRAL)
EACH OFFICE INDEPENDENTLY OWNED AND OPERATED

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
• Business Insurance
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
• ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE
Calgary AB T2E 6Z3

AMANDEEP S. RANIA
Immigration Consultant
RCIC Regulated Canadian Immigration Consultant
+1 (403) 436-6000
+1 (403) 406-2004
info@jfsimmigration.com
#2264 4310 104 Ave NE. Calgary, Alberta T3N 1W2
www.jfsimmigration.com

Insta Realty BUY SELL INSTANTLY
Residential | Commercial | Rural
Property Management
Harcharan Parhar
BROKER
403-681-8689
info@instarlt.com | www.instarlt.com
400, 3115-12th St NE Calgary AB T2E 7J2

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010

NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ

ਐਤਵਾਰ ਬੰਦ

## ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ।ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ।ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ।19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
1st : 124-4774 Westwinds Dirive
2nd : 210-4250-109 Ave, Jackson Port
NE Calgary Alberts, Canada
Phone : 403-605-6300 Fax : 403-536-4057 Email : calgary@careinc.ca


15 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।








| | | | | | |
|---|---|---|---|---|---|
| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ ਸਿੰਘ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) | ਜਸਵੀਰ ਕੌਰ ਮੰਗੂਵਾਲ ਵਿਨੀਪੈੱਗ | ਬਲਜਿੰਦਰ ਸਿੰਘ ਵੜੈਚ (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |


TRIP TINGLE
Your gateway to global exploration

Thinking of Travel Think Trip Tingle!
Special Discounted fares to India and Pakistan!
Lowest fare guaranteed!!
ਭਾਰਤ ਅਤੇ ਪਾਕਿਸਤਾਨ ਲਈ ਵਿਸ਼ੇਸ਼ ਛੋਟ
ਸਭ ਤੋਂ ਘੱਟ ਕਿਰਾਏ ਦੀ ਗਾਰੰਟੀ !!
Call Now 587-600-0422, WhatsApp 587-907-0057
Mail Us info@triptingle.com or Visit www.triptingle.com

Call Romi Sidhu For Insurance & Financial Needs



StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu, Agent
P02720CN

Harpreet Parmar CPA, CGA
Chartered Professional Accountant
• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫ਼ੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca



Harpinder Sidhu INSURANCE EXPERT
Punjab Insurance Inc

SUPER VISA INSURANCE
* LIFE INSURANCE * RESPs
# 5106-4310 104 Ave,
NE Calgary AB T3N 1W5



CALL FOR BEST RATES
HARPINDER SIDHU
LOVEPREET SIDHU
403 404 3500

**SAROKARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Mehmoodpur (Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com
Navkiran Singh Patti
+91 98885 44001
n4navkiran@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Narbhinder Singh (India) (Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Hiring new and experienced insurance agents
Unit 6 - 11675 Mcvean Dr, Brampton, ON, L6P 4N5



HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work




Paul Sekhon: 403-829-5000
Bay 11 2316 27 Ave. NE, Calgary
Ph. : 403-701-4947

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca



MLS MULTIPLE LISTING SERVICE® R REALTOR®
REAL ESTATE BOARD
Taranjit "T. J." Mand
Real Estate Associate
Max Value Reality Ltd.





SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS, Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਕੈਨੇਡਾ ਨੂੰ ਜਿੱਤ ਨਹੀਂ ਸਕਦੀ ਅਮਰੀਕੀ ਧੌਂਸ


## ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਬੇਤੁਕੀਆਂ ਧਮਕੀਆਂ, ਸਵੈ-ਵਿਨਾਸ਼ ਤੋਂ ਧਿਆਨ ਭਟਕਾਉਣ ਦੀਆਂ ਕੋਸ਼ਿਸ਼ਾਂ




ਮੂਲ ਲੇਖਕ
ਸਟੀਫਨ ਮਾਰਸ਼

ਅਨੁ.- ਡਾ: ਹਰਦੀਪ
ਸਿੰਘ ਅਟਵਾਲ

*(ਸਟੀਫਨ ਮਾਰਸ਼, ਮਸ਼ਹੂਰ ਕੈਨੇਡੀਅਲ ਨਾਵਲਕਾਰ, ਲੇਖਕ ਅਤੇ ਸੱਭਿਆਚਾਰਕ ਟਿੱਪਣੀਕਾਰ ਹਨ। ਸੰਨ 2022 'ਚ ਉਨ੍ਹਾਂ ਵੱਲੋਂ ਇੱਕ ਨਾਨ-ਫਿਕਸ਼ਨ ਕਿਤਾਬ 'ਦੀ ਨੈਕਸਟ ਸਿਵਲ ਵਾਰ - ਡਿਸਪੈਚਸ ਫਰੌਮ ਦ ਅਮੈਰੀਕਨ ਫਿਊਚਰ' ਲਿਖੀ ਗਈ। ਇਸ ਕਿਤਾਬ ਵਿਚ ਮਾਰਸ਼ ਨੇ ਦੂਰਅੰਦੇਸ਼ ਟਿੱਪਣੀ ਕੀਤੀ ਸੀ ਕਿ ਅਗਲੇ ਦਹਾਕੇ 'ਚ ਅਮਰੀਕਾ ਵਿਚ ਸੱਜੇਪੱਖੀ ਤਾਨਾਸ਼ਾਹ ਸੱਤਾ ਵਿਚ ਆ ਸਕਦਾ ਹੈ। ਇਹ ਵੀ ਕਿ ਅਜਿਹੀ ਜੰਗ ਉਸਦੇ ਸੰਗੀ ਅਤੇ ਗਵਾਂਢੀ ਦੇਸ਼ ਕੈਨੇਡਾ ਨੂੰ ਵੀ ਪ੍ਰਭਾਵਤ ਕਰੇਗੀ। ਮਾਰਸ਼ ਨੇ ਲਿਖਿਆ ਸੀ, "ਉੱਥੇ ਕੀ ਵਾਪਰੇਗਾ, ਇਹ ਪਤਾ ਲਾਉਣ ਦਾ ਮਤਲਬ ਇਹ ਹੈ ਕਿ ਆਖਿ?ਰਕਾਰ ਸਾਨੂੰ ਇੱਥੇ ਕਿਸ ਚੀਜ਼ ਦਾ ਸਾਹਮਣਾ ਕਰਨਾ ਪਵੇਗਾ।"ਇਹ ਕਿਤਾਬ ਸਮਕਾਲੀ ਅਮਰੀਕੀ ਇਤਿਹਾਸ ਬਾਰੇ ਬਾਦਲੀਲ ਭਰਵੀਂ ਚਰਚਾ ਕਰਦੀ ਹੈ। ਹਥਲੇ ਲੇਖ ਵਿਚ ਮਾਰਸ਼ ਵੱਲੋਂ ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਟਰੰਪ ਵੱਲੋਂ ਕੈਨੇਡਾ ਲਈ ਇਕ ਫਰਵਰੀ 2025 ਤੋਂ ਟੈਰਿਫ ਦੇ ਐਲਾਨ ਅਤੇ ਕੈਨੇਡਾ ਪ੍ਰਤੀ ਅਮਰੀਕੀ ਪਸਾਰਵਾਦੀ ਨੀਤੀ ਦਾ ਬਦਲੀਲ ਅਧਿਐਨ ਕੀਤਾ ਗਿਆ ਹੈ। ਲੇਖ ਦੇ ਮਹੱਤਵ ਦੇ ਮੱਦੇਨਜ਼ਰ 'ਮੈਕਲੀਨਜ਼' ਮੈਗਜ਼ੀਨ ਦੇ ਧੰਨਵਾਦ ਸਹਿਤ ਇਸ ਨੂੰ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। - ਸੰਪਾਦਕ)*




ਅਮਰੀਕਾ ਦਾ ਚੁਣਿਆ ਗਿਆ ਰਾਸ਼ਟਰਪਤੀ ਡੋਨਾਲਡ ਟਰੰਪ, ਜੋ ਕਿ ਦੁਨੀਆਂ ਦੀ ਹੁਣ ਤੱਕ ਦੀ ਸਭ ਤੋਂ ਸ਼ਕਤੀਸ਼ਾਲੀ ਫੌਜ ਦਾ ਸੈਨਾਪਤੀ ਬਣਨ ਵਾਲਾ ਸ਼ਖ਼ਸ ਹੈ, ਕੈਨੇਡਾ 'ਤੇ ਆਰਥਕ ਹਮਲਾ ਕਰਨ ਦੀ ਗੱਲ ਕਰ ਰਿਹਾ ਹੈ। ਬੇਸ਼ੱਕ, ਉਹ ਗ੍ਰੀਨਲੈਂਡ ਅਤੇ ਪਨਾਮਾ ਨਹਿਰ 'ਤੇ ਹਮਲਾ ਕਰਨ ਬਾਰੇ ਵੀ ਗੱਲ ਕਰ ਰਿਹਾ ਹੈ। ਉਸਨੇ ਐਲਾਨ ਕੀਤਾ ਹੈ ਕਿ ਉਹ ਕੈਨੇਡਾ ਵਿਰੁੱਧ "ਆਰਥਕ ਤਾਕਤਦੀ ਵਰਤੋਂ ਕਰਨ ਦੀ ਯੋਜਨਾ ਬਣਾ ਰਿਹਾ ਹੈ, ਚਾਹੇ ਇਸਦਾ ਮਤਲਬ ਕੁਝ ਵੀ ਹੋਵੇ, ਸ਼ਾਇਦ ਸਿਰਫ ਟੈਰਿਫ ਵਰਗਾ ਝਟਕਾ। ਕੈਨੇਡੀਅਨਾਂ ਨੂੰ ਇਸ ਕਿਸਮ ਦੇ ਭਿਆਨਕ ਬਕਵਾਸ ਦੀ ਆਦਤ ਪਾਉਣ ਦੀ ਲੋੜ ਹੈ। ਅਗਲੇ ਚਾਰ ਸਾਲਾਂ ਵਿੱਚ ਇਸ ਸਮੁੰਦਰੀ ਡਾਕੂ ਰਾਜੇ ਵੱਲੋਂ ਬਹੁਤ ਕੁਝ ਹੋਣ ਦੀ ਸੰਭਾਵਨਾ ਹੈ।

ਟਰੰਪ ਦੀਆਂ ਕਬਜ਼ੇ ਅਤੇ ਜਿੱਤ ਦੀਆਂ ਧਮਕੀਆਂ ਕੋਰੀਆਂ ਕਲਪਨਾਵਾਂ ਤੋਂ ਵੱਧ ਹੋਰ ਕੁਝ ਨਹੀਂ ਹਨ। ਅਮਰੀਕਾ 70 ਸਾਲਾਂ ਦੇ ਅਸਫ਼ਲ ਸਾਮਰਾਜਵਾਦੀ ਮਨਸੂਬਿਆਂ ਤੋਂ ਬਾਹਰ ਆ ਗਿਆ ਹੈ, ਆਪਣੇ ਇਤਿਹਾਸ ਦੇ ਇਸ ਪੜਾਅ 'ਤੇ ਉਸਨੇ ਦੇਖਿਆ ਕਿ ਉਹ ਕਿਤੇ ਵੀ ਪਕੜ ਨਹੀਂ ਰੱਖ ਸਕਦਾ, ਚਾਹੇ ਅਫ਼ਗਾਨਿਸਤਾਨ ਹੋਵੇ ਜਾਂ ਇਰਾਕ ਜਾਂ ਵੀਅਤਨਾਮ ਜਾਂ ਕਿਤੇ ਹੋਰ। ਹੁਣ ਦੁਨੀਆ ਭਰ 'ਚ ਅਮਰੀਕਾ ਦੀ ਫੌਜੀ ਸਥਿਤੀ ਫੈਲਣ ਦੀ ਬਜਾਏ ਸੁੰਗੜਦੀ ਜਾ ਰਹੀ ਹੈ। ਪੱਛਮੀ ਅਫ਼ਰੀਕਾ ਵੀ ਹੁਣ ਅਮਰੀਕੀ ਫੌਜਾਂ ਨੂੰ ਬਾਹਰ ਕੱਢ ਰਿਹਾ ਹੈ ਅਤੇ ਉਨ੍ਹਾਂ ਦੀ ਥਾਂ ਰੂਸੀਆਂ ਨੂੰ ਨਿਯੁਕਤ ਕਰ ਰਿਹਾ ਹੈ। ਨਾਈਜਰ ਨੇ ਅਗਸਤ ਵਿਚ ਆਪਣੇ ਅਮਰੀਕੀ ਫੌਜੀ ਅੱਡੇ ਖਾਲੀ ਕਰ ਦਿੱਤੇ ਸਨ। ਚਾਹੇ ਸੰਯੁਕਤ ਰਾਜ ਅਮਰੀਕਾ ਤਿੱਖੀ ਅਸਥਿਰਤਾ ਅਤੇ ਰਾਸ਼ਟਰੀ ਏਕਤਾ ਦੇ ਪੂਰੀ ਤਰ੍ਹਾਂ ਢਹਿ-ਢੇਰੀ ਹੋਣ ਦੀ ਆਪਣੀ ਮੌਜੂਦਾ ਸਥਿਤੀ ਵਿੱਚੋਂ ਲੰਘ ਰਿਹਾ ਹੈ, ਪਰ ਇਸ ਦੇ ਬਾਵਜੂਦ ਵੀ ਉਸਦੀ ਜੰਗਬਾਜ਼ੀ ਦੀ ਤਿਆਰੀ ਕਦੇ ਵੀ ਘੱਟ ਨਹੀਂ ਰਹੀ। ਘੱਟੋ-ਘੱਟ ਇਹੀ ਇੱਕ ਕਾਰਨ ਹੈ ਜਿਸ ਨੂੰ ਲੈ ਕੇ ਰਾਸ਼ਟਰਪਤੀ ਟਰੰਪ ਖੇਤਰੀ ਜਿੱਤ ਦੀਆਂ ਆਪਣੀਆਂ ਯੋਜਨਾਵਾਂ ਬਾਰੇ ਮਾਣ ਕਰ ਰਿਹਾ ਹੈ।

ਟਰੰਪ ਨੇ ਵਾਅਦਾ ਕੀਤਾ ਹੈ ਕਿ ਉਹ ਅਮਰੀਕਾ ਨੂੰ ਉਸ ਦੀ ਰਵਾਇਤੀ ਜੀਵਨ ਸ਼ੈਲੀ 'ਤੇ ਵਾਪਸ ਲੈ ਆਵੇਗਾ ਅਤੇ ਜੇ ਅਸੀਂ ਸੱਚ ਕਹਿਣਾ ਹੋਵੇ ਤਾਂ ਕਬਜ਼ੇ ਦੀਆਂ ਲੜਾਈਆਂ ਹਾਰਨਾ ਅਮਰੀਕਾ ਲਈ ਰਵਾਇਤੀ ਢੰਗ ਬਣ ਗਿਆ ਹੈ। ਅੱਜ ਦੇ ਦੌਰ ਵਿੱਚ ਕਿਸੇ ਦੇਸ਼ ਦੇ ਲੋਕਾਂ ਨੂੰ ਉਨ੍ਹਾਂ ਦੀ ਇੱਛਾ ਦੇ ਵਿਰੁੱਧ ਕਬਜ਼ਾ ਕਰਨਾ ਏਨਾ ਸੌਖਾ ਨਹੀਂ ਰਿਹਾ, ਹੁਣ 21ਵੀਂ ਸਦੀ ਵਿੱਚ ਤਾਂ ਹੋਰ ਵੀ ਔਖਾ ਹੋ ਗਿਆ ਹੈ। ਆਮ ਲੋਕ ਆਪਣੀ ਆਜ਼ਾਦ ਹੋਣੀ ਆਪਣੇ ਹੱਥ 'ਚ ਰੱਖਣ ਦੇ ਆਦੀ ਹੋ ਗਏ ਹਨ ਅਤੇ ਵਿਰੋਧ ਕਰਨ ਦੇ ਸਾਧਨ ਇਸ ਹੱਦ ਤੱਕ ਵਿਕਸਤ ਹੋ ਗਏ ਹਨ ਕਿ ਕਬਜ਼ਾਕਾਰ ਹਮੇਸ਼ਾ ਘਾਟੇ 'ਚ ਰਹਿੰਦੇ ਹਨ। ਇਹ ਸਬਕ ਕਿਸੇ ਵੀ ਹੋਰ ਦੇਸ਼ ਨਾਲੋਂ ਅਮਰੀਕਾ ਨੇ ਆਪਣੀਆਂ ਜੰਗੀ ਮੁਹਿੰਮਾਂ 'ਚ ਮੁਸ਼ਕਲ ਨਾਲ ਸਿੱਖਿਆ ਹੈ।ਜਦੋਂ ਮੈਂ ਸੰਨ 2010 ਦੇ ਦਹਾਕੇ ਦੇ ਅਖੀਰ 'ਚ ਆਪਣੀ ਕਿਤਾਬ 'ਦੀ ਨੈਕਸਟ ਸਿਵਲ ਵਾਰ' ਲਿਖੀ ਸੀ, ਅਮਰੀਕਾ ਨੇ ਪਿਛੇ ਜਿਹੇ ਅੱਤਵਾਦ ਵਿਰੋਧੀ, ਸੰਯੁਕਤ ਪ੍ਰਕਾਸ਼ਨ 3-24, ਜਾਂ ਜੇਪੀ 3-24 ਮੈਨੂਅਲ ਪ੍ਰਕਾਸ਼ਤ ਕੀਤਾ ਸੀ। ਸਤੱਹੀ ਤੌਰ 'ਤੇ ਇਹ ਦੇਸ਼ਾਂ 'ਤੇ ਕਬਜ਼ਾ ਕਰਨ ਅਤੇ ਦਬਾਉਣ ਦੀਆਂ ਰਣਨੀਤੀਆਂ ਲਈ ਮਾਰਗਦਰਸ਼ਕ ਸੀ। ਇਹ ਉਸਦੀ ਆਪਣੀ ਫੌਜੀ ਲੀਡਰਸ਼ਿਪ ਲਈ ਅੰਦਰ ਖ਼ਾਤੇ ਵੱਡਾ ਆਕਰਸ਼ਕ ਸੰਕੇਤ ਸੀ ਕਿ 'ਅਜਿਹਾ ਦੁਬਾਰਾ ਕਦੇ ਨਾ ਕਰੋ'। ਅੱਤਵਾਦ ਵਿਰੋਧੀ ਕਾਰਵਾਈ ਨੂੰ ਖਤਮ ਕਰਨ ਦੀ ਪ੍ਰਕਿਰਿਆ ਵਿੱਚ ਜ਼ਮੀਨੀ ਪੱਧਰ ਤੋਂ ਲੈਕੇ ਸਮਾਜ ਅੰਦਰ ਅਧਾਰ-ਢਾਂਚਾ ਦੁਬਾਰਾ ਉਸਾਰਨਾ ਇਸ ਦਾ ਇੱਕ ਹਿੱਸਾ ਹੈ। ਇਹ ਇੱਕ ਅਜਿਹੀ ਪ੍ਰਕਿਰਿਆ ਹੈ ਜਿਸ ਨੂੰ ਇਕ ਫੌਜੀ ਤਾਕਤ, ਜੋ ਚਾਹੇ ਕੋਈ ਵੀ ਫੌਜੀ ਤਾਕਤ ਹੋਵੇ, ਅਜਿਹਾ ਕਰਨ ਤੋਂ ਅਸਮਰੱਥ ਹੈ।

ਜੇ.ਪੀ. 3-24 ਮੈਨੂਅਲ ਦਾ ਸਬਕ ਇਹ ਹੈ ਕਿ ਅੱਤਵਾਦ ਵਿਰੋਧੀ ਰਣਨੀਤੀਆਂ ਦੀ ਸਪੱਸ਼ਟ ਕਮਜ਼ੋਰੀ ਹੈ ਕਿ ਕਾਬਜ਼ ਤਾਕਤ, ਕਤਲੇਆਮ ਕੀਤੇ ਬਗ਼ੈਰ ਮੇਜ਼ਬਾਨ ਆਬਾਦੀ 'ਤੇ ਕਾਬੂ ਨਹੀਂ ਪਾ ਸਕਦੀ। ਦੇਸ਼ਾਂ ਨੂੰ ਕਬਜ਼ੇ ਹੇਠ ਰੱਖਣ ਲਈ ਫ਼ਰਮਾਨੇ ਥੋਪਣੇ ਪੈਂਦੇ ਹਨ। ਫ਼ਰਮਾਨ ਥੋਪਣ ਲਈ ਉਸਦੀ ਆਬਾਦੀ ਨੂੰ ਕਾਬੂ ਕਰਨਾ ਪੈਂਦਾ ਹੈ। ਆਬਾਦੀ ਨੂੰ ਕਾਬੂ ਕਰਨ ਲਈ ਹਿੰਸਾ ਵਰਤਣੀ ਪੈਂਦੀ ਹੈ। ਧਾੜਵੀ ਹਿੰਸਾ ਹੋਰ ਹਿੰਸਾ ਵੱਲ ਲੈ ਜਾਂਦੀ ਹੈ, ਜੋ ਸੁਭਾਵਿਕ ਤੌਰ 'ਤੇ ਵਿਵਸਥਾ ਦੇ ਵਿਰੁੱਧ ਹੈ। ਅਮਰੀਕੀ ਫੌਜਾਂ ਨੇ ਦੇਖਿਆ ਕਿ ਸਥਾਨਕ ਸਰਕਾਰਾਂ ਦੀ ਹਮਾਇਤ ਅਤੇ ਰਾਜ-ਨਿਰਮਾਣ ਮਸ਼ੀਨਰੀ ਦੇ ਕੰਟਰੋਲ ਦੇ ਬਾਵਜੂਦ, ਵਿਰੋਧ ਦੇ ਨਿੱਕੇ-ਨਿੱਕੇ ਖੇਤਰ ਵੀ ਅਰਾਜਕਤਾ ਨੂੰ ਵਧ ਜਾਂ ਘੱਟ ਸਥਾਈ ਰੂਪ ਬਣਾ ਸਕਦੇ ਹਨ ਅਤੇ ਉਸ ਅਰਾਜਕਤਾ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਪੁੱਠੀਆਂ ਪੈ ਸਕਦੀਆਂ ਹਨ। ਕੱਟੜ ਹਿੰਸਾ ਨੂੰ ਰੋਕਣ ਲਈ ਅਤੇ ਸ਼ਾਂਤੀ ਨੂੰ ਮੌਕਾ ਦੇਣ ਲਈ ਕਬਜ਼ਾ ਕਰਨ ਵਾਲਿਆਂ ਨੂੰ ਸ਼ਹਿਰਾਂ ਨੂੰ ਨਿਗਰਾਨੀ ਹੇਠ ਰੱਖਣਾ ਪਏਗਾ ਅਤੇ ਕੰਟਰੋਲ ਜ਼ੋਨ ਥੋਪਣੇ ਪੈਣਗੇ ਅਤੇ ਬਾਗੀਆਂ ਦਾ ਖਾਤਮਾ ਕਰਨਾ ਪਵੇਗਾ। ਸਥਾਨਕ ਆਬਾਦੀ 'ਤੇ ਥੋਪਿਆ ਜਾਣ ਵਾਲਾ ਹਰੇਕ ਦਬਾਅ ਸਥਿਤੀ ਨੂੰ ਕਮਜ਼ੋਰ ਬਣਾਉਂਦਾ ਹੈ।

ਇਸੇ ਲਈ ਅਮਰੀਕਾ ਹਰ ਜੰਗੀ ਹਮਲਾ ਜਿੱਤਦਾ ਹੈ, ਪਰ ਹਰ ਕਬਜ਼ਾਕਾਰੀ ਜੰਗ ਹਾਰਦਾ ਹੈ। ਉਹ ਫੌਜੀ ਕਾਰਵਾਈਆਂ ਚੰਗੀ ਤਰ੍ਹਾਂ ਕਰ ਸਕਦੇ ਹਨ ਪਰ ਉਹ ਉਨ੍ਹਾਂ ਕਾਰਵਾਈਆਂ ਦੇ ਅੰਤਮ ਨਤੀਜਿਆਂ ਨੂੰ ਨਹੀਂ ਪਛਾਣ ਸਕਦੇ। ਯੁੱਧ, ਉਨ੍ਹਾਂ ਲਈ, ਇੱਕ ਕਿਸਮ ਦਾ ਸ਼ੌਕ ਹੈ। ਉਹ ਤਾਂ ਸਿਰਫ ਵਿਦੇਸ਼ੀ ਧਰਤੀ 'ਤੇ ਇਸ ਦਾ ਆਨੰਦ ਲੈਂਦੇ ਹਨ, ਜਦਕਿ ਸਾਹਮਣੇ ਵਾਲੀ ਧਿਰ ਦਾ ਸਭ ਕੁਝ ਦਾਅ 'ਤੇ ਲੱਗਿਆ ਹੁੰਦਾ ਹੈ। ਅਮਰੀਕੀ ਆਪਣੀ ਮਾਤਭੂਮੀ 'ਤੇ ਬੈਠਕੇ ਹਮਲਿਆਂ ਦੀ ਕਾਰਵਾਈ ਨਹੀਂ ਕਰ ਸਕਦੇ, ਜੋਕਿ ਗਵਾਂਢੀ ਦੇਸ਼ ਕੈਨੇਡਾ ਵਾਲੇ ਟਕਰਾਅ ਦੌਰਾਨ ਪੈਦਾ ਹੋਵੇਗਾ। 11 ਸਤੰਬਰ ਦਾ ਕਾਂਡ, 21ਵੀਂ ਸਦੀ ਦੀ ਸਭ ਤੋਂ ਸਫ਼ਲ ਫੌਜੀ ਕਾਰਵਾਈ ਸੀ ਕਿਉਂਕਿ ਇਸ ਨੇ ਇਸ ਦੇਸ਼ ਦੇ ਅੰਦਰ ਹੀ (ਹਿੰਸਾ ਦੇ ਚਸ਼ਮੇ ਅਮਰੀਕਾ) ਇਸ ਦੀ ਆਪਣੀ ਹੀ ਕਮਜ਼ੋਰੀ ਦਾ ਫਾਇਦਾ ਉਠਾਇਆ ਸੀ।ਇਸ ਹਮਲੇ ਤੋਂ ਬਾਅਦ, ਅਮਰੀਕਾ ਆਪਣੀਆਂ ਨੀਤੀਆਂ ਰਾਹੀਂ ਆਪਣੇ ਦੁਸ਼ਮਣਾਂ ਦੇ ਹੱਥਾਂ ਵਿੱਚ ਖੇਡਿਆ। ਅਗਲੇ ਦਹਾਕੇ ਵਿਚ ਉਨ੍ਹਾਂ ਦੀ ਵਿਦੇਸ਼ ਨੀਤੀ ਦੇ ਫੈਸਲੇ ਇਸ ਤੋਂ ਜ਼ਿਆਦਾ ਸਵੈ-ਹਾਰ ਵਾਲੇ ਨਹੀਂ ਹੋ ਸਕਦੇ ਸਨ, ਚਾਹੇ ਉਹ ਓਸਾਮਾ ਬਿਨ ਲਾਦੇਨ ਵੱਲੋਂ ਹੀ ਡਿਕਟੇਟ ਕੀਤੇ ਕਹੇ ਜਾਂਦੇ ਹੋਣ।

ਇਹ ਇੱਕ ਰਾਸ਼ਟਰ ਵਜੋਂ ਉਨ੍ਹਾਂ ਦੀ ਵਿਸ਼ੇਸ਼ਤਾ ਹੋ ਸਕਦੀ ਹੈ; ਅਮਰੀਕੀ ਵਿਦੇਸ਼ ਨੀਤੀ ਨਵੇਕਲੀ ਤਕਨੀਕੀ ਸਹੂਲਤ ਅਤੇ ਬੁਨਿਆਦੀ ਮੂਰਖਤਾ ਦੇ ਸੁਮੇਲ 'ਤੇ ਕੰਮ ਕਰਦੀ ਹੈ। ਸਾਬਕਾ ਰੱਖਿਆ ਮੰਤਰੀ ਅਤੇ ਵੀਅਤਨਾਮ ਯੁੱਧ ਨੀਤੀ ਦੇ ਘਾੜੇ ਰਾਬਰਟ ਮੈਕਨਾਮਾਰਾ ਬਾਰੇ ਏਰੋਲ ਮੌਰਿਸ ਦੀ ਦਸਤਾਵੇਜ਼ੀ 'ਦ ਫੌਗ ਆਫ ਵਾਰ' ਦਾ ਸਭ ਤੋਂ ਹੈਰਾਨੀਜਨਕ ਦ੍ਰਿਸ਼ ਉਹ ਹੈ ਜਦੋਂ ਮੈਕਨਾਮਾਰਾ ਉਸ ਯੁੱਧ ਤੋਂ ਬਾਅਦ ਆਪਣੇ ਵੀਅਤਨਾਮੀ ਹਮਰੁਤਬਾ ਨੂੰ ਮਿਲਦਾ ਹੈ, ਜੋ ਮੈਕਨਾਮਰਾ ਨੂੰ ਇਹ ਸਮਝਾਉਂਦਾ ਹੈ ਕਿ ਵੀਅਤਨਾਮੀ ਆਪਣੇ ਸੰਘਰਸ਼ ਨੂੰ ਜੰਗੇ-ਆਜ਼ਾਦੀ ਮੰਨਦੇ ਸਨ। ਅਮਰੀਕਾ ਦੇ ਬਿਹਤਰੀਨ ਅਤੇ ਕਹਿੰਦੇ-ਕਹਾਉਂਦੇ ਤੇਜ਼-ਤਰਾਰ ਲੋਕ, ਚਾਹੇ ਉਹ ਮੈਕਨਾਮਾਰਾ ਵਰਗੇ ਬਹੁਤ ਸਫਲ ਅਤੇ ਬੁੱਧੀਮਾਨ ਆਦਮੀ ਹੋਣ, ਆਪਣੇ ਦੁਸ਼ਮਣ ਬਾਰੇ ਇਹ ਮੁੱਢਲੀ ਗੱਲ ਵੀ ਨਹੀਂ ਸਮਝਦੇ ਸਨ ਅਤੇ ਹੁਣ ਟਰੰਪ ਦੀ ਕੈਬਨਿਟ ਦੀ ਚੋਣ ਵਾਲੀ, ਅੱਜ ਦੀ ਅਮਰੀਕੀ ਸਰਕਾਰ ਦੀ ਅਗਵਾਈ ਵੀ ਉਨ੍ਹਾਂ ਦੇ ਬਿਹਤਰੀਨ ਅਤੇ ਤੇਜ਼-ਤਰਾਰ ਲੋਕ ਨਹੀਂ ਕਰਨਗੇ।




ਇੱਥੋਂ ਤਕ ਕਿ ਹੁਣ ਰੂਸ ਵੀ ਸਬਕ ਸਿੱਖ ਰਿਹਾ ਹੈ ਕਿ ਕਬਜ਼ਾ ਹੁਣ 21ਵੀਂ ਸਦੀ ਵਿਚ ਪਹਿਲਾਂ ਵਾਲੀ ਗੱਲ ਨਹੀਂ ਰਿਹਾ।ਦੇਸ਼ਾਂ ਦੀ ਵਸੋਂ ਹੁਣ ਪਹਿਲਾਂ ਵਾਲੇ 'ਭੋਇ-ਗ਼ੁਲਾਮਾਂ' ਦੀ ਨਹੀਂ ਬਲਕਿ ਪੇਸ਼ੇਵਾਰ ਬਾਗੀਆਂ ਦੀ ਬਣੀ ਹੋਈ ਹੈ। ਉਨ੍ਹਾਂ ਕੋਲ ਆਪਣੇ ਲਈ ਅਤੇ ਆਪਣੇ ਭਵਿੱਖ ਲਈ ਪੂਰੀਆਂ ਯੋਜਨਾਵਾਂ ਹਨ। ਯਕੀਨਨ, ਰੂਸ ਨੂੰ ਯੂਕਰੇਨ ਵਿੱਚ ਫੌਜੀ ਸਫ਼ਲਤਾਵਾਂ ਮਿਲੀਆਂ, ਹਾਲਾਂਕਿ ਬਹੁਤ ਹੌਲੀ ਗਤੀ ਨਾਲ ਪਰ ਫੌਜੀ ਮਾਹਰਾਂ ਦੀ ਉਮੀਦ ਨਾਲੋਂ ਬਹੁਤ ਜ਼ਿਆਦਾ ਕੀਮਤ ਚੁਕਾ ਕੇ ਮਿਲੀਆਂ। ਪਰ ਯੂਕਰੇਨੀ ਲੋਕਾਂ ਨੂੰ ਸੱਭਿਆਚਾਰਕ ਅਤੇ ਰਾਜਨੀਤਿਕ ਹਕੂਮਤ ਦੇ ਅਧੀਨ ਲਿਆਉਣ ਅਤੇ ਰੂਸੀ ਸਾਮਰਾਜ ਵਿੱਚ ਨਵੇਂ ਇਲਾਕੇ ਸ਼ਾਮਲ ਕਰਨ ਦੇ ਇਸਦੇ ਐਲਾਨੇ ਜੰਗੀ ਉਦੇਸ਼ ਪਹਿਲੇ ਦਿਨ ਹੀ ਦਮ ਤੋੜ ਗਏ। ਪੁਤਿਨ ਦਾ "ਸੋਗ ਯੁੱਧ, ਜਿਵੇਂ ਕਿ ਫਾਰਿਨ ਪਾਲਿਸੀ ਰਸਾਲੇ ਨੇ ਹਾਲ ਵਿੱਚ ਹੀ ਕਿਹਾ ਹੈ, ਇਸਦੀ ਆਰਥਕ ਅਤੇ ਜਨਸੰਖਿਆ ਵਿੱਚ ਗਿਰਾਵਟ ਨੂੰ ਦੂਰ ਕਰਨ ਦੀ ਕੋਸ਼ਿਸ਼ ਸੀ ਜੋ ਗਿਰਾਵਟਾਂ ਪਿਛਲੇ ਤਿੰਨ ਸਾਲਾਂ ਦੌਰਾਨ ਸਿਰਫ਼ ਤੇਜ਼ ਹੀ ਹੋਈਆਂ ਹਨ।

ਸੰਨ 1812 ਦੀ ਅਮਰੀਕਾ-ਕੈਨੇਡਾ ਜੰਗ ਦੌਰਾਨ ਥਾਮਸ ਜੈਫਰਸਨ ਨੇ ਐਲਾਨ ਕੀਤਾ ਸੀ ਕਿ ਉਨ੍ਹਾਂ ਲਈ ਕੈਨੇਡਾ ਦੀ ਜਿੱਤ "ਸਿਰਫ਼ ਮਾਰਚ ਕਰਨ ਵਾਂਗ ਹੋਵੇਗੀ। ਪਰ ਉਸ ਸਮੇਂ, ਭਾਵੇਂ ਅਮਰੀਕਾ ਆਬਾਦੀ ਦੇ ਲਿਹਾਜ਼ ਨਾਲ ਕੈਨੇਡਾ ਦੇ ਮੁਕਾਬਲੇ ਸੱਤ ਤੋਂ ਇੱਕ ਅਨੁਪਾਤ ਵਿੱਚ ਭਾਰੂ ਸੀ, ਫਿਰ ਵੀ ਕੈਨੇਡਾ ਜਿੱਤ ਗਿਆ ਸੀ, ਜਿਸਦਾ ਮੁੱਖ ਕਾਰਨ ਅਮਰੀਕੀ ਕਮਾਂਡਰਾਂ ਦੀ ਨਲਾਇਕੀ ਅਤੇ ਹੰਕਾਰ ਅਤੇ ਇਸ ਦੇ ਮੁਕਾਬਲੇ ਸ਼ਾਅਨੀ ਮੂਲਵਾਸੀ ਮੁਖੀ ਟੇਕਮਸੇਹ ਦੀ ਫੌਜੀ ਪ੍ਰਤਿਭਾ ਸੀ। (ਟੇਕਮਸੇਹ ਸ਼ਾਅਨੀ ਮੂਲਵਾਸੀ ਕਬੀਲੇ ਦਾ ਮੁਖੀ ਅਤੇ ਯੋਧਾ ਸੀ ਜਿਸਨੇ ਮੂਲਵਾਸੀ ਅਮਰੀਕਨ ਜ਼ਮੀਨਾਂ ਉੱਪਰ ਸੰਯੁਕਤ ਰਾਜ ਅਮਰੀਕਾ ਦੇ ਵਿਸਥਾਰ ਦੇ ਟਾਕਰੇ ਨੂੰ ਉਤਸ਼ਾਹਤ ਕੀਤਾ। ਜੋਸ਼ੀਲੇ ਬੁਲਾਰੇ ਟੇਕਮਸੇਹ ਨੇ ਵਿਆਪਕ ਇਲਾਕਿਆਂ ਦਾ ਦੌਰਾ ਕੀਤਾ, ਮੂਲਵਾਸੀ ਅਮਰੀਕਨ ਮਹਾਸੰਘ ਬਣਾਕੇ, ਕਬੀਲਿਆਂ ਦੀ ਆਪਸੀ ਏਕਤਾ ਨੂੰ ਉਤਸ਼ਾਹਿਤ ਕੀਤਾ। ਭਾਵੇਂ 1812 ਦੇ ਯੁੱਧ ਵਿੱਚ ਮਾਰੇ ਜਾਣ ਕਾਰਨ ਉਸ ਦੀਆਂ ਮੂਲਵਾਸੀ ਅਮਰੀਕਨਾਂ ਨੂੰ ਇਕਜੁੱਟ ਕਰਨ ਦੀਆਂ ਕੋਸ਼ਿਸ਼ਾਂ ਸਿਰੇ ਨਹੀਂ ਲੱਗੀਆਂ, ਉਹ ਅਮਰੀਕੀ, ਆਦਿਵਾਸੀ ਅਤੇ ਕੈਨੇਡੀਅਨ ਇਤਿਹਾਸ ਵਿੱਚ ਲੋਕ ਨਾਇਕ ਬਣ ਗਿਆ - ਸੰਪਾਦਕ)। 1812 ਵਾਲਾ ਅਮਰੀਕਾ ਅਜੋਕੇ ਅਮਰੀਕਾ ਨਾਲੋਂ ਵੱਧ ਇਕਜੁੱਟ ਨਹੀਂ ਹੋ ਸੀ ਸਕਦਾ। ਜਦਕਿ ਹੁਣ ਅਮਰੀਕਾ ਦੇਸ਼ ਆਪਣੇ ਆਪ ਨੂੰ ਖੇਰੂੰ-ਖੇਰੂੰ ਹੁੰਦਾ ਵੇਖ ਰਿਹਾ ਹੈ।ਆਈ.ਵੀ. ਲੀਗ ਡਿਗਰੀ ਵਾਲੇ ਆਮ ਲੋਕ ਸੀ.ਈ.ਓ ਦੀ ਹੱਤਿਆ ਨਿਊਯਾਰਕ ਦੀਆਂ ਸੜਕਾਂ 'ਤੇ ਕਰ ਰਹੇ ਹਨ, ਜਿਸ ਨੂੰ ਵਿਆਪਕ ਲੋਕ ਪ੍ਰਵਾਨਗੀ ਮਿਲ ਰਹੀ ਹੈ। ਦਹਿਸ਼ਤਵਾਦੀ ਘਟਨਾਵਾਂ ਵਧ ਰਹੀਆਂ ਹਨ, ਦਹਿਸ਼ਤਵਾਦੀਆਂ ਦੁਆਰਾ ਪਹਿਲਾਂ ਨਾਲੋਂ ਵਧੇਰੇ ਆਧੁਨਿਕ ਕਾਰਵਾਈਆਂ ਅੰਜਾਮ ਦਿੱਤੀਆਂ ਜਾ ਰਹੀਆਂ ਹਨ। ਟਰੰਪ ਵੱਲੋਂ ਆਪਣੇ ਵਫ਼ਾਦਾਰਾਂ ਦੀਆਂ ਨਿਯੁਕਤੀਆਂ ਦੇ ਐਲਾਨ ਚਲ ਰਹੇ ਹਨ, ਜਿਨ੍ਹਾਂ ਦੀ ਸੰਭਾਵੀ ਯੋਜਨਾ ਮੌਜੂਦਾ ਐਫ.ਬੀ.ਆਈ., ਸੀ.ਆਈ.ਏ, ਨਿਆਂ ਵਿਭਾਗ ਵਰਗੀਆਂ ਰਾਸ਼ਟਰੀ ਸੰਸਥਾਵਾਂ ਨੂੰ ਖਤਮ ਕਰਨ ਦੀ ਹੈ ਤਾਂ ਜੋ ਚੁਣੇ ਗਏ ਰਾਸ਼ਟਰਪਤੀ ਨੂੰ ਵਧੇਰੇ ਛੋਟ ਦਿੱਤੀ ਜਾ ਸਕੇ। ਜਦੋਂ ਮੈਂ ਲਿਖ ਰਿਹਾ ਹਾਂ, ਲਾਸ ਏਂਜਲਸ ਅੱਗਜ਼ਨੀ ਦੀ ਆਫ਼ਤ ਨਾਲ ਮਚ ਰਿਹਾ ਹੈ।

ਟਰੰਪ ਦੀਆਂ ਧਮਕੀਆਂ ਅਸਲ ਵਿੱਚ ਦੇਸ਼ ਦੀ ਹਾਲਤ ਬਾਰੇ ਹਨ। ਉਹ ਦੇਸ਼ ਦਾ ਧਿਆਨ ਇਸਦੀ ਖੁਦਕੁਸ਼ੀ ਤੋਂ ਭਟਕਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਟਰੰਪ ਗੁੱਸਾ ਭੜਕਾਊ ਮਸ਼ੀਨ ਹੈ।ਉਸ ਨੇ ਇਸ ਤਰ੍ਹਾਂ ਹੀ ਸੱਤਾ ਬਟੋਰੀ ਹੈ, ਉਹ ਅਜਿਹਾ ਹੀ ਹੈ। ਪਰ ਹੁਣ ਜਦੋਂ ਉਸ ਨੇ ਰਿਪਬਲਿਕਨ ਪਾਰਟੀ ਅਤੇ ਅਮਰੀਕੀ ਰਾਜਨੀਤਿਕ ਪ੍ਰਣਾਲੀ ਨੂੰ ਪਿੱਛੇ ਛੱਡ ਦਿੱਤਾ ਹੈ, ਤਾਂ ਉਸ ਨੇ ਸਮਝ ਲਿਆ ਹੈ ਕਿ ਗੁੱਸੇ ਦੀ ਮਸ਼ੀਨਰੀ ਨੂੰ ਦੇਸ਼ ਤੋਂ ਬਾਹਰ ਵੱਲ ਸੇਧਤ ਕਰਨਾ ਚਾਹੀਦਾ ਹੈ। ਨਹੀਂ ਤਾਂ ਇਸ ਗੁੱਸੇ ਦੀ ਮਸ਼ੀਨਰੀ ਦਾ ਮੂੰਹ ਦੇਸ਼ ਦੇ ਅੰਦਰ ਵੱਲ ਮੁੜ ਜਾਵੇਗਾ। ਉਸ ਦੇ ਆਪਣੇ ਅਧਾਰ ਦੇ ਅੰਦਰ ਘਰੇਲੂ ਯੁੱਧ ਪਹਿਲਾਂ ਹੀ ਪਰ ਤੋਲ ਰਿਹਾ ਹੈ। ਆਖਿ?ਰਕਾਰ, ਮਸਕ ਜਾਂ ਬੈਨਨ ਨੂੰ ਇਸ ਨਾਲ ਲੜਨਾ ਪਵੇਗਾ ਜਿਨ੍ਹਾਂ ਵਿੱਚ ਇਹ ਸਿਰਫ ਇੱਕ ਜਾਂ ਦੂਸਰਾ ਹੋ ਸਕਦਾ ਹੈ।

ਕੈਨੇਡਾ ਬਾਰੇ ਟਰੰਪ ਦੀਆਂ ਟਿੱਪਣੀਆਂ ਨੂੰ ਇਸ ਸੰਦਰਭ ਵਿੱਚ ਰੱਖ ਕੇ ਦੇਖਿਆ ਜਾਣਾ ਚਾਹੀਦਾ ਹੈ ਕਿ ਉਹ ਦੁਨੀਆਂ ਨੂੰ ਡਰਾਕੇ ਰੱਖਣਾ ਚਾਹੁੰਦਾ ਹੈ, ਕਿਉਂਕਿ ਜਿਵੇਂ ਹੀ ਇਹ ਰੁਕ ਜਾਂਦਾ ਹੈ, ਉਸਦੀ ਸ਼ਕਤੀ ਢਹਿ ਢੇਰੀ ਹੋ ਸਕਦੀ ਹੈ। ਉਹ ਇੱਥੇ ਹੀ ਨਹੀਂ, ਹਰ ਜਗ?ਹਾ ਨਫ਼ਰਤ ਭਰੀ ਅਰਾਜਕਤਾ ਫੈਲਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਐਲਨ ਮਸਕ ਵੀ ਬਰਤਾਨੀਆ ਅਤੇ ਜਰਮਨੀ ਵਿਚ ਸਰਕਾਰਾਂ ਨੂੰ ਆਪਣੇ ਅਜੀਬ ਗੁੱਸੇ ਦਾ ਜਵਾਬ ਦੇਣ ਲਈ ਮਜਬੂਰ ਕਰ ਰਿਹਾ ਹੈ। ਡੈਨਮਾਰਕ ਦੇ ਰਾਜੇ ਨੂੰ ਵੀ ਆਪਣੇ ਰਾਸ਼ਟਰ ਦੀ ਪ੍ਰਭੂਸੱਤਾ ਨੂੰ ਖਤਰੇ ਦੇ ਅੰਦੇਸ਼ੇ ਕਰਕੇ ਹਥਿਆਰਾਂ ਦਾ ਕੋਟਾ ਬਦਲਣਾ ਪਿਆ ਹੈ। ਪਰ ਜੇ ਇਸ ਬਾਰੇ ਸੋਚਿਆ ਜਾਵੇ ਕਿ ਟਰੰਪ ਦੀ ਧਮਕੀ ਵਾਲੀ "ਵਿਦੇਸ਼ ਨੀਤੀ" ਮੁਤਾਬਿਕ ਇਹ ਕੈਨੇਡਾ, ਯੂਰਪ ਅਤੇ ਦੱਖਣੀ ਅਮਰੀਕਾ ਦੀ ਖੇਤਰੀ ਪ੍ਰਭੂਸੱਤਾ ਦੀ ਬਹੁ-ਮੁਹਾਜ਼ੀ ਉਲੰਘਣਾ ਦਾ ਪ੍ਰਸਤਾਵ ਹੈ। ਮੈਂ ਇਸ ਦੀ ਸੰਭਾਵਨਾ ਬਾਰੇ ਚਿੰਤਤ ਨਹੀਂ ਹਾਂ। ਮੈਂ ਅਮਰੀਕਾ ਬਾਰੇ ਇੱਕ ਪੇਸ਼ੇਵਰ ਚਿੰਤਾ ਕਰਨ ਵਾਲਾ ਨਾਗਰਿਕ ਹਾਂ।

ਦਲੀਲ ਦੀ ਖਾਤਰ, ਆਓ ਕੈਨੇਡਾ ਵਿੱਚ ਅਮਰੀਕੀ ਹਮਲੇ ਦੇ ਬੇਤੁਕੇ ਪ੍ਰਸਤਾਵ 'ਤੇ ਵਿਚਾਰ ਕਰੀਏ। ਜਿੱਥੋਂ ਤੱਕ ਫੌਜੀ ਕਾਰਵਾਈ ਦਾ ਸਵਾਲ ਹੈ, ਇਸ ਦੀ ਭਵਿੱਖਬਾਣੀ ਕਰਨਾ ਅਸੰਭਵ ਹੈ। ਕਿਤੇ ਵੀ ਕੋਈ ਇਤਿਹਾਸਕ ਉਦਾਹਰਣ ਨਹੀਂ ਮਿਲਦੀ ਕਿ ਕਿਸੇ ਜੰਗੀ ਸਹਿਯੋਗੀ ਨੇ ਕਿਸੇ ਹੋਰ ਸਹਿਯੋਗੀ ਨੂੰ ਜਿੱਤਣ ਦੀ ਕੋਸ਼ਿਸ਼ ਕੀਤੀ ਹੋਵੇ, ਕਿਉਂਕਿ ਇਹ ਸਪੱਸ਼ਟ ਪੱਧਰ 'ਤੇ ਪਾਗਲ਼ਪਣ ਹੈ। ਕੈਨੇਡੀਅਨ ਅਤੇ ਅਮਰੀਕੀ ਖੁਫੀਆ ਸੇਵਾਵਾਂ ਅਤੇ ਫੌਜਾਂ ਪੂਰੀ ਤਰ੍ਹਾਂ ਜੁੜੀਆਂ ਹੋਈਆਂ ਹਨ। ਕੀ ਇਸਦਾ ਮਤਲਬ ਇਹ ਹੈ ਕਿ ਅਮਰੀਕੀ ਫੌਜਾਂ ਸਿਰਫ਼ ਸਰਹੱਦ ਹੀ ਟੱਪਣਗੀਆਂ, ਜਾਂ ਫਿਰ ਇਸ ਦਾ ਮਤਲਬ ਇਹ ਹੋਵੇਗਾ ਕਿ ਕੈਨੇਡੀਅਨ ਫੌਜਾਂ, ਜੋ ਅਮਰੀਕੀ ਪ੍ਰਣਾਲੀ ਨਾਲ ਜੁੜੀਆਂ ਹੋਈਆਂ ਹਨ, ਆਪਣੇ ਹੀ ਦੇਸ਼ ਵਿੱਚ ਬੇਮਿਸਾਲ ਭੰਨਤੋੜ ਕਰ ਸਕਦੀਆਂ ਹਨ?

ਜੇ ਪੀ 3-24 ਮੈਨੁਅਲ ਦਾ ਇਕ ਸਬਕ ਇਹ ਹੈ ਕਿ ਕਿਸੇ ਕਬਜ਼ੇ ਨੂੰ ਅਸੰਭਵ ਬਣਾਉਣ ਲਈ ਸਿਰਫ ਕੁਝ ਵਚਨਬੱਧ ਲੋਕਾਂ ਦੀ ਲੋੜ ਹੁੰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਟਰੰਪ ਦੀਆਂ ਇਹ ਘੁਰਕੀਆਂ ਕੈਨੇਡੀਅਨ ਲੋਕਾਂ 'ਚ ਬਹੁਤ ਸਾਰੇ ਗ਼ੱਦਾਰ ਪੈਦਾ ਕਰ ਸਕਦੀਆਂ ਹਨ, ਪਰ ਸਾਡੇ ਵਿਸ਼ਾਲ ਗਿਣਤੀ ਲੋਕ ਕੈਨੇਡੀਅਨ ਹੀ ਬਣੇ ਰਹਿਣਾ ਚਾਹੁੰਦੇ ਹਨ। ਵਿਆਪਕ ਸਿਵਲ ਨਾਫ਼ਰਮਾਨੀ ਅਤੇ ਵਿਰੋਧ ਨਿਸ਼ਚਿਤ ਤੌਰ 'ਤੇ ਹਿੰਸਕ ਰੁਖ ਲੈ ਲਵੇਗਾ, ਜੋ ਕਿ ਅਮਰੀਕਾ ਵਿੱਚ ਵੱਖ-ਵੱਖ

ਧੜਿਆਂ ਦੀ ਪਹਿਲਾਂ ਹੀ ਚੱਲ ਰਹੀ ਹਿੰਸਕ ਰਾਜਨੀਤਕ ਟੁੱਟ-ਭੱਜ ਵਿੱਚ ਯੋਗਦਾਨ ਪਾਵੇਗਾ। ਅਮਰੀਕਾ ਪਹਿਲਾਂ ਹੀ ਆਪਣੀਆਂ ਮੌਜੂਦਾ ਸਰਹੱਦਾਂ ਦੇ ਅੰਦਰ ਵੱਖਵਾਦੀ ਤਾਕਤਾਂ ਦੇ ਤਕੜੇ ਦਬਾਅ ਦਾ ਸਾਹਮਣਾ ਕਰ ਰਿਹਾ ਹੈ ਅਤੇ ਇਸ ਵਿੱਚ ਦੋ ਹੋਰ ਪੱਖ ਸ਼ਾਮਲ ਹੋ ਜਾਣਗੇ।

ਇਹ ਵੀ ਤੱਥ ਹੈ ਕਿ ਜੇ ਕੈਨੇਡਾ ਦੇਸ਼ ਇੱਕ ਅਮਰੀਕੀ ਸਟੇਟ ਬਣਦਾ ਹੈ, ਤਾਂ ਇਹ ਸੰਯੁਕਤ ਰਾਜ ਅਮਰੀਕਾ ਵਿੱਚ ਵੱਡੇ ਪੱਧਰ 'ਤੇ ਖੱਬੇ ਪੱਖੀ ਵਿਚਾਰਧਾਰਾ ਦੀ ਮੌਜੂਦਗੀ ਦਾ ਟੀਕਾ ਵੀ ਲਗਾ ਸਕਦਾ ਹੈ। ਤਾਂ ਫਿਰ ਅਜਿਹੀ ਹਾਲਤ ਵਿੱਚ ਡੈਮੋਕ੍ਰੇਟ ਅਮਰੀਕੀ ਸੱਤਾਧਾਰੀ ਹੋਣਗੇ। ਪਰ ਇਹ ਸਭ ਕੁਝ ਪਹਿਲੀ ਨਜ਼ਰੇ ਹੀ ਬੇਤੁਕਾ ਹੈ, ਕਿਉਂਕਿ, ਕੈਨੇਡਾ ਨੂੰ ਜਿੱਤਣ ਲਈ, ਸੰਯੁਕਤ ਰਾਜ ਅਮਰੀਕਾ ਨੂੰ ਆਪਣੇ ਆਪ ਨੂੰ ਜੰਗੀ ਤਿਆਰੀ ਦੀ ਹਾਲਤ 'ਚ ਰੱਖਣਾ ਪਵੇਗਾ। ਜਦਕਿ ਹਕੀਕਤ ਇਹ ਹੈ ਕਿ ਇਹ ਤਾਂ ਆਪਣੇ ਦੂਜੇ ਸਭ ਤੋਂ ਵੱਡੇ ਸ਼ਹਿਰ ਵਿੱਚ ਅੱਗ ਬੁਝਾਉਣ ਵਾਲੀਆਂ ਜਨਤਕ ਸੇਵਾਵਾਂ ਲਈ ਵੀ ਬਣਦਾ ਖ਼ਰਚਾ ਕਰਨ ਲਈ ਤਿਆਰ ਨਹੀਂ ਹੈ।

ਅਮਰੀਕਾ ਖ਼ਤਰਾ ਤਾਂ ਹੋ ਸਕਦਾ ਹੈ, ਜੋ ਕੈਨੇਡੀਅਨਾਂ ਨੂੰ ਗੁੰਝਲਦਾਰ ਸਥਿਤੀ ਵਿੱਚ ਸੁੱਟ ਸਕਦਾ ਹੈ, ਪਰ ਦੁਸ਼ਮਣ ਨਹੀਂ ਹੋ ਸਕਦਾ। ਅਮਰੀਕਾ ਆਪਣੇ ਜੀਵਨ ਕਾਲ ਵਿੱਚ ਏਨਾ ਕਮਜ਼ੋਰ ਕਦੇ ਵੀ ਨਹੀਂ ਰਿਹਾ। ਪਰ ਸਾਨੂੰ ਇਸਦੀ ਤਾਕਤ ਦੀ ਬਜਾਏ, ਇਸ ਦੀਆਂ ਕਮਜ਼ੋਰੀਆਂ ਤੋਂ ਡਰਨਾ ਚਾਹੀਦਾ ਹੈ। ਇਹ ਆਪਣੇ ਆਪ ਨੂੰ ਬਚਾਉਣ ਜਾਂ ਇਹ ਸਮਝਣ ਦੀ ਸਥਿਤੀ ਵਿੱਚ ਵੀ ਨਹੀਂ ਹੈ ਕਿ ਉਸ 'ਤੇ ਕਦੋਂ ਹਮਲਾ ਕੀਤਾ ਜਾ ਰਿਹਾ ਹੈ। ਅਗਲੇ ਚਾਰ ਸਾਲਾਂ ਵਿਚ ਕਿਸੇ ਨਾ ਕਿਸੇ ਸਮੇਂ ਅਮਰੀਕਾ ਦੇ ਜੋਟੀਦਾਰ ਨਹੀਂ ਸਗੋਂ ਇਸਦੇ ਦੁਸ਼ਮਣ ਮੌਕਾ ਤਾੜ ਕੇ ਕਾਰਵਾਈ ਕਰਨਗੇ ਅਤੇ ਅਮਰੀਕਾ ਦੀ ਗ਼ੁਬਾਰੇ ਵਾਂਗ ਫੂਕ ਕੱਢ ਦੇਣਗੇ। ਇਸ ਲਈ ਸਿਰਫ ਇੱਕ ਸੂਈ ਦੀ ਲੋੜ ਪਵੇਗੀ।

ਆਪਣੇ ਪਹਿਲੇ ਘਰੇਲੂ ਯੁੱਧ ਦੌਰਾਨ, ਜਦੋਂ ਅਮਰੀਕਾ ਬਹੁਤ ਉਥਲ-ਪੁਥਲ ਵਿੱਚ ਸੀ, ਤਾਂ ਅਬਰਾਹਿਮ ਲਿੰਕਨ ਦੇ ਵਿਦੇਸ਼ ਮੰਤਰੀ ਵਿਲੀਅਮ ਹੈਨਰੀ ਸੇਵਰਡ ਨੇ ਕੈਨੇਡਾ 'ਤੇ ਹਮਲੇ ਦਾ ਪ੍ਰਸਤਾਵ ਰੱਖਿਆ ਸੀ, ਕਿਉਂਕਿ ਉਨ੍ਹਾਂ ਕੋਲ ਪਹਿਲਾਂ ਹੀ ਬਹੁਤ ਵੱਡੀ ਫੌਜ ਸੀ। ਲਿੰਕਨ ਨੇ ਐਲਾਨ ਕੀਤਾ ਕਿ ਉਹ ਇਕ ਸਮੇਂ ਵਿੱਚ ਇੱਕੋ ਜੰਗ ਲੜੇਗਾ, ਪਰ ਬਹੁਤ ਸਾਰੇ ਲੋਕਾਂ ਨੂੰ ਸ਼ਾਂਤ ਨਹੀਂ ਕੀਤਾ ਗਿਆ। ਉਸ ਸਮੇਂ, ਕੈਨੇਡਾ ਖਿੱਤੇ ਦੇ ਉੱਤਰੀ ਖੇਤਰ ਦੀਆਂ ਕਲੋਨੀਆਂ, ਜਿਨ੍ਹਾਂ ਨੇ ਆਪਣਾ ਜ਼ਿਆਦਾਤਰ ਸਮਾਂ ਝਗੜੇ ਵਿੱਚ ਹੀ ਬਿਤਾਇਆ ਸੀ, ਨੇ ਫੈਸਲਾ ਕੀਤਾ ਕਿ ਉਨ੍ਹਾਂ ਨੂੰ ਇੱਕ ਕਨਫੈਡਰੇਸ਼ਨ ਵਿੱਚ ਇਕੱਠੇ ਜੁੜਣ ਦੀ ਲੋੜ ਹੈ। ਚਾਹੇ ਇਕ ਦੂਜੇ ਨਾਲ ਸਾਡੇ ਸੰਬੰਧ ਹਮੇਸ਼ਾ ਵਿਰੋਧ ਵਾਲੇ ਹੀ ਰਹੇ ਹਨ। ਪਰ ਕੈਨੇਡੀਅਨ ਬਣਨ ਤੋਂ ਬਾਅਦ, ਅਸੀਂ ਸਦਾ ਵੱਡੇ ਪੱਧਰ 'ਤੇ ਇੱਕਜੁੱਟ ਰਹੇ ਹਾਂ ਇਸ ਲਈ ਸਾਨੂੰ ਦੁਬਾਰਾ ਪਹਿਲਾਂ ਵਾਲੇ ਬਣਨ ਦੀ ਕੋਈ ਜ਼ਰੂਰਤ ਨਹੀਂ ਹੈ।

ਹੁਣ ਕੈਨੇਡੀਅਨ ਇਕਜੁੱਟਤਾ ਦੀ ਜ਼ਰੂਰਤ ਪਹਿਲਾਂ ਨਾਲੋਂ ਜ਼ਿਆਦਾ ਜ਼ਰੂਰੀ ਹੋ ਗਈ ਹੈ। ਚਾਹੇ ਇਸ ਸਮੇਂ ਅਮਰੀਕਾ ਵਿਚ ਇਹ ਸਪੱਸ਼ਟ ਨਹੀਂ ਹੈ ਕਿ ਕੌਣ ਗੱਦਾਰ ਹੈ ਅਤੇ ਕੌਣ ਨਹੀਂ। ਪਰ ਕੈਨੇਡਾ ਵਿੱਚ ਅਜਿਹੀ ਹਾਲਤ ਨਹੀਂ ਹੈ। ਇਸ ਸਮੇਂ ਕੈਨੇਡਾ ਵਿਚ ਮੁੱਖ ਸ਼ਖ਼ਸੀਅਤ ਡੱਗ ਫੋਰਡ ਹੈ, ਜੋ ਸਮੁੱਚੇ ਤੌਰ 'ਤੇ ਦੇਸ਼ ਲਈ ਲੜ ਰਿਹਾ ਹੈ ਅਤੇ ਉਹ ਜਾਣਦਾ ਹੈ ਕਿ ਕਿਵੇਂ ਲੜਨਾ ਹੈ। ਹਾਲਾਂਕਿ ਪੀਅਰੇ ਪੋਇਲੀਵਰ ਨੇ ਕਿਹਾ ਹੈ ਕਿ ਕੈਨੇਡਾ ਕਦੇ ਵੀ ਅਮਰੀਕਾ ਦਾ 51ਵਾਂ ਰਾਜ ਨਹੀਂ ਹੋਵੇਗਾ, ਮੈਨੂੰ ਇਹ ਸਪਸ਼ਟ ਨਹੀਂ ਹੈ ਕਿ ਕੀ ਉਨ੍ਹਾਂ ਦੀ ਪਾਰਟੀ ਇਸ ਦੇਸ਼ ਪ੍ਰਤੀ ਵਧੇਰੇ ਵਧੇਰੇ ਵਫ਼ਾਦਾਰ ਹੈ ਜਾਂ ਅਮਰੀਕੀ ਮਨੋਦਸ਼ਾ ਪ੍ਰਤੀ। ਲਿਬਰਲ ਪਾਰਟੀ ਕੋਲ ਕੋਈ ਆਵਾਜ਼ ਨਹੀਂ ਹੈ। ਹਾਲਾਂਕਿ, ਪਿਛਲੇ ਟਰੰਪ ਪ੍ਰਸ਼ਾਸਨ ਵੇਲੇ ਤੋਂ ਹੀ ਅਮਰੀਕੀਆਂ ਨੇ, ਸਾਨੂੰ ਕੈਨੇਡੀਅਨਾਂ ਨੂੰ ਲੱਗਭੱਗ ਇਕਜੁੱਟ ਹੀ ਦੇਖਿਆ ਹੈ।

ਇਸ ਹਾਲਤ ਵਿੱਚ ਆਮ ਕੈਨੇਡੀਅਨਾਂ ਨੂੰ ਜੰਗ ਲਈ ਨਹੀਂ ਬਲਕਿ ਆਰਥਕ, ਰਾਜਨੀਤਕ, ਸਮਾਜਿਕ ਅਤੇ ਸੱਭਿਆਚਾਰਕ ਅਰਾਜਕਤਾ ਲਈ ਤਿਆਰ ਰਹਿਣਾ ਚਾਹੀਦਾ ਹੈ। ਜੇ ਤੁਹਾਡੇ ਗੁਆਂਢੀ ਦੇ ਘਰ ਨੂੰ ਅੱਗ ਲੱਗੀ ਹੋਈ ਹੈ, ਤਾਂ ਆਖਿ ?ਰਕਾਰ ਅੱਗ ਤੁਹਾਡੇ ਘਰ ਵੀ ਪਹੁੰਚ ਜਾਵੇਗੀ।

# ਚੌਂਤਰਫੇ ਸੰਕਟ 'ਚ ਘਿਰੀ ਕੈਨੇਡਾ ਸਰਕਾਰ



ਮਨਦੀਪ
(438-924-2052)
mandeepsaddowal@gmail.com

ਦਹਾਕੇ ਭਰ ਤੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਸੇਵਾ ਨਿਭਾ ਰਹੇ ਲਿਬਰਲ ਪਾਰਟੀ ਦੇ ਆਗੂ ਜਸਟਿਨ ਟਰੂਡੋ ਵੱਲੋਂ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦੇ ਐਲਾਨ ਮਗਰੋਂ ਕੈਨੇਡਾ ਦੇ ਢਾਂਚਾਗਤ ਸੰਕਟ ਦੇ ਲੱਛਣ ਹੋਰ ਵੱਧ ਉਘੜਕੇ ਸਾਹਮਣੇ ਆ ਗਏ ਹਨ। ਟਰੂਡੋ ਦੇ ਅਸਤੀਫੇ ਦੇ ਮਾਇਨੇ, ਉਸਦੀ ਲੋਕਪ੍ਰਿਅਤਾ ਦੇ ਪੱਧਰ 'ਚ ਲਗਾਤਾਰ ਗਿਰਾਵਟ ਅਤੇ ਅਗਾਮੀ ਚੋਣਾਂ ਵਿੱਚ ਕੰਜ਼ਰਵੇਟਿਵ ਪਾਰਟੀ ਦਾ ਪੱਲੜਾ ਭਾਰੀ ਹੋਣ ਦੇ ਖਦਸ਼ੇ ਤੋਂ ਵੀ ਕਿਤੇ ਵੱਧ ਗਹਿਰੇ ਹਨ। ਇਹ ਅਸਤੀਫਾ ਮਹਿਜ ਪਾਰਟੀ ਦੇ ਅੰਦਰੂਨੀ ਅਤੇ ਬਾਹਰੀ ਦਬਾਅ ਦੇ ਨਾਲ-ਨਾਲ ਟਰੂਡੋ ਦੇ ਅੰਤਲੇ ਨੈਤਿਕ-ਸਿਆਸੀ ਦਾਅ ਤੱਕ ਹੀ ਸੀਮਿਤ ਨਹੀਂ ਹੈ। ਇਹ ਸਮਝਣਾ ਅਤੀ ਮਹੱਤਵਪੂਰਨ ਹੈ ਕਿ ਕੈਨੇਡਾ ਦੇ ਸੰਕਟ ਦੇ ਬੁਨਿਆਦੀ ਕਾਰਨ ਕੀ ਹਨ ਅਤੇ ਕੀ ਕੈਨੇਡਾ ਦਾ ਮੌਜੂਦਾ ਬਹੁਪੱਖੀ ਸੰਕਟ ਟਰੂਡੋ ਦੇ ਅਸਤੀਫੇ ਨਾਲ ਹੱਲ ਹੋ ਜਾਵੇਗਾ?

ਇਸ ਸਮੇਂ ਕੈਨੇਡਾ ਦੀ ਆਰਥਿਕਤਾ ਅਤੇ ਇਸਦੇ ਸਮਾਜਿਕ-ਸਿਆਸੀ ਹਾਲਾਤ ਘੋਰ ਅਸਥਿਰਤਾ ਵਿੱਚੋਂ ਗੁਜ਼ਰ ਰਹੇ ਹਨ। ਪੰਜਾਬ ਸਮੇਤ ਪੂਰੇ ਦੱਖਣੀ-ਏਸ਼ੀਆਈ ਭਾਈਚਾਰਿਆਂ ਦੀਆਂ ਨਜ਼ਰਾਂ ਜਿੱਥੇ ਕੈਨੇਡਾ ਸਰਕਾਰ ਦੇ ਸਮਾਜਿਕ-ਸਿਆਸੀ ਸੰਕਟ ਉੱਤੇ ਟਿਕੀਆਂ ਹੋਈਆਂ ਹਨ, ਉੱਥੇ ਕੈਨੇਡਾ ਵਾਸੀਆਂ ਵਿੱਚ ਸਰਕਾਰ ਦੀਆਂ ਨਾਕਾਮੀਆਂ ਖਿਲਾਫ ਗੁੱਸੇ ਦੀ ਲਹਿਰ ਦਿਨ-ਬ-ਦਿਨ ਵੱਧ ਰਹੀ ਹੈ। ਤਥਾਕਥਿਤ ਖੱਬੇਪੱਖੀ ਐਨਡੀਪੀ ਦੀ ਕੰਮਜ਼ੋਰ ਭਾਈਵਾਲੀ ਨਾਲ ਲੜਖੜਾਉਂਦੀ ਹੋਈ ਚੱਲਦੀ ਆ ਰਹੀ ਜਸਟਿਨ ਟਰੂਡੋ ਦੀ ਅਗਵਾਈ ਵਾਲੀ ਲਿਬਰਲ ਪਾਰਟੀ ਦੀ ਸਰਕਾਰ ਲਗਾਤਾਰ ਚੁਣੌਤੀਆਂ ਦਾ ਸਾਹਮਣਾ ਕਰਦੀ ਆ ਰਹੀ ਹੈ। ਘੱਟ-ਸੰਮਤੀ ਸਰਕਾਰ ਦਾ ਭਾਈਵਾਲ ਜਗਮੀਤ ਸਿੰਘ, ਟਰੂਡੋ ਸਰਕਾਰ ਤੋਂ ਆਪਣਾ ਸਮਰਥਨ ਵਾਪਸ ਲੈਣ ਦਾ ਲਗਾਤਾਰ ਦਬਾਅ ਪਾਉਂਦਾ ਰਿਹਾ ਤੇ ਲਿਬਰਲ ਸਰਕਾਰ ਦੇ ਮੰਤਰੀ ਟਰੂਡੋ ਦੀਆਂ 'ਮਹਿੰਗੀਆਂ ਸਿਆਸੀ ਚਾਲਾਂ' ਤੋਂ ਅੱਕੇ ਹੋਏ ਆਏ ਦਿਨ ਆਪਣੇ ਅਹੁਦਿਆਂ ਤੋਂ ਅਸਤੀਫੇ ਦਿੰਦੇ ਰਹੇ। ਆਰਥਿਕ-ਸਿਆਸੀ ਤੂਫਾਨ ਵਿੱਚ ਫਸਿਆ ਟਰੂਡੋ ਸਰਕਾਰ ਦਾ ਡਿਕਡੋਲੇ ਖਾਂਦਾ ਜ਼ਹਾਜ਼ ਕਿਸੇ ਬੰਨ੍ਹੇ ਲੱਗਣ ਤੋਂ ਪਹਿਲਾਂ ਡੁੱਬਣਾ ਲੱਗਭੱਗ ਤੈਅ ਹੀ ਸੀ। 2019 ਵਿੱਚ ਟਰੂਡੋ ਵਜ਼ਾਰਤ ਜਿਹਨਾਂ ਚੋਣ ਵਾਅਦਿਆਂ ਤੇ ਆਸਾਂ-ਉਮੀਦਾਂ ਨਾਲ ਸੱਤਾ ਦੀ ਦੂਜੀ ਪਾਰੀ ਵਿੱਚ ਕੁੱਦੀ ਸੀ, ਉਹ ਵਾਅਦੇ-ਉਮੀਦਾਂ ਕਰੋਨਾ, ਯੂਕਰੇਨ ਤੇ ਫਲਸਤੀਨ ਜੰਗ ਦੇ ਬੋਝ ਹੇਠ ਦਬਕੇ ਦਮ ਤੋੜ ਗਏ ਸਨ। ਪਿਛਲੇ ਕੁੱਝ ਸਾਲਾਂ ਤੋਂ ਕੈਨੇਡਾ ਵਿੱਚ ਲਗਾਤਾਰ ਬੇਕਾਬੂ ਹੋ ਰਹੀ ਮਹਿੰਗਾਈ, ਰਿਹਾਇਸ਼ੀ ਘਰਾਂ ਦੀ ਥੁੜ, ਵਧਦੀਆਂ ਵਿਆਜ਼ ਦਰਾਂ, ਵੱਧਦਾ ਕਰਜ਼ ਬੋਝ, ਬੁਨਿਆਦੀ ਢਾਂਚੇ ਵਿੱਚ ਘਟਦਾ ਵਿਦੇਸ਼ੀ ਨਿਵੇਸ਼, ਵੱਧਦੇ ਅਪਰਾਧ, ਗੈਰ-ਯੋਜਨਾਬੱਧ ਪ੍ਰਵਾਸ ਸੰਕਟ ਆਦਿ ਨੇ ਕੈਨੇਡਾ ਦੇ ਆਰਥਿਕ-ਸਮਾਜਿਕ ਸੰਕਟ ਨੂੰ ਹੋਰ ਵੱਧ ਗਹਿਰਾ ਕਰ ਦਿੱਤਾ। ਟਰੰਪ ਪ੍ਰਸ਼ਾਸ਼ਨ ਦੀਆਂ ਟੈਰਿਫ ਲਗਾਉਣ ਦੀਆਂ ਧਮਕੀਆਂ ਨੇ ਕੈਨੇਡਾ ਦੀਆਂ ਸਿਆਸੀ ਜਮਾਤਾਂ ਦੀ ਬੇਚੈਨੀ ਨੂੰ ਹੋਰ ਵਧਾ ਦਿੱਤਾ, ਜਿਸਨੇ ਕੈਨੇਡੀਅਨ ਸਮਾਜ ਵਿੱਚ ਸਹਿਮ, ਨਸਲੀ ਵਿਤਕਰੇਬਾਜ਼ੀ ਅਤੇ ਸਮਾਜਿਕ ਅਸੁਰੱਖਿਆ ਤੇ ਅਸਥਿਰਤਾ ਦਾ ਮਹੌਲ ਸਿਰਜਿਆ। ਜਦਕਿ ਅਮਰੀਕੀ ਸਾਮਰਾਜੀ ਨੀਤੀਆਂ ਦੀ ਅਧੀਨਗੀ ਤਹਿਤ ਕੈਨੇਡੀਅਨ ਹਾਕਮ ਜਮਾਤਾਂ ਵੱਲੋਂ ਪੈਦਾ ਕੀਤੇ ਗਏ ਇਸ ਮੌਜੂਦਾ ਆਰਥਿਕ-ਸਮਾਜਿਕ ਸੰਕਟ ਲਈ ਬਲੀ ਦਾ ਬੱਕਰਾ ਪ੍ਰਵਾਸੀਆਂ ਅਤੇ ਆਮ ਕੈਨੇਡੀਅਨ ਲੋਕਾਂ ਨੂੰ ਬਣਾਇਆ ਜਾ ਰਿਹਾ ਹੈ।

ਕੈਨੇਡਾ ਜਿਸਦੀ ਸੰਸਾਰ ਸਾਹਮਣੇ ਸ਼ਾਖ ਸ਼ਾਤੀਪਸੰਦ ਉਦਾਰਵਾਦੀ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੇ ਪੈਰੋਕਾਰ ਵਜ਼ੋਂ ਬਣੀ ਹੋਈ ਸੀ, ਉਸਦਾ ਨਕਾਬ ਬੀਤੇ ਕੁੱਝ ਵਰ੍ਹਿਆਂ ਵਿੱਚ ਵਾਪਰੀਆਂ ਮਹੱਤਵਪੂਰਨ ਚੁਣੀਂਦਾ ਘਟਨਾਵਾਂ ਕਰਕੇ ਲੱਥ ਚੁੱਕਾ ਹੈ। ਕੈਨੇਡਾ ਸਰਕਾਰ ਅਮਰੀਕੀ ਸਾਮਰਾਜ ਦੀ ਪੈੜ 'ਚ ਪੈਰ ਧਰਦਿਆਂ ਰੂਸ ਖਿਲਾਫ ਜੰਗ 'ਚ ਯੂਕਰੇਨ ਨੂੰ 4.5 ਬਿਲੀਅਨ ਡਾਲਰ (ਇਹ ਸਹਾਇਤਾ 2029 ਤੱਕ ਜਾਰੀ



ਰਹੇਗੀ) ਫੌਜੀ ਅਤੇ ਵਿੱਤੀ ਸਹਾਇਤਾ ਦੇਣ ਲਈ ਵਚਨਬੱਧ ਹੈ। ਇਸੇ ਤਰ੍ਹਾਂ ਫਲਸਤੀਨ ਵਿੱਚ ਹੋ ਰਹੀ ਨਸਲਕੁਸ਼ੀ ਦੇ ਜਿੰਮੇਵਾਰ ਇਜ਼ਰਾਇਲ ਨੂੰ ਫੌਜੀ ਅਤੇ ਕੂਟਨੀਤਿਕ ਸਹਾਇਤਾ ਦੇ ਨਾਮ ਹੇਠ ਲੱਖਾਂ-ਕਰੋੜਾਂ ਡਾਲਰਾਂ ਦੀ ਵਿੱਤੀ ਤੇ ਫੌਜੀ ਸਾਜੋ-ਸਮਾਨ ਦੀ ਸਹਾਇਤਾ ਦੇਣਾ ਜਾਰੀ ਹੈ। ਅਮਰੀਕੀ ਦਬਾਅ ਹੇਠ ਕੈਨੇਡਾ ਸਰਕਾਰ ਨੇ ਜੰਗੀ ਖਰਚਿਆਂ ਲਈ ਨਾਟੋ ਦੇ ਟੀਚੇ ਨੂੰ ਪੂਰਾ ਕਰਨ ਲਈ ਸਾਲ 2032 ਤੱਕ ਆਪਣੇ ਫੌਜ਼ੀ ਤੇ ਰੱਖਿਆ ਖੇਤਰ ਵਿੱਚ ਕੁੱਲ ਜੀਡੀਪੀ ਦਾ 2% ਖਰਚਣ ਦਾ ਵਾਅਦਾ ਕੀਤਾ ਹੈ। ਜਿਸਦਾ ਅਰਥ ਹੋਵੇਗਾ ਕਿ ਦੇਸ਼ ਦੀ ਆਰਥਿਕਤਾ ਉੱਤੇ ਪ੍ਰਤੀ ਸਾਲ $60 ਬਿਲੀਅਨ ਡਾਲਰ ਦਾ ਵਾਧੂ ਬੋਝ ਪਵੇਗਾ। ਇਸ ਖਰਚ ਦੀ ਭਰਪਾਈ ਕੈਨੇਡੀਅਨ ਲੋਕਾਂ ਉੱਤੇ ਟੈਕਸ ਬੋਝ ਵਧਾਕੇ ਅਤੇ ਜਨਤਕ ਖਰਚਿਆਂ ਵਿੱਚ ਕਟੌਤੀ ਕਰਕੇ ਕੀਤੀ ਜਾਵੇਗੀ। ਇਹ ਸ਼ਾਤੀਪਸੰਦ ਉਦਾਰਵਾਦੀ ਲੋਕਤੰਤਰ ਤੇ ਮਾਨਵਤਾਵਾਦੀ ਬੁਰਕੇ ਹੇਠ ਛੁਪਿਆ ਪੂੰਜੀਵਾਦ ਦਾ ਉਹ ਅਸਲੀ ਚਿਹਰਾ ਹੈ ਜੋ ਦੂਸਰੇ ਮੁਲਕਾਂ ਦੀ ਪ੍ਰਭੂਸੱਤਾ, ਸ਼ਾਂਤੀ, ਮਨੁੱਖੀ ਅਧਿਕਾਰਾਂ ਦੇ ਹਨਨ ਅਤੇ ਲੋਕਤੰਤਰ ਨੂੰ ਭੰਗ ਕਰਕੇ ਉਸਨੂੰ ਸਾਮਰਾਜੀ ਸ਼ਕਤੀ ਦੀ ਨਵ-ਬਸਤੀ ਬਣਾਉਣ ਵਿੱਚ ਸਰਗਰਮ ਭਾਈਵਾਲ ਹੈ। ਜਦਕਿ ਦੂਜੇ ਪਾਸੇ ਕੈਨੇਡਾ ਵਿੱਚ ਲੱਖਾਂ ਲੋਕ ਫਲਸਤੀਨ ਦੇ ਹੱਕ ਵਿੱਚ ਅਤੇ ਕੈਨੇਡਾ ਸਰਕਾਰ ਨੂੰ ਜੰਗ ਤੋਂ ਬਾਹਰ ਨਿਕਲਕੇ ਆਪਣੇ ਦੇਸ਼ ਦੇ ਲੋਕਾਂ ਦੀਆਂ ਬੁਨਿਆਦੀ ਸਮੱਸਿਆਵਾਂ ਵੱਲ ਧਿਆਨ ਦੇਣ ਲਈ ਨਿਤ-ਦਿਨ ਰੋਸ ਮੁਜ਼ਾਹਰੇ ਕਰ ਰਹੇ ਹਨ।

ਅਮਰੀਕਾ ਅੰਦਰ ਟਰੰਪ ਦੇ ਸੱਤਾ 'ਚ ਆਉਣ ਤੋਂ ਬਾਅਦ ਕੈਨੇਡਾ ਅੰਦਰੋਂ ਟਰੰਪ-ਮਸਕ ਜੋੜੀ ਨੂੰ ਕੈਨੇਡੀਅਨ ਲੋਕਾਂ ਦੇ ਟਰੂਡੋ ਸਰਕਾਰ ਤੋਂ ਛੁਟਕਾਰੇ ਦੀ ਚਰਚਾ ਛਿੜ ਗਈ ਸੀ। ਸੱਤਾ ਦੀ ਕੁਰਸੀ ਸੰਭਾਲਣ ਤੋਂ ਪਹਿਲਾਂ ਹੀ ਟਰੰਪ ਵੱਲੋਂ ਅਮਰੀਕੀ ਦਰਾਮਦਾਂ ਉੱਤੇ 25% ਟੈਰਿਫ ਲਾਉਣ ਅਤੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣ ਦੀਆਂ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਸਨ। ਟਰੰਪ ਵੱਲੋਂ ਸ਼ੁਰੂ ਕੀਤੀ ਸ਼ਬਦੀ ਵਪਾਰਕ ਜੰਗ ਦੀ ਕੈਨੇਡੀਅਨ ਹਾਕਮ ਜਮਾਤਾਂ ਵੱਲੋਂ ਠੋਸ ਜਵਾਬਤਲਬੀ ਨਾ ਕਰਨੀ, ਕੈਨੇਡਾ ਸਰਕਾਰ ਦੀ ਨਿਰਬਲਤਾ ਅਤੇ ਇਸਦੀ ਅਮਰੀਕੀ ਸਾਮਰਾਜ ਤੇ ਨਿਰਭਰਤਾ ਨੂੰ ਦਰਸਾਉਂਦਾ ਹੈ। ਇਹੀ ਨਹੀਂ, ਟਰੰਪ ਵੱਲੋਂ ਆਪਣੇ ਦੇਸ਼ 'ਚ ਕਾਰਪੋਰੇਟ ਟੈਕਸ ਵਿੱਚ 20% ਦੀ ਕਟੌਤੀ ਕਰਨ ਦੇ ਬਿਆਨ ਨਾਲ ਅਮਰੀਕਾ ਅੰਦਰ ਨਿਵੇਸ਼ ਵੱਧ ਰਿਹਾ ਹੈ ਅਤੇ ਕੈਨੇਡਾ ਵਿੱਚ ਪਹਿਲਾਂ ਤੋਂ ਹੀ ਘਟ ਰਹੇ ਵਿਦੇਸ਼ੀ ਨਿਵੇਸ਼ ਦੀ ਹਾਲਤ ਹੋਰ ਫਿੱਕੀ ਪੈ ਰਹੀ ਹੈ। ਬਹੁਤ ਸਾਰੀਆਂ ਕੰਪਨੀਆਂ ਆਪਣਾ ਪੈਸਾ ਕੈਨੇਡੀਅਨ ਮਾਰਕਿਟ ਵਿੱਚੋਂ ਕੱਢਕੇ ਅਤੇ ਦੀਵਾਲੀਆਪਣ ਦਿਖਾਕੇ ਅਮਰੀਕਾ ਵਿੱਚ ਨਿਵੇਸ਼ ਕਰਨ ਨੂੰ ਤਰਜੀਹ ਦੇ ਰਹੀਆਂ ਹਨ। ਵਪਾਰਕ ਘੁਰਕੀਆਂ ਦੇ ਫਲਸਰੂਪ ਅਮਰੀਕੀ ਡਾਲਰ ਮੁਕਾਬਲੇ ਕੈਨੇਡੀਅਨ ਡਾਲਰ ਹੇਠਾਂ ਵੱਲ ਲੁੜਕ ਰਿਹਾ ਹੈ। ਹਾਲਾਂਕਿ, ਅਮਰੀਕੀ ਨਿਵੇਸ਼ ਨੂੰ ਖਿੱਚਣ ਤੇ ਨਿੱਜੀ ਖੇਤਰ ਨੂੰ ਬੜਾਵਾ ਦੇਣ ਲਈ ਕੈਨੇਡਾ ਸਰਕਾਰ ਜਨਤਕ ਖੇਤਰ ਉੱਤੇ ਕੀਤੇ ਜਾਣ ਵਾਲੇ ਖਰਚਿਆਂ ਉੱਤੇ ਕੱਟ ਲਾ ਕੇ ਅਤੇ ਇਸਦਾ ਨਿੱਜੀਕਰਨ ਕਰਕੇ ਕਾਰਪੋਰੇਟਰਾਂ ਨੂੰ ਬੇਲ-ਆਊਟ ਪੈਕਜ਼ ਦੇਣ ਦੇ ਓਹੜ-ਪੋਹੜ ਕਰ ਰਹੀ ਹੈ, ਪਰੰਤੂ ਇਸਦਾ ਬੋਝ ਆਖਰਕਾਰ ਆਮ ਲੋਕਾਂ ਉੱਤੇ ਹੀ ਵੱਧ ਰਿਹਾ ਹੈ, ਜਿਸ ਨਾਲ ਕੈਨੇਡਾ ਪੋਸਟ, ਕੈਨੇਡੀਅਨ ਰੇਲਵੇ, ਐਮਾਜ਼ੋਨ ਤੇ ਬੰਦਰਗਾਹ ਦੇ ਕਾਮਿਆਂ ਨੇ ਦੇਸ਼-ਪੱਧਰੀ ਹੜਤਾਲਾਂ ਕੀਤੀਆਂ।

ਵੱਖ-ਵੱਖ ਖੇਤਰਾਂ (ਵਸਤਾਂ, ਉਸਾਰੀ ਤੇ ਮੈਨੂਫੈਕਚਰਿੰਗ) ਵਿੱਚ ਲਗਾਤਾਰ ਘਟ ਰਹੀ ਉਤਪਾਦਕਤਾ ਅਤੇ ਘਟ ਰਹੇ ਨਿਵੇਸ਼ ਕਾਰਨ ਬਹੁਤ ਸਾਰੇ ਕਾਰੋਬਾਰ ਸੁਸਤ ਜਾਂ ਬੰਦ ਹੋ ਰਹੇ ਹਨ। ਜਿਸ ਕਾਰਨ ਗੈਰ ਯੋਜਨਾਬੱਧ ਤਰੀਕੇ ਨਾਲ ਕੈਨੇਡਾ ਵਿੱਚ ਦਰਾਮਦ ਕੀਤੀ ਗਈ ਸਸਤੀ ਕਿਰਤ ਸ਼ਕਤੀ (ਪ੍ਰਵਾਸੀ ਵਸੋਂ) ਦਾ ਸੰਕਟ ਖੜਾ ਹੋ ਗਿਆ ਹੈ। ਇੱਕ ਸਮੇਂ ਕੈਨੇਡੀਅਨ ਮੰਡੀ ਵਿੱਚ ਸਸਤੀ ਕਿਰਤ ਸ਼ਕਤੀ ਦੀ ਭਾਰੀ ਮੰਗ ਸੀ, ਜਿਸਦੀ ਭਰਪਾਈ ਲਈ ਵੱਖ-ਵੱਖ ਤਰ੍ਹਾਂ ਦੇ ਸਿੱਖਿਆ, ਸੂਬਾਈ, ਪਰਿਵਾਰਕ, ਦਿਹਾਤੀ, ਖੇਤੀਬਾੜੀ, ਸ਼ਰਨਾਰਥੀ ਆਦਿ ਪ੍ਰੋਗਰਾਮ ਚਲਾਏ ਗਏ ਸਨ। ਇਹਨਾਂ ਗੈਰ-ਸੰਗਠਿਤ ਕੱਚੇ-ਪੱਕੇ ਪ੍ਰਵਾਸੀ ਮਜ਼ਦੂਰਾਂ ਨੂੰ ਸਸਤੀ ਕਿਰਤ ਸ਼ਕਤੀ ਦੇ ਨਾਲ-ਨਾਲ ਮੁੱਢਲੇ ਬੁਨਿਆਦੀ ਅਧਿਕਾਰਾਂ ਤੋਂ ਵਾਂਝੇ ਰੱਖਕੇ ਸ਼ੋਸ਼ਣ ਦਾ ਸ਼ਿਕਾਰ ਬਣਾਇਆ ਗਿਆ। ਇਸੇ ਲਈ ਯੂਐਨ ਨੇ ਕੈਨੇਡਾ ਨੂੰ ਆਧੁਨਿਕ ਉਜ਼ਰਤੀ ਗੁਲਾਮੀ ਦੀ ਜੰਮਣ-ਭੋਇ ਦੇ ਲਕਬ ਨਾਲ ਨਿਵਾਜਿਆ ਸੀ। ਹੁਣ ਨਵੀਂ ਤਕਨੀਕ ਅਤੇ ਆਰਥਿਕ ਗਤੀ ਸੁਸਤ ਪੈਣ ਨਾਲ ਸਸਤੀ ਕਿਰਤ ਸ਼ਕਤੀ ਦਾ ਸਾਧਨ ਪ੍ਰਵਾਸੀ ਰਾਖਵੀਂ ਫੌਜ ਵੱਡੀ ਪੱਧਰ ਤੇ ਵਿਹਲੀ ਹੋ ਗਈ ਹੈ। ਇਸ ਵਾਧੂ ਰਾਖਵੀਂ ਫੌਜ ਨੂੰ ਵਿਦੇਸ਼ਾਂ ਵਿੱਚ ਵੱਖ-ਵੱਖ ਸਿਆਸੀ ਪਾਰਟੀਆਂ ਵੱਲੋਂ ਨਸਲੀ ਅਧਾਰ ਤੇ ਮਜ਼ਦੂਰ ਜਮਾਤ ਨੂੰ ਵੰਡਣ, ਲੋਕਾਂ ਦਾ ਧਿਆਨ ਬੁਨਿਆਦੀ ਮੁੱਦਿਆਂ ਤੋਂ ਭਟਕਾਉਣ ਤੇ ਸਥਾਨਕ ਵੋਟ ਬੈਂਕ ਨੂੰ ਭਰਮਾਉਣ ਦਾ ਸਾਧਨ ਬਣਾਇਆ ਜਾ ਰਿਹਾ ਹੈ। ਇਸ ਤਰ੍ਹਾਂ ਕੌਮੀ ਸ਼ਾਵਨਵਾਦ ਭੜਕਾਅ ਕੇ ਘੋਰ ਸੱਜੇਪੱਖੀ ਤਾਕਤਾਂ ਲੋਕ ਰੋਹ ਨੂੰ ਵੋਟ ਬੈਂਕ ਵਿੱਚ ਬਦਲਣ ਲਈ ਕਾਮਯਾਬ ਹੋ ਰਹੀਆਂ ਹਨ। ਵਿਦੇਸ਼ਾਂ ਅੰਦਰ ਅਵਾਸ ਨੀਤੀਆਂ ਵਿੱਚ ਤਿੱਖੇ ਬਦਲਾਅ ਕਰਕੇ ਪ੍ਰਵਾਸੀਆਂ ਦੇ ਮੁੜ ਉਜਾੜੇ ਦਾ ਰਾਹ ਪੱਧਰਾ ਕੀਤਾ ਜਾ ਰਿਹਾ ਹੈ।

ਕੈਨੇਡੀਅਨ ਸਥਾਪਤੀ ਤੇਜ਼ੀ ਨਾਲ ਹਕੀਕੀ ਬੁਨਿਆਦੀ ਸੰਕਟ ਵੱਲ ਧਸ ਰਹੀ ਹੈ। ਇਸਦੀ ਜੀਡੀਪੀ ਕੱਛੂ ਦੀ ਚਾਲ ਚੱਲ ਰਹੀ ਹੈ ਤੇ ਮਹਿੰਗਾਈ ਦੀ ਦਰ 7.6% (ਜੁਲਾਈ, 2024) ਦੇ ਅੰਕੜੇ ਦੇ ਆਸ-ਪਾਸ ਚੱਕਰ ਕੱਟ ਰਹੀ ਹੈ। ਇਸਨੇ ਪਿਛਲੇ 39 ਸਾਲਾਂ ਦੇ ਰਿਕਾਰਡ ਪੱਧਰ ਨੂੰ ਛੋਹ ਲਿਆ ਹੈ। ਕੈਨੇਡਾ ਦੀ ਆਰਥਿਕਤਾ 'ਆਰਥਿਕ ਸਹਿਯੋਗ ਅਤੇ ਵਿਕਾਸ ਲਈ ਸੰਗਠਨ' (ਓਈਸੀਡੀ) ਵਿੱਚ ਸ਼ਾਮਲ ਦੇਸ਼ਾਂ ਵਿੱਚੋਂ ਪਛੜ ਰਹੀ ਹੈ। ਕੈਨੇਡਾ 'ਚ ਬੇਰੁਜ਼ਗਾਰੀ ਦੀ ਦਰ 6.8% (ਨਵੰਬਰ, 2024) ਤੱਕ ਪਹੁੰਚ ਚੁੱਕੀ ਹੈ ਅਤੇ ਦੇਸ਼ ਸਿਰ ਕਰਜ਼ ਦਾ ਬੋਝ 2.18 ਟ੍ਰਿਲੀਅਨ ਡਾਲਰ ਹੋ ਗਿਆ ਹੈ। 28 ਫੀਸਦੀ ਕੈਨੇਡੀਅਨ ਵਸੋਂ ਫੂਡ ਬੈਂਕਾਂ ਤੋਂ ਭੋਜਨ ਲੈ ਕੇ ਗੁਜ਼ਾਰਾ ਕਰ ਰਹੀ ਹੈ। ਦੇਸ਼ ਅੰਦਰ ਅਮੀਰੀ-ਗਰੀਬੀ ਦਾ ਪਾੜਾ ਲਗਾਤਾਰ ਤੀਬਰ ਹੋ ਰਿਹਾ ਹੈ। ਕੈਨੇਡਾ ਦੀ ਉਪਰਲੀ 20% ਵਸੋਂ ਦੇਸ਼ ਦੀ ਕੁੱਲ ਸੰਪੱਤੀ ਦੇ ਦੋ-ਤਿਹਾਈ ਹਿੱਸੇ ਉੱਤੇ ਕਾਬਜ਼ ਹੈ ਅਤੇ ਦੇਸ਼ ਦੀ ਵਸੋਂ ਦਾ ਸਭ ਤੋਂ ਹੇਠਲਾ 40% ਤਬਕਾ ਦੇਸ਼ ਦੀ ਕੁੱਲ ਸੰਪੱਤੀ ਦੇ ਮਹਿਜ਼ 2.8% ਧੰਨ-ਦੌਲਤ ਤੇ ਗੁਜ਼ਰ-ਬਸਰ ਕਰਨ ਲਈ ਮਜ਼ਬੂਰ ਹੈ। ਅਮਰੀਕੀ ਬਹੁਕੌਮੀ ਕਾਰਪੋਰੇਸ਼ਨਾਂ ਦੀ ਕੈਨੇਡੀਅਨ ਮੰਡੀ ਵਿੱਚ ਇਜ਼ਾਰੇਦਾਰੀ ਹੈ ਅਤੇ ਇਸਦੇ ਸੁਪਰ ਮੁਨਾਫੇ ਆਰਥਿਕ ਮੰਦਹਾਲੀ ਦੇ ਦੌਰ ਵਿੱਚ ਵੀ ਸ਼ਿਖਰਾਂ ਛੋਹ ਰਹੇ ਹਨ। ਮਿਸਾਲ ਵਜ਼ੋਂ ਕੈਨੇਡਾ ਵਿੱਚ ਇਕੱਲੇ ਵਾਲਮਾਰਟ ਸਟੋਰ ਦੀ ਸਾਲ 2024 ਦੀ ਕੁੱਲ ਆਮਦਨ 6,48,000 ਮਿਲੀਅਨ ਡਾਲਰ ਰਹੀ, ਜਿਸ ਵਿੱਚ ਪਿਛਲੇ ਸਾਲ ਨਾਲੋਂ 1.8% ਦਾ ਇਜ਼ਾਫਾ ਹੋਇਆ। ਇਸੇ ਤਰ੍ਹਾਂ ਤੇਲ-ਗੈਸ, ਤਕਨਾਲੋਜੀ, ਆਟੋਮੋਟਿਵ ਆਦਿ ਖੇਤਰਾਂ ਵਿੱਚ ਕੈਨੇਡਾ ਸਥਿਤ ਅਮਰੀਕੀ ਕਾਰਪੋਰੇਸ਼ਨਾਂ ਹਰ ਸਾਲ ਸੁਪਰ ਮੁਨਾਫੇ ਕਮਾਉਂਦੀਆਂ ਆ ਰਹੀਆਂ ਹਨ, ਜਦਕਿ ਦੂਜੇ ਪਾਸੇ ਆਮ ਲੋਕਾਂ ਦਾ ਜੀਵਨ ਪੱਧਰ ਹੇਠਾਂ ਵੱਲ ਜਾ ਰਿਹਾ ਹੈ ਤੇ ਉਹਨਾਂ ਦੇ ਰੋਜ਼ਮਰ੍ਹਾ ਦੇ ਖਰਚੇ ਵਧ ਰਹੇ ਹਨ।

ਇਸ ਤੋਂ ਇਲਾਵਾ ਕੈਨੇਡੀਅਨ ਸਰਕਾਰ ਆਪਣੇ ਕਾਰਜਕਾਲ ਵਿੱਚ ਅਮਰੀਕੀ ਏਜੰਡੇ ਤਹਿਤ ਭਾਰਤ ਉੱਤੇ ਕੂਟਨੀਤਿਕ ਦਬਾਅ ਬਣਾਉਣ ਅਤੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਵੱਲ ਧਿਆਨ ਦੇਣ ਨਾਲੋਂ ਵੱਧ ਬੇਲੋੜੇ ਤੇ ਗੈਰ-ਸੰਜੀਦਾ ਕੂਟਨੀਤਿਕ ਵਿਵਾਦਾਂ ਵਿੱਚ ਵਧੇਰੇ ਉਲਝੀ ਰਹੀ। ਕੈਨੇਡਾ ਨੂੰ ਅਮਰੀਕਾ ਦੇ ਪਦਚਿੰਨ੍ਹਾਂ ਤੇ ਚੱਲਣਾ ਬੇਹੱਦ ਮਹਿੰਗਾ ਪੈ ਰਿਹਾ ਹੈ। ਕੈਨੇਡੀਅਨ ਹਾਕਮਾਂ ਨੇ ਅਮਰੀਕੀ ਸਾਮਰਾਜ ਪਿੱਛੇ ਲੱਗਕੇ ਅਮਰੀਕਾ ਵਿਰੋਧੀ ਰੂਸ, ਚੀਨ, ਕਿਊਬਾ ਆਦਿ ਅਨੇਕਾਂ ਦੇਸ਼ਾਂ ਨਾਲ ਆਪਣੇ ਵਪਾਰਕ ਸਬੰਧ ਤੋੜ ਕੇ ਆਪਣੀ ਨਿਰਭਰਤਾ ਅਮਰੀਕੀ ਮੰਡੀ ਉੱਤੇ ਬਣਾਈ ਹੋਈ ਹੈ ਜੋ ਇਸਦੀ ਸਵੈ-ਨਿਰਭਰਤਾ ਤੇ ਵਿਕਾਸ ਦੇ ਰਾਹ ਵਿੱਚ ਵੱਡਾ ਅੜਿੱਕਾ ਹੈ। ਦੂਸਰਾ, ਕੈਨੇਡੀਅਨ ਪੂੰਜੀਵਾਦ ਸੰਕਟ ਵਿੱਚੋਂ ਨਿਕਲਣ ਲਈ ਜਿਹੜੀਆਂ ਬੇਰਹਿਮ ਪੂੰਜੀਵਾਦੀ ਨੀਤੀਆਂ ਅਪਣਾਅ ਰਿਹਾ ਹੈ ਉਹ ਇਸਦੀ ਕਬਰ ਪੁੱਟਣ ਦਾ ਮੁੱਖ ਕਾਰਨ ਹਨ। ਇਹ ਨੀਤੀਆਂ ਬਹੁਕੌਮੀ ਅਮਰੀਕੀ ਕਾਰਪੋਰੇਸ਼ਨਾਂ ਤੇ ਕੈਨੇਡੀਅਨ ਕਾਰਪੋਰੇਟ ਘਰਾਣਿਆਂ ਪੱਖੀ ਅਤੇ ਲੋਕ ਵਿਰੋਧੀ ਹਨ। ਇਹਨਾਂ ਨੀਤੀਆਂ ਪ੍ਰਤੀ ਕੰਜ਼ਰਵੇਟਿਵ ਪਾਰਟੀ ਦਾ ਵਿਰੋਧੀ ਧਿਰ ਦਾ ਨੇਤਾ ਪਿਏਰ ਪੋਲੀਵਰ ਟਰੂਡੋ ਸਰਕਾਰ ਤੋਂ ਵੀ ਦੋ ਕਦਮ ਅੱਗੇ ਹੈ। ਅਸਾਨ ਸ਼ਬਦਾਂ ਵਿੱਚ ਸਮਝਣਾ ਹੋਵੇ ਤਾਂ ਉਸਨੂੰ ਕੈਨੇਡਾ ਦਾ ਟਰੰਪ ਆਖਿਆ ਜਾ ਸਕਦਾ ਹੈ। ਇਸ ਲਈ ਕੈਨੇਡਾ ਦੀ ਸੱਤਾ ਉੱਤੇ ਕੰਜ਼ਰਵੇਟਿਵ ਜਾਂ ਲਿਬਰਲ ਪਾਰਟੀ ਦਾ ਕੋਈ ਵੀ ਚਿਹਰਾ ਬਿਰਾਜਮਾਨ ਹੋ ਜਾਵੇ ਉਸਨੂੰ ਧੀਮੀ ਹੋ ਰਹੀ ਗਲੋਬਲ ਆਰਥਿਕਤਾ ਦੇ ਅੰਗ ਵਜ਼ੋਂ ਕੈਨੇਡਾ ਦੀ ਆਰਥਿਕ ਮੰਦਹਾਲੀ, ਵਧ ਰਹੇ ਕਰਜ਼ ਸੰਕਟ, ਅਮਰੀਕਾ ਨਾਲ ਵਪਾਰਕ ਜੰਗ, ਮਹਿੰਗਾਈ ਤੇ ਰਿਹਾਇਸ਼ੀ ਘਰਾਂ ਦੇ ਸੰਕਟ ਨਾਲ ਜੂਝਣਾ ਪੈਣਾ ਹੈ। ਇਹਨਾਂ ਚੁਣੌਤੀਆਂ ਨੂੰ ਸਰ ਕਰਨ ਲਈ ਨਵਾਂ ਹਾਕਮ ਜਿਹੜੀਆਂ ਬੇਰਹਿਮ ਪੂੰਜੀਵਾਦੀ ਨੀਤੀਆਂ ਅਪਣਾਏਗਾ ਉਸਦੇ ਸਿੱਟੇ ਵਜ਼ੋਂ ਉਸਨੂੰ ਵੱਡੇ ਲੋਕ ਰੋਹ ਦਾ ਸਾਹਮਣਾ ਜਰੂਰ ਕਰਨਾ ਪਵੇਗਾ।

# ਇਹ ਵਿਚਾਰਾਂ ਦੀ ਲੜਾਈ ਹੈ, ਪਰਚਿਆਂ ਦੀ ਲੜਾਈ ਨਹੀਂ

ਪ੍ਰੋਫੈਸਰ ਅਸ਼ ਨਰਾਇਣ ਰਾਏ
ਅਨੁ.: ਬੂਟਾ ਸਿੰਘ ਮਹਿਮੂਦਪੁਰ

*[ਟਰੰਪ-ਮਸਕ ਯਰਾਨਾ ਉਸ ਰਾਜਨੀਤਕ ਪ੍ਰਬੰਧ ਉੱਪਰ ਕਿਵੇਂ ਅਸਰ-ਅੰਦਾਜ਼ ਹੋ ਰਿਹਾ ਹੈ ਜਿਸ ਨੂੰ ਲੋਕਤੰਤਰ ਕਿਹਾ ਜਾਂਦਾ ਹੈ। ਕੀ ਲੋਕਤੰਤਰ, ਹੁਣ ਲੋਕਤੰਤਰ ਰਹਿ ਵੀ ਗਿਆ ਹੈ? ਇਸਦਾ ਦੁਨੀਆ ਭਰ ਵਿਚ ਘੋਰ ਸੱਜੇਪੱਖੀ ਤਾਕਤਾਂ ਦੇ ਹਾਲੀਆ ਉਭਾਰ ਨਾਲ ਕੀ ਰਿਸ਼ਤਾ ਹੈ, ਇਨ੍ਹਾਂ ਸਵਾਲਾਂ ਦੀ ਚਰਚਾ ਪ੍ਰੋਫੈਸਰ ਅਸ਼ ਨਰਾਇਣ ਰਾਏ ਨੇ ਆਪਣੀ ਇਸ ਟਿੱਪਣੀ ਵਿਚ ਕੀਤੀ ਹੈ ਜੋ ਕਿ ਇੰਸਟੀਚਿਊਟ ਆਫ ਸੋਸ਼ਲ ਸਾਇੰਸ, ਦਿੱਲੀ ਦੇ ਡਾਇਰੈਕਟਰ ਹਨ। ਵਿਸ਼ੇ ਦੇ ਮਹੱਤਵ ਦੇ ਮੱਦੇਨਜ਼ਰ ਇਸ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। - ਸੰਪਾਦਕ]*

ਯੂਐੱਸ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਾਲਡ ਟਰੰਪ ਦਾ 'ਪਹਿਲਾ ਦੋਸਤ' ਐਲਨ ਮਸਕ ਉਹ ਸ਼ੈਅ ਬਣ ਗਿਆ ਹੈ ਜਿਸ ਨੂੰ ਦ ਗਾਰਡੀਅਨ ਦੇ ਕਾਲਮਨਵੀਸ ਅਲੈਗਜ਼ੈਂਡਰ ਹਰਸਟ ਨੇ 'ਇਕ ਸ਼ਖ਼ਸੀ ਦੁਸ਼ਟ ਰਾਜ' ਕਿਹਾ ਹੈ। ਇਹ ਸਪਸ਼ਟ ਨਹੀਂ ਹੈ ਕਿ ਕੌਣ ਕਿਸ ਦੀ ਦੂਜੇ ਨਾਲ ਜੁੜਕੇ ਬਟੋਰੀ ਮਹਿਮਾ ਦਾ ਆਨੰਦ ਲੈ ਰਿਹਾ ਹੈ। ਮਾਗਾ ਰਿਪਬਲਿਕਨ ਪਾਰਟੀ ਦਾ ਅਸਲੀ ਆਗੂ ਤਕਨੀਕੀ ਅਰਬਪਤੀ ਹੈ ਅਤੇ ਉਹ ਟਰੰਪ ਪ੍ਰਸ਼ਾਸਨ ਵਿਚ ਨੰਬਰ ਇਕ ਹੋਵੇਗਾ।

ਬਿਨ-ਚੁਣਿਆ ਧਨਤੰਤਰੀ ਹੁਕਮਰਾਨ 2027 ਤੱਕ ਦੁਨੀਆ ਦਾ ਪਹਿਲਾ ਖਰਬਪਤੀ ਬਣਨ ਦੇ ਰਾਹ 'ਤੇ ਹੈ। ਸ਼ੈਡੋ ਰਾਸ਼ਟਰਪਤੀ ਟਰੰਪ ਲਈ ਇਕ ਵਿਨਾਸ਼ਕਾਰੀ ਮੁਖੀਆ ਸਾਬਤ ਹੋ ਸਕਦਾ ਹੈ। ਉਸ ਨੇ ਇਹ ਦਾਅਵਾ ਕਰਕੇ ਜਰਮਨੀ ਅਤੇ ਹੋਰ ਥਾਈਂ ਖਲਬਲੀ ਮਚਾ ਦਿੱਤੀ ਹੈ ਕਿ ਸਿਰਫ਼ ਸੱਜੇ-ਪੱਖੀ ਏਐਫਡੀ (ਘੋਰ-ਪਿਛਾਖੜੀ ਧੜਾ) ਹੀ ਜਰਮਨੀ ਨੂੰ ਬਚਾ ਸਕਦੀ ਹੈ। ਇਸ ਤੋਂ ਪਹਿਲਾਂ ਉਸਨੇ ਯੂਕੇ ਦੀ ਰਿਫਾਰਮ ਪਾਰਟੀ ਅਤੇ ਇਟਲੀ ਦੀ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਸਮੇਤ ਪੂਰੇ ਯੂਰਪ ਦੀਆਂ ਹੋਰ ਇਮੀਗ੍ਰੇਸ਼ਨ ਵਿਰੋਧੀ ਤਾਕਤਾਂ ਦੀ ਪਿੱਠ ਥਾਪੜੀ ਸੀ।

ਟਰੰਪ-ਮਸਕ ਹਕੂਮਤ ਦੇ ਤਹਿਤ ਦੁਨੀਆ ਭਰ ਵਿਚ, ਵਿਚਾਰਾਂ ਅਤੇ ਸੁਤੰਤਰ ਸੋਚ ਦੀ ਲੜਾਈ ਹੋਰ ਬੁਰੀ ਹੋ ਸਕਦੀ ਹੈ। ਨਕਾਰਨ ਕਰਨ ਦਾ ਸੱਭਿਆਚਾਰ ਪਹਿਲਾਂ ਹੀ ਵਿਦਵਤਾ ਦੇ ਸਰੋਤ ਅਤੇ ਸੋਚਵਾਨ ਸੰਸਥਾਵਾਂ ਲਈ ਮੌਤ ਦੀ ਘੰਟੀ ਸਾਬਤ ਹੋਇਆ ਹੈ। ਅਮਰੀਕੀ ਯੂਨੀਵਰਸਿਟੀਆਂ ਹੁਣ ਅਰਬਪਤੀਆਂ ਦੀ ਚਾਟ 'ਤੇ ਲੱਗ ਗਈਆਂ ਹਨ। ਜਿਵੇਂ ਕਿ ਕਾਲਮਨਵੀਸ ਫਰਹਾਦ ਮੰਜੂ ਦ ਨਿਊਯਾਰਕ ਟਾਈਮਜ਼ ਵਿਚ ਲਿਖਦਾ ਹੈ, ਜਦੋਂ ਇਕ ਅਰਬਪਤੀ ਆਉਂਦਾ ਹੈ ਤਾਂ 'ਆਈਵਰੀ ਟਾਵਰ ਵਿਚਲੇ ਆਦਮੀ ਪਲੂਟੋਕ੍ਰੇਟ ਨੂੰ ਚੜ੍ਹਨ ਦੇਣ ਲਈ ਆਪਣੇ ਸੁਨਹਿਰੀ ਤਾਲੇ ਹਟਾਉਣ ਦਾ ਵਿਰੋਧ ਨਹੀਂ ਕਰ ਸਕਦੇ।' ਬਿੱਗ ਤਕਨੀਕ ਅਤੇ ਨਵ-ਸੱਜੇਪੱਖੀਆਂ ਦਾ ਹਮਲਾ ਅਜਿਹਾ ਹੈ ਕਿ ਅਸੀਂ ਇਹ ਵਿਸ਼ਵਾਸ ਕਰਨ ਲੱਗੇ ਹਾਂ ਕਿ ਮਹਾਨ ਵਿਚਾਰ ਖ਼ਤਮ ਹੋ ਰਹੇ ਹਨ ਅਤੇ ਉਨ੍ਹਾਂ ਦੇ ਸਿਰ ਫਿਰ ਗਏ ਹਨ। ਦਰ ਅਸਲ, ਸਾਡੀ ਅੰਸ਼ਤ ਜਿਹੇ ਦਰਜੇ ਦੀ ਲਿਆਕਤ ਅਤੇ ਸੱਭਿਆਚਾਰਕ-ਬੌਧਿਕ ਦਲਦਲ ਲਈ ਜ਼ਿਆਦਾਤਰ ਜ਼ਿੰਮੇਵਾਰ ਤਕਨਾਲੋਜੀ ਹੀ ਹੈ। ਜਿਵੇਂਕਿ ਬਰਤਾਨਵੀ ਪੱਤਰਕਾਰ ਮਾਰਟਿਨ ਬ੍ਰਾਈਟ ਦਲੀਲ ਦਿੰਦਾ ਹੈ, ਅਣਉਦਾਰਵਾਦੀ ਲੋਕਤੰਤਰਾਂ ਦਾ ਪਤਨ 'ਡੈਮੋਕਰੇਸ਼ਿਪ' (ਡਾ. ਐਡੀਜਿਸ ਵੱਲੋਂ ਘੜਿਆ ਸ਼ਬਦ ਜੋ ਲੋਕਤੰਤਰੀ ਅਤੇ ਤਾਨਾਸ਼ਾਹ ਪ੍ਰਬੰਧਾਂ ਦਰਮਿਆਨ ਮੌਜੂਦ ਟਕਰਾਅ ਨੂੰ ਪਰਿਭਾਸ਼ਤ ਕਰਦਾ ਹੈ) ਜਾਂ 'ਡੈਮੋਕਰੇਟੂਰਾ' (ਡੈਮੋਕਰੇਟਿਕ ਡਿਕਟੇਟਰਸ਼ਿਪ) ਵਿਚ ਹੋ ਰਿਹਾ ਹੈ। ਇਹ ਸ਼ਾਸਨ ਸੰਸਥਾਵਾਂ ਨੂੰ ਖੋਖਲਾ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਏਨੇ ਡੂੰਘੇ ਜ਼ਖ਼ਮ ਦੇ ਰਹੇ ਹਨ ਕਿ ਉਨ੍ਹਾਂ ਨੂੰ ਭਰਨਾ ਮੁਸ਼ਕਲ ਹੈ। ਪਲੈਟੋ ਨੇ ਭਵਿੱਖਬਾਣੀ ਕੀਤੀ ਸੀ ਕਿ ਲੋਕਤੰਤਰ ਤੋਂ ਜ਼ੁਲਮੀ ਰਾਜ ਉੱਭਰੇਗਾ। ਅੱਜ ਦੁਨੀਆ ਦੇ ਵੱਡੇ ਹਿੱਸਿਆਂ ਵਿਚ ਲੋਕਤੰਤਰ ਸਿਰਫ਼ ਨਾਮ ਦਾ ਹੀ ਰਹਿ ਗਿਆ ਹੈ ਅਤੇ ਉਸ ਦੀ ਥਾਂ ਧਨਤੰਤਰ, ਧਨ ਦੇ ਜ਼ੋਰ ਸੱਤਾ ਨੇ ਲੈ ਲਈ ਹੈ। ਅਮਰੀਕਾ ਫਸਟ ਦੇ ਪੈਰੋਕਾਰ ਅਤੇ ਬਿੱਗ-ਟੈੱਕ ਬਦਰਰਜ਼ ਅਮਰੀਕਾ ਨੂੰ 'ਸੰਵਿਧਾਨਕ ਗਣਰਾਜ' ਮੰਨਦੇ ਹਨ, ਨਾ ਕਿ ਲੋਕਤੰਤਰ। ਵਿਚਾਰਾਂ ਦੀ ਲੜਾਈ ਪਰਚਿਆਂ/ਦੁਵਰਕੀਆਂ ਦੀ ਲੜਾਈ ਬਣ ਜਾਣ ਦਾ ਡਰ ਹੈ। ਲੋਕਤੰਤਰ ਉਲਟ ਦਿਸ਼ਾ 'ਚ ਜਾ ਰਿਹਾ ਹੈ। ਯੂਰਪ ਵਿਚ ਨਵ-ਸੱਜੇਪੱਖੀ ਅੱਗੇ ਵਧ ਰਹੇ ਹਨ।

ਫਲਸਤੀਨੀ ਲੋਕ ਅਮਾਨਵੀਕਰਨ ਦੇ ਬੇਮਿਸਾਲ ਦੌਰ ਵਿੱਚੋਂ ਗੁਜ਼ਰ ਰਹੇ ਹਨ। ਫ਼ਲਸਤੀਨੀ ਲੇਖਕਾ ਅਨਾਦੀਆ ਸ਼ਿਬਲੀ 'ਜ਼ਮੀਨ ਤੋਂ ਬਿਨਾਂ, ਸ਼ਾਂਤੀ ਤੋਂ ਬਿਨਾਂ, ਮੁਲੱਖਤਾ ਤੋਂ ਬਿਨਾਂ ਪੈਦਾ ਹੋਣ ਦੇ ਕੀ ਮਾਇਨੇ ਹਨ' ਦੀ ਗੱਲ ਕਰਦੀ ਹੈ। ਉਹ ਅੱਗੇ ਕਹਿੰਦੀ ਹੈ ਕਿ 'ਬਸਤੀਵਾਦ ਕਿਸੇ ਦੇ ਆਪਣੇ ਇਤਿਹਾਸ ਦੀ ਕਹਾਣੀ ਨੂੰ ਘੜਨ ਲਈ ਲੋੜੀਂਦੇ ਸ਼ਬਦਾਂ ਅਤੇ ਜਾਣਕਾਰੀ ਤੱਕ ਪਹੁੰਚ ਨੂੰ ਰੋਕਦਾ ਹੈ ਕਿਉਂਕਿ ਜੇਤੂ ਉਨ੍ਹਾਂ ਤੱਤਾਂ ਦੇ ਸਾਰੇ ਨਿਸ਼ਾਨ ਮਿਟਾ ਦਿੰਦਾ ਹੈ ਜੋ ਯਾਦਦਾਸ਼ਤ ਨੂੰ ਸਾਂਭ ਕੇ ਰੱਖ ਸਕਦੇ ਸਨ।' ਬਸਤੀਵਾਦ ਨੇ ਬਸਤੀ ਬਣਾਏ ਲੋਕਾਂ ਨਾਲ ਇਹੀ ਕੀਤਾ ਹੈ।

ਚੀਜ਼ਾਂ ਨੂੰ ਦੇਖਣ ਦੇ ਦੋ ਤਰੀਕੇ ਹਨ। ਅਸੀਂ ਹੁਣ ਅਣਗਾਹੇ ਸੱਤਾਮੂਲਕ ਅਤੇ ਗਿਆਨਮੂਲਕ ਖੇਤਰ ਵਿਚ ਹਾਂ। ਕੋਈ ਇਹ ਵੀ ਦਲੀਲ ਦੇ ਸਕਦਾ ਹੈ ਕਿ ਸੋਚਣ ਲਈ ਕਦੇ ਵੀ ਚੰਗਾ ਸਮਾਂ ਨਹੀਂ ਰਿਹਾ। ਸਪੇਨੀ ਦਾਰਸ਼ਨਿਕ ਵਿਕਟਰ ਗੋਮਜ਼ ਪਿਨ ਸਾਨੂੰ ਦੱਸਦਾ ਹੈ ਕਿ ਮਾੜੀ ਸਿੱਖਿਆ ਤੋਂ ਪਹਿਲਾਂ ਅਸੀਂ ਸਾਰੇ ਕਵੀ ਸਾਂ। ਵਿਦਿਆ ਉਸ ਲਈ 'ਗ਼ਲਬੇ ਦਾ ਸਾਧਨ' ਹੈ। ਇਹ ਮਹੱਤਵਪੂਰਨ ਨਾਗਰਿਕਾਂ ਨਾਲੋਂ ਪੈਦਾਵਾਰੀ ਮਸ਼ੀਨ ਦੇ ਪੁਰਜੇ ਬਣਾਉਣ ਵੱਲ ਵਧੇਰੇ ਸੇਧਤ ਹੈ। ਨਿਊਯਾਰਕ ਟਾਈਮਜ਼ ਦਾ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਲੇਖਕ ਰੌਬਰਟ ਜੋਨਸ ਆਪਣੀ ਕਿਤਾਬ, ਦ ਹਿਡਨ ਰੂਟਸ ਆਫ਼ ਵ੍ਹਾਈਟ ਸੁਪ੍ਰੀਮੇਸੀ ਐਂਡ ਦੀ ਪਾਥ ਟੂ ਅ ਸ਼ੇਅਰਡ ਅਮੈਰੀਕਨ ਫਿਊਚਰ, ਵਿਚ ਸਾਨੂੰ ਦੱਸਦਾ ਹੈ ਕਿ ਕਿਵੇਂ ਬਹੁਤ ਲੰਮਾ ਸਮਾਂ ਪਹਿਲਾਂ ਹੀ ਦੇਸੀ ਕਹਾਣੀਆਂ ਮਿਟਾ ਦਿੱਤੀਆਂ ਗਈਆਂ ਸਨ ਅਤੇ ਇਹ ਕਿ ਅਮਰੀਕੀ ਇਤਿਹਾਸ 1776 ਜਾਂ 1619 'ਚ ਸ਼ੁਰੂ ਨਹੀਂ ਹੋਇਆ ਸੀ।

ਤੁਰਕੀ ਦੇ ਨਾਵਲਕਾਰ ਅਤੇ ਕਥਾਕਾਰ ਐਲਿਫ ਸ਼ਫ਼ਾਕ ਦਾ ਕਹਿਣਾ ਹੈ ਕਿ ਕਹਾਣੀ ਕਹਿਣ ਦੀ ਕਲਾ "ਘੇਰੇ ਉੱਤਲੀ ਚੀਜ਼ ਨੂੰ ਕੇਂਦਰ ਵਿਚ ਲਿਆ ਸਕਦੀ ਹੈ, ਜਿਸ ਨਾਲ ਅਦਿੱਖ ਥੋੜ੍ਹਾ ਦ੍ਰਿਸ਼ਮਾਨ ਬਣ ਜਾਂਦਾ ਹੈ। ਸ਼ਫ਼ਾਕ ਲਿਖਦਾ ਹੈ ਕਿ ਜਿਸ ਤਰੀਕੇ ਨਾਲ ਇਤਿਹਾਸ ਨੂੰ ਪੜ੍ਹਾਇਆ ਜਾਂਦਾ ਹੈ ਅਤੇ ਅਧਿਕਾਰਕ ਵਜੋਂ ਮਾਨਤਾ-ਪ੍ਰਾਪਤ ਬਣਾਇਆ ਜਾਂਦਾ ਹੈ, ਉਹ ਲੱਗਭੱਗ ਹਮੇਸ਼ਾ 'ਉਸਦੀ ਕਹਾਣੀ' (ਹਿਜ਼ ਸਟੋਰੀ) ਹੁੰਦਾ ਹੈ। ਇਸ ਲਈ, ਉਸ ਦੀਆਂ ਬਹੁਤ ਸਾਰੀਆਂ ਲਿਖਤਾਂ 'ਔਰਤਾਂ, ਘੱਟਗਿਣਤੀਆਂ ਜਾਂ ਕਹਾਣੀਆਂ ਬਾਰੇ ਉਹ ਅਣਕਹੀਆਂ ਕਹਾਣੀਆਂ ਹਨ ਜਿਨ੍ਹਾਂ ਨੂੰ ਸਹਿਜੇ ਹੀ ਭੁਲਾ ਦਿੱਤਾ ਗਿਆ ਹੈ।' ਅਸੀਂ ਅਣਕਹੇ ਹਾਲਾਤਾਂ ਨਾਲ ਨਜਿੱਠ ਰਹੇ ਹਾਂ, ਅਰਥਾਤ, ਉਹ ਐਨੇ ਭਿਆਨਕ ਹਨ ਕਿ ਉਨ੍ਹਾਂ ਦਾ ਨਾਂ ਨਹੀਂ ਲਿਆ ਜਾ ਸਕਦਾ, ਉਹ ਆਮ ਤੌਰ 'ਤੇ ਯੋਜਨਾਬੱਧ ਨਹੀਂ ਹੁੰਦੇ। ਇਹ ਤਰੱਕੀ ਵਿਚ ਵਿਸ਼ਵਾਸ ਦੀ ਘਾਟ ਅਤੇ ਕਲਪਨਾ ਦੀ ਅਸਫ਼ਲਤਾ ਦਾ ਸੰਕੇਤ ਹੁੰਦਾ ਹੈ। ਮੂਰਖ ਦਾ ਮੰਨਣਾ ਹੈ ਕਿ ਦੁਨੀਆ ਦਾ ਸਭ ਤੋਂ ਉੱਚਾ ਪਹਾੜ ਉਸ ਦੁਆਰਾ ਦੇਖੇ ਗਏ ਸਭ ਤੋਂ ਉੱਚੇ ਪਹਾੜ ਜਿੱਡਾ ਹੀ ਹੋਵੇਗਾ। ਅਸੀਂ ਹੁਣ ਅਣਪਛਾਤੇ ਮਾਹੌਲ ਵਿਚ ਹਾਂ।

ਪਰ ਇਤਿਹਾਸ ਸਾਨੂੰ ਆਸ਼ਾਵਾਦੀ ਬਣਾਉਂਦਾ ਹੈ ਕਿਉਂਕਿ ਅਸੀਂ ਇਸਨੂੰ ਪਹਿਲਾਂ ਵੀ ਕਿਸੇ ਨਾ ਕਿਸੇ ਰੂਪ ਵਿਚ ਦੇਖ ਚੁੱਕੇ ਹਾਂ। ਮੂਲਵਾਸੀ ਲੋਕਾਂ ਦੇ ਜਿਉਂਦੇ-ਜਾਗਦੇ ਅਨੁਭਵਾਂ ਅਤੇ ਉਨ੍ਹਾਂ ਦੀ ਗਿਆਨ-ਮੀਮਾਂਸਾ ਤੋਂ ਸਿੱਖਣ ਲਈ ਬੜਾ ਕੁਝ ਹੈ। ਗਾਂਧੀ ਜਾਣਦਾ ਸੀ ਕਿ ਨਾਂਹ ਕਿਵੇਂ ਕਰਨੀ ਹੈ। ਚੀਨੀ ਪੱਤਰਕਾਰ ਦਾਈ ਕਿੰਗ ਨੇ ਚੀਨ ਵਿਚ 3 ਗੋਰਜਸ ਡੈਮ ਦਾ ਵਿਰੋਧ ਕੀਤਾ। ਉਹ ਕਹਿੰਦੀ ਹੈ, 'ਸਨਮਾਨ ਦੇ ਸਭ ਤੋਂ ਉੱਚੇ ਇਜ਼ਹਾਰ ਨੂੰ ਇਕ ਨਹੀਂ' (ਸਿਗਲ ਨੋ) ਵਿਚ ਸਮੇਟਿਆ ਜਾ ਸਕਦਾ ਹੈ। ਕੁਝ ਸਾਲ ਪਹਿਲਾਂ, ਜਦੋਂ ਅਸੀਂ ਦੁਨੀਆ ਭਰ ਵਿਚ ਨਾਗਰਿਕਾਂ ਦੀਆਂ ਲਹਿਰਾਂ ਦਾ ਹੜ੍ਹ ਦੇਖਿਆ, ਤਾਂ ਅਸੀਂ ਇਕ ਵੱਡੀ ਨਹੀਂ (ਬਿੱਗ ਨੋ) ਸੁਣੀ - ਕੇਫਾਯਾ (ਅਰਬ ਜਗਤ ਵਿਚ), ਅਤੇ ਯਾ ਬਾਸਤਾ! ਅਤੇ ਕੂ ਸੇ ਵਾਯਾਨ ਟੋਡੋ! (ਲਾਤੀਨੀ ਅਮਰੀਕਾ 'ਚ)।

ਅੱਜ ਦੁਨੀਆ ਭਰ ਦੀਆਂ ਸਰਕਾਰਾਂ ਇਸ 'ਨਹੀਂ' ਦੀ ਜ਼ੁਬਾਨਬੰਦੀ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਉਹ ਸਿਰਫ਼ ਹਾਂ ਚਾਹੁੰਦੇ ਹਨ। 'ਨਹੀਂ' ਕਹਿਣਾ ਸ਼ਾਇਦ ਸਭ ਤੋਂ ਔਖਾ ਸ਼ਬਦ ਹੈ। ਪਰ ਇਹ ਅੱਜ ਦਾ ਸਭ ਤੋਂ ਜ਼ਰੂਰੀ ਸ਼ਬਦ ਹੈ। ਸਾਡੇ ਜ਼ਿਆਦਾਤਰ ਜੀਵਨ ਕਾਲ ਵਿਚ ਹਾਂ ਦੀ ਦੌੜ ਜਿੱਤ ਰਹੀ ਹੈ। 'ਨਹੀਂ' ਦੀ ਮਜ਼ਬੂਤ ਵਾਪਸੀ ਦਾ ਸਮਾਂ ਆ ਗਿਆ ਹੈ। 'ਨਹੀਂ' ਕਹਿਣਾ ਸਾਡੀਆਂ ਜ਼ਿੰਦਗੀਆਂ ਅਤੇ ਸਾਡੀਆਂ ਰੂਹਾਂ ਦੀ ਬਿਹਤਰੀਨ ਅਗਵਾਈ ਕਰਨ ਵਾਲਾ ਚਾਨਣ-ਮੁਨਾਰਾ ਹੋ ਸਕਦਾ ਹੈ।

ਦੁੱਖਾਂ ਤੋਂ ਬਚਣ ਦੇ ਦੋ ਤਰੀਕੇ ਹਨ। ਇਕ, ਨਰਕ ਨੂੰ ਸਵੀਕਾਰ ਕਰਨਾ, ਇਸਦਾ ਹਿੱਸਾ ਬਣ ਜਾਣਾ ਅਤੇ ਹੁਣ ਇਸਨੂੰ ਨਾ ਦੇਖਣਾ। ਦੂਜਾ, ਇਹ ਪਛਾਨਣਾ ਸਿੱਖਣਾ ਕਿ ਨਰਕ ਦੇ ਦਰਮਿਆਨ ਕੌਣ ਅਤੇ ਕੀ ਨਰਕ ਨਹੀਂ ਹਨ ਅਤੇ ਉਨ੍ਹਾਂ ਨੂੰ ਬਣੇ ਰਹਿਣ ਦੇਣਾ।

ਇਹੀ ਉਹ ਜਗ੍ਹਾ ਹੈ ਜਿੱਥੇ ਕਹਾਣੀ ਆਉਂਦੀ ਹੈ। ਜਿਵੇਂ ਕਿ ਨਾਈਜੀਰੀਅਨ ਲੇਖਿਕਾ ਚਿਮਾਮਾਂਡਾ ਆਦਿਚੀ ਕਹਿੰਦੀ ਹੈ, ਕਹਾਣੀਆਂ ਲੋਕਾਂ ਦੇ ਮਾਣ-ਸਨਮਾਨ ਨੂੰ ਕੁਚਲ ਸਕਦੀਆਂ ਹਨ, ਪਰ ਕਹਾਣੀਆਂ ਉਸ ਕੁਚਲੇ ਹੋਏ ਮਾਣ-ਸਨਮਾਨ ਨੂੰ ਠੀਕ ਵੀ ਕਰ ਸਕਦੀਆਂ ਹਨ।

ਕੋਲੰਬਸ ਸੱਭਿਅਤਾ ਦੇ ਮਿਸ਼ਨ 'ਤੇ ਸੀ। ਸਪੇਨੀ ਰਾਜੇ ਨੂੰ ਉਸਦੀ ਚਿੱਠੀ ਸਵੈ ਦਾ ਪ੍ਰਚਾਰ ਅਤੇ ਪ੍ਰਾਪੇਗੰਡਾ ਸੀ। ਇਹ ਜਾਅਲੀ ਖ਼ਬਰਾਂ ਦਾ 15ਵੀਂ ਸਦੀ ਦਾ ਐਡੀਸ਼ਨ ਸੀ। ਉਸਨੇ ਇਹ ਯਕੀਨੀ ਬਣਾਇਆ ਕਿ ਹਰ ਕੋਈ ਜਾਣਦਾ ਹੋਵੇ ਕਿ ਉਸਨੇ ਕੀ ਕੀਤਾ ਸੀ, ਕਿ ਉਹ ਭਾਰਤ ਦੇ ਟਾਪੂਆਂ 'ਚ ਪਹੁੰਚ ਗਿਆ ਸੀ ਜੋ ਕਿ ਸੱਚ ਨਹੀਂ ਸੀ। ਉਹ ਪਹਿਲੇ ਖੋਜੀ ਵਿੱਚੋਂ ਇਕ ਦੀ ਬਜਾਏ ਲੁੱਟਮਾਰ ਕਰਨ ਵਾਲੇ ਧਾੜਵੀਆਂ ਵਿੱਚੋਂ ਪਹਿਲਾ ਸੀ। ਇਕ ਹੋਰ ਪ੍ਰੇਸ਼ਾਨ ਕਰਨ ਵਾਲੀ ਪ੍ਰਵਿਰਤੀ ਜੋ ਅਸੀਂ ਅੱਜ ਦੇਖਦੇ ਹਾਂ ਉਹ ਹੈ ਮਾਫ਼ੀ ਮੰਗੇ ਜਾਣ ਦੀ ਮੌਤ। ਆਪਣੇ ਮਨ ਨੂੰ ਬਸਤੀਆਨਾ ਪ੍ਰਭਾਵ ਤੋਂ ਮੁਕਤ ਕਰਨਾ ਤਾਉਮਰ ਚੱਲਣ ਵਾਲੀ ਪ੍ਰਕਿਰਿਆ ਹੈ। ਨੈਲਸਨ ਮੰਡੇਲਾ ਨੇ ਇਕ ਪੱਛਮੀ ਪੱਤਰਕਾਰ ਨੂੰ ਕਿਹਾ ਸੀ: 'ਤੁਹਾਡੇ ਸਾਰਿਆਂ ਨਾਲ ਸਮੱਸਿਆ ਇਹ ਹੈ ਕਿ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਦੁਸ਼ਮਣ ਲਾਜ਼ਮੀ ਹੀ ਸਾਡੇ ਦੁਸ਼ਮਣ ਹੋਣ।'

ਬਸਤੀਵਾਦੀ ਤਾਕਤਾਂ ਝੂਠੇ ਸੱਚ ਬੋਲਣ ਵਾਲੀਆਂ ਸਨ। ਇਤਿਹਾਸ ਜੇਤੂਆਂ ਦੁਆਰਾ ਲਿਖਿਆ ਜਾਂਦਾ ਹੈ। ਜਦੋਂ ਹਾਰਨ ਵਾਲੇ ਹੋਣਗੇ ਫੇਰ ਜੇਤੂ ਤਾਂ ਹੋਣਗੇ ਹੀ। ਜਿਵੇਂ ਕਿ ਸਮਾਜਿਕ-ਸੱਭਿਆਚਾਰਕ ਮਾਨਵ-ਵਿਗਿਆਨੀ ਅਰਜੁਨ ਅੱਪਾਦੁਰਾਈ ਕਹਿੰਦਾ ਹੈ, ਬਸਤੀਵਾਦੀਆਂ ਦੁਆਰਾ ਨਿਚੋੜੀ ਗਈ ਸਭ ਤੋਂ ਭਾਰੀ ਕੀਮਤ ਕਿਰਤ ਅਤੇ ਵਸੀਲੇ ਨਿਚੋੜਣ ਦੀ ਮੁਦਰਾ ਵਿਚ ਨਹੀਂ ਸੀ, ਸਗੋਂ ਗਿਆਨ ਦੇ ਖੇਤਰ ਵਿਚ ਸੀ। ਯੂਰਪ ਦੇ ਤਰਕ ਦੇ ਸਾਮਰਾਜ ਵਿਚ ਬਸਤੀਆਂ ਦੇ ਗ਼ੁਲਾਮਾਂ ਨੂੰ ਦੂਜਿਆਂ/ਹੋਰਾਂ ਦੇ ਰੂਪ ਵਿਚ ਸ਼੍ਰੇਣੀਬੱਧ ਕੀਤਾ ਗਿਆ ਸੀ।

ਬਸਤੀਵਾਦ ਤੋਂ ਮੁਕਤ ਹੋਈਆਂ ਕੌਮਾਂ ਨੇ ਬਸਤੀਵਾਦੀ ਰਾਜਨੀਤਕ ਰਾਜ ਦੀਆਂ ਜ਼ੰਜੀਰਾਂ ਤਾਂ ਤੋੜ ਦਿੱਤੀਆਂ ਪਰ ਆਪਣੇ ਮਨਾਂ ਨੂੰ ਬਸਤੀਆਨਾ ਗ਼ੁਲਾਮੀ ਦੇ ਸੰਗਲਾਂ ਤੋਂ ਮੁਕਤ ਕਰਨ ਵਿਚ ਅਸਫ਼ਲ ਰਹੇ। ਉਹ ਉਸ ਵਿਚ ਜਕੜੇ ਰਹੇ ਜਿਸਨੂੰ ਅੱਪਾਦੁਰਾਈ 'ਆਧੁਨਿਕੀਕਰਨ ਅਤੇ ਵਿਕਾਸ ਦੀ ਯੂਰਪੀ ਗਿਆਨ-ਮੀਮਾਂਸਾ ਦਾ ਜਾਲ' ਕਹਿੰਦਾ ਹੈ।

ਸਾਹਿਤ ਬਸਤੀਵਾਦੀਆਂ ਲਈ ਗ਼ਲਬੇ ਅਤੇ ਝੂਠ ਦਾ ਹਥਿਆਰ ਬਣ ਗਿਆ। ਪਰ ਸਮੇਂ ਦੇ ਬੀਤਣ ਨਾਲ ਸਾਹਿਤ ਸੰਘਰਸ਼ ਦਾ ਹਥਿਆਰ ਬਣ ਗਿਆ ਹੈ। ਆਖਿਰਕਾਰ, ਰਾਜਨੀਤੀ ਰਾਜਨੀਤੀ ਨੂੰ ਚੌਰਾਹੇ ਵਾਂਗ ਮਿਲਦੀ ਹੈ, ਅਫ਼ਰੀਕਾ ਅਤੇ ਲਾਤੀਨੀ ਅਮਰੀਕਾ ਵਿਚ ਹੋਰ ਵੀ ਜ਼ਿਆਦਾ।

ਸਾਡੇ ਕੋਲ ਚੰਗੇ ਅਤੇ ਮਾੜੇ ਕਥਾਕਾਰ ਹਨ। ਚੰਗਾ ਕਥਾਕਾਰ ਉਹੀ ਕਹਾਣੀ ਵਾਰ-ਵਾਰ ਸੁਣਾ ਸਕਦਾ ਹੈ ਅਤੇ ਇਹ ਹਮੇਸ਼ਾ ਤਰੋ-ਤਾਜ਼ਾ ਰਹੇਗੀ। 1967 ਵਿਚ ਰੋਮੂਲੋ ਗਾਲੀਗੋਸ ਪੁਰਸਕਾਰ ਹਾਸਲ ਕਰਦੇ ਹੋਏ ਮਾਰੀਓ ਵਰਗਸ ਲੋਸਾ ਨੇ ਕਿਹਾ ਸੀ, "ਸਾਹਿਤ ਅੱਗ ਹੈ। ਉਸਨੇ ਅੱਗੇ ਕਿਹਾ, ਮਹਾਨ ਸਾਹਿਤ ਲਿਖਣਾ ਇਕ ਰਾਜਨੀਤਕ ਰੈਡੀਕਲ ਕੰਮ ਹੈ।"

ਪੇਰੂ ਦੇ ਸਮਾਜ-ਵਿਗਿਆਨੀ ਅਨੀਬਲ ਕੁਇਹਾਨੋ ਨੇ ਪੱਛਮੀ ਗ਼ਲਬੇ ਦੀ ਭੂਗੋਲਿਕ, ਰਾਜਨੀਤਕ ਅਤੇ ਵਿਗਿਆਨਕ ਵਾਸਤਵਿਕ ਹਕੀਕਤ ਬਾਰੇ ਸਾਡੀ ਜਾਣਕਾਰੀ ਅਤੇ ਉਸ ਗਿਆਨ ਦੀ ਪੁਸ਼ਟੀ ਕਰਨ ਦਰਮਿਆਨ ਅੰਤਰ-ਸੰਬੰਧ ਦੇ ਦਾਰਸ਼ਨਿਕ ਵਿਸਤਾਰ ਨੂੰ 'ਸੱਤਾ ਦੇ ਬਸਤੀਵਾਦੀ ਸਾਂਚੇ' ਵਜੋਂ ਬਿਆਨ ਕੀਤਾ ਹੈ। ਯੂਰਪੀ ਬਸਤੀਵਾਦੀਆਂ ਨੇ ਗ਼ਲਬੇ ਦਾ ਇਕ ਅਨੋਖਾ ਤਰੀਕਾ ਲਾਗੂ ਕੀਤਾ ਜਿਸਦੀ ਮੂਲ ਰੂਪ 'ਚ ਟੇਕ ਸਿਰਫ਼ ਦੇਸੀ ਅਬਾਦੀ ਨੂੰ ਹੀ ਨਹੀਂ ਸਗੋਂ ਦੇਸੀ ਗਿਆਨ-ਮੀਮਾਂਸਾ ਅਤੇ ਸੱਭਿਆਚਾਰ ਨੂੰ ਵੀ ਹਾਸ਼ੀਏ 'ਤੇ ਧੱਕਣ, ਅਧੀਨ ਬਣਾਉਣ ਅਤੇ ਉਸਦਾ ਖ਼ਾਤਮਾ ਕਰਨ ਉੱਪਰ ਸੀ। ਕੁਦਰਤੀ ਪ੍ਰਣਾਲੀਆਂ ਦੇ ਮੁੜ ਉਤਪਾਦਨ ਅਤੇ ਮਨੁੱਖਾਂ ਨੂੰ ਇਕ ਵਿਸ਼ਾਲ ਬ੍ਰਹਿਮੰਡ ਵਿਗਿਆਨ ਦੇ ਅੰਦਰ ਰੱਖਣ ਦੀਆਂ ਦੇਸੀ ਸਥਾਨਕ ਰਵਾਇਤਾਂ ਦੀ ਥਾਂ ਹੌਲੀ-ਹੌਲੀ ਕੁਦਰਤ, ਸੱਭਿਆਚਾਰ ਅਤੇ ਤਰੱਕੀ ਦੇ ਪੱਛਮੀ ਵਿਚਾਰਾਂ ਨੇ ਲੈ ਲਈ, ਇਨ੍ਹਾਂ ਸਭ ਨੂੰ ਈਸਾਈ, ਯੂਰਪੀ ਅਤੇ ਗੋਰਾ ਅਜਾਰੇਦਾਰੀਆਂ ਦੇ ਰੂਪ 'ਚ ਦੇਖਿਆ ਗਿਆ।



ਦੱਖਣੀ ਅਮਰੀਕਾ ਵਿਚ ਕੁਝ ਸਵੈ-ਆਜ਼ਾਦ ਸਿਆਹਫ਼ਾਮ ਲੋਕਾਂ ਨੇ ਆਪਣੇ ਲਈ ਸਥਾਈ ਜਾਂ ਅਰਧ-ਸਥਾਈ ਨਗਰ ਲੁਕਵੀਆਂ ਥਾਵਾਂ 'ਚ ਸਥਾਪਤ ਕਰ ਲਏ ਜੋ ਬਾਗ-ਬਗੀਚਿਆਂ ਦੇ ਨੇੜੇ ਸਨ, ਇਸ ਅਮਲ ਨੂੰ ਮੈਰੋਨੇਜ ਜਾਂ ਸਿਮੈਰੋਨੇਜ ਕਿਹਾ ਜਾਂਦਾ ਹੈ।

ਇਹ ਬਸਤੀਵਾਦੀ ਪ੍ਰਬੰਧ ਦੇ ਟਾਕਰੇ ਦਾ ਇਕ ਅਮਲ ਸੀ ਜਿਸ ਨਾਲ ਸਿਆਹਫ਼ਾਮ ਗ਼ੁਲਾਮ ਭੱਜ ਕੇ ਜੰਗਲਾਂ ਅਤੇ ਪਹਾੜੀਆਂ ਵਿਚ ਜਾ ਲੁਕਦੇ ਸਨ। ਇਸ ਵਿਚ ਉਨ੍ਹਾਂ ਵੱਲੋਂ ਆਪਣਾ ਸੰਦ-ਸੰਦੇੜਾ ਤੋੜ ਦੇਣਾ, ਅਵੱਗਿਆ ਅਤੇ ਬਗ਼ਾਵਤ ਸ਼ਾਮਲ ਸੀ। ਕਈ ਵਾਰ ਬਚ ਕੇ ਨਿਕਲਣਾ ਸਮੂਹਿਕ ਜਾਂ ਅਸਥਾਈ ਹੁੰਦਾ ਸੀ। ਬਸਤੀਵਾਦ ਦੀ ਜਕੜ ਤੋੜ ਦੇਣ ਦਾ ਭਾਵ ਬਸਤੀਵਾਦ ਤੋਂ ਮੁਕਤ ਹੋਣਾ ਨਹੀਂ ਹੈ। ਬਸਤੀਵਾਦ ਦੀ ਜਕੜ ਦਾ ਟੁੱਟਣਾ ਇਕ ਬਦਲ ਪੇਸ਼ ਕਰਦਾ ਹੈ, ਜਿਸ ਦੀਆਂ ਜੜ੍ਹਾਂ ਕੁਦਰਤ, ਭਾਈਚਾਰੇ ਅਤੇ ਏਕਤਾ ਬਾਰੇ ਦੇਸੀ ਵਿਚਾਰਾਂ ਅਤੇ ਅਭਿਆਸ ਵਿਚ ਹਨ। ਇਸ ਤਰ੍ਹਾਂ ਇਹ ਰਾਸ਼ਟਰੀ-ਰਿਆਸਤਵਾਦ ਅਤੇ ਕਾਰਪੋਰੇਟ ਵਿਸ਼ਵੀਕਰਨ ਦੇ ਦੋਹਰੇ ਜਾਲ ਤੋਂ ਬਚ ਜਾਂਦਾ ਹੈ। ਗਲੋਬਲ ਨਾਰਥ ਦੀ ਗਿਆਨ-ਸੋਝੀ ਅਜੇ ਵੀ ਗਲੋਬਲ ਸਾਊਥ ਵਿਚ ਵਧ-ਫੁੱਲ ਰਹੀ ਹੈ। ਪਰ ਵਿਦਵਾਨ ਹੁਣ ਉਨ੍ਹਾਂ ਬਿਰਤਾਂਤਾਂ ਨੂੰ ਚੁਣੌਤੀ ਦੇ ਰਹੇ ਹਨ ਅਤੇ ਬਦਲਵੇਂ ਨਮੂਨੇ ਲੈ ਕੇ ਸਾਹਮਣੇ ਆਏ ਹਨ। ਇਨ੍ਹਾਂ ਵਿਚ ਸ਼ੁਮਾਰ ਹਨ ਐਨਰਿਕ ਡਸਲ ਦਾ ਡੀਕੋਲੋਨੀਜ਼ਿੰਗ ਐਥਿਕਸ, ਵਾਲਟਰ ਮਿਗਨੋਲੋ ਅਤੇ ਕੈਥਰੀਨ ਵਾਲਸ਼ ਦੀ ਔਨ ਡੀਕੋਲੋਨੀਏਲਟੀ, ਐਨੀਬਲ ਕੁਜਾਨੋ ਦੀ ਕੋਲੋਨੀਐਲਿਟੀ ਆਫ ਪਾਵਰ, ਸੈਂਡਰਾ ਹਾਰਡਿੰਗ ਦਾ ਹੂਜ਼ ਸਾਇੰਸ? ਹੂਜ਼ ਨਾਲਿਜ? ਅਤੇ ਮਾਰੀਸੋਲ ਡੇ ਲਾ ਕੈਡੇਨਾ ਅਤੇ ਮਾਰੀਓ ਬਲੇਜ਼ਰ ਦਾ ਅ ਵਰਲਡ ਆਫ ਮੈਨੀ ਵਰਲਡਜ਼।

ਯੂਰਪੀ ਬਸਤੀਵਾਦ ਇਕ ਸੱਭਿਆਚਾਰਕ ਯੁੱਧ ਵੀ ਸੀ ਜਿਸ ਨਾਲ ਬਸਤੀ ਬਣਾਏ ਰਾਜ ਤਰੱਕੀ ਅਤੇ ਅਮੁੱਕ ਆਰਥਕ ਵਿਕਾਸ ਦੇ ਵਿਚਾਰਾਂ 'ਤੇ ਆਧਾਰਤ ਸਮਾਜ ਬਣਾ ਦਿੱਤੇ ਗਏ। ਦੇਸੀ ਲੋਕ ਉਨ੍ਹਾਂ ਸੱਭਿਆਚਾਰ ਯੁੱਧਾਂ ਦੇ ਨਤੀਜਿਆਂ ਦਾ ਸ਼ਿਕਾਰ ਹਨ।

ਆਪਣੀਆਂ ਕਹਾਣੀਆਂ ਸੁਣਾਉਂਦੇ ਹੋਏ, ਬਸਤੀਵਾਦੀ ਰਾਜਾਂ ਨੇ ਗ਼ੁਲਾਮ ਬਣਾਏ ਰਾਜਾਂ ਦੀਆਂ ਕਹਾਣੀਆਂ ਬਾਹਰ ਕੱਢ ਦਿੱਤੀਆਂ, ਨਕਾਰ ਦਿੱਤੀਆਂ ਅਤੇ ਗ਼ਲਤ ਰੂਪ 'ਚ ਪੇਸ਼ ਕੀਤੀਆਂ। ਯਾਦਦਾਸ਼ਤ, ਪਛਾਣ ਦੇ ਨਿਰਮਾਣ ਅਤੇ ਸਮਾਜਿਕ ਏਕਤਾ ਦਾ ਮੂਲ ਹਿੱਸਾ ਹੈ। ਦੇਸੀ ਸੱਭਿਆਚਾਰਾਂ ਵਿਚ ਯਾਦਦਾਸ਼ਤ ਦੀ ਵਰਤੋਂ, ਲੈ-ਦੇ ਕਰਨ ਅਤੇ ਉਨ੍ਹਾਂ ਦੀਆਂ ਕਹਾਣੀਆਂ ਘੜਨ ਲਈ ਕੀਤੀ ਜਾਂਦੀ ਹੈ ਜੋ ਅਗਲੀ ਪੀੜ੍ਹੀ ਨੂੰ ਸੌਂਪੀਆਂ ਜਾਂਦੀਆਂ ਹਨ। ਯਾਦਦਾਸ਼ਤ ਪਛਾਣ, ਸਮੂਹ ਦੀ ਇਕਮੁੱਠਤਾ, ਸੱਤਾ, ਸੱਚ, ਕਦਰਾਂ-ਕੀਮਤਾਂ ਅਤੇ ਮਾਣ-ਸਨਮਾਨ ਨਾਲ ਜੁੜੀ ਹੋਈ ਹੈ।

ਜਿਵੇਂ ਕਿ ਮਾਲੀ ਸਲਤਨਤ ਵਿਚ ਮੈਂਡੇ ਸਮਾਜ ਦੇ ਮੌਖਿਕ ਇਤਿਹਾਸਕਾਰ ਨੇ ਕਿਹਾ ਸੀ: 'ਅਸੀਂ ਬਾਣੀ ਦੇ ਭਾਂਡੇ ਹਾਂ, ਅਸੀਂ ਉਹ ਭੜੋਲੇ ਹਾਂ ਜੋ ਕਈ ਸਦੀਆਂ ਪੁਰਾਣੇ ਭੇਤਾਂ ਨੂੰ ਸਾਂਭੀ ਰੱਖਦੇ ਹਨ...ਸਾਡੇ ਬਿਨਾਂ ਰਾਜਿਆਂ ਦੇ ਨਾਮ ਗੁੰਮਨਾਮੀ 'ਚ ਗੁੰਮ ਹੋ ਜਾਣੇ ਸਨ।'

ਜਿਵੇਂ ਇਕ ਅਫ਼ਰੀਕਨ ਲੇਖਕ ਕਹਿੰਦਾ ਹੈ, ਅਫ਼ਰੀਕਨ ਲੋਕ ਆਪਣਾ ਇਤਿਹਾਸ ਜਾਣਨਾ ਚਾਹੁੰਦੇ ਹਨ ਨਾ ਕਿ ਕਿੰਗ ਹੈਨਰੀ ਅਤੇ ਉਸ ਦੀਆਂ ਛੇ ਪਤਨੀਆਂ ਬਾਰੇ। ਅਫ਼ਰੀਕਾ ਨੂੰ ਘੜਿਆ ਗਿਆ ਅਤੇ ਤਾਉਮਰ ਨਕਸ਼ਾ ਉਨ੍ਹਾਂ ਤੋਂ ਲੁਕੋ ਕੇ ਰੱਖਿਆ ਗਿਆ। ਉਨ੍ਹਾਂ ਨੂੰ ਪੁਨਰ-ਕਲਪਨਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਨ੍ਹਾਂ ਨੂੰ ਜੋ ਇਤਿਹਾਸ ਪੜ੍ਹਾਇਆ ਜਾਂਦਾ ਰਿਹਾ ਉਸ ਵਿਚ ਲੋਕਾਂ ਦੇ ਇਕ ਸਮੂਹ ਨੂੰ ਘਟੀਆ ਅਤੇ ਦੂਜੇ ਨੂੰ ਉੱਤਮ ਹੋਣਾ ਮਹਿਸੂਸ ਕਰਾਇਆ ਜਾਂਦਾ ਸੀ।

ਜਿਵੇਂ ਕਿ ਹਾਵੀ ਯੂਰਪ-ਕੇਂਦਰਤ ਨਮੂਨਿਆਂ ਦੇ ਉਲਟ, ਦੂਜਿਆਂ ਨੇ 'ਅਫ਼ਰੀਕਾ-ਕੇਂਦ੍ਰਿਤ ਗਿਆਨ-ਮੀਮਾਂਸਾ' ਜਾਂ ਜਿਸ ਨੂੰ ਐਨਰਿਕ ਡਸਲ 'ਗਿਆਨ ਦੀ ਭੂ-ਰਾਜਨੀਤੀ' ਕਹਿੰਦਾ ਹਨ, ਦਾ ਸੱਦਾ ਦਿੱਤਾ ਹੈ।

ਪੱਛਮੀ ਫ਼ਲਸਫ਼ੇ ਨੇ ਉਹ ਵਿਸ਼ੇਸ਼ ਅਧਿਕਾਰ ਪ੍ਰਾਪਤ ਕਰ ਲਿਆ ਜਿਸਨੂੰ ਇਕ ਵਿਦਵਾਨ 'ਗਿਆਨ ਦੀ ਹਉਮੈ ਦੀ ਰਾਜਨੀਤੀ' ਕਹਿੰਦਾ ਹੈ। ਡੱਸਲ "ਹਉਮੈ ਜੇਤੂ" ਦੀ ਗੱਲ ਕਰਦਾ ਹੈ (ਮੈਂ ਜਿੱਤਦਾ ਹਾਂ, ਇਸ ਲਈ ਮੈਂ ਹਾਂ)। ਪੱਛਮ-ਕੇਂਦ੍ਰਿਤ ਵਿਸ਼ਵ ਪ੍ਰਣਾਲੀ ਨੇ ਪੱਛਮ ਦੇ ਸੱਭਿਆਚਾਰ, ਗਿਆਨ ਅਤੇ ਗਿਆਨ-ਮੀਮਾਂਸਾ ਨੂੰ ਵਿਸ਼ੇਸ਼-ਅਧਿਕਾਰ ਦਿੱਤਾ ਹੈ ਅਤੇ ਬਾਕੀ ਨੂੰ ਹੀਣਾ ਬਣਾ ਦਿੱਤਾ ਹੈ।

ਗਿਆਨ-ਮੀਮਾਂਸੀ ਨਿਰਬਸਤੀਕਰਨ, ਜੋ ਕਿ ਗਿਆਨ-ਮੀਮਾਂਸੀ ਨਿਵਾਰਣ ਬਾਰੇ ਚੁੱਪ ਹੈ, ਅਧੂਰਾ ਹੈ। ਗਿਆਨ-ਮੀਮਾਂਸੀ ਮੁਆਵਜ਼ੇ ਵਿਚ ਸ਼ਾਮਲ ਹੈ 'ਜਾਣੇ ਜਾਣ ਦਾ ਵਧੇਰੇ ਬੁਨਿਆਦੀ ਅਧਿਕਾਰ' - ਉਹ ਅਧਿਕਾਰ ਜੋ ਪੀੜਤਾਂ ਨੂੰ 'ਆਪਣੇ ਖ਼ੁਦ ਦੇ ਅਨੁਭਵਾਂ ਬਾਰੇ ਦੂਜਿਆਂ ਨੂੰ ਗਿਆਨ ਦੇਣ ਵਾਲਾ' ਹੋਵੇ'। ਗਿਆਨ-ਮੀਮਾਂਸੀ ਗ਼ਲਤ ਨੂੰ ਦਰੁਸਤ ਕਰਨ ਦਾ ਇਕ ਤਰੀਕਾ ਹੈ ਇਸਨੂੰ ਗਿਆਨ-ਮੀਮਾਂਸੀ ਦਮਨ ਦੀ ਵਿਦਵਤਾ ਵਿਚ ਰੱਖਣਾ।

# ਮੋਦੀ ਕਾਲ : ਕਾਰਪੋਰੇਟ ਘਰਾਣਿਆਂ ਲਈ ਖੁੱਲ੍ਹੇ ਗੱਫੇ

**ਅੰਕਿਤ**

ਹੁਰੁਨ ਸੰਸਥਾ ਵੱਲੋਂ ਅਗਸਤ 2024 ਵਿੱਚ ਜਾਰੀ ਕੀਤੀ ਗਈ ਇੱਕ ਰਿਪੋਰਟ ਵਿੱਚ ਬੀਤੇ ਸਾਲ ਭਾਰਤ ਦੇ ਅਮੀਰਾਂ ਦੀ ਸੂਚੀ ਵਿੱਚ 75 ਹੋਰ ਨਵੇਂ ਅਰਬਪਤੀਆਂ ਦੇ ਨਾਂ ਸ਼ਾਮਲ ਕੀਤੇ ਗਏ ਹਨ। ਸਾਲ 2023 ਵਿੱਚ ਭਾਰਤ ਵਿੱਚ ਕੁੱਲ 259 ਅਰਬਪਤੀਅ ਸਨ, ਉਹ ਵਧਕੇ 334 ਹੋ ਗਏ ਹਨ। ਧਿਆਨ ਦੇਣ ਵਾਲ਼ੀ ਗੱਲ ਇਹ ਹੈ ਕਿ 2014 ਤੋਂ 2023 ਤੱਕ ਅਰਬਪਤੀਆਂ ਦੀ ਗਿਣਤੀ 109 ਤੋਂ ਵਧ ਕੇ 259 ਹੋ ਗਈ, ਯਾਨੀ ਕਿ 9 ਸਾਲਾਂ ’ਚ 150 ਨਵੇਂ ਅਰਬਪਤੀ ਬਣੇ, ਜਦਕਿ 2023 ਤੋਂ 24 ਦੇ ਦਰਮਿਆਨ ਜਾਣੀ ਸਿਰਫ 1 ਸਾਲ ’ਚ ਹੀ 75 ਨਵੇਂ ਅਰਬਪਤੀ ਬਣੇ। ਇਸ ਨਾਲ਼ ਅੱਜ ਭਾਰਤ ਅਮਰੀਕਾ ਅਤੇ ਚੀਨ ਤੋਂ ਬਾਅਦ ਦੁਨੀਆ ਦਾ ਸਭ ਤੋਂ ਵੱਧ ਅਰਬਪਤੀਆਂ ਵਾਲ਼ਾ ਦੇਸ਼ ਬਣ ਗਿਆ ਹੈ। ਇਹ ਉਹ ਤੱਥ ਹੈ ਜਿਸ ਨੂੰ ਮੁੱਖ ਧਾਰਾ ਦਾ ਮੀਡੀਆ ਬੜੇ ਮਾਣ ਨਾਲ਼ ਪ੍ਰਚਾਰ ਰਿਹਾ ਹੈ ਅਤੇ ਸਭ ਤੋਂ ਵੱਧ ਅਰਬਪਤੀਆਂ ਵਾਲ਼ੇ ਅਖੌਤੀ ਵਿਸ਼ਵ ਗੁਰੂ ਦਾ ਤਾਜ ਭਾਰਤ ਸਰਕਾਰ ’ਤੇ ਪਾ ਰਿਹਾ ਹੈ। ਪਰ ਇਹ ਭਾਰਤ ਦੀ ਸਿਰਫ ਇੱਕ ਤਸਵੀਰ ਹੈ। ਦੂਜੇ ਪਾਸੇ 80% ਕਿਰਤੀ ਲੋਕਾਂ ਦੀ ਹਾਲਤ, ਜਿਸ ’ਤੇ ਮੀਡੀਆ ਚੁੱਪ ਹੈ, “ਵਿਸ਼ਵਗੁਰੂ” ਨੂੰ ਸ਼ਰਮਿੰਦਾ ਕਰਦਾ ਹੈ।

ਸਰਮਾਏਦਾਰੀ ਅਰਥਚਾਰੇ ਵਿੱਚ ਸਰਮਾਏਦਾਰਾਂ ਦਾ ਮੁਨਾਫਾ ਮਜਦੂਰਾਂ ਦੀ ਲੁੱਟ ਉੱਤੇ ਨਿਰਭਰ ਹੈ। ਜਿੱਥੇ ਇੱਕ ਪਾਸੇ ਮੁੱਠੀ ਭਰ ਸਰਮਾਏਦਾਰਾਂ ਦੇ ਮੁਨਾਫੇ ਵਧੇ ਹਨ ਓਥੇ ਦੂਜੇ ਪਾਸੇ ਮਜਦੂਰਾਂ ਦੀਆਂ ਉਜਰਤਾਂ ਖੜ੍ਹੋਤ ਮਾਰੀਆਂ ਹਨ ਜਾਂ ਘਟੀਆਂ ਹਨ। ਇੱਕ ਅੰਕੜੇ ਅਨੁਸਾਰ, ਭਾਰਤ ਦੀ ਕੰਮਕਾਜੀ ਅਬਾਦੀ ਦੇ ਹੇਠਲੇ 50% ਲੋਕਾਂ ਦੀ ਔਸਤ ਆਮਦਨ 194 ਰੁਪਏ ਪ੍ਰਤੀ ਦਿਨ ਯਾਨੀ ਲੱਗਭੱਗ 5835 ਰੁਪਏ ਪ੍ਰਤੀ ਮਹੀਨਾ ਤੋਂ ਘੱਟ ਹੈ। ਇਸ ਦੇ ਨਾਲ਼ ਹੀ, ਅੱਜ ਭਾਰਤ ਦੇ ਉੱਪਰਲੇ 10% ਅਮੀਰਾਂ ਕੋਲ਼ ਭਾਰਤ ਦੀ ਕੁੱਲ ਦੌਲਤ ਦਾ 77% ਹਿੱਸਾ ਹੈ ਪਰ ਦੂਜੇ ਪਾਸੇ ਦੇਸ਼ ਦੀ ਕੁੱਲ ਦੌਲਤ ਦਾ ਸਿਰਫ 3% ਹਿੱਸਾ ਹੀ ਹੇਠਲੇ ਗਰੀਬ 50% ਅਬਾਦੀ ਦੀ ਪਹੁੰਚ ਵਿੱਚ ਹੈ। ਜਿਕਰਯੋਗ ਹੈ ਕਿ ਅਸਮਾਨਤਾ ਦਾ ਇਹ ਪਾੜਾ 1947 ਤੋਂ ਪਹਿਲਾਂ ਦੇ ਅੰਗਰੇਜੀ ਸ਼ਾਸਨ ਨਾਲ਼ੋਂ ਵੀ ਕਿਤੇ ਜਿਆਦਾ ਹੈ। 1930 ਤੋਂ 1947 ਤੱਕ ਦੇ ਸਮੇਂ ਨੂੰ ਭਾਰਤ ਵਿੱਚ ਸਭ ਤੋਂ ਵੱਧ ਅਸਮਾਨਤਾ ਦਾ ਦੌਰ ਮੰਨਿਆ ਜਾਂਦਾ ਹੈ, ਓਦੋਂ ਵੀ ਦੇਸ਼ ਦੇ 1% ਅਮੀਰਾਂ ਕੋਲ਼ ਕੁੱਲ ਦੌਲਤ ਦੇ 20% ਉੱਤੇ ਹੀ ਕਬਜਾ ਸੀ।

ਅਸਲ ਵਿੱਚ, ਆਰਥਿਕ ਅਸਮਾਨਤਾ ਕਿਸੇ ਵੀ ਸਰਮਾਏਦਾਰੀ ਢਾਂਚੇ ਦਾ ਅਟੱਲ ਸਿੱਟਾ ਹੈ ਜਿੱਥੇ ਇੱਕ ਪਾਸੇ ਸਖਤ ਮਿਹਨਤ ਕਰਨ ਵਾਲ਼ੇ ਲੋਕ ਹੁੰਦੇ ਹਨ ਅਤੇ ਦੂਜੇ ਪਾਸੇ ਸਰਮਾਏਦਾਰ ਹੁੰਦੇ ਹਨ ਜੋ ਇਸ ਮਿਹਨਤ ਨਾਲ਼ ਪੈਦਾ ਹੋਈਆਂ ਸਾਰੀਆਂ ਵਸਤਾਂ ਅਤੇ ਸੇਵਾਵਾਂ ਉੱਤੇ ਕਾਬਜ ਹੁੰਦੇ ਹਨ। ਪਰ ਇਸ ਲੇਖ ਵਿੱਚ ਅਸੀਂ ਸਰਕਾਰ ਦੀਆਂ ਕੁਝ ਚੋਣਵੀਆਂ ਸਰਮਾਇਆ ਪੱਖੀ ਨੀਤੀਆਂ ਬਾਰੇ ਚਰਚਾ ਕਰਾਂਗੇ ਜੋ ਇਸ ਅਥਾਹ ਅਸਮਾਨਤਾ ਨੂੰ ਵਧਾ ਰਹੀਆਂ ਹਨ।

ਮੋਦੀ ਹਕੂਮਤ ਨੇ ਸਰਮਾਏਦਾਰਾਂ ਨੂੰ ਕਰਜਾ ਮੁਆਫੀ ਰਾਹੀਂ ਸਿੱਧਾ ਫਾਇਦਾ ਪਹੁੰਚਾਇਆ ਹੈ। ਕਰਜਾ ਮੁਆਫੀ ਕੀ ਹੈ? ਜਦੋਂ ਕੋਈ ਵੱਡਾ ਸਰਮਾਏਦਾਰ ਆਪਣਾ ਕਾਰੋਬਾਰ ਸ਼ੁਰੂ ਕਰਨ ਲਈ ਬੈਂਕਾਂ (ਜ਼ਿਆਦਾਤਰ ਸਰਕਾਰੀ ਬੈਂਕਾਂ) ਤੋਂ ਕਰਜਾ ਲੈਂਦੇ ਹਨ ਅਤੇ “ਭੁਗਤਾਨ ਨਾ ਕਰ ਸਕਣ” ਦੀ ਸੂਰਤ ਵਿੱਚ ਸਰਕਾਰ ਇਸ ਪੈਸੇ ਨੂੰ ਐਨ.ਪੀ.ਏ. ਕਰਾਰ ਦੇ ਦਿੰਦੀ ਹੈ। ਬੀਤੇ ਸਾਲ ਦੇ ਮਈ ਤੱਕ, ਇਸ ਮਾਧਿਅਮ ਰਾਹੀਂ ਲਏ ਗਏ ਕੁੱਲ ਕਰਜੇ 14.56 ਲੱਖ ਕਰੋੜ ਰੁਪਏ ਹਨ (ਇਸ ਵਿੱਚ ਸਭ ਤੋਂ ਵੱਧ ਕਰਜਾ ਐਸਬੀਆਈ ਤੋਂ ਲਿਆ ਗਿਆ ਹੈ) ਜਿਸ ਵਿੱਚੋਂ ਸਿਰਫ 18% ਹੀ ਵਸੂਲਿਆ ਗਿਆ ਹੈ। ਬਾਕੀ ਪੈਸੇ ਦੀ ਵਸੂਲੀ ਸਬੰਧੀ ਸਰਕਾਰ ਨੇ ਲੰਮੀ ਚੁੱਪ ਧਾਰ ਰੱਖੀ ਹੈ। ਭਾਵ ਸਰਕਾਰ ਨੇ ਵੱਡੇ ਧਨ ਪਸ਼ੂਆਂ ਦਾ ਕਰੀਬ 12 ਲੱਖ ਕਰੋੜ ਰੁਪਏ ਦਾ ਕਰਜਾ ਸਿੱਧੇ ਤੌਰ ’ਤੇ ਮੁਆਫ ਕਰ ਦਿੱਤਾ ਹੈ। ਇਸ ਮੁਆਫ ਕੀਤੇ ਗਏ ਕਰਜੇ ਵਿੱਚ ਸਭ ਤੋਂ ਵੱਧ ਹਿੱਸਾ ਸਰਕਾਰੀ ਬੈਂਕਾਂ ਤੋਂ ਲਿਆ ਗਿਆ ਹੈ, ਜਿਸ ਦਾ ਬੋਝ ਸਰਕਾਰੀ ਖਜਾਨੇ ’ਤੇ ਯਾਨੀ ਸਿੱਧੇ ਤੌਰ ’ਤੇ ਆਮ ਲੋਕਾਂ ’ਤੇ ਪਵੇਗਾ। ਜੇਕਰ ਤੁਸੀਂ ਇਹ ਸਮਝਣਾ ਚਾਹੁੰਦੇ ਹੋ ਕਿ ਇਹ ਪੈਸਾ ਕਿੰਨਾ ਹੈ, ਤਾਂ ਅੰਦਾਜਾ ਲਾਓ ਕਿ ਇਹ ਪੈਸਾ ਦੇਸ਼ ਦੇ ਕੁੱਲ ਸਿਹਤ ਬਜਟ ਦਾ 12 ਗੁਣਾ ਹੈ। ਯਾਨੀ ਜੇ ਇੰਨਾ ਪੈਸਾ ਦੇਸ਼ ਦੀਆਂ ਸਿਹਤ ਸਹੂਲਤਾਂ ਉੱਤੇ ਲਾਇਆ ਜਾਂਦਾ ਤਾਂ ਆਉਣ ਵਾਲ਼ੇ 10-12 ਸਾਲਾਂ ਤੱਕ ਸਿਹਤ ਢਾਂਚੇ ਨਾਲ਼ ਜੁੜੇ ਖਰਚੇ ਮੁਫਤ ’ਚ ਕੱਢੇ ਜਾ ਸਕਦੇ ਸੀ।

ਕਰਜਾ ਮਾਫੀ ਤੋਂ ਬਿਨਾਂ ਮੋਦੀ ਸਰਕਾਰ ਸਰਮਾਏਦਾਰਾਂ ਨੂੰ ਪੈਦਾਵਾਰ ਨਾਲ਼ ਜੁੜੀਆਂ ਸਬਸਿਡੀਆਂ ਵੀ ਦੇ ਰਹੀ ਹੈ। ਅਕਸਰ ਸਮੇਂ-ਸਮੇਂ ’ਤੇ ਸਰਮਾਏਦਾਰਾਂ ਨੂੰ ਆਪਣਾ ਕਾਰੋਬਾਰ ਵਧਾਉਣ ਜਾਂ ਪੈਦਾਵਾਰ ਦੇ ਨਵੇਂ ਖੇਤਰ ਵਿੱਚ ਨਿਵੇਸ਼ ਕਰਨ ਲਈ ਸਰਮਾਏ ਦੀ ਲੋੜ ਹੁੰਦੀ ਹੈ। ਸਰਮਾਏਦਾਰ ਬੈਂਕਾਂ ਤੋਂ ਉਧਾਰ ਲੈਣ ਦੇ ਨਾਲ਼-ਨਾਲ਼ ਇਹ ਵੀ ਉਮੀਦ ਕਰਦੇ ਹਨ ਕਿ ਸਰਕਾਰ ਵੀ ਨਿਵੇਸ਼ ਵਿੱਚ ਹਿੱਸਾ ਪਾਵੇ। ਇਹ ਸਰਕਾਰੀ ਹਿੱਸੇਦਾਰੀ ਸਿੱਧੇ ਨਿਵੇਸ਼ ਦੇ ਰੂਪ ਵਿੱਚ ਵੀ ਹੋ ਸਕਦੀ ਹੈ ਜਾਂ ਬਿਜਲੀ ਦੀ ਖਪਤ (ਜਿਸ ਨੂੰ ਊਰਜਾ ਸਬਸਿਡੀ ਵੀ ਕਿਹਾ ਜਾਂਦਾ ਹੈ) ’ਤੇ ਛੋਟ ਦੇ ਰੂਪ ਵਿੱਚ ਵੀ। ਇਸ ਨੂੰ ਪੈਦਾਵਾਰ ਸਬੰਧੀ ਸਬਸਿਡੀ ਕਿਹਾ ਜਾਂਦਾ ਹੈ। ਜਾਹਿਰ ਹੈ ਕਿ ਇਹ ਪੈਸਾ ਸਰਕਾਰੀ ਖਜਾਨੇ ਵਿੱਚੋਂ ਜਾਰੀ ਹੁੰਦਾ ਹੈ ਅਤੇ ਸਰਕਾਰ ਅਕਸਰ ਇਹ ਦਲੀਲ ਦਿੰਦੀ ਹੈ ਕਿ ਅਜਿਹਾ ਘਰੇਲੂ ਕਾਰੋਬਾਰ ਨੂੰ ਉਤਸ਼ਾਹਿਤ ਕਰਨ ਲਈ ਕੀਤਾ ਜਾਂਦਾ ਹੈ ਜਿਸ ਨਾਲ਼ ਰੁਜਗਾਰ ਦੇ ਮੌਕੇ ਪੈਦਾ ਹੋਣਗੇ। ਪਰ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਕੋਈ ਵੀ ਸਰਮਾਏਦਾਰ ਲੋਕਾਂ ਦੇ ਭਲੇ ਲਈ ਜਿਣਸਾਂ ਪੈਦਾ ਨਹੀਂ ਕਰਦਾ। ਉਸਦਾ ਮਕਸਦ ਮੁਨਾਫਾ ਕਮਾਉਣਾ ਹੁੰਦਾ ਹੈ ਨਾ ਕਿ ਰੁਜਗਾਰ ਦੇਣਾ। ਹੋਣਾ ਤਾਂ ਇਹ ਚਾਹੀਦਾ ਹੈ ਕਿ ਸਰਕਾਰ ਇਸ ਪੈਸੇ ਨੂੰ ਨਿੱਜੀ ਕੰਪਨੀਆਂ ਨੂੰ ਦੇਣ ਦੀ ਬਜਾਏ ਸਰਕਾਰੀ ਕੰਪਨੀਆਂ ਵਿੱਚ ਨਿਵੇਸ਼ ਕਰੇ ਤਾਂ ਜੋ ਲੋਕਾਂ ਨੂੰ ਸਸਤਾ ਸਮਾਨ ਦਿੱਤਾ ਜਾ ਸਕੇ, ਉਹਨਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਸਤੇ ਭਾਅ ’ਤੇ ਜਨਤਕ ਵੰਡ ਪ੍ਰਣਾਲੀ ਜਿਹੀਆਂ ਸਕੀਮਾਂ ਨੂੰ ਵਧਾਇਆ ਜਾਵੇ ਆਦਿ।




ਭਾਵੇਂ ਮੋਦੀ ਕਾਲ ਦੇ ਪਿਛਲੇ ਦਸ ਸਾਲਾਂ ਦੌਰਾਨ ਨਿੱਜੀ ਕੰਪਨੀਆਂ ਨੂੰ ਅਨੇਕਾਂ ਸਬਸਿਡੀਆਂ ਦਿੱਤੀਆਂ ਗਈਆਂ ਹਨ, ਪਰ ਇਸ ਲੇਖ ਵਿਚ ਉਨ੍ਹਾਂ ਸਾਰਿਆਂ ਦੀ ਚਰਚਾ ਕਰਨਾ ਸੰਭਵ ਨਹੀਂ ਹੈ, ਇਸ ਲਈ ਅਸੀਂ ਸਿਰਫ ਕੁਝ ਚੋਣਵੀਆਂ ਸਬਸਿਡੀਆਂ ਦੀ ਚਰਚਾ ਕਰਨ ਤੱਕ ਸੀਮਤ ਰਹਾਂਗੇ। ਉਤਪਾਦਨ ਨਾਲ਼ ਸਬੰਧਤ ਸਬਸਿਡੀਆਂ ਰਾਹੀਂ ਸਭ ਤੋਂ ਵੱਧ ਪੈਸਾ ਕਮਾਉਣ ਵਾਲ਼ੀਆਂ ਊਰਜਾ ਕੰਪਨੀਆਂ ਹਨ। ਜਿਸ ਵਿੱਚ ਅਗਲੇ ਤਿੰਨ ਸਾਲਾਂ ਲਈ ‘ਗ੍ਰੀਨ ਹਾਈਡ ?ਰੋਜਨ’ ਅਤੇ ‘ਇਲੈਕਟ ?ਰੋਲਾਈਜਰ’ ਬਣਾਉਣ ਵਾਲ਼ੀਆਂ 34 ਕੰਪਨੀਆਂ ਨੂੰ ਕੁੱਲ 13 ਹਜਾਰ ਕਰੋੜ ਰੁਪਏ ਦੀ ਸਬਸਿਡੀ ਦਿੱਤੀ ਗਈ ਹੈ। ਇਨ੍ਹਾਂ ਵਿੱਚੋਂ ਸਭ ਤੋਂ ਵੱਧ ਹਿੱਸਾ ਅਡਾਨੀ ਗਰੁੱਪ, ਰਿਲਾਇੰਸ ਐਨਰਜੀ ਅਤੇ ਜਿੰਦਲ ਪਾਵਰਜ ਨੂੰ ਗਿਆ ਹੈ। ਇਸ ਤੋਂ ਇਲਾਵਾ ਅੰਬਾਨੀ ਪਰਿਵਾਰ ਨੂੰ ਬੈਟਰੀਆਂ ਬਣਾਉਣ ਦੇ ਠੇਕੇ ਸਮੇਤ 3,620 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਗਈ ਹੈ। ਦੂਜੀ ਸਭ ਤੋਂ ਵੱਧ ਸਬਸਿਡੀ ਦਵਾਈਆਂ ਬਣਾਉਣ ਵਾਲ਼ੀਆਂ ਕੰਪਨੀਆਂ ਨੂੰ ਦਿੱਤੀ ਗਈ ਹੈ। ਇਸ ਵਿੱਚ ‘ਸਨ ਫਾਰਮਾਸਿਊਟੀਕਲ ਕੰਪਨੀ’ ਦਾ ਮਾਲਕ ਦਿਲੀਪ ਸਿੰਘਵੀ, ‘ਅਰਬਿੰਦੋ ਫਾਰਮਾ ਲਿਮਟਿਡ’ ਅਤੇ ‘ਸਿਪਲਾ’ ਵਰਗੀਆਂ ਨਾਮਵਰ ਕੰਪਨੀਆਂ ਸਮੇਤ ਲਗਭਗ 40 ਛੋਟੀਆਂ ਅਤੇ ਵੱਡੀਆਂ ਕੰਪਨੀਆਂ ਹਨ, ਜਿਨ੍ਹਾਂ ਨੂੰ ਕੁੱਲ 2,143 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਗਈ ਹੈ। ਇਨ੍ਹਾਂ ਸਬਸਿਡੀਆਂ ਲਈ ਸਰਕਾਰ ਦੀ ਦਲੀਲ ਹੈ ਕਿ ਅਸੀਂ ਜਰੂਰੀ ਦਵਾਈਆਂ ਦੀ ਪੂਰਤੀ ਲਈ ਭਾਰਤ ਨੂੰ ਆਤਮ-ਨਿਰਭਰ ਬਣਾਉਣਾ ਚਾਹੁੰਦੇ ਹਾਂ। ਪਰ ਸਵਾਲ ਇਹ ਹੈ ਕਿ ‘ਭਾਰਤ ਬਾਇਓਟੈੱਕ’ ਅਤੇ ਆਈਡੀਪੀਐੱਲ ਵਰਗੀਆਂ ਸਰਕਾਰੀ ਦਵਾਈਆਂ ਦੀਆਂ ਕੰਪਨੀਆਂ ਜੋ ਕਿ ਫੰਡਾਂ ਦੀ ਘਾਟ ਕਾਰਨ ਅਪਾਹਜ ਬਣ ਰਹੀਆਂ ਹਨ, ਨੂੰ ਇਸ ਮਕਸਦ ਦੀ ਪੂਰਤੀ ਲਈ ਕਿਉਂ ਨਹੀਂ ਵਰਤਿਆ ਜਾਂਦਾ? ਇਸ ਤੋਂ ਇਲਾਵਾ, ਬੀਤੇ ਸਾਲ ਫਰਵਰੀ ਵਿੱਚ ਜਾਰੀ ਕੀਤੇ ਗਏ ਬਜਟ ਵਿੱਚ, ਸਰਕਾਰ ਨੇ ਨਿੱਜੀ ਖੇਤਰ ਵਿੱਚ ਖੋਜ ਕਾਰਜਾਂ ਲਈ 1 ਲੱਖ ਕਰੋੜ ਰੁਪਏ ਦੀ ਸਬਸਿਡੀ ਦਾ ਐਲਾਨ ਕੀਤਾ ਹੈ।

ਇਹ ਤਾਂ ਸਰਕਾਰ ਵੱਲੋਂ ਸਰਮਾਏਦਾਰਾਂ ਦੀ ਕੀਤੀ ਜਾਂਦੀ ਸੇਵਾ ਦੇ ਕੁਝ ਹਵਾਲੇ ਸਨ। ਮੋਦੀ ਕਾਲ ਦੌਰਾਨ ਇਨ੍ਹਾਂ ਵੱਡੀਆਂ ਕੰਪਨੀਆਂ ਵੱਲੋਂ ਕੀਤੇ ਗਏ ਘੁਪਲਿਆਂ ਦੀ ਸੂਚੀ ਵੀ ਛੋਟੀ ਨਹੀਂ ਹੈ। ਰਾਫੇਲ ਘਪਲਾ, ਅਡਾਨੀ ਕੋਲ਼ਾ ਘਪਲਾ, ਅਡਾਨੀ ਸ਼ੇਅਰ ਬਜਾਰ ਘਪਲਾ ਕੁਝ ਵੱਡੇ ਘਪਲੇ ਹਨ ਜਿਨ੍ਹਾਂ ਨੂੰ ਵਿਸਥਾਰ ਨਾਲ਼ ਸਮਝਣ ਦੀ ਲੋੜ ਹੈ।

**ਲੋਕਾਂ ਦੀਆਂ ਸਹੂਲਤਾਂ ਉੱਤੇ ਕਟੌਤੀ** : ਕਿਸੇ ਦੇਸ਼ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਮਾਪਣ ਲਈ ਬਹੁਤ ਸਾਰੇ ਪੈਮਾਨੇ ਹਨ ਜਿਵੇਂ ਕਿ ਭੁੱਖ ਸੂਚਕ, ਆਰਥਿਕ ਅਸਮਾਨਤਾ, ਸਿਹਤ ਸੇਵਾਵਾਂ, ਸਿੱਖਿਆ ਆਦਿ। ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਇਨ੍ਹਾਂ ਸਾਰੇ ਪੈਮਾਨੇ ’ਤੇ ਭਾਰਤ ਅੱਜ ਬਹੁਤ ਗੰਭੀਰ ਸਥਿਤੀ ਵਿੱਚ ਹੈ। ਉਪਰੋਕਤ ਚਰਚਾ ਤੋਂ ਸਪੱਸ਼ਟ ਹੈ ਕਿ ਕਿਵੇਂ ਸਰਕਾਰ ਦੀਆਂ ਸਰਮਾਏਦਾਰ ਪੱਖੀ ਨੀਤੀਆਂ ਮੁੱਠੀ ਭਰ ਧਨ ਪਸ਼ੂਆਂ ਦੀ ਸੇਵਾ ਕਰ ਰਹੀਆਂ ਹਨ। ਇਸ ਦੇ ਨਾਲ਼ ਹੀ ਆਮ ਕਿਰਤੀ ਅਬਾਦੀ ਦੇ ਵਿਗੜ ਰਹੇ ਜੀਵਨ ਨੂੰ ਵੀ ਨੇੜਿਓਂ ਦੇਖਣ ਦੀ ਲੋੜ ਹੈ। ਜਿੱਥੇ ਇੱਕ ਪਾਸੇ ਸਰਕਾਰ ਨੇ ਅਮੀਰਾਂ ਨੂੰ ਦਿਨ

(ਬਾਕੀ ਸਫ਼ਾ 18 ’ਤੇ

Gill
Truck & Trailer Repair
& Mobile Service
Lube and Truck Wash



Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੂਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!



Apinder Aujla
BSc.Pharm



Satvachan Lal
B.Sc.Pharm
#1150, 4818 Westwindus Drive NE. Calgary
403-293-9360

ਸੂਬਾਈ ਕਨਵੈਨਸ਼ਨ

# ਇਕਜੁੱਟ ਜਮਹੂਰੀ ਲਹਿਰ ਦੀ ਜ਼ਰੂਰਤ, ਚੁਣੌਤੀਆਂ ਅਤੇ ਭਵਿੱਖ ਦੀ ਦਿਸ਼ਾ ਦਾ ਸਵਾਲ








ਬਰਨਾਲਾ : ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਵੱਲੋਂ 19 ਜਨਵਰੀ ਨੂੰ ਤਰਕਸ਼ੀਲ ਭਵਨ ਬਰਨਾਲਾ ਵਿਖੇ ਜਬਰ ਵਿਰੁੱਧ ਸੂਬਾਈ ਕਨਵੈਨਸ਼ਨ ਕੀਤੀ ਜਿਸ ਦੀ ਪ੍ਰਧਾਨਗੀ ਆਦਿਵਾਸੀ ਹੱਕਾਂ ਦੀ ਉੱਘੀ ਝੰਡਾਬਰਦਾਰ ਅਤੇ ਖੋਜਕਾਰ ਬੇਲਾ ਭਾਟੀਆ, ਜਮਹੂਰੀ ਹੱਕਾਂ ਦੀ ਪਹਿਰੇਦਾਰ ਨਾਮਵਰ ਸ਼ਖ਼ਸੀਅਤ ਡਾ. ਨਵਸ਼ਰਨ, ਜਮਹੂਰੀ ਸ਼ਖ਼ਸੀਅਤਾਂ ਡਾ. ਪਰਮਿੰਦਰ, ਪ੍ਰੋਫੈਸਰ ਏ.ਕੇ. ਮਲੇਰੀ ਨੇ ਕੀਤੀ। ਸਮਾਗਮ ਦਾ ਆਗਾਜ਼ ਮਾਨਵਤਾ ਕਲਾ ਮੰਚ ਨਗਰ (ਪਲਸ ਮੰਚ ) ਦੀ ਕਲਾਕਾਰ ਨਰਗਿਸ, ਅਜਮੇਰ ਅਕਲੀਆ ਅਤੇ ਹੋਰ ਇਨਕਲਾਬੀ ਗਾਇਕਾਂ ਦੇ ਗੀਤਾਂ ਨਾਲ ? ਹੋਇਆ।

ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਮੁੱਖ ਵਕਤਾਵਾਂ ਨੇ ਕਿਹਾ ਕਿ ਬਸਤਰ ਅਤੇ ਹੋਰ ਆਦਿਵਾਸੀ ਇਲਾਕਿਆਂ ਅੰਦਰ ਨਕਸਲਵਾਦ ਨੂੰ ਖ਼ਤਮ ਕਰਨ ਦੇ ਨਾਂ ਹੇਠ ਚਲਾਏ ਜਾ ਰਹੇ ਰਾਜਕੀ ਦਹਿਸ਼ਤਵਾਦ ਪਿੱਛੇ ਕੰਮ ਕਰਦੇ ਕਾਰਪੋਰੇਟ-ਹਿੰਦੂਤਵ ਗੱਠਜੋੜ ਦੇ ਅਸਲ ਮਨੋਰਥ ਨੂੰ ਸਮਝਣ ਦੀ ਲੋੜ ਹੈ। ਆਦਿਵਾਸੀ ਇਲਾਕਿਆਂ ਵਿਚ ਕਾਨੂੰਨ ਦੇ ਰਾਜ ਦੇ ਨਾਂ ਹੇਠ ਜੰਗੀ ਪੱਧਰ ’ਤੇ ਨੀਮ-ਫ਼ੌਜੀ ਤਾਕਤਾਂ ਦੀ ਤਾਇਨਾਤੀ ਵਡਮੁੱਲੇ ਕੁਦਰਤੀ ਵਸੀਲੇ ਹਥਿਆਉਣ ਅਤੇ ਆਦਿਵਾਸੀਆਂ ਦੀ ਜਲ-ਜੰਗਲ-ਜ਼ਮੀਨ ਦੀ ਰਾਖੀ ਲਈ ਸੰਘਰਸ਼ ਨੂੰ ਕੁਚਲਣ ਲਈ ਹੈ। ਉਨ੍ਹਾਂ ਜ਼ੋਰ ਦਿੱਤਾ ਕਿ ਆਦਿਵਾਸੀ ਤੇ ਹੋਰ ਭਾਰਤੀ ਲੋਕਾਂ ਲਈ ਸਭ ਤੋਂ ਵੱਡਾ ਖ਼ਤਰਾ ਭਾਰਤੀ ਰਾਜ ਅਤੇ ਇਸ ਦੀਆਂ ਦੇਸੀ-ਬਦੇਸ਼ੀ ਕਾਰਪੋਰੇਟ ਸਰਮਾਏਦਾਰਾਂ ਪੱਖੀ ਨੀਤੀਆਂ ਹਨ। ਕਾਰਪੋਰੇਟ ਗ਼ਲਬੇ ਦਾ ਰਾਹ ਪੱਧਰਾ ਕਰਨ ਲਈ ਉਹ ਕਾਨੂੰਨ ਵੀ ਖ਼ਤਮ ਕੀਤੇ ਜਾ ਰਹੇ ਹਨ ਜੋ ਜੰਗਲ ਉੱਪਰ ਆਦਿਵਾਸੀਆਂ ਦੇ ਕੁਦਰਤੀ ਹੱਕ ਨੂੰ ਮਾਨਤਾ ਦਿੰਦੇ ਸਨ। ਸਰਕਾਰਾਂ ਆਪਣੇ ਹੀ ਬਣਾਏ ਕਾਨੂੰਨਾਂ ਦੀਆਂ ਧੱਜੀਆਂ ਉਡਾਕੇ ਚਲਾਕੀ, ਧੋਖਾਧੜੀ ਅਤੇ ਜਾਬਰ ਰਾਜ ਮਸ਼ੀਨਰੀ ਦੇ ਜ਼ੋਰ ਜ਼ਮੀਨਾਂ ਹਥਿਆ ਰਹੀਆਂ ਹਨ। ਇਸ ਧੱਕੇਸ਼ਾਹੀ ਵਿਰੁੱਧ ਆਦਿਵਾਸੀਆਂ ਦੇ ਜਮਹੂਰੀ ਵਿਰੋਧ ਨੂੰ ਗ਼ੈਰਕਾਨੂੰਨੀ ਕਰਾਰ ਦੇ ਕੇ ਸਰਕਾਰੀ ਤੇ ਗ਼ੈਰਸਰਕਾਰੀ ਗਰੋਹਾਂ ਰਾਹੀਂ ਕੁਚਲਿਆ ਜਾ ਰਿਹਾ ਹੈ। ਕਥਿਤ ਕਾਨੂੰਨ ਦਾ ਰਾਜ ਲਾਕਾਨੂੰਨੀਆਂ ਕਰਨ ਵਾਲੀਆਂ ਲੋਕ ਵਿਰੋਧੀ ਤਾਕਤਾਂ ਦੇ ਹੱਥ ਵਿਚ ਲੋਕਾਂ ਦੇ ਹੱਕੀ ਵਿਰੋਧ ਨੂੰ ਕੁਚਲਣ ਦਾ ਸੰਦ ਹੈ ਜੋ ਆਦਿਵਾਸੀਆਂ ਦੇ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਬੁੱਧੀਜੀਵੀਆਂ ਅਤੇ ਲੋਕ-ਵਿਰੋਧੀ ਨੀਤੀਆਂ ਉੱਪਰ ਸਵਾਲ ਉਠਾਉਣ ਵਾਲੇ ਬੁੱਧੀਜੀਵੀਆਂ, ਲੇਖਕਾਂ, ਵਕੀਲਾਂ, ਕਲਾਕਾਰਾਂ ਤੇ ਹੱਕਾਂ ਦੇ ਕਾਰਕੁਨਾਂ ਨੂੰ ‘ਸ਼ਹਿਰੀ ਨਕਸਲੀ’ਦਾ ਠੱਪਾ ਲਾ ਕੇ ਜੇਲ੍ਹਾਂ ਵਿਚ ਸਾੜ ਰਿਹਾ ਹੈ। ਸਮੂਹ ਲੋਕ ਪੱਖੀ ਅਗਾਂਹਵਧੂ ਤਾਕਤਾਂ ਨੂੰ ਇਸ ਦਣਦਣਾ ਰਹੇ ਜਾਬਰ ਹਮਲੇ ਵਿਚ ਸਮੋਏ ਖ਼ਤਰਿਆਂ ਨੂੰ ਪਛਾਨਣਾ ਅਤੇ ਇਸ ਨੂੰ ਠੱਲ ਪਾਉਣ ਲਈ ਵਿਰੁੱਧ ਵਿਆਪਕ ਲੋਕ ਰਾਇ ਖੜ੍ਹੀ ਕਰਨੀ ਜ਼ਰੂਰੀ ਹੈ ਕਿਉਂਕਿ ਇਹ ਹਮਲਾ ਦੇਸ਼ ਦੇ ਹਰ ਉਸ ਸੰਘਰਸ਼ ਵਿਰੁੱਧ ਸੇਧਤ ਹੈ ਜੋ ਲੋਕ ਹਿਤਾਂ ਦੀ ਰਾਖੀ ਲਈ ਲੜਿਆ ਜਾ ਰਿਹਾ ਹੈ। ਕਨਵੈਨਸ਼ਨ ਨੂੰ




ਡਾ. ਪਰਮਿੰਦਰ, ਪ੍ਰੋਫੈਸਰ ਏ.ਕੇ.ਮਲੇਰੀ ਨੇ ਵੀ ਸੰਬੋਧਨ ਕੀਤਾ। ਮੰਚ ਦਾ ਸੰਚਾਲਨ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ। ਦੋਵੇਂ ਮੁੱਖ ਵਕਤਾਵਾਂ ਨੂੰ ਸ਼ਹੀਦ ਭਗਤ ਸਿੰਘ ਦੀ ਇਤਿਹਾਸਕ ਤਸਵੀਰ ਦਾ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਸਨਮਾਨ ਚਿੰਨ੍ਹ ਦੇਣ ਮੌਕੇ ਪ੍ਰਧਾਨਗੀ ਮੰਡਲ ਦੇ ਨਾਲ ਫਰੰਟ ਦੇ ਸਮੂਹ ਸੂਬਾ ਕਮੇਟੀ ਮੈਂਬਰਾਨ ਅਤੇ ਪ੍ਰੋਫੈਸਰ ਜਗਮੋਹਣ ਸਿੰਘ ਸ਼ਾਮਲ ਸਨ।

ਕਨਵੈਨਸ਼ਨ ਵਿਚ ਸਰਵਸੰਮਤੀ ਨਾਲ ਮਤੇ ਪਾਸ ਕਰਕੇ ਮੰਗ ਕੀਤੀ ਗਈ ਕਿ ਕਿ ਆਦਿਵਾਸੀ ਇਲਾਕਿਆਂ ਵਿਚ ਝੂਠੇ ਮੁਕਾਬਲਿਆਂ, ਡਰੋਨ ਹਮਲਿਆਂ ਅਤੇ ਹੋਰ ਰੂਪਾਂ ਵਿਚ ਨਕਸਲੀਆਂ ਅਤੇ ਆਦਿਵਾਸੀਆਂ ਦਾ ਕਤਲੇਆਮ ਬੰਦ ਕੀਤਾ ਜਾਵੇ, ਆਦਿਵਾਸੀ ਇਲਾਕਿਆਂ ਵਿੱਚੋਂ ਸਕਿਊਰਿਟੀ ਕੈਂਪ ਹਟਾਏ ਜਾਣ ਅਤੇ ਵਿਸ਼ੇਸ਼ ਸੁਰੱਖਿਆ ਤਾਕਤਾਂ ਤੁਰੰਤ ਵਾਪਸ ਬੁਲਾਈਆਂ ਜਾਣ; ਉਜਾੜੇ ਅਤੇ ਕਾਰਪੋਰੇਟ ਕਬਜ਼ੇ ਦਾ ਸੰਦ ਕਾਰਪੋਰੇਟ ਪੱਖੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਨਤਕ ਅੰਦੋਲਨਾਂ ਨੂੰ ਗ਼ੈਰਕਾਨੂੰਨੀ/ਪਾਬੰਦੀਸ਼ੁਦਾ ਕਰਾਰ ਦੇ ਕੇ ਕੁਚਲਣ ਦੀ ਨੀਤੀ ਬੰਦ ਕੀਤੀ ਜਾਵੇ।

ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ ਤੇ ਰਾਜਨੀਤਕ ਕਾਰਕੁਨਾਂ ਨੂੰ ਰਿਹਾ ਕੀਤਾ ਜਾਵੇ; ਗ਼ੈਰਕਾਨੂੰਨੀ ਕਾਰਵਾਈਆਂ ਦੇ ਬਹਾਨੇ ਐੱਨਆਈਏ ਵੱਲੋਂ ਛਾਪੇਮਾਰੀ ਤੇ ਗ੍ਰਿਫ਼ਤਾਰੀਆਂ ਬੰਦ ਕੀਤੀਆਂ ਜਾਣ, ਝੂਠੀਆਂ ਐੱਫਆਈਆਰ ਖ਼ਤਮ ਕੀਤੀਆਂ ਜਾਣ ਅਤੇ ਰਾਜਕੀ ਦਹਿਸ਼ਤਵਾਦ ਦਾ ਸੰਦ ਕੌਮੀ ਜਾਂਚ ਏਜੰਸੀ ਤੁਰੰਤ ਭੰਗ ਕੀਤੀ ਜਾਵੇ; ਤਿੰਨ ਫ਼ੌਜਦਾਰੀ ਕਾਨੂੰਨ, ਚਾਰ ਕਿਰਤ ਕੋਡ, ਯੂਏਪੀਏ ਆਦਿ ਸਮੇਤ ਸਾਰੇ ਕਾਲੇ ਕਾਨੂੰਨ ਰੱਦ ਕੀਤੇ ਜਾਣ; ਸਜ਼ਾ ਪੂਰੀ ਕਰ ਚੁੱਕੇ ਸਾਰੇ ਕੈਦੀ ਤੁਰੰਤ ਰਿਹਾ ਕੀਤੇ ਜਾਣ; ਪੰਜਾਬ ਦੇ ਕਿਸਾਨਾਂ ਦੇ ਦਿੱਲੀ ਜਾ ਕੇ ਸੰਘਰਸ਼ ਕਰਨ ਦੇ ਜਮਹੂਰੀ ਹੱਕ ਉੱਪਰ ਲਾਈਆਂ ਰੋਕਾਂ ਤੁਰੰਤ ਹਟਾਈਆਂ ਜਾਣ; ਬੇਕਿਰਕ ਹਮਲਿਆਂ ਰਾਹੀਂ ਫ਼ਲਸਤੀਨੀਂ ਲੋਕਾਂ ਦੀ ਨਸਲਕੁਸ਼ੀ ਬੰਦ ਕੀਤੀ ਜਾਵੇ ਅਤੇ ਫ਼ਲਸਤੀਨ ਉੱਪਰ ਫ਼ਲਸਤੀਨੀਂ ਲੋਕਾਂ ਦਾ ਵਾਹਦ ਹੱਕ ਸਵੀਕਾਰ ਕੀਤਾ ਜਾਵੇ। ਇਕ ਵਿਸ਼ੇਸ਼ ਮਤੇ ਰਾਹੀਂ ਪੰਜਾਬ ਸਰਕਾਰ ਵੱਲੋਂ ਕਿਸਾਨੀ ਦੇ ਅਤੇ ਹੋਰ ਹੱਕਾਂ ਸੰਘਰਸ਼ਾਂ ਪ੍ਰਤੀ ਜਾਬਰ ਵਤੀਰਾ ਅਤੇ ਦਰਦਨਾਕ ਸੜਕ ਹਾਦਸੇ ਵਿਚ ਸ਼ਹੀਦ ਤੇ ਜ਼ਖ਼ਮੀ ਹੋਏ ਕਿਸਾਨਾਂ ਪ੍ਰਤੀ ਸੰਵੇਦਨਹੀਣ ਰਵੱਈਆ ਅਖ਼ਤਿਆਰ ਕਰਨ ਦੀ ਸਖ਼ਤ ਸ਼ਬ ?ਦਾਂ ’ਚ ਨਿਖੇਧੀ ਕੀਤੀ ਗਈ ਅਤੇ ਮੰਗ ਕੀਤੀ ਗਈ ਕਿ ਪੀੜਤ ਪਰਿਵਾਰਾਂ ਨੂੰ ਢੁੱਕਵਾਂ ਮੁਆਵਜ਼ਾ ਅਤੇ ਨੌਕਰੀ ਦਿੱਤੀ ਜਾਵੇ ਅਤੇ ਜ਼ਖ਼ਮੀ ਕਿਸਾਨਾਂ ਦੇ ਇਲਾਜ ਪ੍ਰਤੀ ਬੇਪ੍ਰਵਾਹ ਵਤੀਰਾ ਬੰਦ ਕੀਤਾ ਜਾਵੇ।

ਇਸ ਮੌਕੇ ਜਮਹੂਰੀ ਅਧਿਕਾਰ ਸਭਾ ਪੰਜਾਬ, ਤਰਕਸ਼ੀਲ ਸੁਸਾਇਟੀ ਪੰਜਾਬ, ਪੰਜਾਬ ਲੋਕ ਸੱਭਿਆਚਾਰਕ ਮੰਚ, ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ), ਪੰਜਾਬ ਖੇਤ ਮਜ਼ਦੂਰ ਯੂਨੀਅਨ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ, ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ, ਦਲਿਤ ਅਤੇ ਮਜ਼ਦੂਰ ਮੁਕਤੀ ਮੋਰਚਾ, ਪੀਐੱਸਯੂ (ਸ਼ਹੀਦ ਰੰਧਾਵਾ), ਸਲਾਮ ਕਾਫ਼ਲਾ, ਸੁਰਖ਼ ਲੀਹ ਮੈਗਜ਼ੀਨ, ਅਦਾਰਾ ਸਰੋਕਾਰਾਂ ਦੀ ਆਵਾਜ਼ ਕੈਨੇਡਾ, ਗੁਰਸ਼ਰਨ ਸਿੰਘ ਵਿਰਸਾ ਸੰਭਾਲ ਕਮੇਟੀ ਅੰਮ੍ਰਿਤਸਰ, ਲੋਕ ਹਿਤੈਸ਼ੀ ਕਾਫ਼ਲਾ ਫ਼ਗਵਾੜਾ, ਬੇਰੋਜ਼ਗਾਰ ਸਾਂਝਾ ਮੋਰਚਾ ਪੰਜਾਬ; ਮਜ਼ਦੂਰ ਮੁਕਤੀ ਮੋਰਚਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਇਨਕਲਾਬੀ ਮਜ਼ਦੂਰ ਕੇਂਦਰ ਪੰਜਾਬ, ਪੰਜਾਬ ਕਿਸਾਨ ਯੂਨੀਅਨ, ਮਜ਼ਦੂਰ ਮੁਕਤੀ ਮੋਰਚਾ, ਪੈਨਸ਼ਨਰਜ਼ ਐਸੋਸੀਏਸ਼ਨ ਟੈਕਨੀਕਲ ਸਰਵਿਸਿਜ਼ ਯੂਨੀਅਨ ਮੋਰਿੰਡਾ, ਪੰਜਾਬ ਸਟੂਡੈਂਟਸ ਯੂਨੀਅਨ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ ਲੁਧਿਆਣਾ, ਮੁਕਤੀ ਸੰਗਰਾਮ ਮਜ਼ਦੂਰ ਮੰਚ, ਸਟੂਡੈਂਟਸ ਫਾਰ ਸੁਸਾਇਟੀ, ਇਨਕਲਾਬੀ ਜਮਹੂਰੀ ਫਰੰਟ ਪੰਜਾਬ (ਸੁਖਵੰਤ ਸਿੰਘ ਸੇਖੋਂ), ਕ੍ਰਾਂਤੀਕਾਰੀ ਸੱਭਿਆਚਾਰ ਕੇਂਦਰ ਪੰਜਾਬ, ਸ਼ਹੀਦੀ ਯਾਦਗਾਰ ਕਮੇਟੀ ਇਲਾਕਾ ਬੰਗਾ, ਪੰਜਾਬ ਜਮਹੂਰੀ ਮੋਰਚਾ, ਲੋਕ ਸੰਗਰਾਮ ਮੋਰਚਾ (RDF), ਇਨਕਲਾਬੀ ਕੇਂਦਰ ਪੰਜਾਬ, ਲੋਕ ਮੋਰਚਾ ਪੰਜਾਬ ਆਦਿ ਜਥੇਬੰਦੀਆਂ ਦੇ ਆਗੂ, ਕਾਰਕੁਨ, ਸੰਘਰਸਸ਼ੀਲ ਔਰਤਾਂ ਨਾਮਵਰ ਲੇਖਕ, ਪੱਤਰਕਾਰ, ਤਰਕਸ਼ੀਲ ਅਤੇ ਹੋਰ ਜਮਹੂਰੀ ਸ਼ਖਸੀਅਤਾਂ ਵੱਡੀ ਗਿਣਤੀ ’ਚ ਹਾਜ਼ਰ ਸਨ।



ਕਨਵੈਨਸ਼ਨ ਵਿਚ ਸ਼ਾਮਲ ਹੋ ਕੇ ਇਸ ਨੂੰ ਕਾਮਯਾਬ ਬਣਾਉਣ ਲਈ ਭਰਵਾਂ ਸਹਿਯੋਗ ਦਿੱਤਾ। ਫੋਰਮ ਅਗੇਂਸਟ ਕਾਰਪੋਰੇਟਾਈਜੇਸ਼ਨ ਐਂਡ ਮਿਲਟਰਾਈਜੇਸ਼ਨ, ਦਿੱਲੀ ਦੇ ਸਾਥੀ ਵਫ਼ਦ ਦੇ ਰੂਪ ’ਚ ਅਤੇ ਮੁੰਬਈ ਤੋਂ ਫਰੀ ਲਾਂਸ ਜਰਨਲਿਸਟ ਹਰਸ਼ ਠਾਕੁਰ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋਏ। ਫਰੰਟ ਦੀ ਸੂਬਾ ਕਮੇਟੀ ਦੀ ਤਰਫ਼ੋਂ ਪ੍ਰੋਫੈਸਰ ਏ.ਕੇ. ਮਲੇਰੀ ਵੱਲੋਂ ਵੱਡੀ ਗਿਣਤੀ ਵਿਚ ਜੁੜੀਆਂ ਸੰਸਥਾਵਾਂ ਅਤੇ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਨਾਅਰਿਆਂ ਦੀ ਗੂੰਜ ਵਿੱਚ ਸੰਪਨ ਹੋਏ ਸਮਾਗਮ ਨੇ ਭਵਿੱਖ ਵਿਚ ਵਿਸ਼ਾਲ ਲੋਕ ਲਹਿਰ ਖੜ੍ਹੀ ਕਰਨ ਅਤੇ ਫਰੰਟ ਦੀ ਮਜ਼ਬੂਤੀ ਲਈ ਅਥਾਹ ਤਾਣ ਲਾਉਣ ਦਾ ਅਹਿਦ ਲਿਆ।

# ਕੈਨੇਡੀਅਨ ਕਲਚਰਲ ਸੋਸਾਇਟੀ, ਓਂਟਾਰੀਓ ਨੇ ਮਨਾਇਆ ਲੋਹੜੀ ਦਾ ਤਿਓਹਾਰ

ਬਰੈਂਪਟਨ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਕੈਨੇਡੀਅਨ ਪੰਜਾਬੀ ਕਲਚਰਲ ਸੋਸਾਇਟੀ, ਓਂਟਾਰੀਓ ਦੇ ਮੈਂਬਰਾਂ ਵੱਲੋਂ ਲ਼ੋਹੜੀ ਦਾ ਤਿਓਹਾਰ ਮਨਾਇਆ ਗਿਆ ਅਤੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੀ ਸ਼ਹਾਦਤ ਦੇ ਪ੍ਰੋਗਰਾਮ ਲਈ ਦੂਸਰੀਆਂ ਅਗਾਂਹਵਧੂ ਸੰਗਠਨਾਂ ਨਾਲ ਤਾਲਮੇਲ ਬਣਾਉਣ ਦਾ ਫ਼ੈਸਲਾ ਲਿਆ ਗਿਆ। ਇਸ ਸਮੇਂ ਸੁਸਾਇਟੀ ਦੇ ਕਨਵੀਨਰ ਡਾ: ਹਰਦੀਪ ਸਿੰਘ ਅਟਵਾਲ, ਸਰਪ੍ਰਸਤ ਨਛੱਤਰ ਸਿੰਘ ਬਦੇਸ਼ਾ ਤੋਂ ਇਲਾਵਾ ਕਾਰਜਕਾਰੀ ਕਮੇਟੀ ਦੇ ਮੈਂਬਰ ਰਮਨਜੀਤ ਕਪੂਰ, ਅਮਨਦੀਪ ਕੌਰ ਸਿੱਧੂ, ਸਮਰੀਤ ਕੌਰ ਅਟਵਾਲ, ਰਮਨਦੀਪ ਸਿੰਘ ਹੇਅਰ, ਮਨਦੀਪ ਸਿੰਘ ਬਦੇਸ਼ਾ, ਹਰਜੀਤ ਸਿੰਘ ਬਰਾੜ ਤੋਂ ਇਲਾਵਾ ਹੋਰ ਮੈਂਬਰ ਵੀ ਸ਼ਾਮਲ ਸਨ ।

ਪੰਜਾਬੀ ਕਲਚਰ ਵਿੱਚ ਲੋਹੜੀ ਦੇ ਤਿਓਹਾਰ ਦੀ ਮਹੱਤਤਾ ਅਤੇ ਇਸ ਦੇ ਚੰਗੇ ਮਾੜੇ ਪੱਖਾਂ ਨੂੰ ਦੀ ਚਰਚਾ ਕੀਤੀ ਗਈ। ਇਹ ਚਰਚਾ ਵੀ ਕੀਤੀ ਗਈ ਕਿ ਇਸ ਪ੍ਰਥਾ ਵਿੱਚ ਸਿਰਫ਼ ਮੁੰਡੇ ਨੂੰ ਹੀ ਨਹੀਂ ਸਗੋਂ ਕੁੜੀ ਨੂੰ ਵੀ ਬਰਾਬਰੀ ਦੇ ਆਧਾਰ ਤ ਰੱਖਣ ਦੀ ਜ਼ਰੂਰਤ ਤੇ ਲੋਕਾਂ ਵਿੱਚ ਸੁਨੇਹਾ ਲੈਕੇ ਜਾਣ ਦਾ ਫੈਸਲਾ ਕੀਤਾ ਗਿਆ। ਇਸ ਸਮੇਂ ਡਾ: ਹਰਦੀਪ ਸਿੰਘ ਨੇ ਇਸ ਤਿਓਹਾਰ ਬਾਰੇ ਦੱਸਿਆ ਕਿ ਪਿਛਲੇ ਸਮੇਂ ਤੋਂ ਭਾਰਤ ਵਿੱਚ ਲੋਹੜੀ ਦੇ ਤਿਉਹਾਰ ਦੀ ਪ੍ਰਥਾ ਸਦੀਆਂ ਤੋਂ ਚਲੀ ਆ ਰਿਹਾ ਹੈ ਪਰ ਇਸ ਤੇ ਸਾਡੇ ਸਮਾਜ ਦੀ ਮਰਦ ਪ੍ਰਧਾਨ ਪ੍ਰਥਾ ਦਾ ਪ੍ਰਛਾਵਾਂ ਰਿਹਾ ਹੈ। ਇਸ ਵੇਲੇ ਘਰ ਘਰ ਜਾ ਕੇ ਲੋਹੜੀ ਮੰਗਣਾ ਤੇ ਗੀਤਾਂ ਰਾਹੀਂ ਨਵ-ਜਨਮੇ ਮੁੰਡੇ ਲਈ ਖੁਸ਼ੀ ਮਨਾਈ ਜਾਂਦੀ ਸੀ, ਜਦੋਂਕਿ ਕੁੜੀ ਦੇ ਜਨਮ ਨੂੰ ਸਾਧਾਰਣ ਤਰੀਕੇ ਨਾਲ ਮਨਾਉਣ ਤੋਂ ਵੀ ਕਿਨਾਰਾ ਕਰ ਲਿਆ ਜਾਂਦਾ ਸੀ। ਪਿਛਲੇ ਸਮੇਂ ਤੋਂ ਸਮਾਜਸੇਵੀ ਸੰਗਠਨਾਂ ਰਾਹੀਂ ਕੀਤੇ ਗਏ ਸੁਧਾਰ ਯਤਨਾਂ ਕਰਕੇ, ਅਜੋਕੇ ਦੌਰ ਵਿੱਚ ਨਵੇਂ ਜਨਮੇ ਮੁੰਡੇ ਅਤੇ ਕੁੜੀ ਲਈ ਬਰਾਬਰੀ ਦਾ ਚਲਣ ਸ਼ੁਰੂ ਹੋ ਗਿਆ ਹੈ, ਪਰ ਅਜੇ ਵੀ ਪੁਰਾਣੀ ਧਾਰਨਾ ਲੋਕਾਂ ਦੇ ਦਿਮਾਗਾਂ ਦਾ ਹਿੱਸਾ ਬਣੀ ਹੋਈ ਹੈ, ਇਸ ਦੇ ਸੁਧਾਰ ਲਈ ਯਤਨ ਜ਼ਾਰੀ ਰੱਖਣ ਦੀ ਲੋੜ ਹੈ।

ਸਰਪ੍ਰਸਤ ਨਛੱਤਰ ਸਿੰਘ ਬਦੇਸ਼ਾ ਨੇ ਸੱਦਾ ਦਿੱਤਾ ਕਿ ਜੇਕਰ ਅਸੀਂ ਸੱਚੀ-ਮੁੱਚੀ ਲਿੰਗ ਅਨੁਪਾਤ ਦੇ ਪਾੜੇ ਨੂੰ ਘਟਾ ਕੇ ਸਮਾਜਿਕ ਸਮਾਨਤਾ ਵੱਲ ਲਿਜਾਣਾ ਚਾਹੁੰਦੇ ਹਾਂ ਤਾਂ ਵਿਗਿਆਨਕ ਵਿਚਾਰਾਂ ਨੂੰ ਅਪਣਾ ਕੇ ਤਰਕ ਨਾਲ ਤਿਉਹਾਰਾਂ ਉਤੇ ਮਰਦ ਪ੍ਰਧਾਨ ਸਮਾਜ ਵਲੋਂ ਬਣਾਈ ਅਜਾਰੇਦਾਰੀ ਤੋੜਣੀ ਹੋਵੇਗੀ ਤੇ ਇਸ ਦਾ ਹੱਲ ਲੋਕ ਚੇਤਨਾ ਹੈ। ਦਾਜ, ਘਰੇਲੂ




ਹਿੰਸਾ, ਅਣਸੁਖਾਵਾਂ ਮਾਹੌਲ ਤੇ ਲਿੰਗ ਨਿਰਧਾਰਨ ਟੈਸਟ ਵਰਗੀਆਂ ਅਲਾਮਤਾ ਤੇ ਨਕੇਲ ਕੱਸਣੀ ਪਵੇਗੀ ਤੇ ਅਜਿਹੀ ਸਮਾਜਿਕ ਚੇਤਨਾ ਪੈਦਾ ਕੀਤੀ ਜਾਵੇ ਤਾਂ ਕਿ ਪੰਜਾਬੀ ਲੋਕਾਂ ਨੂੰ ‘ਕੁੜੀਮਾਰ’ ਵਰਗੇ ਦੋਸ਼ਾਂ ਤੋਂ ਮੁਕਤ ਕੀਤਾ ਜਾ ਸਕੇ। ਇਸ ਸਮੇਂ ਕੈਨੇਡੀਅਨ ਕਲਚਰਲ ਸੁਸਾਇਟੀ ਵੱਲੋਂ ਪਿਛਲੇ ਸਾਲ ਦੇ ਕਾਰਜਾਂ ਦੀ ਪੜਚੋਲ ਕੀਤੀ ਗਈ। ਸਾਲ 2025 ਲਈ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦੀ ਰੂਪਰੇਖਾ ਵੀ ਤਿਆਰ ਕੀਤੀ ਗਈ। ਆਉਣ ਵਾਲੇ ਸਮੇਂ ਅੰਦਰ, ਮਾਰਚ ਵਿੱਚ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਸ਼ਹੀਦੀ ਪ੍ਰੋਗਰਾਮ ਲਈ ਦੂਸਰੀਆਂ ਅਗਾਂਹਵਧੂ ਸੰਗਠਨਾਂ ਨਾਲ ਤਾਲਮੇਲ ਬਣਾਉਣ ਦਾ ਫ਼ੈਸਲਾ ਲਿਆ ਗਿਆ।

# ਜੰਗਬੰਦੀ : ਫ਼ਲਸਤੀਨੀਂ ਸਿਰੜ ਦੀ ਗਵਾਹ, ਗਾਜ਼ਾ ਦੀ ਮੁੜ-ਉਸਾਰੀ

ਹਮਾਸ ਅਤੇ ਇਜ਼ਰਾਇਲ ਦਰਮਿਆਨ ਜੰਗਬੰਦੀ ਸਮਝੌਤਾ ਬਿਨਾਂ ਸ਼ੱਕ ਰਾਹਤ ਦੇਣ ਵਾਲਾ ਹੈ ਪਰ ਸਮਝੌਤੇ ਨੂੰ ਲਾਗੂ ਕਰਨ ਦਾ ਅਮਲ ਤੌਖਲਿਆਂ ਤੇ ਸਵਾਲਾਂ 'ਚ ਘਿਰਿਆ ਹੋਇਆ ਹੈ। 6 ਹਫ਼ਤੇ ਦਾ ਪਹਿਲਾ ਪੜਾਅ ਹਮਾਸ ਵੱਲੋਂ ਬੰਦੀ ਬਣਾਏ 33 ਬੰਦੀਆਂ ਅਤੇ ਇਜ਼ਰਾਇਲ ਵੱਲੋਂ ਜੇਲ੍ਹਾਂ ਵਿਚ ਡੱਕੇ 1000 ਫ਼ਲਸਤੀਨੀਆਂ ਦੀ ਰਿਹਾਈ ਦਾ ਹੈ ਜਦਕਿ ਦੂਜੇ ਅਤੇ ਤੀਜੇ ਪੜਾਵਾਂ 'ਚ ਜੰਗਬੰਦੀ ਨੂੰ ਵਧਾ ਕੇ ਗਾਜ਼ਾ 'ਚੋਂ ਸਾਰੀਆਂ ਇਜ਼ਰਾਇਲੀ ਫ਼ੌਜਾਂ ਵਾਪਸ ਬੁਲਾਈਆਂ ਜਾਣੀਆਂ ਹਨ ਅਤੇ ਗਾਜ਼ਾ ਪੱਟੀ ਦੀ ਮੁੜ-ਉਸਾਰੀ ਕੀਤੀ ਜਾਣੀ ਹੈ। ਸ਼ੁਰੂਆਤ ਵਜੋਂ ਹਮਾਸ ਨੇ ਤਿੰਨ ਇਜ਼ਰਾਇਲੀ ਬੰਦੀ ਅਤੇ ਇਜ਼ਰਾਇਲੀ ਹਕੂਮਤ ਨੇ 90 ਫ਼ਲਸਤੀਨੀਂ ਰਿਹਾਅ ਕਰ ਦਿੱਤੇ ਹਨ, ਜਿਨ੍ਹਾਂ ਵਿਚ ਮੁੱਖ ਤੌਰ 'ਤੇ ਔਰਤਾਂ ਅਤੇ ਨਬਾਲਗ ਬੱਚੇ ਹਨ। ਇਸ ਦੌਰਾਨ ਇਜ਼ਰਾਇਲ ਨੇ ਪੱਛਮੀ ਕੰਢੇ ਉਪਰ ਹਮਲੇ ਤੇਜ਼ ਕਰ ਦਿੱਤੇ ਹਨ। ਨਾਲ ਹੀ, ਇੱਥੇ ਧੱਕੇ ਨਾਲ ਵਸਾਏ ਇਜ਼ਰਾਇਲੀਆਂ ਵੱਲੋਂ ਫ਼ਲਸਤੀਨੀਂ ਪਿੰਡਾਂ ਉੱਪਰ ਹਮਲੇ ਕਰਨ ਦੀਆਂ ਰਿਪੋਰਟਾਂ ਵੀ ਆਈਆਂ ਹਨ ਜੋ ਫ਼ਲਸਤੀਨੀ ਕੈਦੀਆਂ ਨੂੰ ਰਿਹਾਅ ਕੀਤੇ ਜਾਣ ਤੋਂ ਖ਼ਫ਼ਾ ਹਨ।

ਇਹ ਸਮਝੌਤਾ ਨੇਤਨਯਾਹੂ ਲਈ ਥੁੱਕ ਕੇ ਚੱਟਣ ਬਰਾਬਰ ਹੈ ਜੋ ਐਲਾਨ ਕਰਦਾ ਰਿਹਾ ਹੈ ਕਿ 'ਜੰਗ ਤੋਂ ਬਾਅਦ ਵੀ ਗਾਜ਼ਾ ਦੀ ਸਕਿਊਰਿਟੀ ਉੱਪਰ ਸਾਡਾ ਕੰਟਰੋਲ ਰਹੇਗਾ'। ਕੀ ਇਜ਼ਰਾਇਲੀ ਨਸਲਵਾਦੀ ਰਾਜ ਆਪਣੀਆਂ ਪਸਾਰਵਾਦੀ ਯੋਜਨਾਵਾਂ ਤਿਆਗ ਦੇਵੇਗਾ, ਜਾਂ ਇਹ ਸਿਰਫ਼ ਕੌਮਾਂਤਰੀ ਦਬਾਅ ਹੇਠ ਅਤੇ ਅਮਰੀਕਾ ਦੀਆਂ ਗਿਣਤੀਆਂ-ਮਿਣਤੀਆਂ ਤਹਿਤ ਪਿੱਛੇ ਹਟਣ ਲਈ ਮਜਬੂਰ ਹੋਇਆ ਹੈ? ਕੀ ਇਜ਼ਰਾਇਲੀ-ਅਮਰੀਕੀ ਗੱਠਜੋੜ ਤਿੰਨ ਪੜਾਵੀ ਸਮਝੌਤੇ ਦੇ ਮੁੱਖ ਪੱਖ ਇਜ਼ਰਾਇਲੀ ਫ਼ੌਜਾਂ ਦੀ ਵਾਪਸੀ ਨੂੰ ਗੰਭੀਰਤਾ ਨਾਲ ਲਾਗੂ ਕਰੇਗਾ? ਕੀ ਇਹ ਸਮਝੌਤਾ ਫ਼ਲਸਤੀਨੀਂ ਲੋਕਾਂ ਨੂੰ



ਇਜ਼ਰਾਇਲ-ਅਮਰੀਕਾ ਗੱਠਜੋੜ ਵੱਲੋਂ ਥੋਪੀ ਬੇਹੱਦ ਕਰੂਰ ਨਸਲਕੁਸ਼ੀ ਤੋਂ ਨਿਜ਼ਾਤ ਦਿਵਾ ਸਕੇਗਾ ਜਾਂ ਇਹ ਮਹਿਜ਼ ਵਕਤੀ ਰਾਹਤ ਬਣਕੇ ਰਹਿ ਜਾਵੇਗਾ? ਕੀ ਹੁਣ ਨੇਤਨਯਾਹੂ ਸਰਕਾਰ ਮੁਕੰਮਲ ਸਮਝੌਤੇ ਨੂੰ ਲਾਗੂ ਕਰਨ ਦੀ ਪਾਬੰਦ ਰਹੇਗੀ ਜਾਂ ਇਹ ਪਹਿਲਾ ਪੜਾਅ ਮੁਕੰਮਲ ਹੋਣ 'ਤੇ ਮੁੜ ਜੰਗ ਵਿੱਢ ਦੇਵੇਗੀ, ਜਿਵੇਂ ਨੇਤਨਯਾਹੂ ਵਜ਼ਾਰਤ ਦੇ ਘੋਰ ਨਸਲਵਾਦੀ ਪਹਿਲਾਂ ਹੀ ਕਹਿ ਰਹੇ ਹਨ? ਜੰਗਬੰਦੀ ਸਮਝੌਤੇ ਤੋਂ ਨਾਰਾਜ਼ ਇਕ ਇਜ਼ਰਾਇਲੀ ਮੰਤਰੀ ਦੇ ਅਸਤੀਫ਼ੇ ਅਤੇ ਦੂਜੇ ਦੀ ਧਮਕੀ ਦਰਮਿਆਨ ਨੇਤਨਯਾਹੂ ਵੱਲੋਂ ਉਨ੍ਹਾਂ ਨੂੰ ਇਹ ਯਕੀਨ ਦਿਵਾਉਣ ਦੀਆਂ ਰਿਪੋਰਟਾਂ ਵੀ ਆਈਆਂ ਹਨ ਕਿ ਜੰਗਬੰਦੀ ਵਕਤੀ ਹੈ ਅਤੇ ਛੇਤੀ ਹੀ ਜੰਗ ਮੁੜ ਸ਼ੁਰੂ ਕਰ ਦਿੱਤੀ ਜਾਵੇਗੀ। ਹਾਲੀਆ ਸਮਝੌਤੇ ਤੋਂ ਪਾਰ ਸਭ ਤੋਂ ਵੱਡਾ ਸਵਾਲ ਫ਼ਲਸਤੀਨੀਂ ਸਰਜ਼ਮੀਨ ਉੱਪਰ ਫ਼ਲਸਤੀਨੀ ਲੋਕਾਂ ਦੇ ਵਾਹਦ ਹੱਕ ਨੂੰ ਤਸਲੀਮ ਕਰਨ, ਇਜ਼ਰਾਇਲੀ ਧਾੜਵੀ ਕਬਜ਼ੇ ਦੇ ਖ਼ਾਤਮੇ ਅਤੇ ਫ਼ਲਸਤੀਨ ਦੀ ਮੁਕਤੀ ਦਾ ਹੈ।

ਲਗਾਤਾਰ ਪੰਦਰਾਂ ਮਹੀਨੇ ਗਾਜ਼ਾ ਪੱਟੀ ਵਿਚ ਇਸ ਭਿਆਨਕ ਤਬਾਹੀ ਅਤੇ ਨਸਲਕੁਸ਼ੀ ਨੂੰ ਅੰਜਾਮ ਦੇਣ 'ਚ ਪੱਛਮੀ ਸਾਮਰਾਜੀ ਗੁੱਟ ਦੀ ਫ਼ੈਸਲਾਕੁੰਨ ਭੂਮਿਕਾ ਰਹੀ ਹੈ ਜਿਨ੍ਹਾਂ ਦੇ ਮੱਧ ਪੂਰਬ ਵਿਚ ਧਾੜਵੀ ਹਿਤ ਹਨ। ਜੰਗਬੰਦੀ ਕਈ ਮਹੀਨੇ ਪਹਿਲਾਂ ਹੋ ਸਕਦੀ ਸੀ ਪਰ ਅਮਰੀਕਾ ਦੀ ਮਿਲੀਭੁਗਤ ਨੇ ਇਜ਼ਰਾਇਲ ਨੂੰ ਵੱਧ ਤੋਂ ਵੱਧ ਤਬਾਹੀ ਕਰਨ ਦਾ ਮੌਕਾ ਦਿੱਤਾ। ਮੱਧ ਪੂਰਬ ਅੰਦਰਲੇ ਰਾਜਨੀਤਕ ਘਟਨਾਕ੍ਰਮ ਨੂੰ ਉਹ ਆਪਣੀ ਭੂਗੋਲਿਕ-ਰਾਜਨੀਤਕ ਹਿਤ ਪੂਰਤੀ ਲਈ ਬਖ਼ੂਬੀ ਮੈਨੇਜ ਕਰ ਰਹੇ ਹਨ ਅਤੇ ਅੜਿੱਕਾ ਬਣਨ ਵਾਲੀਆਂ ਤਾਕਤਾਂ ਤੇ ਹੁਕਮਰਾਨਾਂ ਦਾ ਵੱਧ ਤੋਂ ਵੱਧ ਸਫ਼ਾਇਆ ਕਰ ਦੇਣ ਲਈ ਯਤਨਸ਼ੀਲ ਹਨ। ਟਰੰਪ ਦੀ ਰਾਸ਼ਟਰਪਤੀ ਵਜੋਂ ਤਾਜਪੋਸ਼ੀ ਅਤੇ ਸਮਝੌਤਾ ਲਾਗੂ ਕਰਨ ਲਈ ਤੈਅ ਕੀਤੀ ਤਰੀਕ, 19 ਜਨਵਰੀ, ਦਾ ਮੌਕਾਮੇਲ ਇਤਫ਼ਾਕੀਆ ਨਹੀਂ ਹੈ। ਰਾਜਨੀਤਕ ਡਰਾਮੇਬਾਜ਼ ਟਰੰਪ ਨੇ ਇਸ ਮੌਕੇ ਨੂੰ ਵੀ ਬੇਸ਼ਰਮੀਂ ਨਾਲ ਰਾਜਨੀਤਕ ਲਾਹਾ ਲੈਣ ਲਈ ਵਰਤਿਆ ਹੈ। ਉਹ ਇਹ ਪ੍ਰਭਾਵ ਦੇਣਾ ਚਾਹੁੰਦਾ ਹੈ ਕਿ ਜੰਗਬੰਦੀ ਉਸੇ ਨੇ ਕਰਾਈ ਹੈ।

ਪਿਛਲੇ 15 ਮਹੀਨਿਆਂ ਤੋਂ ਗਾਜ਼ਾ ਪੱਟੀ ਦੇ 23 ਲੱਖ ਲੋਕ ਜਿਸ ਤਰ੍ਹਾਂ ਦਿਨ-ਰਾਤ ਲਗਾਤਾਰ ਬੰਬਾਰੀ, ਕਤਲੇਆਮ, ਜੇਲ੍ਹ ਜ਼ੁਲਮਾਂ, ਬਿਨਾਂ ਇਲਾਜ ਮੌਤਾਂ, ਭੁੱਖਮਰੀ ਤੇ ਬੀਮਾਰੀਆਂ ਸਮੇਤ ਭਿਆਨਕ ਤਬਾਹੀ ਦਾ ਸਾਹਮਣਾ ਕਰ ਰਹੇ ਹਨ, ਗਾਜ਼ਾ ਤੋਂ ਬਾਹਰ ਉਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪੂਰੀ ਵਸੋਂ ਵਾਰ-ਵਾਰ ਉਜਾੜੀ ਗਈ ਹੈ। ਘੱਟੋਘੱਟ 47000 ਲੋਕ ਮਾਰੇ ਗਏ ਹਨ ਅਤੇ 1,10000 ਤੋਂ ਵੱਧ ਜ਼ਖ਼ਮੀ ਹਨ ਜਦਕਿ ਅਸਲ ਗਿਣਤੀ ਅੰਕੜਿਆਂ ਤੋਂ ਕਿਤੇ ਜ਼ਿਆਦਾ ਹੈ। ਚੌਥਾ ਹਿੱਸਾ ਜ਼ਖ਼ਮੀ ਸਹਿਜ ਜ਼ਿੰਦਗੀ ਨਹੀਂ ਜੀ ਸਕਣਗੇ। ਘਰ, ਹਸਪਤਾਲ, ਸਕੂਲ, ਯੂਨੀਵਰਸਿਟੀਆਂ, ਲਾਇਬ੍ਰੇਰੀਆਂ, ਮਸਜਿਦਾਂ, ਚਰਚ, ਕਮਿਊਨਿਟੀ ਸੈਂਟਰ ਸਭ ਕੁਝ ਤਬਾਹ ਕਰ ਦਿੱਤਾ ਗਿਆ ਹੈ। 36 ਹਸਪਤਾਲਾਂ 'ਚੋਂ ਸਿਰਫ਼ ਅੱਧੇ ਹੀ ਕੁਝ ਕੰਮ ਰਹੇ ਹਨ। ਗਾਜ਼ਾ ਪੱਟੀ ਮਲ਼ਬੇ ਦਾ ਢੇਰ ਬਣਾ ਦਿੱਤੀ ਗਈ ਹੈ। ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਦੀ ਵਿਵਸਥਾ ਲੱਗਭੱਗ ਤਬਾਹ ਹੋ ਚੁੱਕੀ ਹੈ। ਬਾਰੂਦ ਦੀ ਵਾਛੜ ਨੇ ਪੌਣਪਾਣੀ ਅਤੇ ਮਿੱਟੀ ਰਹਿਣ ਦੇ ਕਾਬਲ ਨਹੀਂ ਛੱਡੇ। ਇਜ਼ਰਾਇਲੀ ਹਮਲੇ ਫ਼ਲਸਤੀਨੀਆਂ ਦੀਆਂ ਜਾਨਾਂ ਅਜੇ ਵੀ ਲੈ ਰਹੇ ਹਨ। ਸ਼ਰਣਾਰਥੀ ਕੈਂਪਾਂ ਦੇ ਟੈਂਟ ਵਰਤਣ ਯੋਗ ਨਹੀਂ ਰਹੇ। ਤਬਾਹ ਹੋਈਆਂ ਇਮਾਰਤਾਂ ਦੇ ਮਲਬੇ ਨੂੰ ਹਟਾਉਣਾ ਵੀ ਵੱਡਾ ਮਸਲਾ ਹੈ। ਕਾਲ ਪੈਣ ਵਰਗੇ ਹਾਲਾਤ 'ਚ ਰਸਦ ਦੀ ਸਪਲਾਈ ਅਤੇ ਬੁਨਿਆਦੀ ਢਾਂਚੇ ਦੀ ਲੱਗਭੱਗ ਅਣਹੋਂਦ 'ਚ ਗਾਜ਼ਾ ਵਾਸੀ ਵਾਪਸ ਆ ਕੇ ਮੁੜ-ਵਸੇਬਾ ਕਿਵੇਂ ਕਰਨਗੇ, ਇਹ ਸਭ ਤੋਂ ਵੱਡਾ ਸਵਾਲ ਹੈ।

ਸਮਝੌਤੇ ਦੇ ਭਵਿੱਖ ਬਾਰੇ ਯਕੀਨ ਨਾਲ ਕੁਝ ਵੀ ਕਹਿਣਾ ਮੁਸ਼ਕਲ ਹੈ, ਪਰ ਸਮਝੌਤੇ 'ਚ ਹਮਾਸ ਨੂੰ ਧਿਰ ਮੰਨਣ ਲਈ ਮਜਬੂਰ ਹੋਣਾ ਨੇਤਨਯਾਹੂ ਦੇ ਨਸਲਵਾਦੀ ਮਨਸੂਬਿਆਂ ਦੀ ਸਪਸ਼ਟ ਹਾਰ ਹੈ ਜੋ ਹਮਾਸ ਦੇ ਮੁਕੰਮਲ ਸਫ਼ਾਏ ਤੋਂ ਬਾਅਦ ਹੀ ਜੰਗ ਰੋਕਣ ਦੇ ਦਮਗੱਜੇ ਮਾਰ ਰਿਹਾ ਸੀ। ਗਾਜ਼ਾ ਦੇ ਲੋਕਾਂ ਦੇ ਸਿਰੜ, ਸਿਦਕ ਤੇ ਲੜਾਕੂ ਜਜ਼ਬੇ ਨੇ ਇਕ ਵਾਰ ਫਿਰ ਸਿੱਧ ਕਰ ਦਿਖਾਇਆ ਹੈ ਕਿ ਕਰੂਰ ਤੋਂ ਕਰੂਰ ਨਸਲਕੁਸ਼ੀ ਵੀ ਮਨੁੱਖ ਦੀ ਆਜ਼ਾਦੀ ਦੀ ਰੀਝ ਨੂੰ ਖ਼ਤਮ ਨਹੀਂ ਕਰ ਸਕਦੀ। ਫ਼ਲਸਤੀਨੀਆਂ ਦਾ ਜੁਝਾਰੂ ਜਜ਼ਬਾ ਜ਼ਿੰਦਾਬਾਦ!

# ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਚਾਰਦੀਵਾਰੀ ਦਾ ਕੰਮ ਮੁੜ ਸ਼ੁਰੂ


ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) : ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਜੋ ਚਾਰ ਦਿਵਾਰੀ ਦਾ ਕੰਮ ਅਧੂਰਾ ਰਹਿੰਦਾ ਸੀ, ਉਸਨੂੰ ਪੂਰਾ ਕਰਨ ਲਈ ਅੱਜ ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟਰਸਟ ਦੇ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਦੀ ਅਗਵਾਈ ਵਿੱਚ ਸ਼ੁਰੂਆਤ ਕੀਤੀ ਗਈ। ਟਰਸਟ ਦੇ ਜਨਰਲ ਸਕੱਤਰ ਜਸਵੰਤ ਜ਼ੀਰਖ ਨੇ ਦੱਸਿਆ ਕਿ ਇਸ ਸਮੇਂ ਕੈਨੇਡਾ ਤੋਂ ਛਪਦੇ ਮੈਗਜ਼ੀਨ 'ਸਰੋਕਾਰਾਂ ਦੀ ਆਵਾਜ਼' ਦੇ ਸਬ ਅਡੀਟਰ ਮਾ. ਭਜਨ ਸਿੰਘ, ਸ਼ਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਲੁਧਿਆਣਾ ਦੇ ਪ੍ਰਧਾਨ ਐਡਵੋਕੇਟ





ਹਰਪ੍ਰੀਤ ਜ਼ੀਰਖ, ਸਕੱਤਰ ਰਾਕੇਸ਼ ਆਜ਼ਾਦ, ਮੈਂਬਰਾਂ ਪ੍ਰਤਾਪ ਸਿੰਘ, ਜਗਜੀਤ ਸਿੰਘ, ਰਜੀਵ ਕੁਮਾਰ, ਮਾਨ ਸਿੰਘ, ਮਹੇਸ਼ ਕੁਮਾਰ ਸਮੇਤ ਤਰਕਸ਼ੀਲ ਸੁਸਾਇਟੀ ਦੇ ਲੁਧਿਆਣਾ ਇਕਾਈ ਮੁੱਖੀ ਬਲਵਿੰਦਰ ਸਿੰਘ, ਮਾ. ਜਰਨੈਲ ਸਿੰਘ ਅਤੇ ਮਾ. ਸੁਰਜੀਤ ਸਿੰਘ ਵੱਲੋਂ ਸਹਿਯੋਗ ਦੇ ਕੇ ਇਸ ਨੂੰ ਪੂਰਾ ਕਰਨ ਲਈ ਬਣਦੀ ਭੂਮਿਕਾ ਨਿਭਾਈ। ਯਾਦ ਰਹੇ ਕਿ ਇਸ ਯਾਦਗਾਰ ਨੂੰ ਗਦਰੀ ਸ਼ਹੀਦਾਂ ਵੱਲੋਂ ਕਾਲੇ ਪਾਣੀਆਂ ਦੀ ਸੈਲੂਲਰ ਜੇਲ੍ਹ ਦੇ ਰੂਪ ਵਿੱਚ ਗਦਰੀ ਬਾਬਿਆਂ, ਭਗਤ- ਸਰਾਭਿਆਂ ਦੀਆਂ ਕੁਰਬਾਨੀਆਂ ਨੂੰ ਲੋਕਾਂ ਵਿੱਚ ਪ੍ਰਚਾਰਨ ਹਿੱਤ ਵਿਕਸਤ ਕੀਤਾ ਜਾ ਰਿਹਾ ਹੈ। ਉਹਨਾਂ ਵੱਲੋਂ ਅੰਗਰੇਜ਼ਾਂ ਦੇ ਜਬਰ ਸਹਿੰਦਿਆਂ ਦਿੱਤੀਆਂ ਕੁਰਬਾਨੀਆਂ ਨੂੰ ਪੇਂਟਿੰਗਾਂ ਦੇ ਰੂਪ ਵਿੱਚ ਦਰਸਾਉਂਦਾ ਮਿਉਜੀਅਮ ਤਿਆਰ ਕੀਤਾ ਜਾ ਰਿਹਾ ਹੈ। ਗਦਰੀ ਸ਼ਹੀਦਾਂ ਨੇ ਧਰਮਾਂ ਦੇ ਵਖਰੇਵਿਆਂ ਤੋਂ ਉਪਰ ਉਠਕੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਆਪਣਾ ਖ਼ੂਨ ਵਹਾਇਆ, ਪਰ ਅੱਜ ਦੇ ਸਿਆਸਤਦਾਨ ਮਨੁੱਖਤਾ ਨੂੰ ਧਰਮਾਂ ਵਿੱਚ ਵੰਡਣ ਦੀ ਰਾਜਨੀਤੀ ਰਾਹੀਂ ਗਦਰੀ ਸ਼ਹੀਦਾਂ ਅਤੇ ਦੇਸ਼ ਵਿਰੋਧੀ ਕਾਰਨਾਮੇ ਕਰ ਰਹੇ ਹਨ, ਜਿਹਨਾਂ ਤੋਂ ਲੋਕਾਂ ਨੂੰ ਸੁਚੇਤ ਕਰਨਾ ਬਹੁਤ ਜ਼ਰੂਰੀ ਹੈ। ਪ੍ਰੋ. ਜਗਮੋਹਨ ਸਿੰਘ ਵੱਲੋਂ ਇਸ ਮੰਤਵ ਨੂੰ ਪੂਰਾ ਕਰਨ ਹਿੱਤ ਦੇਸ਼ ਵਿਦੇਸ਼ ਵਿੱਚ ਵਸਦੇ ਦੇਸ਼ ਵਾਸੀਆਂ ਨੂੰ ਇਸ ਲੋਕ ਹਿਤੈਸੀ ਕੰਮ ਨੂੰ ਪੂਰਾ ਕਰਨ ਲਈ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ।

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom
ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ
ਟਾਇਲਾਂ, ਮਾਰਬਲ ਲਗਵਾਉਣ ਅਤੇ
ਤਸੱਲੀਬਖਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ
Sharmanjot22@gmail.com




Harmanjot Dhudike
403-975-0006






Universal Health
It's all about "U"
PHARMACY
Compounding & Home Health Care
Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne,
Calgary, AB T3J 4C5
Email : vvakil@universalhealthcentre.com
www.universalhealthcentre.com



# ਕੈਨੇਡਾ ਦੇ ਖੇਤ-ਕਾਮਿਆਂ ਦੇ ਸੰਘਰਸ਼ ਵਿੱਚ, ਪੰਜਾਬੀਆਂ ਵੱਲੋਂ ਪਾਇਆ ਯੋਗਦਾਨ




ਡਾ. ਪਰਮਜੀਤ ਸਿੰਘ +16474683380
ਡਾ. ਪਰਗਟ ਸਿੰਘ +919417862967



*ਕਈ ਸਾਲਾਂ ਦੇ ਲੰਮੇ ਸੰਘਰਸ਼ ਤੋਂ ਬਾਅਦ ਕੈਨੇਡੀਅਨ ਖੇਤ ਮਜ਼ਦੂਰ ਸੰਗਠਨ ਖੇਤ ਕਾਮਿਆਂ ਦੀਆਂ ਹੱਕੀ ਮੰਗਾਂ ਮਨਵਾਉਣ ਲਈ ਅਹਿਮ ਭੂਮਿਕਾ ਨਿਭਾਉਂਦਾ ਰਿਹਾ, ਉਸਨੇ ਕਈ ਫੈਸਲਾਕੁੰਨ ਜਿੱਤਾਂ ਪ੍ਰਾਪਤ ਕੀਤੀਆਂ । ਇਹਨਾਂ ਜਿੱਤਾਂ ਵਿੱਚ ਜ਼ਿਕਰਯੋਗ ਪ੍ਰਾਪਤੀਆਂ ਠੇਕੇਦਾਰੀ ਪ੍ਰਬੰਧ ਨੂੰ ਖ਼ਤਮ ਕਰਨਾ, ਕੰਮ ਦੀਆਂ ਥਾਵਾਂ ਤੇ ਕਾਮਿਆਂ ਸੁਰੱਖਿਆ ਵਿੱਚ ਸੁਧਾਰ ਅਤੇ ਸਿਹਤ ਸੁਰੱਖਿਆ ਦਾ ਪੱਧਰ ਉੱਚਾ ਚੁੱਕਣਾ ਸ਼ਾਮਿਲ ਸਨ । ਇਹਨਾਂ ਕੋਸ਼ਿਸ਼ਾਂ ਸਦਕਾ ਹੀ ਖੇਤ ਕਾਮਿਆਂ ਦੀਆਂ ਉਜ਼ਰਤਾਂ ਵਿੱਚ ਜ਼ਿਕਰ ਯੋਗ ਵਾਧਾ ਹੋਇਆ । ਡਾ. ਪਰਮਜੀਤ ਸਿੰਘ ਅਤੇ ਡਾ. ਪ੍ਰਗਟ ਸਿੰਘ ਨੇ ਉਪਰੋਕਤ ਅਹਿਮ ਲਿਖਤ ਨਾਲ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਕਿਸ ਤਰ੍ਹਾਂ ਪੰਜਾਬੀ ਭਾਈਚਾਰੇ ਨੇ ਕੈਨੇਡੀਅਨ ਖੇਤੀ ਸੈਕਟਰ ਵਿਚ ਆਪਣੀ ਕਿਰਤ ਰਾਹੀਂ ਯੋਗਦਾਨ ਪਾਇਆ ਹੈ । ਇਸ ਤਰ੍ਹਾਂ ਦੀ ਸਮਝਦਾਰੀ ਸਾਨੂੰ ਸਮੁੱਚੇ ਕੈਨੇਡਾ ਵਿਚ ਵਸੀ ਹੋਈ ਪੰਜਾਬੀ ਕਮਿਊਨਿਟੀ ਦੀਆਂ ਹੋਰ ਪਰਤਾਂ ਸਮਝਣ ਅਤੇ ਸੋਚਣ ਲਈ ਦਿਸ਼ਾ ਦੇਵੇਗੀ– ਸੰਪਾਦਕ*

ਕੈਨੇਡਾ ਦੇ ਖੇਤੀ ਸੈਕਟਰ ਵਿੱਚ, ਪੂੰਜੀਵਾਦੀ ਵਿਕਾਸ ਅੰਦਰ ਪ੍ਰਵਾਸੀ ਪੰਜਾਬੀਆਂ ਦਾ ਇਤਿਹਾਸਕ ਅਨਿੱਖੜਵਾਂ ਯੋਗਦਾਨ ਹੈ। ਪੰਜਾਬੀਆਂ ਨੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਕੈਨੇਡਾ ਵੱਲ ਪ੍ਰਵਾਸ ਕਰਨਾ ਸ਼ੁਰੂ ਕੀਤਾ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਉਹਨਾਂ ਦੀ ਗਿਣਤੀ ਦਿਨੋਂ-ਦਿਨ ਵਧਦੀ ਜਾ ਰਹੀ ਹੈ। ਸੰਨ 1980 ਵਿਆਂ ਤੋਂ ਬਾਅਦ ਕੈਨੇਡਾ ਵਿੱਚ ਪ੍ਰਵਾਸੀ ਪੰਜਾਬੀ ਜਨਸੰਖਿਆ ਦੇ ਅੰਕੜਿਆਂ ਵਿੱਚ ਹੈਰਾਨੀਜਨਕ ਵਾਧਾ ਦੇਖਿਆ ਜਾ ਸਕਦਾ ਹੈ। ਸੰਨ 2021 ਦੇ ਜਨਸੰਖਿਆ ਅੰਕੜਿਆਂ ਦੇ ਅਨੁਸਾਰ, ਕੈਨੇਡਾ ਵਿੱਚ ਪ੍ਰਵਾਸੀ ਪੰਜਾਬੀਆਂ ਦੀ ਜਨਸੰਖਿਆ ਲਗਭਗ 9 ਲੱਖ 50 ਹਜ਼ਾਰ ਸੀ ਜੋ ਕਿ ਕੈਨੇਡਾ ਦੀ ਕੁੱਲ ਜਨਸੰਖਿਆ ਦਾ 2.6 ਪ੍ਰਤੀਸ਼ਤ ਹੈ। ਹੁਣ ਪ੍ਰਵਾਸੀ ਪੰਜਾਬੀ ਜਨਸੰਖਿਆ ਕੈਨੇਡਾ ਦੇ ਹਰੇਕ ਖਿੱਤੇ ਵਿੱਚ, ਖਾਸ ਤੌਰ ’ਤੇ ਮੁੱਖ ਸ਼ਹਿਰਾਂ ਅਤੇ ਕਸਬਿਆਂ ਵਿੱਚ, ਆਮ ਦੇਖੀ ਜਾ ਸਕਦੀ ਹੈ। 2021 ਦੇ ਜਨਸੰਖਿਆ ਅੰਕੜਿਆਂ ਅਨੁਸਾਰ ਓਂਟਾਰੀਓ ਵਿੱਚ ਪ੍ਰਵਾਸੀ ਪੰਜਾਬੀਆਂ ਦੀ ਗਿਣਤੀ ਸਭ ਤੋਂ ਵੱਧ ਹੈ (397,865)। ਦੂਜਾ ਨੰਬਰ ਬ੍ਰਿਟਿਸ਼ ਕਲੋਂਬੀਆ ਦਾ ਹੈ ਜਿੱਥੇ ਇਹ ਗਿਣਤੀ 315,000 ਦੇ ਅੰਕੜੇ ਮਿਲਦੇ ਹਨ।

ਸਿਰਫ਼ ਭਾਰਤ ਹੀ ਨਹੀਂ, ਕੈਨੇਡਾ ਵਿੱਚ ਵੀ ਪੰਜਾਬੀ ਭਾਈਚਾਰੇ ਦਾ ਬਰਾਬਰੀ ਅਤੇ ਨਿਆਂ ਲਈ ਸੰਘਰਸ਼ ਵਿੱਚ ਯੋਗਦਾਨ ਦਾ ਆਪਣਾ ਇੱਕ ਲੰਬਾ ਇਤਿਹਾਸ ਰਿਹਾ ਹੈ। ਭਾਰਤ ਵਿੱਚ ਅੰਗਰੇਜ਼ ਬਸਤੀਵਾਦੀ ਲੁੱਟ ਦੇ ਦੌਰ ਵਿੱਚ ਅੰਗਰੇਜ਼ ਹਕੂਮਤ ਤੋਂ ਭਾਰਤ ਦੇ ਆਜ਼ਾਦੀ ਸੰਘਰਸ਼ ਵਿੱਚ ਪੰਜਾਬੀਆਂ ਦਾ ਵਡਮੁੱਲਾ ਯੋਗਦਾਨ ਕਿਸੇ ਤੋਂ ਭੁੱਲਿਆ ਨਹੀਂ ਹੈ। ਉਥੇ ਨਾਲ ਹੀ, ਆਜ਼ਾਦ ਭਾਰਤ ਦੀਆਂ ਸਰਕਾਰਾਂ ਵੱਲੋਂ, ਕਿਸਾਨ ਅਤੇ ਕਾਮਿਆਂ ਦੇ ਖਿਲਾਫ਼ ਦਮਨਕਾਰੀ ਨੀਤੀਆਂ ਵਿਰੋਧੀ ਲੋਕ ਲਹਿਰ (ਕਿਸਾਨ ਅੰਦੋਲਨ) ਉਸਾਰ ਕੇ ਉਨ੍ਹਾਂ ਨੇ ਆਪਣੇ ਸੰਘਰਸ਼ ਦੀ ਵਿਰਾਸਤ ਨੂੰ ਬਰਕਰਾਰ ਰੱਖਿਆ। 2020–21 ਵਿੱਚ ਮੋਦੀ ਹਕੂਮਤ ਦੇ ਵਿਰੋਧ ਵਿੱਚ ਹੋਇਆ ਕਿਸਾਨ ਅੰਦੋਲਨ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਸੀ। ਕੈਨੇਡਾ ਵਿੱਚ ਵੀ 1980 ਵਿਆਂ ਵੇਲੇ ਖੇਤ ਕਾਮਿਆਂ ਦਾ ਸੰਘਰਸ਼ ਦੀ ਕੀਤੀ ਗਈ ਅਗਵਾਈ ਵੀ ਪੰਜਾਬੀ ਭਾਈਚਾਰੇ ਦੇ ਕਾਮਿਆਂ ਨੇ ਕੀਤੀ ਜੋ ਕਿ ਇੱਕ ਇਤਿਹਾਸਕ ਮਿਸਾਲ ਬਣੀ ਹੈ। ਕੈਨੇਡਾ ਵਿੱਚ ਪੰਜਾਬੀ ਖੇਤ ਕਾਮਿਆਂ ਦੇ 1980ਵਿਆਂ ਦੇ ਸੰਘਰਸ਼ ਨੇ ਕੈਨੇਡਾ ਵਿੱਚ ‘ਕੈਨੇਡੀਅਨ ਫ਼ਾਰਮ ਵਰਕਰਜ਼ ਸੰਗਠਨ’ (Canadian Farm Workers Union) ਨੂੰ ਜਨਮ ਦਿੱਤਾ। ਇਹ ਸੰਘਰਸ਼ ਪੰਜਾਬੀ ਹੀ ਨਹੀਂ ਸਗੋਂ ਸਮੁੱਚੇ ਕੈਨੇਡੀਅਨ ਮਜ਼ਦੂਰ ਜਮਾਤ ਲਈ ਕਈ ਪੱਖਾਂ ਤੋਂ ਅਹਿਮੀਅਤ ਰੱਖਦਾ ਹੈ।

ਪਹਿਲਾ, ਇਹ ਸੰਘਰਸ਼ ਇਸ ਗੱਲ ਦਾ ਸਬੂਤ ਹੈ ਕਿ ਕੈਨੇਡਾ ਵੱਲ ਪ੍ਰਵਾਸ ਕਰਨ ਵਾਲੇ ਜ਼ਿਆਦਾਤਰ ਪੰਜਾਬੀਆਂ ਜਾਂ ਉਹਨਾਂ ਦੇ ਪਰਿਵਾਰਾਂ ਨੇ ਬਸਤੀਵਾਦੀ ਬਰਤਾਨੀਆ ਦੁਆਰਾ ਖੇਤੀ ਸੈਕਟਰ ਦੇ ਕੀਤੇ ਸ਼ੋਸ਼ਣ ਨੂੰ ਸਰੀਰਕ ਅਤੇ ਮਾਨਸਿਕਤਾ ਤੌਰ ਤੇ ਹੰਡਾਇਆ ਸੀ। ਜਦੋਂ ਉਹਨਾਂ ਨੇ ਕੈਨੇਡਾ ਦੇ ਖੇਤੀ ਸੈਕਟਰ ਵਿੱਚ ਕਾਮਿਆਂ ਵਜੋਂ ਸ਼ਿਰਕਤ ਕੀਤੀ ਤਾਂ ਉਹਨਾਂ ਨੂੰ ਉਸੇ ਤਰ੍ਹਾਂ ਦਾ ਸ਼ੋਸ਼ਣ ਦਾ ਅਹਿਸਾਸ ਹੋਇਆ, ਜਿਵੇਂ ਕਿ ਬਰਤਾਨਵੀ ਬਸਤੀਵਾਦੀਆਂ ਨੇ ਪੰਜਾਬ ਦੇ ਖੇਤੀ ਸੈਕਟਰ ਵਿੱਚ ਕਿਸਾਨਾਂ ਅਤੇ ਕਾਮਿਆਂ ਦਾ ਕੀਤਾ ਸੀ। ਦੂਜਾ, ਇਹ ਸੰਘਰਸ਼ ਪੰਜਾਬੀਆਂ ਨੂੰ ਇਸ ਗੱਲ ਦੀ ਯਾਦ ਦਵਾਉਂਦਾ ਹੈ ਕਿ ਪੰਜਾਬੀ ਕੈਨੇਡਾ ਵਿੱਚ ਕਾਮਿਆਂ ਦੇ ਤੌਰ ’ਤੇ ਆਏ ਸਨ। ਉਹਨਾਂ ਦੁਆਰਾ 1980 ਵਿਆਂ ਵਿੱਚ ਕੈਨੇਡਾ ਦੇ ਧਨੀ ਕਿਸਾਨ, ਠੇਕੇਦਾਰ ਅਤੇ ਖੇਤੀਬਾੜੀ ਕਾਰਪੋਰੇਸ਼ਨਾਂ ਵਿਰੁੱਧ ਇੱਕਜੁੱਟ ਹੋ ਕੇ ਕੀਤਾ ਗਿਆ ਸੰਘਰਸ਼ ਉਹਨਾਂ ਦੀ ਜਮਾਤੀ ਚੇਤਨਾ ਨੂੰ ਦਰਸਾਉਂਦਾ ਹੈ। ਤੀਜਾ, 1980 ਵਿਆਂ ਦਾ ਸੰਘਰਸ਼, ਕੈਨੇਡਾ ਦੇ ਕਾਮਿਆਂ ਦਾ ਖੇਤੀ ਸੈਕਟਰ ਵਿੱਚ ਅਤੇ ਪੂੰਜੀਵਾਦੀ ਢਾਂਚੇ ਵਿਰੁੱਧ ਕਾਮਿਆਂ ਦੀ ਏਕਤਾ ਦੀ ਲੋੜ ਅਤੇ ਮਹੱਤਤਾ ਨੂੰ ਉਜਾਗਰ ਕਰਦਾ ਹੈ।

ਇਸ ਲੇਖ ਵਿੱਚ ਅਸੀਂ ਤਿੰਨ ਤੱਥਾਂ ਦੀ ਪੜਚੋਲ ਕੀਤੀ ਹੈ। ਪਹਿਲਾ, ਅਸੀਂ 1980ਵਿਆਂ ਵਿੱਚ ਕੈਨੇਡਾ ਅੰਦਰ ਨਸਲੀ ਭੇਦ ਭਾਵ ਦੀ ਪ੍ਰਵਿਰਤੀ ਜੋ ਕਿ ਖੇਤੀ ਪੂੰਜੀਵਾਦ ਦਾ ਖਾਸਾ ਹੁੰਦੀ ਹੈ ਨੂੰ ਉਜਾਗਰ ਕਰਨ ਦੀ ਕੋਸ਼ਿਸ਼ ਕਰਾਂਗੇ। ਇਸ ਹਿੱਸੇ ਵਿੱਚ, ਅਸੀਂ ਖੇਤ ਕਾਮਿਆਂ ਦੇ ਜੀਵਨ ਉੱਤੇ ਨਸਲੀ ਭੇਦ ਭਾਵ ਦੇ ਆਰਥਿਕ ਅਤੇ ਸਮਾਜਿਕ ਪ੍ਰਭਾਵ ਦੀ ਪੜਚੋਲ ਕੀਤੀ ਹੈ। ਦੂਜਾ, ਅਸੀਂ ਖੇਤ ਕਾਮਿਆਂ ਦੇ ਕੰਮ ਅਤੇ ਰਹਿਣ-ਸਹਿਣ ਦੀਆਂ ਹਾਲਤਾਂ ਦੀ ਪੜਚੋਲ ਕਰਨ ਦਾ ਯਤਨ ਕੀਤਾ ਹੈ। ਉਹ ਖੇਤੀ ਸੈਕਟਰ ਵਿੱਚ ਹੁੰਦੀ ਉਹਨਾਂ ਦੀ ਲੁੱਟ ਅਤੇ ਜੁਲਮਾਂ ਦਾ ਸਾਹਮਣਾ ਕਰਦੇ ਸਮੇਂ ਦਰਕਾਰ ਚੁਣੌਤੀਆਂ ਨਾਲ ਕਿਵੇਂ ਦੋ-ਚਾਰ ਹੋਏ। ਇਸ ਲੇਖ ਦੇ ਅੰਤਿਮ ਹਿੱਸੇ ਵਿੱਚ ਅਸੀਂ ਕੈਨੇਡਾ ਵਿੱਚ ਪੰਜਾਬੀ ਖੇਤ ਕਾਮਿਆਂ ਨੇ ਨਿਆਂ ਅਤੇ ਸਮਾਨਤਾ ਦੀ ਪ੍ਰਾਪਤੀ ਲਈ ‘ਕੈਨੇਡੀਅਨ ਫ਼ਾਰਮ ਵਰਕਰਜ਼ ਸੰਗਠਨ’ ਦੀ ਅਗਵਾਈ ਵਾਲੇ ਸੰਘਰਸ਼ ਦੀ ਪੜਚੋਲ ਕੀਤੀ ਹੈ।

### ਕੈਨੇਡਾ ਵਿੱਚ ਖੇਤੀ ਪੂੰਜੀਵਾਦ ਦੀ ਨਸਲਵਾਦੀ ਪ੍ਰਵਿਰਤੀ

ਕੈਨੇਡਾ ਵਿੱਚ ਖੇਤੀ ਪੂੰਜੀਵਾਦ ਦਾ ਇਤਿਹਾਸ, ਨਸਲੀ ਘੱਟ ਗਿਣਤੀਆਂ ਦੇ ਸ਼ੋਸ਼ਣ ਨਾਲ ਜੁੜਿਆ ਹੋਇਆ ਹੈ ਜਿਸ ਦਾ ਉਭਾਰ ਖੇਤੀਬਾੜੀ ਉਤਪਾਦਨ ਵਿੱਚ ਕਿਰਤ ਦੇ ਜਿਣਸੀਕਰਨ ਅਤੇ ਨਸਲਵਾਦ ਨਾਲ ਸ਼ੁਰੂ ਹੁੰਦਾ ਹੈ। ਇਹ ਪ੍ਰਵਿਰਤੀ ਇੱਕ ਵਿਸ਼ਵਵਿਆਪੀ ਇਤਿਹਾਸਕ ਵਰਤਾਰਾ ਹੈ ਜੋ ਖੇਤੀਬਾੜੀ ਸੈਕਟਰ ਵਿੱਚ ਖੇਤ ਕਾਮਿਆਂ ਦੀ ਲੁੱਟ ਨੂੰ ਨਸਲੀ ਵਿਤਕਰੇ ਨਾਲ ਸੰਸਾਰ ਪੱਧਰ ਤੇ ਇੱਕ ਕੜੀ ਦੇ ਰੂਪ ਵਿੱਚ ਜੋੜਦੀ ਹੈ। ਨਸਲੀ ਪੂੰਜੀਵਾਦ ਦਾ ਖੇਤੀ ਸੈਕਟਰ ਅਤੇ ਗੁਲਾਮਦਾਰੀ ਅਧਾਰਿਤ ਸਮਾਜ (slave society) ਨਾਲ ਇਤਿਹਾਸਿਕ ਨਾਤਾ ਹੈ। ਅਮਰੀਕਾ ਵਿੱਚ ਖੇਤੀ ਸੈਕਟਰ ਨੂੰ ਪੂੰਜੀਵਾਦੀ ਲੀਹਾਂ ਤੇ ਪਾਉਣ ਲਈ ਅਫ਼ਰੀਕੀ ਮੁਲਕਾਂ ਵਿੱਚੋਂ ਗੁਲਾਮਾਂ ਦਾ ਵਪਾਰ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਨਸਲੀ ਪੂੰਜੀਵਾਦ ਅਤੇ ਖੇਤੀਬਾੜੀ ਉਤਪਾਦਨ ਵਿਚਕਾਰ ਇੱਕ ਇਤਿਹਾਸਕ ਸਬੰਧ ਹੈ। ਜੇਕਰ ਕੈਨੇਡਾ ਦੇ ਗੁਲਾਮੀ ਬਾਰੇ ਸੰਵਾਦ ਨੂੰ ਸੰਬੋਧਿਤ ਹੋਈਏ ਜੋ ਕਿ ਬਹੁਤ ਘੱਟ ਛੂਹਿਆ ਗਿਆ ਹੈ, ਇਹ ਅਮਰੀਕਾ ਦੇ ਮੁਕਾਬਲੇ ਉਨ੍ਹਾਂ ਖ਼ਤਰਨਾਕ ਨਹੀਂ ਸੀ, ਜਿੱਥੇ ਗੁਲਾਮੀ ਅਤੇ ਨਸਲੀ ਵਿਤਕਰੇ ਨੇ ਖੇਤੀ ਸੈਕਟਰ ਵਿੱਚ ਪੂੰਜੀਵਾਦੀ ਵਿਕਾਸ ਲਈ ਅਹਿਮ ਭੂਮਿਕਾ ਨਿਭਾਈ ਹੈ। ਕੈਨੇਡਾ ਦੇ ਖੇਤੀ ਸ਼ੈਕਟਰ ਵਿੱਚ ਪੂੰਜੀਵਾਦੀ ਵਿਕਾਸ ਦਾ ਆਧਾਰ ਗੁਲਾਮਾਂ ਦੇ ਸ਼ੋਸ਼ਣ ਨਾਲੋਂ ਨਸਲੀ ਵਿਤਕਰੇ ਅਤੇ ਕੈਨੇਡਾ ਦੇ ਮੂਲ ਨਿਵਾਸੀਆਂ (indigenous people) ਦੇ ਸ਼ੋਸ਼ਣ ਨਾਲ ਵਧੇਰੇ ਸੰਬੰਧਿਤ ਹੈ। ਕਾਮਿਆਂ ਨਾਲ ਕੀਤੇ ਜਾਂਦੇ ਨਸਲੀ ਵਿਤਕਰੇ ਨੇ 19ਵੀਂ ਸਦੀ ਵਿੱਚ ਨਾ ਕੇਵਲ ਖੇਤੀਬਾੜੀ ਉਤਪਾਦਨ ਵਿੱਚ ਮਜ਼ਦੂਰ ਉਪਲੱਬਧ ਕਰਵਾਉਣ ਵਿੱਚ ਅਹਿਮ ਯੋਗਦਾਨ ਪਾਇਆ ਸਗੋਂ 20ਵੀਂ ਸਦੀ ਦੇ ਕੈਨੇਡੀਅਨ ਖੇਤੀ ਸੈਕਟਰ ਵਿੱਚ ਨਸਲੀ ਵੰਡ ਨੂੰ ਹੋਰ ਗੁੰਝਲਦਾਰ ਰੂਪ ਵਿੱਚ ਸਥਾਪਿਤ ਕੀਤਾ।

ਕੈਨੇਡਾ ਵਿੱਚ ਖੇਤੀ ਪੂੰਜੀਵਾਦ ਦੀ ਆਧਾਰਸ਼ਿਲਾ, ਉੱਤਰੀ ਅਮਰੀਕਾ ਦੀ ਬਸਤੀਵਾਦੀ ਅਤੇ ਵਿਸਥਾਰਵਾਦੀ ਨੀਤੀ ਦਾ ਵਧੇਰੇ ਪ੍ਰਸਾਰ ਕਰਨ ਦੇ ਸੰਦਰਭ ਤਹਿਤ ਸਥਾਪਿਤ ਕੀਤੀ ਗਈ ਸੀ। ਮੂਲ ਵਸਨੀਕਾਂ ਨੂੰ, ਉਨ੍ਹਾਂ ਦੀ ਵਾਹੀਯੋਗ ਜ਼ਰਖ਼ੇਜ਼ ਜਮੀਨਾਂ ਤੇ ਕਬਜ਼ਾ ਕਰਕੇ ਉਹਨਾਂ ਨੂੰ ਉਜਾੜੇ ਵੱਲ ਧੱਕਿਆ ਗਿਆ। ਇਹ ਉਜਾੜਾ, ਖੇਤੀਬਾੜੀ ਪੂੰਜੀਵਾਦ ਦੀ ਮੁੱਢਲੀ ਜ਼ਰੂਰਤ ਸੀ ਤਾਂ ਕਿ ਜ਼ਮੀਨ ਅਤੇ ਕਿਰਤ ਦਾ ਜਿਣਸੀਕਰਨ ਕਰਕੇ ਇਸ ਨੂੰ ਵਪਾਰਕ ਮੁਨਾਫ਼ਾ ਕਮਾਉਣ ਲਈ ਢੁਕਵਾਂ ਬਣਾਇਆ ਜਾ ਸਕੇ। ਇਹਨਾਂ ਬਸਤੀਵਾਦੀ ਆਧਾਰਸ਼ੀਲਾ ਨੇ ਖੇਤੀ ਸੈਕਟਰ ਵਿੱਚ ਕਿਰਤ ਦੀ ਆਰਥਿਕ ਲੁੱਟ ਅਤੇ ਨਸਲੀ ਵਿਤਕਰਿਆਂ ਨੂੰ ਜਨਮ ਦਿੱਤਾ। ਨਸਲੀ ਕਾਮਿਆਂ ਦੀ ਤਾਦਾਦ ਵਿੱਚ ਵਾਧਾ ਉਦੋਂ ਸ਼ੁਰੂ ਹੋਇਆ ਜਦੋਂ 19ਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੀ ਸ਼ੁਰੂਆਤ ਵਿੱਚ ਕੈਨੇਡੀਅਨ ਖੇਤੀ ਸੈਕਟਰ ਵਿੱਚ ਕਾਮਿਆਂ ਦੀ ਕਮੀ ਮਹਿਸੂਸ ਹੋਈ। ਉਹਨਾਂ ਨੇ ਇਸ ਕਮੀ ਦੀ ਪੂਰਤੀ ਲਈ ਫੌਰੀ ਹੱਲ ਲਈ, ਕਾਮਿਆਂ ਦੇ ਪ੍ਰਵਾਸ ਦਾ ਰਸਤਾ ਖੋਲ੍ਹਿਆ। ਸ਼ੁਰੂਆਤੀ ਦੌਰ ਵਿੱਚ ਕੈਨੇਡੀਅਨ ਪ੍ਰਵਾਸ ਨੀਤੀਆਂ ਵਿੱਚ ਤਬਦੀਲੀਆਂ ਕਰਕੇ ਕਾਮਿਆਂ ਦੀ ਘਾਟ ਦਾ ਤੋੜ ਲੱਭਣ ਲਈ ਅਵਿਕਸਿਤ ਦੇਸ਼ਾਂ ਚੀਨ, ਜਪਾਨ ਅਤੇ ਭਾਰਤ ਵਿੱਚੋਂ ਕਾਮਿਆਂ ਦਾ ਪ੍ਰਵਾਸ ਕਰਵਾਇਆ ਗਿਆ।

ਏਸ਼ੀਆ ਤੋਂ ਆਏ ਇਹ ਪ੍ਰਵਾਸੀ ਮਜ਼ਦੂਰ ਕੈਨੇਡੀਅਨ ਖੇਤੀਬਾੜੀ ਸੈਕਟਰ ਦਾ ਅਹਿਮ ਅੰਗ ਬਣ ਗਏ। ਕੈਲਵਿਨ ਸੈਂਡਬਰਨ (Calvin Sandborn) ਨੇ ਮਨੁੱਖੀ ਅਧਿਕਾਰ ਸੰਗਠਨ ਆਫ ਬ੍ਰਿਟਿਸ਼ ਕਲੋਂਬੀਆ (Human Rights Commission of British Columbia) ਅੱਗੇ ਇਸ ਗੱਲ ਦਾ ਖੁਲਾਸਾ ਕੀਤਾ ਕਿ ਖੇਤੀਬਾੜੀ ਸੈਕਟਰ ਵਿੱਚ ਏਸ਼ੀਆ ਤੋਂ ਆਏ ਪ੍ਰਵਾਸੀ ਕਾਮਿਆਂ ਨੂੰ ਘੱਟ ਉਜਰਤਾਂ ਤੇ ਕੰਮ ਕਰਵਾ ਕੇ ਵਧੇਰੇ ਮੁਨਾਫ਼ਾ ਕਮਾਉਣ ਲਈ ਉਹਨਾਂ ਦੀ ਸ਼ਰੇਆਮ ਲੁੱਟ ਕੀਤੀ ਜਾਂਦੀ ਸੀ। ਸੈਂਡਬਰਨ ਅੱਗੇ ਤਰਕ ਕਰਦਾ ਹੈ ਕਿ ਖੇਤ ਕਾਮਿਆਂ ਨਾਲ ਨਸਲੀ ਵਿਤਕਰੇ ਅਤੇ ਉਹਨਾਂ ਦੀ ਆਰਥਿਕ ਲੁੱਟ ਹੋਣ ਕਰਕੇ ਉਹਨਾਂ ਦੀ ਪਰਿਵਾਰਿਕ ਅਤੇ ਸਮਾਜਿਕ ਜ਼ਿੰਦਗੀ ਤਰਸਯੋਗ ਬਣੀ ਹੋਈ ਹੈ।

1925 ਦਾ ‘ਘੱਟੋ-ਘੱਟ ਉਜ਼ਰਤ ਐਕਟ ਆਫ ਬ੍ਰਿਟਿਸ਼ ਕੋਲੰਬੀਆ’ (Minimum Wage Act in British Columbia) ਵੀ ਨਸਲੀ ਵਿਤਕਰਿਆਂ ਨੂੰ ਜਿਉਂ ਦਾ ਤਿਉਂ ਬਣਾਈ ਰੱਖਿਆ। ਇਸ ਨੇ ਖੇਤ ਕਾਮਿਆਂ ਦੀਆਂ ਉਜਰਤਾਂ ਨੂੰ ਇਸ ਐਕਟ ਅਧੀਨ ਲੈ ਕੇ ਆਉਣ ਦੀ ਬਜਾਏ ਦੋਹਰੇ ਮਾਪਦੰਡਾਂ ਵਾਲੀ ਕਿਰਤ ਬਾਜ਼ਾਰ ਨੀਤੀ ਨੂੰ ਪ੍ਰਫੁੱਲਤ ਕਰਨ ਦਾ ਕੰਮ ਕੀਤਾ। ਏਸ਼ੀਅਨ ਖੇਤ ਕਾਮਿਆਂ ਨੂੰ ਇਸ ਐਕਟ ਨੇ ਉਜ਼ਰਤਾਂ ਦੀ ਗਰੰਟੀ ਤੋਂ ਵਾਂਝਾ ਰੱਖਿਆ। ਇਸ ਐਕਟ ਦੁਆਰਾ ਗੋਰੇ ਕਾਮਿਆਂ ਨੂੰ ਹੀ ਉਜ਼ਰਤ ਦੀ ਗਰੰਟੀ ਦਾ ਲਾਹਾ ਦਿੱਤਾ ਗਿਆ। ਇਹ ਐਕਟ, ਇੱਕ ਤੀਰ ਨਾਲ ਦੋ ਨਿਸ਼ਾਨੇ ਫੁੰਡਦਾ ਹੈ। ਪਹਿਲਾ, ਤਾਂ ਉਹ ਗੋਰੇ ਤੇ ਗ਼ੈਰ-ਗੋਰੇ ਕਾਮਿਆਂ ਵਿੱਚ ਫੁੱਟ ਪਾ ਕੇ ਇਸ ਸਥਿਤੀ ਤੋਂ ਬਚਾਅ ਕਰ ਲੈਂਦਾ ਹੈ ਕਿ ਉਹ ਖੇਤੀਬਾੜੀ ਸੈਕਟਰ ਵਿੱਚ ਇਕੱਠੇ ਹੋ ਕੇ ਉਜਰਤਾਂ ਵਿੱਚ ਵਾਧਾ ਨਾ ਕਰਾ ਸਕਣ। ਦੂਸਰਾ, ਇਹ ਗੋਰੇ ਕਾਮਿਆਂ ਨੂੰ ਖੇਤੀ ਸੈਕਟਰ ਛੱਡ ਕੇ ਘੱਟੋ-ਘੱਟ ਉਜ਼ਰਤ ਗਰੰਟੀ ਵਾਲੇ ਕਿੱਤਿਆਂ ਵੱਲ ਜਾਣ ਲਈ ਉਤਸ਼ਾਹਿਤ ਕਰਦਾ ਹੈ ਤਾਂ ਕਿ ਖੇਤੀ ਸੈਕਟਰ ਵਿੱਚ ਸਿਰਫ਼ ਏਸ਼ੀਆ ਤੋਂ ਆਏ ਪ੍ਰਵਾਸੀਆਂ ਨੂੰ ਹੀ ਰੱਖਿਆ ਜਾਵੇ, ਜਿੱਥੇ ਉਹਨਾਂ ਦੀ ਆਰਥਿਕ ਲੁੱਟ ਬਰਕਰਾਰ ਰਹਿੰਦੀ ਹੈ। ਇਹ ਸਮੇਂ ਦੀਆਂ ਸਰਕਾਰਾਂ ਨੂੰ ਪਤਾ ਸੀ ਕਿ ਏਸ਼ੀਆ ਤੋਂ ਆਏ ਕਾਮਿਆਂ ਨੂੰ ਅੰਗਰੇਜ਼ੀ ਭਾਸ਼ਾ ਦੀ ਜ਼ਿਆਦਾ ਜਾਣਕਾਰੀ ਨਹੀਂ ਹੈ ਇਸ ਲਈ ਉਹ ਖੇਤੀ ਸ਼ੈਕਟਰ ਵਿੱਚ ਹੀ ਕੰਮ ਕਰਨ ਲਈ ਮਜ਼ਬੂਰ ਰਹਿਣਗੇ।

ਪ੍ਰਵਾਸੀ ਪੰਜਾਬੀ ਕਾਮਿਆਂ ਨੇ ਕੈਨੇਡਾ ਵਿੱਚ ਖੇਤੀਬਾੜੀ ਪੂੰਜੀਵਾਦੀ ਵਿਵਸਥਾ ਵਿੱਚ ਨਸਲੀ ਵਿਤਕਰਿਆਂ ਨੂੰ ਆਪਣੇ ਤਨ ਤੇ ਹੰਡਾਇਆ। ਪੂੰਜੀਵਾਦੀ ਖੇਤੀਬਾੜੀ ਸ਼ੈਕਟਰ ਵਿੱਚ ਵਧੇਰੇ ਮੁਨਾਫ਼ਾ ਕਮਾਉਣ ਦੇ ਲਾਲਚ ਹਿਤ, ਉਹਨਾਂ ਤੋਂ ਨਿਗੁਣੀਆਂ ਉਜ਼ਰਤਾਂ ਤੇ ਕੰਮ ਕਰਵਾਇਆ ਜਾਂਦਾ ਸੀ। ‘ਉੱਠਣ ਦਾ ਵੇਲਾ’ (Time to Rise) ਦਸਤਾਵੇਜ਼ੀ ਫ਼ਿਲਮ ਕੈਨੇਡਾ ਵਿੱਚ ਖੇਤ ਕਾਮਿਆਂ ਦੀ ਹਾਲਤ ਦੀ ਬਾਖ਼ੂਬੀ ਪੇਸ਼ਕਾਰੀ ਕਰਦੀ ਹੈ। ਫ਼ਿਲਮ ਵਿੱਚ ਇਨ੍ਹਾਂ

BAINS VISION CENTRE
McKnight Village 5218 Falsbridge Dr. NE Calgary AB T3J 3G1
New Patients & Walk-Ins Welcome
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ

Jaswinder S Bains, Ph.D., OD.
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

ਤੱਥਾਂ ਦਾ ਖੁਲਾਸਾ ਕੀਤਾ ਗਿਆ ਹੈ ਕਿ ਉਸ ਸਮੇਂ ਕਿਵੇਂ ਕੈਨੇਡਾ ਵਿੱਚ ਖੇਤ ਕਾਮਿਆਂ ਦੇ ਨਾਲ ਨਾਲ ਬੱਚਿਆਂ, ਬਜ਼ੁਰਗਾਂ ਅਤੇ ਔਰਤਾਂ ਦਾ ਵੀ ਸ਼ੋਸ਼ਣ ਕੀਤਾ ਜਾਂਦਾ ਸੀ।

**1980ਵਿਆਂ ਵਿੱਚ ਕੈਨੇਡਾ ਦੇ ਖੇਤ ਕਿਰਤੀਆਂ ਦੀ ਹਾਲਤ**

ਕੈਨੇਡਾ ਵਿੱਚ ਖੇਤੀਬਾੜੀ ਸੈਕਟਰ ਵਿੱਚ ਪੂੰਜੀਵਾਦੀ ਤਬਦੀਲੀ ਦਾ ਦੌਰ 20ਵੀਂ ਸਦੀ ਦੀ ਸ਼ੁਰੂਆਤ ਵਿੱਚ ਹੋਣਾ ਸ਼ੁਰੂ ਹੋਇਆ। 1970ਵਿਆਂ ਅਤੇ 1980ਵਿਆਂ ਦੇ ਦੌਰ ਵਿੱਚ ਪੂੰਜੀਵਾਦੀ ਠੇਕੇਦਾਰੀ ਕਾਰਪੋਰੇਟ ਖੇਤੀਬਾੜੀ ਮਾਡਲ ਦਾ ਬੋਲਬਾਲਾ ਸੀ। 1980ਵਿਆਂ ਵਿੱਚ, ਕੈਨੇਡਾ ਵਿੱਚ ਬ੍ਰਿਟਿਸ਼ ਕੋਲੰਬੀਆ ਖਿੱਤੇ ਅੰਦਰ ਖੇਤ ਕਾਮਿਆਂ ਵਿੱਚ ਪ੍ਰਵਾਸੀ ਪੰਜਾਬੀ ਖੇਤ ਕਾਮਿਆਂ ਦਾ ਅੰਕੜਾ ਲਗਭਗ 80 ਪ੍ਰਤੀਸ਼ਤ ਸੀ। ਇਨ੍ਹਾਂ ਤੋਂ ਇਲਾਵਾ ਚੀਨੀ ਅਤੇ ਕੈਨੇਡਾ ਦੇ ਮੂਲ ਵਸਨੀਕ ਸ਼ਾਮਿਲ ਸਨ। ਪ੍ਰਵਾਸੀ ਖੇਤ ਕਾਮਿਆਂ ਦਾ ਖੇਤੀ ਸੈਕਟਰ ਵਿੱਚ ਸਥਾਪਿਤ ਹੋਣ ਦਾ ਮਕਸਦ ਮੁੱਖ ਰੂਪ ਵਿੱਚ ਆਰਥਿਕ ਸੰਪੰਨਤਾ ਸੀ। ਪਰ ਇਸ ਤੋਂ ਇਲਾਵਾ ਉਹ ਕੈਨੇਡਾ ਦੀ ਸਮਾਨਤਾ ਅਤੇ ਨਿਆਂ ਦੀ ਨੀਤੀ ਤੋਂ ਵੀ ਕਿਤੇ ਨਾ ਕਿਤੇ ਪ੍ਰਭਾਵਿਤ ਸਨ। ਉਹਨਾਂ ਦੇ ਇਹ ਆਦਰਸ਼ ਨਿਆਂ, ਸਮਾਨਤਾ, ਕੰਮ ਕਰਨ ਦੀ ਆਜ਼ਾਦੀ, ਉੱਚ ਜੀਵਨ ਹਾਲਤਾਂ, ਸਮਾਜਿਕ ਗੁਣਵੱਤਾ ਆਦਿ ਸਭ ਖੇਰੂ-ਖੇਰੂ ਹੋ ਗਏ ਜਦੋਂ ਉਹ ਨਸਲੀ ਵਿਤਕਰੇ, ਘੱਟ ਉਜਰਤਾਂ ਤੇ ਕੰਮ ਕਰਨਾ, ਕੰਮ ਕਰਨ ਦੀਆਂ ਅਣਮਨੁੱਖੀ ਹਾਲਤਾਂ, ਘਟੀਆ ਦਰਜੇ ਦਾ ਰਿਹਾਇਸ਼ੀ ਪ੍ਰਬੰਧ, ਆਦਿ ਵਰਗੀਆਂ ਅਲਾਮਤਾਂ ਵਿੱਚ ਫ਼ਸ ਗਏ। ਉਹਨਾਂ ਨੂੰ ਕੈਨੇਡਾ ਵਿੱਚ ਦੋਹਰੇ ਮਾਪਦੰਡ ਵਾਲੇ ਕਾਨੂੰਨਾਂ ਅਤੇ ਨੀਤੀਆਂ ਦਾ ਸਾਹਮਣਾ ਕਰਨਾ ਪਿਆ। ਪੂੰਜੀਪਤੀ ਕਿਸਾਨਾਂ ਅਤੇ ਠੇਕੇਦਾਰੀ ਗਠਜੋੜ ਦੇ ਸ਼ੋਸ਼ਣ ਭਰੀ ਦਾਸਤਾਨ 'ਉੱਠਣ ਦਾ ਵੇਲਾ' (Time to Rise) ਦਸਤਾਵੇਜ਼ੀ ਫਿਲਮ ਵਿੱਚ ਅਨੰਦ ਪਟਵਰਧਨ ਅਤੇ ਜਿਮ ਮੁਨਰੋ ਦੁਆਰਾ ਸ਼ਿੱਦਤ ਨਾਲ ਚਿਤਰੀ ਗਈ ਹੈ। ਇਸ ਤੋਂ ਇਲਾਵਾ ਰਾਜ ਚੌਹਾਨ, ਜੋ ਕਿ ਖੇਤੀ ਕਿਰਤੀ ਸੰਗਠਨ ਦਾ ਕਾਰਕੁਨ ਸੀ ਦੇ ਭਾਸ਼ਣਾਂ ਵਿੱਚ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਮੁਨਾਫ਼ੇਖੋਰ ਖੇਤੀ ਕਾਰਪੋਰੇਸ਼ਨਾਂ, ਵੱਡੇ ਧਨਾਢ ਪੂੰਜੀਪਤੀ ਕਿਸਾਨ ਆਪਣਾ ਮੁਨਾਫ਼ਾ ਬਣਾਈ ਰੱਖਣ ਲਈ ਠੇਕੇਦਾਰੀ ਪ੍ਰਬੰਧ ਦੁਆਰਾ ਖੇਤ ਕਾਮਿਆਂ ਦੀ ਲੁੱਟ ਕਰਦੇ ਸਨ ।

ਕੈਨੇਡਾ ਵਿੱਚ ਵੱਡੇ ਪੂੰਜੀਪਤੀ ਖੇਤੀ ਸੈਕਟਰਾਂ ਅੰਦਰ ਖੇਤ ਕਾਮਿਆਂ ਤੋਂ ਠੇਕੇ ਤੇ ਕੰਮ ਕਰਾਉਣ ਵਾਲੇ ਠੇਕੇਦਾਰ ਅਕਸਰ ਪੰਜਾਬੀ ਪਿਛੋਕੜ ਦੇ ਹੀ ਹੁੰਦੇ ਸਨ। ਉਹ ਖੇਤ ਕਾਮਿਆਂ ਨੂੰ ਸੱਭਿਆਚਾਰ, ਨਸਲੀ ਪਛਾਣ ਅਤੇ ਭਾਸ਼ਾਈ ਹੇਰਵੇ ਦਾ ਵਾਸਤਾ ਪਾ ਕੇ ਝੂਠੀ ਚੇਤਨਾ ਦਾ ਪਸਾਰ ਕਰਦੇ ਸਨ। ਉਹ ਆਪਣੇ ਆਪ ਨੂੰ ਕੌਮ ਦੇ ਰਹਿਬਰ ਦੱਸ ਕੇ ਖੇਤ ਕਿਰਤੀਆਂ ਨਾਲ ਝੂਠੀ ਅਪਣੱਤ ਜ਼ਾਹਰ ਕਰਕੇ ਅੰਤ ਤੇ ਧਨਾਢ ਕਿਸਾਨਾਂ ਦੇ ਪੱਖ ਵਿੱਚ ਭੁਗਤਦੇ ਸਨ। ਇਸ ਤੋਂ ਇਲਾਵਾ ਇਨ੍ਹਾਂ ਠੇਕੇਦਾਰਾਂ ਦਾ ਧਾਰਮਿਕ ਅਸਥਾਨਾਂ ਤੇ ਕਬਜ਼ਾ ਹੁੰਦਾ ਸੀ, ਖਾਸ ਕਰਕੇ ਗੁਰਦੁਆਰਿਆਂ ਤੇ। ਗੁਰਦੁਆਰਿਆਂ ਅਤੇ ਸਿੱਖ ਗੁਰੂ ਸਾਹਿਬਾਨਾਂ ਦੀਆਂ ਕੁਰਬਾਨੀਆਂ ਲਈ ਹਰ ਪੰਜਾਬੀ ਦੇ ਮਨ ਵਿੱਚ ਸ਼ਰਧਾ ਹੈ। ਪ੍ਰਵਾਸੀ ਪੰਜਾਬੀ ਖੇਤ ਕਾਮਿਆਂ ਅਤੇ ਹੋਰ ਕਾਮਿਆਂ ਦੀ ਧਾਰਮਿਕ, ਸੱਭਿਆਚਾਰਕ ਅਤੇ ਭਾਸ਼ਾਈ ਭਾਵਨਾਵਾਂ ਦਾ ਲਾਹਾ ਲੈ ਕੇ ਇਹ ਠੇਕੇਦਾਰ, ਪੂੰਜੀਪਤੀ ਕਿਸਾਨਾਂ ਅਤੇ ਖੇਤੀ ਕਾਰਪੋਰੇਸ਼ਨਾਂ ਦੀ ਆਰਥਿਕ ਲੁੱਟ ਦੇ ਵਿਰੋਧ ਵਿੱਚ, ਖੇਤ ਕਾਮਿਆਂ ਦੁਆਰਾ ਉੱਠਦੀਆਂ ਆਵਾਜ਼ਾਂ ਨੂੰ ਸੱਭਿਆਚਾਰਕ, ਧਾਰਮਿਕ ਅਤੇ ਸਮਾਜਿਕ ਸਾਂਝ ਦਾ ਸਹਾਰਾ ਲੈ ਕੇ, ਖੇਤ ਕਾਮਿਆਂ ਦੀ ਆਰਥਿਕ ਲੁੱਟ ਨੂੰ ਬਰਕਰਾਰ ਰੱਖਦੇ ਸਨ। ਇਸ ਠੇਕੇਦਾਰੀ ਪ੍ਰਬੰਧ ਦੀ ਇਨ੍ਹਾਂ ਖੇਤ ਕਾਮਿਆਂ ਦੀ ਲੁੱਟ ਬਣਾਈ ਰੱਖਣ ਵਿੱਚ ਅਹਿਮ ਭੂਮਿਕਾ ਸੀ। ਉਹ ਵਿਚੋਲੇ ਦੀ ਭੂਮਿਕਾ ਅਦਾ ਕਰਦੇ ਸਨ। ਖੇਤ ਕਾਮਿਆਂ ਨੂੰ ਘੱਟ ਉਜਰਤ ਤੇ ਕੰਮ ਦਵਾ ਕੇ ਉਹਨਾਂ ਦੀ ਉਜਰਤ ਦਾ ਵੱਡਾ ਹਿੱਸਾ ਦਲਾਲੀ ਦੇ ਰੂਪ ਵਿੱਚ ਹੜੱਪ ਕਰ ਜਾਂਦੇ ਸਨ। ਸੱਭਿਆਚਾਰਕ ਰਹਿਬਰ ਅਤੇ ਆਰਥਿਕ ਏਜੰਟ ਦੇ ਰੂਪ ਵਿੱਚ ਠੇਕੇਦਾਰਾਂ ਦਾ ਦੋਗਲਾ ਕਿਰਦਾਰ ਇਸ ਗੱਲ ਦਾ ਠੋਸ ਸਬੂਤ ਸੀ ਕਿ ਕਿਵੇਂ ਸੱਭਿਆਚਾਰ, ਸਮੁਦਾਇ, ਧਰਮ, ਭਾਸ਼ਾ, ਆਦਿ ਦੇ ਭਾਵਨਾਤਮਕ ਮੁਲੰਮੇ ਦਾ ਲੇਪ ਕਰਕੇ ਖੇਤ ਕਾਮਿਆਂ ਦੀ ਆਰਥਿਕ ਲੁੱਟ ਨੂੰ ਬਰਕਰਾਰ ਰੱਖਿਆ ਜਾਂਦਾ ਸੀ।

ਇਸ ਕਾਲ ਖੰਡ ਦੌਰਾਨ, ਖੇਤ ਕਾਮਿਆਂ ਨੂੰ ਘੱਟ ਤੋਂ ਘੱਟ ਉਜ਼ਰਤ ਦਰਾਂ, ਕੰਮ ਦੇ ਲਿਖਤੀ ਇਕਰਾਰਨਾਮੇ, ਕੰਮ ਦੇ ਘੰਟੇ, ਵਾਧੂ ਸਮੇਂ ਦੀ ਤਨਖਾਹ, ਆਦਿ ਦੇ ਨਾਲ ਨਾਲ ਲੁੱਟ ਆਧਾਰਤ ਬੇਵਸੀ ਵਾਲੇ ਪ੍ਰਬੰਧ ਅਧੀਨ ਜੀਣ ਲਈ ਮਜ਼ਬੂਰ ਕੀਤਾ ਜਾਂਦਾ ਸੀ। ਇਸ ਦੀ ਸਰਵੋਤਮ ਮਿਸਾਲ 'ਉੱਠਣ ਦਾ ਵੇਲਾ' ਦਸਤਾਵੇਜ਼ੀ ਫ਼ਿਲਮ ਵਿੱਚ ਇੱਕ ਕਿਰਤੀ ਦੱਸਦਾ ਹੈ ਕਿ ਉਹਨਾਂ ਦੀਆਂ ਉਜ਼ਰਤਾਂ ਐਨੀਆਂ ਘੱਟ ਸਨ ਕਿ ਉਹ ਚੰਗੀ ਜ਼ਿੰਦਗੀ ਜਿਉਣ ਤੋਂ ਵੀ ਆਤੁਰ ਸਨ। ਰਾਜ ਚੌਹਾਨ ਇਸ ਗੱਲ ਦਾ ਖੁਲਾਸਾ ਇਕ ਖੇਤ ਮਜ਼ਦੂਰ ਦੇ ਹਵਾਲੇ ਨਾਲ ਕਰਦਾ ਹੈ ਕਿ ਖੇਤ ਕਾਮਿਆਂ ਦੇ ਬੱਚਿਆਂ ਨੂੰ ਵੀ ਉਹਨਾਂ ਨਾਲ ਖੇਤਾਂ ਵਿੱਚ ਕੰਮ ਕਰਨਾ ਪੈਂਦਾ ਸੀ ਤਾਂ ਕਿ ਉਹ ਆਪਣੇ ਆਪ ਨੂੰ ਜ਼ਿੰਦਾ ਰੱਖ ਸਕਣ। ਪ੍ਰੀਤਮ ਕੌਰ ਹੇਅਰ, ਇੱਕ ਖੇਤ ਮਜ਼ਦੂਰ ਔਰਤ 'ਉੱਠਣ ਦਾ ਵੇਲਾ' ਵਿੱਚ ਇੰਟਰਵਿਊ ਦਿੰਦੀ ਹੋਈ ਆਖਦੀ ਹੈ ਕਿ ਮਾੜੀ ਆਰਥਿਕ ਹਾਲਤ ਕਾਰਨ ਉਹ ਅਣਮਨੁੱਖੀ ਹਾਲਤ ਵਿੱਚ ਰਹਿਣ ਲਈ ਮਜ਼ਬੂਰ ਸਨ। ਉਹਨਾਂ ਨੂੰ ਬਹੁਤ ਥੋੜੀ ਕਮਾਈ ਉੱਤੇ ਘੱਟ ਖਾ ਕੇ ਜੀਵਨ ਬਸ਼ਰ ਕਰਨਾ ਪੈਂਦਾ ਸੀ। ਉਹ ਸਵਾਲ ਕਰਦੀ ਹੈ ਕਿ ਜੇਕਰ ਉਹਨਾਂ ਕੋਲ ਚੰਗੀ ਕਮਾਈ ਹੋਵੇ ਤਾਂ ਉਹ ਬੇਸਮੈਂਟ ਵਿੱਚ ਕਿਉਂ ਰਹਿਣ। ਇਹ ਉਹਨਾਂ ਦੀ ਬੇਵੱਸੀ ਹੀ ਹੈ ਜੋ ਉਹਨਾਂ ਨੂੰ ਅਜਿਹੀਆਂ ਹਾਲਤਾਂ ਵਿੱਚ ਰਹਿਣ ਲਈ ਮਜ਼ਬੂਰ ਕਰਦੀ ਸੀ।

ਖੇਤ ਮਜ਼ਦੂਰ ਦੀ ਹੱਡ ਭੰਨਵੀਂ ਮਿਹਨਤ, ਉਹਨਾਂ ਦੀਆਂ ਆਰਥਿਕ ਤੰਗੀਆਂ ਤੁਰਸ਼ੀਆਂ ਨਾਲ ਜੁੜੀ ਹੋਈ ਸੀ। ਪ੍ਰੀਤਮ ਕੌਰ ਹੇਅਰ ਖੇਤ ਕਾਮਿਆਂ ਦੀ ਦੁਖਦਾਈ ਹਾਲਤ ਬਾਰੇ ਦੱਸਦੀ ਹੈ ਕਿ ਖੇਤ ਮਜ਼ਦੂਰੀ ਕਰਨਾ ਕੋਈ ਆਸਾਨ ਕੰਮ ਨਹੀਂ ਸੀ। ਖੇਤਾਂ ਵਿੱਚ ਹੱਡ-ਭੰਨਵੀਂ ਮਿਹਨਤ ਕਰਦੇ ਸਮੇਂ ਉਸਦੀਆਂ ਲੱਤਾਂ ਅਤੇ ਪੇਟ ਨੂੰ ਸੋਜਿਸ਼ ਆ ਜਾਂਦੀ ਸੀ ਇਹ ਕੋਈ ਅਲੋਕਾਰੀ ਗੱਲ ਨਹੀਂ ਸਗੋਂ ਖੇਤ ਕਾਮਿਆਂ ਦੀ ਸਿਹਤ ਨਾਲ ਜੁੜੇ ਅਧਿਐਨ ਇਸ ਗੱਲ ਦੇ ਭਲੀ-ਭਾਂਤ ਗਵਾਹ ਹਨ ਕਿ ਖੇਤ ਕਾਮਿਆਂ ਨੂੰ ਖੇਤ ਕਿਰਤ ਕਰਦੇ ਸਮੇਂ ਗੰਭੀਰ ਸਿਹਤ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਸੀ। 1980ਵਿਆਂ ਵਿੱਚ ਖੇਤ ਕਾਮਿਆਂ ਦੀ ਸਿਹਤ ਨਾਲ ਹੁੰਦੇ ਖਿਲਵਾੜ ਤੋਂ ਇਲਾਵਾ, ਉਹਨਾਂ ਨੂੰ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਦੀ ਪ੍ਰਾਪਤੀ ਲਈ ਵੀ ਸੰਘਰਸ਼ ਕਰਨਾ ਪੈਂਦਾ ਸੀ। ਉਜ਼ਰਤਾਂ ਵਿੱਚ ਕਟੌਤੀ ਕਾਰਨ ਉਹਨਾਂ ਨੂੰ ਖ਼ਸਤਾ ਹਾਲਤ ਵਾਲੇ ਰੈਣ-ਬਸੇਰਿਆਂ ਵਿੱਚ ਰਹਿ ਕੇ ਅਤੇ ਨੀਵੇਂ ਪੱਧਰ ਦੀ ਖ਼ੁਰਾਕ ਖਾ ਕੇ ਗੁਜ਼ਾਰਾ ਕਰਨਾ ਪੈਂਦਾ ਸੀ। ਉਹਨਾਂ ਨੂੰ ਸ਼ੁੱਧ ਪਾਣੀ, ਦਵਾਈਆਂ ਸਿਹਤ ਸੁਰੱਖਿਆ ਅਤੇ ਸਫ਼ਾਈ ਵਿਵਸਥਾ ਮੁਹੱਈਆ ਨਹੀਂ ਕਰਵਾਈ ਜਾਂਦੀ ।ਖੇਤ ਮਜ਼ਦੂਰ ਮੁੱਢਲੀਆਂ ਸਹੂਲਤਾਂ ਦੀ ਘਾਟ ਕਰਕੇ ਕਈ ਨਾ-ਮੁਰਾਦ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਸਨ। ਉਹਨਾਂ ਨੂੰ ਸਿਰਫ਼ ਮੁਨਾਫ਼ਾ ਕਮਾਉਣ ਵਾਲੀਆਂ ਮਸ਼ੀਨਾਂ ਦੇ ਰੂਪ ਵਿੱਚ ਦੇਖਿਆ ਜਾਂਦਾ ਸੀ। 'ਮਨੁੱਖੀ ਅਧਿਕਾਰ ਸੰਗਠਨ ਆਫ ਬ੍ਰਿਟਿਸ਼ ਕੋਲੰਬੀਆ' 1983 ਦੀ ਰਿਪੋਰਟ ਇਸ ਗੱਲ ਦਾ ਖੁਲਾਸਾ ਕਰਦੀ ਹੈ ਕਿ 100 ਵਿੱਚੋਂ 80 ਖੇਤ ਕਿਰਤੀਆਂ ਨੂੰ ਖੇਤਾਂ ਵਿੱਚ ਬੁਨਿਆਦੀ ਸੁਰੱਖਿਆ ਸਹੂਲਤਾਂ ਨਹੀਂ ਮਿਲਦੀਆਂ ਸਨ।

ਖੇਤ ਕਿਰਤੀਆਂ ਦੇ ਬੱਚਿਆਂ ਦੇ ਵਿਕਾਸ ਲਈ ਚਾਹੀਦੀਆਂ ਸਹੂਲਤਾਂ ਨੂੰ ਲਗਾਤਾਰ ਅੱਖੋਂ-ਪਰੋਖੇ ਕੀਤਾ ਜਾਂਦਾ ਸੀ। ਉਹਨਾਂ ਨੂੰ ਸੰਤੁਲਿਤ ਆਹਾਰ, ਸਿੱਖਿਆ ਅਤੇ ਖੇਡਾਂ ਵਰਗੀਆਂ ਸਹੂਲਤਾਂ ਤੋਂ ਵਾਂਝੇ ਰੱਖ ਕੇ ਛੋਟੀ ਉਮਰ ਵਿੱਚ ਹੀ ਖੇਤਾਂ ਵਿੱਚ ਕੰਮ ਕਰਨ ਲਈ ਮਜ਼ਬੂਰ ਕੀਤਾ ਜਾਂਦਾ ਸੀ। 1980 ਵਿੱਚ ਫਰੇਜ਼ਰ ਵੈਲੀ ਵਿੱਚ ਚਾਰ ਬੱਚੇ ਪਾਣੀ ਵਿੱਚ ਰੁੜ ਗਏ ਸਨ ਕਿਉਂਕਿ ਉਹਨਾਂ ਦੇ ਮਾਪਿਆਂ ਦੀ ਮਜ਼ਦੂਰੀ ਐਨੀ ਘੱਟ ਸੀ ਕਿ ਉਹ ਆਪਣੇ ਬੱਚਿਆਂ ਨੂੰ ਡੇ-ਕੇਅਰ ਸੈਂਟਰ ਵਿੱਚ ਰੱਖਣ ਤੋਂ ਅਸਮਰੱਥ ਸਨ। ਖੇਤ ਕਾਮਿਆਂ ਦੇ ਵੱਡੇ ਬੱਚੇ ਹੀ ਅਕਸਰ ਛੋਟੇ ਬੱਚਿਆਂ ਦੀ ਸਾਂਭ ਸੰਭਾਲ ਦਾ ਕੰਮ ਕਰਦੇ ਸਨ। ਖੇਤ ਕਾਮਿਆਂ ਦੇ ਹੋ ਰਹੇ ਇਸ ਬਹੁਪੱਖੀ ਸ਼ੋਸ਼ਣ ਨੇ ਉਹਨਾਂ ਨੂੰ ਇੱਕਜੁੱਟ ਹੋਣ ਲਈ ਮਜ਼ਬੂਰ ਕੀਤਾ ਤਾਂ ਕਿ ਜ਼ਿੰਦਗੀ ਜਿਉਣ ਦੀਆਂ ਚੰਗੀਆਂ ਹਾਲਤਾਂ ਦੀ ਬੇਹਤਰੀ ਲਈ ਸੰਘਰਸ਼ ਵਿੱਢਿਆ ਜਾ ਸਕੇ।

**ਕੈਨੇਡੀਅਨ ਖੇਤ ਮਜ਼ਦੂਰ ਸੰਗਠਨ ਦੀ ਸਥਾਪਨਾ ਅਤੇ ਚੰਗੀਆਂ ਜਿਉਣ ਹਾਲਤਾਂ ਲਈ ਸੰਘਰਸ਼**

ਸੰਨ 1979 ਵਿਚ ਰਾਜ ਚੌਹਾਨ ਅਤੇ ਹਰਿੰਦਰ ਮਾਹਲ ਨੇ ਸਿਰ ਤੋੜ ਯਤਨ ਕਰਕੇ ਖੇਤ ਕਾਮਿਆਂ ਨੂੰ ਇੱਕਜੁੱਟ ਕਰਕੇ ਉਹਨਾਂ ਦੀ ਕੀਤੀ ਜਾਂਦੀ ਆਰਥਿਕ ਲੁੱਟ ਅਤੇ ਨਸਲੀ ਵਿਤਕਰਿਆਂ ਬਾਰੇ ਚੇਤਨਾ ਦੀ ਮੁਹਿੰਮ ਸ਼ੁਰੂ ਕੀਤੀ। ਇੱਕ ਖੱਬੇ ਪੱਖੀ ਸਮਾਜਿਕ ਸੰਗਠਨ, 'ਉਤਰੀ-ਅਮਰੀਕਾ ਭਾਰਤੀ ਲੋਕ ਸੰਗਠਨ' (Indian Peoples Association of North America) ਨੇ ਖੇਤ ਕਾਮਿਆਂ ਦੀ ਹੁੰਦੀ ਲੁੱਟ ਦੇ ਖ਼ਿਲਾਫ਼, ਆਪਣਾ ਸਮਰਥਨ ਦੇਣ ਦਾ ਐਲਾਨ ਕੀਤਾ। 26 ਫਰਵਰੀ 1979 ਵਿੱਚ ਇਹਨਾਂ ਦੀਆਂ ਕੋਸ਼ਿਸ਼ਾਂ ਸਦਕਾ, 'ਖੇਤ ਮਜ਼ਦੂਰ ਸੰਗਠਨ' ਦੀ ਸਥਾਪਨਾ ਕੀਤੀ ਗਈ। ਅਤੇ ਇਕ ਸਾਲ ਵਿੱਚ ਇਸ ਸੰਗਠਨ ਨੇ 700 ਮੈਂਬਰਾਂ ਨੂੰ ਭਰਤੀ ਕੀਤਾ। ਜੁਲਾਈ 1979 ਵਿੱਚ ਕਮੇਟੀ ਨੂੰ ਸ਼ਾਨਦਾਰ ਸਫ਼ਲਤਾ ਮਿਲੀ ਜਦੋਂ 200 ਖੇਤ ਕਾਮਿਆਂ ਨੂੰ ਇਕੱਠੇ ਕਰਕੇ 'ਮੁਖਤਿਆਰ ਗਰੇਅਰ ਲਿਮਿਟਿਡ ਇਨ ਕਲੀਅਰ ਬੁਕ ਆਫ ਬ੍ਰਿਟਿਸ਼ ਕੋਲੰਬੀਆ' ਖ਼ਿਲਾਫ਼ ਉਜ਼ਰਤਾਂ ਹੜੱਪਣ ਖ਼ਿਲਾਫ਼ ਕਾਰਵਾਈ ਕੀਤੀ ਗਈ। ਇਸ ਕਾਰਵਾਈ ਦੇ ਨਤੀਜੇ ਵਜੋਂ 80 ਹਜ਼ਾਰ ਡਾਲਰ ਦੀਆਂ ਦੇਣਦਾਰੀਆਂ ਦੀ ਮੌਕੇ ਤੇ ਹੀ ਰਿਕਵਰੀ ਕੀਤੀ ਗਈ। ਇਸ ਸ਼ਾਨਦਾਰ ਸਫ਼ਲਤਾ ਤੋਂ ਬਾਅਦ ਕਮੇਟੀ ਨੇ ਲਗਾਤਾਰ ਧਰਨੇ ਪ੍ਰਦਰਸ਼ਨਾਂ ਦਾ ਸਿਲਸਿਲਾ ਜਾਰੀ ਰੱਖ ਕੇ ਖੇਤ ਮਜ਼ਦੂਰ ਦੀ ਹੁੰਦੀ ਆਰਥਿਕ ਲੁੱਟ ਦੇ ਖਿਲਾਫ ਚੇਤਨ ਕਰਨਾ ਜਾਰੀ ਰੱਖਿਆ। ਇਕ ਸਾਲ ਦੇ ਅਰਸੇ ਮਗਰੋਂ ਕਮੇਟੀ ਨੂੰ 'ਕੈਨੇਡੀਅਨ ਖੇਤ ਮਜ਼ਦੂਰ ਸੰਗਠਨ' ਵਿੱਚ ਤਬਦੀਲ ਕਰ ਦਿੱਤਾ। ਅਪ੍ਰੈਲ 26, 1980 ਵਿੱਚ ਰਾਜ ਚੌਹਾਨ ਨੂੰ ਇਸ ਦਾ ਪਹਿਲਾ ਪ੍ਰਧਾਨ ਚੁਣ ਕੇ ਇਸ ਦੀ ਰਸਮੀ ਸਥਾਪਤੀ ਕੀਤੀ ਗਈ। ਸੰਗਠਨ ਦੇ ਸਥਾਪਨਾ ਦਿਵਸ ਤੇ 550 ਕਾਰਕੁਨਾਂ ਨੇ ਇਕੱਠੇ ਹੋ ਕੇ ਸੰਗਠਨ ਦੀ ਬੇਹਤਰੀ ਲਈ ਤਦਬੀਰਾਂ ਕੀਤੀਆਂ। ਸੀਜ਼ਰ ਸ਼ਾਵੇਜ਼, ਜੋ ਕਿ United Farm Workers (UFW) Union ਦੇ ਪ੍ਰਧਾਨ ਸਨ, ਪ੍ਰਮੁੱਖ ਵਕਤਾ ਵਜੋਂ ਭਾਸ਼ਣ ਦਿੱਤਾ। ਸੀਜ਼ਰ ਸ਼ਾਵੇਜ਼ ਨੇ ਆਪਣੇ ਸੰਬੋਧਨ ਵਿੱਚ ਖੇਤੀ ਕਾਮਿਆਂ ਦੀ ਆਪਸੀ ਏਕਤਾ ਤੇ ਜ਼ੋਰ ਦੇ ਕੇ ਇਸ ਦੀ ਅਹਿਮੀਅਤ ਸਮਝਾਉਂਦਿਆਂ, ਇਸ ਗੱਲ ਦੀ ਪੈਰਵੀ ਕੀਤੀ ਕਿ ਏਕਤਾ ਨਾਲ ਹੀ ਪੂੰਜੀਪਤੀ ਕਿਸਾਨਾਂ, ਠੇਕੇਦਾਰਾਂ ਅਤੇ ਖੇਤੀਬਾੜੀ ਕਾਰਪੋਰੇਸ਼ਨਾ ਦੁਆਰਾ ਖੇਤ ਕਾਮਿਆਂ ਦੀ ਆਰਥਿਕ ਲੁੱਟ ਤੇ ਨਸਲੀ ਵਿਤਕਰਿਆਂ ਤੋਂ ਮੁਕਤੀ ਹੋ ਸਕਦੀ ਹੈ। ਉਸਨੇ ਇਹ ਤਰਕ ਦਿੱਤਾ ਕਿ ਖੇਤੀ ਕਾਮਿਆਂ ਨੂੰ ਕਦੇ ਵੀ ਕੁਸ਼ਲ ਕਾਮਿਆਂ ਦੇ ਤੌਰ 'ਤੇ ਮਾਨਤਾ ਨਹੀਂ ਦਿੱਤੀ ਜਾਂਦੀ ਜਦਕਿ ਖੇਤ ਮਜ਼ਦੂਰੀ ਸਭ ਤੋਂ ਵੱਧ ਕੁਸ਼ਲਤਾ ਦੀ ਮੰਗ ਕਰਦੀ ਹੈ। ਖੇਤ ਕਾਮਿਆਂ ਕੋਲ ਖੇਤੀ ਕਰਨ ਦਾ ਵਿਰਾਸਤੀ ਤਜ਼ਰਬਾ ਹੁੰਦਾ ਹੈ, ਇਸ ਤੋਂ ਵੀ ਅਗਾਂਹ ਖੇਤ ਮਜ਼ਦੂਰ ਸਖ਼ਤ ਮਿਹਨਤ ਕਰਕੇ ਸਮਾਜ ਦਾ ਢਿੱਡ ਭਰਦੇ ਹਨ ਅਤੇ ਖੁਦ ਬਹੁਤ ਹੀ ਨਿਗੂਣੀਆਂ ਉਜ਼ਰਤਾਂ ਨਾਲ ਗੁਜ਼ਰ ਬਸ਼ਰ ਕਰਦੇ ਹਨ। ਇੱਥੋਂ ਤੱਕ ਕਈ ਵਾਰ ਉਹਨਾਂ ਨੂੰ ਖੁਦ ਭੁੱਖੇ ਢਿੱਡ ਰਹਿਣਾ ਪੈਂਦਾ ਹੈ। ਉਹ ਆਪਣੀ ਸਾਰੀ ਜ਼ਿੰਦਗੀ ਤੰਗੀਆਂ ਤੁਰਸ਼ੀਆਂ ਵਿੱਚ ਗੁਜ਼ਾਰ ਦਿੰਦੇ ਹਨ ਅਤੇ ਉਹਨਾਂ ਦੇ ਪਰਿਵਾਰਾਂ ਤੇ ਆਰਥਿਕ ਮੰਦਹਾਲੀ ਦੀ ਤਲਵਾਰ ਸਦਾ ਲਟਕਦੀ ਰਹਿੰਦੀ ਹੈ। ਹੱਡ-ਭੰਨਵੀਂ ਮਿਹਨਤ ਵੀ ਉਨ੍ਹਾਂ ਦੀ ਜ਼ਿੰਦਗੀ ਨੂੰ ਖੁਸ਼ਗਵਾਰ ਨਹੀਂ ਬਣਾ ਸਕਦੀ। ਖੇਤਾਂ ਵਿੱਚ ਕੰਮ ਕਰਦੇ ਸਮੇਂ ਉਹਨਾਂ ਨੂੰ ਖ਼ਤਰਨਾਕ ਹਾਦਸਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੰਮ ਦੀਆਂ ਥਾਵਾਂ ਤੇ ਉਹਨਾਂ ਨੂੰ ਕੋਈ ਕੰਮ-ਸੁਰੱਖਿਆ ਮੁਹੱਈਆ ਨਹੀਂ ਕਰਵਾਈ ਜਾਂਦੀ। ਜ਼ਹਿਰੀਲੇ ਕੀਟਨਾਸ਼ਕਾਂ ਅਤੇ ਮਸ਼ੀਨਾਂ ਦੀ ਵਰਤੋਂ ਕਰਦੇ ਸਮੇਂ ਉਹ ਦੁਰਘਟਨਾਵਾਂ ਦਾ ਸ਼ਿਕਾਰ ਹੋ ਜਾਂਦੇ ਹਨ ਅਤੇ ਉਹਨਾਂ ਨੂੰ ਬਣਦਾ ਯੋਗ ਮੁਆਵਜ਼ਾ ਵੀ ਨਹੀਂ ਮਿਲਦਾ। ਚੰਗੇ ਭੋਜਨ, ਪੀਣ ਯੋਗ ਪਾਣੀ ਅਤੇ ਚੰਗੀ ਰਿਹਾਇਸ਼ ਉਹਨਾਂ ਲਈ ਸੁਪਨਾ ਬਣ ਕੇ ਰਹਿ ਜਾਂਦੀ ਹੈ। ਸਖ਼ਤ ਕੰਮ-ਹਾਲਤਾਂ ਵਿੱਚ ਹੱਡ ਭੰਨਵੀਂ ਮਿਹਨਤ ਕਰਨ ਦੇ ਬਾਵਜੂਦ ਉਹਨਾਂ ਨੂੰ ਢੁੱਕਵੀਆਂ ਉਜਰਤਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ। ਇਸ ਸਾਰੇ ਵਰਤਾਰੇ ਤੋਂ ਨਿਜ਼ਾਤ ਪਾਉਣ ਲਈ ਸੀਜ਼ਰ ਸ਼ਾਵੇਜ਼ ਸੰਗਠਨ ਬਣਾ ਕੇ ਖੇਤ ਕਿਰਤੀਆਂ ਨੂੰ ਆਪਣੇ ਹੱਕਾਂ ਲਈ ਸੰਘਰਸ਼ ਕਰਨ ਲਈ ਪ੍ਰੇਰਿਤ ਕਰਦਾ ਹੈ। ਸੰਘਰਸ਼ ਅਤੇ ਏਕਤਾ ਹੀ ਉਹਨਾਂ ਨੂੰ ਗ਼ਰੀਬੀ ਦੀ ਦਲਦਲ ਵਿੱਚੋਂ ਕੱਢ ਸਕਦੇ ਹਨ। ਉਹ ਸੰਸਾਰ ਪੱਧਰ ਤੇ ਖੇਤ ਕਾਮਿਆਂ ਨੂੰ ਸੰਗਠਨ ਦੇ ਮੈਂਬਰ ਬਣ ਕੇ ਖੇਤ ਕਾਮਿਆਂ ਦੀ ਧਨਾਢ ਜਿਮੀਦਾਰਾਂ, ਠੇਕੇਦਾਰਾਂ ਅਤੇ ਖੇਤੀਬਾੜੀ ਕਾਰਪੋਰੇਸ਼ਨਾ ਦੁਆਰਾ ਕੀਤੀ ਜਾਂਦੀ ਲੁੱਟ ਦਾ ਖਾਤਮਾ ਕਰਨ ਦੇ ਨਾਲ ਨਾਲ ਨਿਆਂ ਅਤੇ ਸਮਾਨਤਾ ਪ੍ਰਾਪਤੀ ਦੀ ਪੁਰਜ਼ੋਰ ਹਮਾਇਤ ਕਰਨ ਦਾ ਦਾਅਵਾ ਕਰਦਾ ਹੈ।

1960ਵਿਆਂ ਅਤੇ 1970ਵਿਆਂ ਦੇ ਦੌਰ ਵਿੱਚ ਖੱਬੇ-ਪੱਖੀ ਲਹਿਰ ਦੇ ਕੈਨੇਡੀਅਨ ਖੇਤ ਮਜ਼ਦੂਰ ਸੰਗਠਨ ਨੂੰ ਜ਼ਮੀਨੀ ਪੱਧਰ ਤੇ ਖੇਤ ਕਾਮਿਆਂ ਨੂੰ ਵਿਚਾਰਧਾਰਕ ਅਤੇ ਕੂਟਨੀਤਿਕ ਤੌਰ ਤੇ ਸੰਗਠਿਤ ਕਰਕੇ ਕ੍ਰਾਂਤੀਕਾਰੀ ਬਦਲਾਅ ਕਰਨ ਦਾ ਤਹੱਈਆ ਕੀਤਾ। ਖੇਤ ਕਾਮਿਆਂ ਨੂੰ ਜਾਗਰੂਕ ਕਰਨ ਲਈ ਕੈਨੇਡੀਅਨ ਖੇਤ ਮਜ਼ਦੂਰ ਸੰਗਠਨ ਪ੍ਰਦਰਸ਼ਨ ,ਜਨਤਕ ਇਕੱਠ, ਰਾਜਨੀਤਿਕ ਅਤੇ ਵਿਚਾਰਧਾਰਕ ਰੈਲੀਆਂ ਰਾਹੀਂ ਖੇਤ ਕਾਮਿਆਂ ਨੂੰ ਜਾਗਰੂਕ ਕਰਨ ਲਈ ਸਿਰ ਤੋੜ ਯਤਨ ਕੀਤਾ ਤਾਂ ਕਿ ਖੇਤ ਕਾਮਿਆਂ ਦੀ ਹੁੰਦੀ ਆਰਥਿਕ ਲੁੱਟ ਅਤੇ ਹੋਰ ਚੁਣੌਤੀਆਂ ਦਾ ਸਾਹਮਣਾ ਕੀਤਾ ਜਾ ਸਕੇ ।ਕੈਨੇਡੀਅਨ ਖੇਤ ਮਜ਼ਦੂਰ ਸੰਗਠਨ ਦਾ ਨਾਅਰਾ ਉਸ ਸਮੇਂ ਦੀਆਂ ਹੋਰ ਜਥੇਬੰਦੀਆਂ ਦੇ ਮੁਕਾਬਲੇ ਕ੍ਰਾਂਤੀਕਾਰੀ ਅਤੇ ਖਾੜਕੂ ਘੋਲ ਵਿੱਢਣ ਦੀ ਪੈਰਵੀ ਕਰਦਾ ਸੀ। ਪ੍ਰੰਪਰਿਕ ਰੂੜੀਵਾਦੀ ਸੰਗਠਨ, ਮਸਲਨ 'ਕੈਨੇਡੀਅਨ ਮਜ਼ਦੂਰ ਕਾਂਗਰਸ' (Canadian Labour Congress) ਦੇ ਮੁਕਾਬਲੇ ਕੈਨੇਡੀਅਨ ਖੇਤ ਮਜ਼ਦੂਰ ਸੰਗਠਨ ਰਿਆਇਤੀ ਅਤੇ ਰਸਮੀ ਢੰਗ ਨਾਲ ਮੰਗਾਂ ਮਨਵਾਉਣ ਨਾਲੋਂ ਸੰਘਰਸ਼ਮਈ ਢੰਗ ਨਾਲ ਖੇਤ ਕਾਮਿਆਂ ਦੀਆਂ ਹੱਕੀ ਮੰਗਾਂ ਮਨਵਾਉਣ ਵਿੱਚ ਯਕੀਨ ਰੱਖਦਾ ਸੀ। ਕੈਨੇਡੀਅਨ ਖੇਤ ਮਜ਼ਦੂਰ ਸੰਗਠਨ ਨੇ ਕਾਮਿਆਂ ਨੂੰ ਇੱਕਜੁੱਟ ਕਰਕੇ ਉਹਨਾਂ ਦੀ ਪ੍ਰਬੰਧਕੀ ਢਾਂਚੇ ਦੁਆਰਾ ਕੀਤੀ ਜਾਂਦੀ ਆਰਥਿਕ ਲੁੱਟ ਨੂੰ, ਸਿਧਾਂਤਕ ਰੂਪ ਵਿੱਚ ਚੁਣੌਤੀ ਪੇਸ਼ ਕੀਤੀ।

ਕੈਨੇਡੀਅਨ ਖੇਤ ਮਜ਼ਦੂਰ ਸੰਗਠਨ ਨੂੰ ਖੇਤ ਕਾਮਿਆਂ ਨੂੰ ਕਰਦੇ ਸਮੇਂ ਠੇਕੇਦਾਰਾਂ ਦੇ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਠੇਕੇਦਾਰ ਸੰਗਠਨ ਨੂੰ ਦਬਾਉਣ ਲਈ ਹਿੰਸਕ ਕਾਰਵਾਈਆਂ ਤੱਕ ਉਤਰ ਆਏ। ਸੰਗਠਨ ਦੇ ਨੇਤਾਵਾਂ ਅਤੇ ਕਾਰਕੂਨਾਂ ਤੇ ਠੇਕੇਦਾਰਾਂ ਦੁਆਰਾ ਜਾਨਲੇਵਾ ਹਮਲੇ ਕੀਤੇ ਗਏ ਤਾਂ ਕਿ ਸੰਗਠਨ ਖੇਤ ਕਾਮਿਆਂ ਨੂੰ ਸੰਗਠਿਤ ਨਾ ਕਰ ਸਕਣ। ਠੇਕੇਦਾਰਾਂ ਦੁਆਰਾ ਉਹਨਾਂ ਦੀ ਜਾਇਦਾਦ ਅਤੇ ਵਾਹਨਾਂ ਦੀ ਭੰਨ ਤੋੜ ਵੀ ਕੀਤੀ ਗਈ। ਠੇਕੇਦਾਰਾਂ ਦੇ ਜ਼ੁਲਮਾਂ ਦੀ ਪ੍ਰਵਾਹ ਕੀਤੇ ਬਿਨਾਂ, ਕੈਨੇਡੀਅਨ ਖੇਤ ਮਜ਼ਦੂਰ ਸੰਗਠਨ ਖੇਤ ਕਾਮਿਆਂ ਨੂੰ ਨਿਆਂ ਅਤੇ ਸਮਾਨਤਾ ਦਾ ਹੱਕ ਦਵਾਉਣ ਲਈ ਦਲੇਰੀ ਅਤੇ ਦ੍ਰਿੜਤਾ ਨਾਲ ਲੜਦਾ ਰਿਹਾ। ਇਸ ਦੀ ਜ਼ਿੰਦਾ ਉਦਾਹਰਨ ਪ੍ਰੀਤਮ ਕੌਰ ਹੇਅਰ ਦੀ ਹੈ ਜਿਸ ਤੇ ਸੰਗਠਨ ਦੀਆਂ ਗਤੀਵਿਧੀਆਂ ਵਿੱਚ ਸ਼ਮੂਲੀਅਤ ਕਰਨ ਕਰਕੇ ਸਭ ਲੋਇਜ਼ ਫਾਰਮ ਦੁਆਰਾ ਮੁਅੱਤਲ ਕਰ ਦਿੱਤਾ ਗਿਆ ਕੈਨੇਡੀਅਨ ਖੇਤ ਮਜ਼ਦੂਰ ਸੰਗਠਨ ਦੇ ਕਾਰਕੁਨਾਂ ਨੇ ਇਕੱਠੇ ਹੋ ਕੇ ਧਨਾਢ ਕਿਸਾਨਾਂ ਅਤੇ ਠੇਕੇਦਾਰਾਂ ਪ੍ਰਤੀ ਆਪਣਾ ਵਿਰੋਧ ਦਰਜ ਕਰਾਉਂਦੇ ਹੋਏ ਪ੍ਰੀਤਮ ਕੌਰ ਹੇਅਰ ਦੀ ਮੁਅੱਤਲੀ ਰੱਦ ਕਰਵਾਈ।

ਕਈ ਸਾਲਾਂ ਦੇ ਲੰਮੇ ਸੰਘਰਸ਼ ਤੋਂ ਬਾਅਦ ਕੈਨੇਡੀਅਨ ਖੇਤ ਮਜ਼ਦੂਰ ਸੰਗਠਨ ਖੇਤ ਕਾਮਿਆਂ ਦੀਆਂ ਹੱਕੀ ਮੰਗਾਂ ਮਨਵਾਉਣ ਲਈ ਅਹਿਮ ਭੂਮਿਕਾ ਨਿਭਾਉਂਦਾ ਰਿਹਾ, ਉਸਨੇ ਕਈ ਫੈਸਲਾਕੁੰਨ ਜਿੱਤਾਂ ਪ੍ਰਾਪਤ ਕੀਤੀਆਂ। ਇਹਨਾਂ ਜਿੱਤਾਂ ਵਿੱਚ ਜ਼ਿਕਰਯੋਗ ਪ੍ਰਾਪਤੀਆਂ ਠੇਕੇਦਾਰੀ ਪ੍ਰਬੰਧ ਨੂੰ ਖ਼ਤਮ ਕਰਨਾ, ਕੰਮ ਦੀਆਂ ਥਾਵਾਂ ਤੇ ਕਾਮਿਆਂ ਸੁਰੱਖਿਆ ਵਿੱਚ ਸੁਧਾਰ ਅਤੇ ਸਿਹਤ ਸੁਰੱਖਿਆ ਦਾ ਪੱਧਰ ਉੱਚਾ ਚੁੱਕਣਾ ਸ਼ਾਮਿਲ ਸਨ। ਇਹਨਾਂ ਕੋਸ਼ਿਸ਼ਾਂ ਸਦਕਾ ਹੀ ਖੇਤ ਕਾਮਿਆਂ ਦੀਆਂ ਉਜ਼ਰਤਾਂ ਵਿੱਚ ਜ਼ਿਕਰ ਯੋਗ ਵਾਧਾ ਹੋਇਆ। ਕੈਨੇਡੀਅਨ ਖੇਤ ਮਜ਼ਦੂਰ ਸੰਗਠਨ ਖੇਤ ਕਾਮਿਆਂ ਨੂੰ ਸਿਰਫ਼ ਆਰਥਿਕ ਸੰਪੰਨਤਾ ਦਬਾਉਣ ਤੱਕ ਸੀਮਤ ਨਾ ਹੋ ਕੇ ਖੇਤ ਕਾਮਿਆਂ ਦੀ ਸੰਜੀਦਾ ਪ੍ਰਗਤੀ ਦੀ ਹਮਾਇਤ ਕਰਦਾ ਰਿਹਾ। ਉਹਨਾਂ ਨੂੰ ਪ੍ਰਬੰਧਕੀ ਲੁੱਟ ਤੋਂ ਮੁਕਤ ਕਰਵਾਉਣ ਲਈ ਪੰਜਾਬੀਆਂ ਦੀ ਤੱਤਪਰ ਸ਼ਮੂਲੀਅਤ ਨੇ ਕੈਨੇਡੀਅਨ ਖੇਤ ਮਜ਼ਦੂਰ ਸੰਗਠਨ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਇਆ। ਇਸ ਸੰਘਰਸ਼ ਨੇ ਕੈਨੇਡੀਅਨ ਸਮਾਜ ਵਿੱਚ ਪੰਜਾਬੀਆਂ ਨੂੰ ਸਨਮਾਨਯੋਗ ਪਹਿਚਾਣ ਦੀ ਦਵਾਉਣ ਵਿੱਚ ਮੱਦਦ ਕੀਤੀ। ਕੈਨੇਡੀਅਨ ਖੇਤ ਮਜ਼ਦੂਰ ਸੰਗਠਨ ਸਿਰਫ ਖੇਤ ਕਾਮਿਆਂ ਦੀ ਆਰਥਿਕ ਮੰਗਾਂ ਤੱਕ ਸੀਮਤ ਨਾ ਹੋ ਕੇ ਕੈਨੇਡੀਅਨ ਸਮਾਜ ਵਿਚ ਨਿਆਂ ਅਤੇ ਸਮਾਨਤਾ ਬਹਾਲ ਕਰਕੇ ਪ੍ਰਬੰਧਕੀ ਲੁੱਟ ਦੇ ਖਾਤਮੇ ਲਈ ਵੀ ਕੰਮ ਕਰਦਾ ਰਿਹਾ।

**ਅੰਤਿਮ ਕਥਨ**

1980ਵਿਆਂ ਦਾ ਖੇਤ ਕਾਮਿਆਂ ਦਾ ਸੰਘਰਸ਼, ਪੂੰਜੀਵਾਦੀ ਉਤਪਾਦਨ ਢਾਂਚੇ ਵਿੱਚ ਕਾਮਿਆਂ ਦੇ ਸ਼ੋਸ਼ਣ ਅਤੇ ਨਸਲੀ ਵਿਤਕਰੇ ਦੇ ਆਲਮ ਨੂੰ ਬਿਆਨ ਕਰਦਾ ਹੈ। ਇਸ ਸੰਦਰਭ ਵਿੱਚ ਕੈਨੇਡੀਅਨ ਖੇਤ ਮਜ਼ਦੂਰ ਸੰਗਠਨ ਦਾ ਨਿਰਮਾਣ ਇਸ ਪੂੰਜੀਵਾਦੀ ਖੇਤੀ ਉਤਪਾਦਨ ਪ੍ਰਬੰਧ ਅਤੇ ਨਸਲੀ ਵਿਤਕਰੇ ਨੂੰ ਠੱਲ੍ਹ ਪਾਉਣ ਲਈ ਇੱਕ ਮੀਲ ਪੱਥਰ ਸਾਬਿਤ ਹੋਇਆ। ਕੈਨੇਡੀਅਨ ਖੇਤ ਮਜ਼ਦੂਰ ਸੰਗਠਨ ਦੇ ਨਿਰਮਾਣ ਅਤੇ ਸੰਘਰਸ਼ ਵਿੱਚ ਪੰਜਾਬੀ ਖੇਤ ਕਾਮਿਆਂ ਦਾ ਸ਼ਲਾਘਾਯੋਗ ਯੋਗਦਾਨ ਸੀ। ਪੰਜਾਬੀਆਂ ਦੀ ਭਰਪੂਰ ਸ਼ਿਰਕਤ ਕਾਰਨ ਕੈਨੇਡੀਅਨ ਖੇਤ ਮਜ਼ਦੂਰ ਸੰਗਠਨ, ਨਾ ਸਿਰਫ਼ ਕਾਮਿਆਂ ਦੇ ਸ਼ੋਸ਼ਣ ਨੂੰ ਠੱਲ ਪਾਉਣ ਵਿੱਚ ਹੀ ਕਾਮਯਾਬ ਹੋਇਆ। ਸਗੋਂ ਨਸਲੀ ਵਿਤਕਰੇ ਪ੍ਰਤੀ ਵੀ ਚੇਤਨਾ ਪੈਦਾ ਕਰਨ ਵਿੱਚ ਸਫ਼ਲ ਰਿਹਾ।

ਇਸ ਸਭ ਦੇ ਬਾਵਜੂਦ, ਜਦੋਂ ਅਸੀਂ ਅੱਜ ਵੀ ਕੈਨੇਡਾ ਦੇ ਖੇਤੀ ਸੈਕਟਰ ਵਿੱਚ, ਪੂੰਜੀਵਾਦੀ ਸੰਬੰਧਾਂ ਅਤੇ ਮਜ਼ਦੂਰ ਜਮਾਤ ਦੀ ਹੋ ਰਹੀ ਲੁੱਟ ਨੂੰ ਦੇਖਦੇ ਹਾਂ ਤਾਂ ਠੇਕੇਦਾਰੀ ਪ੍ਰਬੰਧ ਅਧੀਨ ਪ੍ਰਵਾਸੀ ਖੇਤ ਮਜ਼ਦੂਰ, ਅਜੇ ਵੀ ਉਸੇ ਤਰ੍ਹਾਂ ਲੁੱਟ ਦਾ ਸ਼ਿਕਾਰ ਹੋ ਰਹੇ ਹਨ। ਕੈਨੇਡੀਅਨ ਸਿਸਟਮ, ਅੱਜ ਵੀ Seasonal Agricultural Workers Program ਅਧੀਨ ਲਾਤੀਨੀ ਮੁਲਕਾਂ ਤੋਂ ਟੈਂਪਰੇਰੀ ਵਰਕਰ ਦੇ ਤੌਰ ਤੇ, ਸਸਤੀ ਕਿਰਤ ਦੀ ਲਗਾਤਾਰ ਪੂਰਤੀ ਬਣਾ ਕੇ ਰੱਖਦਾ ਹੈ ਤਾਂ ਕਿ ਪੂੰਜੀਵਾਦੀ ਖੇਤੀ ਵਿੱਚ ਲਾਭ ਦੀ ਦਰ ਬਣੀ ਰਹੇ । ਇਹਨਾਂ ਕਾਮਿਆਂ ਦੀ ਹਾਲਤ 1980 ਵਿਆਂ ਦੇ ਖੇਤ ਕਾਮਿਆਂ ਦੀ ਹਾਲਤ ਤੋਂ ਬਹੁਤ ਜ਼ਿਆਦਾ ਵਧੀਆ ਨਹੀਂ ਹੈ। ਪ੍ਰਵਾਸੀ ਨਸਲੀ ਘੱਟ ਗਿਣਤੀਆਂ ਦਾ, ਕੈਨੇਡਾ ਦੇ ਖੇਤੀ ਸੈਕਟਰ ਵਿੱਚ ਹੋ ਰਿਹਾ ਲਗਾਤਾਰ ਸ਼ੋਸ਼ਣ, ਸਾਨੂੰ ਨਾ ਸਿਰਫ਼ ਪੂੰਜੀਵਾਦੀ ਖੇਤੀ ਸੈਕਟਰ ਉਤਪਾਦਨ ਦੇ ਖਾਸੇ ਬਲਕਿ ਪੂਰੇ ਪੂੰਜੀਵਾਦੀ ਪ੍ਰਬੰਧ ਦੇ ਖਾਸੇ ਦੀ ਅਸਲ ਤਸਵੀਰ ਦਿਖਾਉਂਦਾ ਹੈ ਜਿਸ ਦਾ ਇੱਕੋ ਇੱਕ ਉਦੇਸ਼ ਕਾਮਿਆਂ ਨੂੰ ਰੰਗ, ਨਸਲ ਆਦਿ ਅਧਾਰ ਦੇ ਉੱਤੇ ਵੰਡ ਕੇ ਪੂੰਜੀਵਾਦੀ ਲਾਭ ਦਰ ਨੂੰ ਬਣਾ ਕੇ ਰੱਖਣਾ ਹੈ। ਇਸ ਸੰਦਰਭ ਵਿੱਚ ਪੰਜਾਬੀ ਖੇਤ ਕਾਮਿਆਂ ਦੁਆਰਾ ਇੱਕ ਪੂੰਜੀਵਾਦੀ ਸ਼ੋਸ਼ਣ ਵਿਰੁੱਧ ਇਕੱਠੇ ਹੋ ਕੇ ਕੀਤੇ ਗਏ ਸ਼ੰਘਰਸ਼ ਤੋਂ ਸਿੱਖ ਕੇ ਅਜੋਕੇ ਪੂੰਜੀਵਾਦੀ ਖੇਤੀ ਸੈਕਟਰ ਅਤੇ ਇਸ ਤੋਂ ਵੀ ਅੱਗੇ ਸਮੁੱਚੇ ਪੂੰਜੀਵਾਦੀ ਢਾਂਚੇ ਵਿਰੁੱਧ ਸਮੁੱਚੀ ਮਜ਼ਦੂਰ ਜਮਾਤ ਨੂੰ ਇੱਕਜੁੱਟ ਹੋਣ ਦੀ ਲੋੜ ਹੈ।

# ਧਾਰਮਿਕ ਆਯੋਜਨ ਜਾਂ ਨਫ਼ਰਤ ਦੀ ਸਿਆਸਤ ਦੇ ਮੰਚ?



ਬੂਟਾ ਸਿੰਘ
ਮਹਿਮੂਦਪੁਰ
94634-74342

*[ਭਾਜਪਾ ਦੇ ਲਗਾਤਾਰ ਤੀਜੀ ਵਾਰ ਮੁਲਕ ਦੀ ਸੱਤਾ 'ਚ ਆਉਣ ਨਾਲ ਘੱਟਗਿਣਤੀਆਂ ਦਾ ਭਵਿੱਖ ਹੋਰ ਜ਼ਿਆਦਾ ਅਨਿਸ਼ਚਿਤ ਹੋ ਗਿਆ ਹੈ। ਸੱਤਾਧਾਰੀ ਧਿਰ ਦੀ ਰਾਜਨੀਤੀ ਮੁਸਲਿਮ ਵਿਰੋਧੀ ਨਫ਼ਰਤ ਅਤੇ ਹਿੰਸਾ ਦੁਆਲੇ ਘੁੰਮਦੀ ਦੇਖੀ ਜਾ ਸਕਦੀ ਹੈ। ਇਸੇ ਤਰ੍ਹਾਂ ਦੀ ਇਕ ਨਫ਼ਰਤ ਫੈਲਾਉਣ ਵਾਲੀ ਮੁਹਿੰਮ ਪਿਛਲੇ ਦਿਨੀਂ ਦੇਖਣ 'ਚ ਆਈ। ਅਜਿਹੀ ਨਫ਼ਰਤ ਦੇ ਪ੍ਰਚਾਰ ਸਮੇਂ ਭਾਰਤ ਦੀ ਪੁਲਿਸ ਤੇ ਪ੍ਰਸ਼ਾਸਨ ਬੇਹਰਕਤ ਨਜ਼ਰ ਆਉਂਦੇ ਹਨ। ਇਨ੍ਹਾਂ ਵੱਖ-ਵੱਖ ਪਰਤਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। - ਸੰਪਾਦਕ]*

2024 'ਚ ਸੰਘ ਬਰਗੇਡ ਦੇ ਤੀਜੀ ਵਾਰ ਸੱਤਾ ਵਿਚ ਆਉਣ 'ਚ ਫਿਰਕੂ ਪਾਲਾਬੰਦੀ ਦੀ ਸਿਆਸਤ ਵੱਲੋਂ ਖ਼ਾਸ ਭੂਮਿਕਾ ਨਿਭਾਉਣਾ ਜੱਗ ਜ਼ਾਹਿਰ ਹਕੀਕਤ ਹੈ। ਦਸ ਸਾਲਾਂ 'ਚ ਭਗਵਾ ਹਕੂਮਤ ਦੀਆਂ ਖੁੱਲ੍ਹੇਆਮ ਲੋਕ ਵਿਰੋਧੀ ਅਤੇ ਕਾਰਪੋਰੇਟ ਪੱਖੀ ਆਰਥਕ ਨੀਤੀਆਂ ਦੇ ਬਾਵਜੂਦ ਭਾਜਪਾ ਦੇ ਚਾਣਕਿਆ ਹਿੰਦੂਆਂ ਨੂੰ ਧਰਮ ਦੇ ਨਾਮ 'ਤੇ ਵਰਗਲਾਉਣ ਅਤੇ ਅਵਾਮ ਦੀ ਵਧ ਰਹੀ ਆਰਥਕ ਬਦਹਾਲੀ ਅਤੇ ਨਬਰਾਬਰੀ ਤੋਂ ਧਿਆਨ ਹਟਾਉਣ 'ਚ ਕਾਮਯਾਬ ਹੋ ਗਏ। ਪਹਿਲਾਂ ਜਿੰਨੀਆਂ ਬਹੁਗਿਣਤੀ ਸੀਟਾਂ ਨਾ ਜਿੱਤ ਸਕਣ ਕਾਰਨ ਬਹੁਤ ਸਾਰੇ ਲੋਕਾਂ ਨੂੰ ਲੱਗਦਾ ਸੀ ਕਿ ਇਸ ਵਾਰ ਮੋਦੀ-ਅਮਿਤ ਸ਼ਾਹ ਵਜ਼ਾਰਤ ਲੋਕ ਸਭਾ 'ਚ ਆਪਣੇ ਹਿੰਦੂ ਰਾਸ਼ਟਰ ਦੇ ਏਜੰਡੇ ਨੂੰ ਅੱਗੇ ਵਧਾਉਣ ਦੀ ਦਿਸ਼ਾ 'ਚ ਪਹਿਲਾਂ ਵਰਗੇ ਧੱਕੜ ਫ਼ੈਸਲੇ ਨਹੀਂ ਲੈ ਸਕੇਗੀ। ਇਹ ਰਾਜਨੀਤਕ ਜਾਇਜ਼ਾ ਗ਼ਲਤ ਸਿੱਧ ਹੋਇਆ ਕਿਉਂਕਿ ਆਰਐੱਸਐੱਸ-ਭਾਜਪਾ ਆਪਣੇ ਹਿੰਦੂ ਰਾਸ਼ਟਰ ਦੇ ਰਾਜਨੀਤਕ ਪ੍ਰੋਜੈਕਟ ਨੂੰ ਅੱਗੇ ਵਧਾਉਣ ਤੋਂ ਭੋਰਾ ਵੀ ਪਿੱਛੇ ਨਹੀਂ ਹਟੇ ਹਨ। ਆਪਣੀ ਜਕੜ ਨੂੰ ਹੋਰ ਮਜ਼ਬੂਤ ਕਰਨ ਲਈ ਸੰਘ ਦੇ ਵੱਖ-ਵੱਖ ਵਿੰਗ ਹੋਰ ਵੀ ਤੇਜ਼ੀ ਨਾਲ ਨਫ਼ਰਤ ਫੈਲਾਉਂਦੇ ਦੇਖੇ ਜਾ ਸਕਦੇ ਹਨ। ਇਸੇ ਦੀ ਕੜੀ ਵਜੋਂ, ਦਸੰਬਰ 2024 'ਚ ਵਿਸ਼ਵ ਹਿੰਦੂ ਪਰਿਸ਼ਦ ਅਤੇ ਬਜਰੰਗ ਦਲ ਵੱਲੋਂ ਪੂਰੇ ਭਾਰਤ ਵਿਚ "ਸ਼ੌਰੀਆ ਦਿਵਸ" ਯਾਤਰਾਵਾਂ ਜਥੇਬੰਦ ਕੀਤੀਆਂ ਗਈਆਂ। ਬਿਹਾਰ, ਹਰਿਆਣਾ, ਉੜੀਸਾ, ਅਸਾਮ, ਗੋਆ, ਰਾਜਸਥਾਨ ਅਤੇ ਮਹਾਰਾਸ਼ਟਰ 'ਚ ਅਜਿਹੀ ਇਕ-ਇਕ ਯਾਤਰਾ ਆਯੋਜਤ ਕੀਤੀ ਗਈ ਜਦਕਿ ਮੱਧ ਪ੍ਰਦੇਸ਼ 'ਚ ਛੇ, ਉਤਰਾਖੰਡ 'ਚ ਤਿੰਨ ਅਤੇ ਉੱਤਰ ਪ੍ਰਦੇਸ਼ ਵਿਚ ਸਭ ਤੋਂ ਵੱਧ ਨੌਂ ਸ਼ੌਰੀਆ ਯਾਤਰਾਵਾਂ ਕੱਢੀਆਂ ਗਈਆਂ।

ਫਿਰਕੂ ਸਦਭਾਵਨਾ ਲਈ ਸਰਗਰਮ ਕਾਰਕੁਨਾਂ ਦੇ ਗਰੁੱਪ "ਸਬਰੰਗ ਇੰਡੀਆ" ਨੇ ਇਨ੍ਹਾਂ ਯਾਤਰਾਵਾਂ ਦੇ ਵੇਰਵੇ ਇਕੱਠੇ ਕਰਕੇ ਜੋ ਰਿਪੋਰਟ ਤਿਆਰ ਕੀਤੀ ਹੈ ਉਸ ਉੱਪਰ ਸਰਸਰੀ ਨਜ਼ਰ ਮਾਰਿਆਂ ਸਾਫ਼ ਪਤਾ ਲੱਗਦਾ ਹੈ ਕਿ ਇਹ ਯਾਤਰਾਵਾਂ ਧਾਰਮਿਕ ਫਿਰਕਿਆਂ, ਖ਼ਾਸ ਕਰਕੇ ਮੁਸਲਮਾਨਾਂ ਅਤੇ ਹਿੰਦੂਆਂ ਦਰਮਿਆਨ ਬੇਵਿਸ਼ਵਾਸੀ ਪੈਦਾ ਕਰਕੇ ਟਕਰਾਅ ਖੜ੍ਹੇ ਕਰਨ, ਸਦੀਆਂ ਤੋਂ ਚਲੀ ਆ ਰਹੀ ਫਿਰਕੂ ਸਦਭਾਵਨਾ ਨੂੰ ਸੱਟ ਮਾਰ ਕੇ ਫਿਰਕੂ ਵੈਰ ਪਵਾਉਣ ਅਤੇ ਮੁਸਲਮਾਨਾਂ ਦੀ ਵਤਨਪ੍ਰਸਤੀ ਉੱਪਰ ਸ਼ੱਕ ਖੜ੍ਹੇ ਕਰਕੇ ਉਨ੍ਹਾਂ ਨੂੰ ਬਹੁਗਿਣਤੀ ਨਾਲੋਂ ਅਲੱਗ-ਥਲੱਗ ਕਰਨ ਵੱਲ ਸੇਧਤ ਸਨ। ਅਜਿਹੇ ਆਯੋਜਨਾਂ ਰਾਹੀਂ ਇਤਿਹਾਸਕ ਘਟਨਾਵਾਂ ਨੂੰ ਤੋੜ-ਮਰੋੜ ਕੇ ਇਕ ਖ਼ਾਸ ਤਰ੍ਹਾਂ ਦਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਕਿ ਮੁਸਲਮਾਨ ਤਾਂ ਬੇਹੱਦ ਧੋਖੇਬਾਜ਼, ਦੇਸ਼ਧ੍ਰੋਹੀ, ਜਮਾਂਦਰੂ ਤੌਰ 'ਤੇ ਹਿੰਸਕ, ਸਾਜ਼ਿਸ਼ੀ ਅਤੇ ਸ਼ੈਤਾਨ ਧਾਰਮਿਕ ਫਿਰਕਾ ਹੈ ਜਿਸ ਉੱਪਰ ਬਿਲਕੁਲ ਯਕੀਨ ਨਹੀਂ ਕੀਤਾ ਜਾ ਸਕਦਾ। ਕਿ ਹਿੰਦੂ ਸ਼ਾਂਤ ਸੁਭਾਅ ਦੇ, ਦੇਸ਼ਪ੍ਰੇਮੀ ਅਤੇ ਨਿਰਛਲ ਹਨ। ਕਿ ਸਾਰੇ ਪੁਆੜੇ ਦੀ ਜੜ੍ਹ ਮੁਸਲਮਾਨ ਹਨ ਅਤੇ ਹਿੰਦੂਆਂ ਨੂੰ ਉਨ੍ਹਾਂ ਦੀਆਂ ਸਾਜ਼ਿਸ਼ਾਂ ਤੋਂ ਚੁਕੰਨੇ ਰਹਿਣਾ ਚਾਹੀਦਾ ਹੈ।

ਇਸ ਬਿਰਤਾਂਤ ਨੂੰ ਹਿੰਦੂ ਫਿਰਕੇ ਦੇ ਮਨਾਂ 'ਚ ਕੁੱਟ-ਕੁੱਟ ਕੇ ਭਰਨ ਲਈ ਵੱਖ-ਵੱਖ ਥਾਵਾਂ ਉੱਪਰ ਮੁਸਲਮਾਨਾਂ ਦੇ ਖ਼ਿਲਾਫ਼ ਲੱਗਭੱਗ ਇੱਕੋ ਤਰਜ਼ ਦਾ ਹਿੰਸਕ ਅਤੇ ਫਿਰਕੂ ਪ੍ਰਚਾਰ ਯਾਤਰਾ ਮੁਹਿੰਮ ਦੀ ਖ਼ਾਸੀਅਤ ਰਿਹਾ। ਬਾਬਰੀ ਮਸਜਿਦ ਨੂੰ ਤੋੜਨ ਦੇ ਸ਼ਰਮਨਾਕ ਕਾਂਡ ਨੂੰ ਹਿੰਦੂਆਂ ਦੀ 'ਬਹਾਦਰੀ' ਦੀ ਮਿਸਾਲ ਬਣਾ ਕੇ ਗੁਣਗਾਨ ਕੀਤਾ ਗਿਆ। ਭਾਸ਼ਣ ਸਿਰਫ਼ ਇਸ ਗੁਣਗਾਨ ਤੱਕ ਸੀਮਤ ਨਹੀਂ ਸਨ, ਇਹ ਐਲਾਨ ਵੀ ਦੁਹਰਾਏ ਗਏ ਕਿ ਇਹ ਤਾਂ ਸਿਰਫ਼ 'ਝਾਂਕੀ' ਹੈ, ਮਥੁਰਾ, ਕਾਸ਼ੀ ਆਦਿ ਅਜੇ ਬਾਕੀ ਹਨ। ਮੰਦਸੌਰ, ਇੰਦੌਰ ਅਤੇ ਸੀਤਾਮਊ ਵਰਗੇ ਸ਼ਹਿਰਾਂ 'ਚ ਕੀਤੇ ਇਕੱਠਾਂ 'ਚ ਸ਼ਾਮਲ ਹਜੂਮ ਨੇ ਬਾਬਰੀ ਮਸਜਿਦ ਨੂੰ ਤੋੜਨ ਦੀ ਜੈ-ਜੈਕਾਰ ਕੀਤੀ ਅਤੇ ਕਾਸ਼ੀ ਤੇ ਮਥੁਰਾ ਦੀਆਂ ਮਸਜਿਦਾਂ ਵਰਗੇ ਹੋਰ ਧਾਰਮਿਕ ਸਥਾਨਾਂ ਉੱਪਰ ਵੀ ਇਸੇ ਤਰ੍ਹਾਂ ਦੀਆਂ ਕਾਰਵਾਈਆਂ ਨੂੰ ਅੰਜਾਮ ਦੇਣ ਦੇ ਸੱਦੇ ਦਿੱਤੇ। ਇਸ ਬਿਰਤਾਂਤ ਅਨੁਸਾਰ ਬਾਬਰੀ ਮਸਜਿਦ ਤੋੜਨ ਦਾ ਮੁਜਰਮਾਨਾ ਕਾਰਾ ਧਾਰਮਿਕ ਕਾਰਜ ਹੈ ਅਤੇ ਹਿੰਦੂਆਂ ਨੇ ਅਜਿਹਾ ਕਰਕੇ ਆਪਣਾ ਖੁੱਸਿਆ ਗੌਰਵ ਮੁੜ ਹਾਸਲ ਕੀਤਾ ਹੈ।



ਭਾਸ਼ਣਾਂ 'ਚ ਕਿਹਾ ਗਿਆ ਕਿ ਮੁਸਲਮਾਨ ਹਿੰਦੂ ਫਿਰਕੇ ਦੀ ਹੋਂਦ ਲਈ ਖ਼ਤਰਾ ਹਨ ਕਿਉਂਕਿ ਉਹ 'ਲਵ ਜਹਾਦ', 'ਭੂਮੀ ਜਹਾਦ', 'ਖੇਲ ਜਹਾਦ' ਆਦਿ ਵੀ ਵੱਡੀ ਸਾਜ਼ਿਸ਼ 'ਚ ਲੱਗੇ ਹੋਏ ਹਨ। ਹਿੰਦੂਤਵੀ ਬੁਲਾਰਿਆਂ ਨੇ ਮੁਸਲਮਾਨਾਂ ਨੂੰ ਹਮਲਾਵਰਾਂ ਦੇ ਰੂਪ 'ਚ ਪੇਸ਼ ਕੀਤਾ ਅਤੇ ਉਨ੍ਹਾਂ ਪ੍ਰਤੀ "ਸਲੀਪਰ ਸੈੱਲ", "ਜਹਾਦੀ ਆਬਾਦੀ" ਜਾਂ "ਆਤੰਕਵਾਦੀ" ਵਰਗੇ ਸ਼ਬਦ ਵਰਤ ਕੇ ਉਨ੍ਹਾਂ ਨੂੰ ਦੇਸ਼ਧ੍ਰੋਹੀ ਤਾਕਤ ਬਣਾ ਕੇ ਪੇਸ਼ ਕੀਤਾ ਗਿਆ। ਕੁਝ ਥਾਵਾਂ 'ਤੇ ਤਾਂ ਭਾਸ਼ਣ ਦੇਣ ਵਾਲਿਆਂ ਵੱਲੋਂ ਭਾਰਤ 'ਚੋਂ ਮੁਸਲਮਾਨਾਂ ਨੂੰ ਕੱਢਣ ਲਈ ਹਿੰਸਕ ਸੱਦੇ ਵੀ ਦਿੱਤੇ ਗਏ। ਕਈ ਬੁਲਾਰਿਆਂ ਨੇ ਹਿੰਦੂਆਂ ਨੂੰ ਸਰੇਆਮ ਹਿੰਸਾ ਲਈ ਉਕਸਾਇਆ ਅਤੇ ਹਿੰਦੂਆਂ ਨੂੰ ਹਥਿਆਰ ਚੱਕਣ ਅਤੇ ਕਥਿਤ ਮੁਸਲਮਾਨ ਖ਼ਤਰੇ ਵਿਰੁੱਧ ਧਰਮ ਦੀ ਰੱਖਿਆ ਕਰਨ ਦੇ ਸੱਦੇ ਦਿੱਤੇ। ਰੈਲੀਆਂ 'ਚ ਬੁਲਾਰੇ ਸਰੇਆਮ ਹਿੰਸਾ ਨੂੰ ਪ੍ਰੋਮੋਟ ਕਰਦੇ ਅਤੇ ਸ਼ਾਮਲ ਹਜੂਮ ਤਲਵਾਰਾਂ, ਤ੍ਰਿਸ਼ੂਲ ਅਤੇ ਹੋਰ ਹਥਿਆਰ ਲਹਿਰਾਉਂਦੇ ਦੇਖੇ ਗਏ। ਗੋਆ ਦੇ ਕਰਚੋਰੇਮ ਅਤੇ ਉੱਤਰ ਪ੍ਰਦੇਸ਼ ਦੇ ਮਥੁਰਾ ਵਿਚ ਬੁਲਾਰਿਆਂ ਨੇ ਮੁਸਲਮਾਨਾਂ ਵਿਰੁੱਧ ਹਿੰਸਕ ਬਦਲਾ ਲੈਣ ਦੇ ਸੱਦੇ ਦਿੱਤੇ ਜਦਕਿ ਉਤਰਾਖੰਡ ਦੇ ਰੁਦਰਪੁਰ 'ਚ ਇਕ ਆਗੂ ਨੇ ਮੁਸਲਮਾਨ ਬਹੁਗਿਣਤੀ ਖੇਤਰਾਂ ਨੂੰ "ਸਲੀਪਰ ਸੈੱਲ" ਦੱਸਿਆ ਜਿਨ੍ਹਾਂ ਨੂੰ ਖ਼ਤਮ ਕਰਨਾ ਹੀ ਹਿੰਦੂਆਂ ਦੇ ਹਿਤ 'ਚ ਹੈ। ਧਾਮਪੁਰ ਅਤੇ ਸੀਤਾਪੁਰ ਦੇ ਇਕੱਠਾਂ 'ਚ ਮੁਸਲਮਾਨਾਂ ਦਾ ਕਤਲੇਆਮ ਕਰਨ ਦੇ ਸੱਦੇ ਦਿੱਤੇ ਗਏ। ਇਹ ਸਭ ਹਿੰਦੂ ਭਾਈਚਾਰੇ ਦੀ ਇਹ ਸੋਚ ਬਣਾਉਣ ਲਈ ਹੈ ਕਿ ਮੁਸਲਮਾਨਾਂ, ਈਸਾਈਆਂ ਵਿਰੁੱਧ ਧਰਮ ਦੇ ਨਾਮ 'ਤੇ ਹਿੰਸਾ ਜਾਇਜ਼ ਹੈ ਕਿਉਂਕਿ ਇਹ ਹਿੰਦੂ ਧਰਮ ਦੀ ਰੱਖਿਆ ਲਈ ਹੈ।

ਮੁਸਲਮਾਨ ਵਿਰੋਧੀ ਭਾਸ਼ਣਾਂ 'ਚ ਇਕ ਉੱਘੜਵੀਂ ਚੀਜ਼ ਸਾਜ਼ਿਸ਼ ਸਿਧਾਂਤਾਂ ਦਾ ਪ੍ਰਚਾਰ ਹੈ। ਸੰਘੀ ਆਗੂ 'ਲਵ ਜਹਾਦ' ਦੇ ਝੂਠੇ ਬਿਰਤਾਂਤ ਰਾਹੀਂ ਇਹ ਦਾਅਵਾ ਕਰਦੇ ਹਨ ਕਿ ਮੁਸਲਮਾਨ ਮਰਦ ਗਿਣ-ਮਿਥ ਕੇ ਹਿੰਦੂ ਔਰਤਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਬਜਰੰਗ ਦਲ, ਵਿਸ਼ਵ ਹਿੰਦੂ ਪਰਿਸ਼ਦ ਆਦਿ ਦੇ ਕਾਰਕੁਨ ਇਸ ਬਹਾਨੇ ਮੁਸਲਮਾਨ ਨੌਜਵਾਨਾਂ ਦੀ ਕੁੱਟ-ਮਾਰ ਕਰਦੇ ਅਤੇ ਇਕੱਠੇ ਘੁੰਮਦੇ ਮੁੰਡੇ-ਕੁੜੀਆਂ ਨੂੰ ਪ੍ਰੇਸ਼ਾਨ ਕਰਦੇ ਵੀ ਦੇਖੇ ਜਾ ਸਕਦੇ ਹਨ। ਕੁਝ ਭਾਜਪਾ ਸਰਕਾਰਾਂ ਨੇ ਤਾਂ 'ਲਵ ਜਹਾਦ' ਨਾਲ ਨਜਿੱਠਣ ਲਈ ਪੁਲਿਸ ਦੇ 'ਰੋਮੀਓ ਸੁਕਐਡ' ਵੀ ਬਣਾਏ ਹੋਏ ਹਨ। ਇਹ ਡਰ ਵੀ ਲਗਾਤਾਰ ਫੈਲਾਇਆ ਜਾ ਰਿਹਾ ਹੈ ਕਿ ਮੁਸਲਮਾਨ ਮੁਲਕ ਦੀ 'ਵਸੋਂ ਬਣਤਰ ਬਦਲਣ' ਦੀ ਸਾਜ਼ਿਸ਼ ਤਹਿਤ ਵੱਧ ਬੱਚੇ ਜੰਮ ਰਹੇ ਹਨ ਅਤੇ ਇਸ ਨਾਲ ਹਿੰਦੂਆਂ ਦਾ ਭਵਿੱਖ ਖ਼ਤਰੇ 'ਚ ਹੈ। ਇਹ ਵੀ ਕਿ ਜੇ ਹਿੰਦੂਆਂ ਨੇ ਵੱਧ ਬੱਚੇ ਜੰਮ ਕੇ ਇਸ ਨੂੰ ਨਾ ਰੋਕਿਆ ਤਾਂ ਮੁਸਲਮਾਨ ਹਿੰਦੂਆਂ ਨਾਲੋਂ ਆਪਣੀ ਵਸੋਂ ਵਧਾ ਕੇ ਭਾਰਤ ਦੇ ਰਾਜ-ਭਾਗ ਉੱਪਰ ਕਾਬਜ਼ ਹੋ ਜਾਣਗੇ। ਇਹ ਸਿੱਧੇ ਤੌਰ 'ਤੇ ਹਿੰਦੂਆਂ 'ਚ ਡਰ ਅਤੇ ਸ਼ੱਕ ਪੈਦਾ ਕਰਕੇ ਬੇਵਿਸ਼ਵਾਸੀ ਅਤੇ ਦੁਸ਼ਮਣੀ ਪੈਦਾ ਕਰਨ ਦੀ ਕੋਸ਼ਿਸ਼ ਹੈ।

ਲੰਮੇ ਸਮੇਂ ਤੋਂ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਹਿੰਦੂਆਂ ਨੂੰ ਇਹ ਜਚਾਉਣ ਦੀ ਮੁਹਿੰਮ ਚਲਾ ਰਹੀਆਂ ਹਨ ਕਿ ਦੋਨੋਂ ਫਿਰਕੇ ਮੌਲਿਕ ਰੂਪ 'ਚ ਬੇਮੇਲ ਹੋਣ ਕਰਕੇ ਹਿੰਦੂ-ਮੁਸਲਿਮ ਇਕੱਠੇ ਨਹੀਂ ਰਹਿ ਸਕਦੇ। (ਪਿਛਲੇ ਸਮੇਂ 'ਚ ਮੁਸਲਮਾਨਾਂ ਨੂੰ ਹਿੰਦੂ ਇਲਾਕੇ 'ਚ ਮਕਾਨ ਵਗੈਰਾ ਖ਼ਰੀਦਣ ਤੋਂ ਰੋਕਣ ਦੀਆਂ ਰਿਪੋਰਟਾਂ ਵੀ ਆਈਆਂ ਹਨ ਅਤੇ ਮੁਸਲਮਾਨ ਬਹੁਗਿਣਤੀ ਇਲਾਕਿਆਂ ਨੂੰ 'ਮਿਨੀ ਪਾਕਿਸਤਾਨ' ਕਹਿ ਕੇ ਭੰਡਿਆ ਜਾਂਦਾ ਹੈ।) ਇਸੇ ਤਹਿਤ ਸੀਤਾਪੁਰ 'ਚ ਇਕ ਬੁਲਾਰੇ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ 'ਆਦਿ-ਜੁਗਾਦਿ ਤੋਂ ਵਿਰੋਧੀ' ਅਤੇ 'ਦੋ ਵੱਖ-ਵੱਖ ਸੱਭਿਅਤਾਵਾਂ' ਦੇ ਨੁਮਾਇੰਦਿਆਂ ਦੇ ਰੂਪ 'ਚ ਪੇਸ਼ ਕੀਤਾ। ਇਹ 'ਅਸੀਂ ਬਨਾਮ ਉਹ' ਦੀ ਧਾਰਨਾ ਬਣਾਉਣ ਦੀ ਸੋਚੀ-ਸਮਝੀ ਚਾਲ ਹੈ ਜਿਸ ਨੂੰ ਭਾਰਤੀ ਸਮਾਜ ਦੀ ਨਸਲੀ-ਸੱਭਿਆਚਾਰਕ ਵੰਨ-ਸੁਵੰਨਤਾ ਦੀ ਸਹਿਹੋਂਦ ਨੂੰ ਰੱਦ ਕਰਕੇ ਇਕਹਿਰੇ 'ਹਿੰਦੂ ਰਾਸ਼ਟਰ' ਨੂੰ ਸਹੀ ਠਹਿਰਾਉਣ ਲਈ ਵਰਤਿਆ ਜਾ ਰਿਹਾ ਹੈ। ਅਜਿਹੇ ਭਾਸ਼ਣਾਂ ਦੇ ਵਿਆਪਕ ਬਿਰਤਾਂਤ ਦੇ ਕੇਂਦਰ 'ਚ ਹਿੰਦੂਆਂ ਨੂੰ ਸਰਵਉੱਚ ਮੰਨਣ ਦੀ ਹਿੰਦੂਤਵ ਦੀ ਰਾਜਨੀਤਕ ਵਿਚਾਰਧਾਰਾ ਹੈ ਜੋ ਭਾਰਤ ਨੂੰ ਸਿਰਫ਼ ਹਿੰਦੂ ਰਾਸ਼ਟਰ ਦੇ ਰੂਪ 'ਚ ਪ੍ਰਭਾਸ਼ਿਤ ਕਰਨਾ ਚਾਹੁੰਦੀ ਹੈ। ਇਸ ਵਿਚਾਰਧਾਰਾ ਦੀ ਵਰਤੋਂ ਮੁਸਲਮਾਨਾਂ ਦਾ ਬਾਈਕਾਟ ਕਰਨ ਅਤੇ ਉਨ੍ਹਾਂ ਨੂੰ ਹਾਸ਼ੀਏ 'ਤੇ ਧੱਕਣ ਨੂੰ ਸਹੀ ਠਹਿਰਾਉਣ ਲਈ ਕੀਤੀ ਜਾਂਦੀ ਹੈ, ਜਿਸ ਵਿਚ ਮੁਸਲਮਾਨ ਕਾਰੋਬਾਰਾਂ ਦੇ ਆਰਥਕ ਬਾਈਕਾਟ ਦੇ ਸੱਦੇ ਵੀ ਦਿੱਤੇ ਜਾਂਦੇ ਹਨ ਜਿਵੇਂ ਕਿ ਰਾਜਸਥਾਨ ਦੇ ਬੁਲੰਦਾ ਵਿਚ ਦੇਖਿਆ ਗਿਆ। ਭਾਸ਼ਣਾਂ ਵਿਚ ਮੁਸਲਮਾਨਾਂ ਨੂੰ 'ਬਾਹਰਲੇ' ਦੱਸਿਆ ਗਿਆ ਜਿਨ੍ਹਾਂ ਨੂੰ ਜਾਂ ਤਾਂ ਧਰਮ ਬਦਲ ਲੈਣਾ ਚਾਹੀਦਾ ਹੈ ਜਾਂ ਦੇਸ਼ ਛੱਡ ਦੇਣਾ ਚਾਹੀਦਾ ਹੈ। ਇਸ ਜ਼ਹਿਰੀਲੀ ਮੁਹਿੰਮ ਨਾਲ ਘੱਟਗਿਣਤੀ ਮੁਸਲਮਾਨ ਫਿਰਕੇ ਨੂੰ ਖ਼ਾਸ ਤੌਰ 'ਤੇ ਅਲੱਗ-ਥਲੱਗ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਇਹ ਅਹਿਸਾਸ ਕਰਾਇਆ ਜਾ ਰਿਹਾ ਹੈ ਕਿ ਉਹ ਦੋਇਮ ਦਰਜੇ ਦੇ ਨਾਗਰਿਕ ਹਨ ਅਤੇ ਉਨ੍ਹਾਂ ਦਾ ਭਵਿੱਖ ਬਹੁਗਿਣਤੀ ਫਿਰਕੇ ਦੇ ਰਹਿਮ 'ਤੇ ਨਿਰਭਰ ਹੈ। ਇਸ ਲਈ ਉਨ੍ਹਾਂ ਨੂੰ ਕੱਟੜ ਬਹੁਗਿਣਤੀਵਾਦੀ ਹਜੂਮ ਦੀਆਂ ਮਨਮਾਨੀਆਂ ਨੂੰ ਨਿਰਵਿਰੋਧ ਕਬੂਲ ਕਰ ਲੈਣਾ ਚਾਹੀਦਾ ਹੈ।

ਇਨ੍ਹਾਂ ਵੇਰਵਿਆਂ ਤੋਂ ਇਸ ਤੌਖਲੇ ਦੀ ਪੁਸ਼ਟੀ ਹੁੰਦੀ ਹੈ ਕਿ ਭਗਵਾ ਹਕੂਮਤ ਹੇਠ ਭਾਰਤੀ ਸਿਆਸਤ ਅਤੇ ਸਮਾਜ ਅੰਦਰ ਹਿੰਦੂਤਵਵਾਦੀ ਵਿਚਾਰਧਾਰਾ ਦਾ ਰਸੂਖ਼ ਅਤੇ ਦਬਦਬਾ ਕਿੰਨਾ ਵਧ ਚੁੱਕਾ ਹੈ। ਸੰਘ ਪਰਿਵਾਰ ਦੀਆਂ ਜਥੇਬੰਦੀਆਂ ਮੁਸਲਮਾਨ ਘੱਟਗਿਣਤੀ ਵਿਰੁੱਧ ਵੱਧ ਤੋਂ ਵੱਧ ਜ਼ਹਿਰੀਲਾ ਮਾਹੌਲ ਬਣਾ ਕੇ ਉਨ੍ਹਾਂ ਨੂੰ ਬਹੁਗਿਣਤੀ ਹਿੰਦੂ ਫਿਰਕੇ ਤੋਂ ਅਲੱਗ-ਥਲੱਗ ਕਰਨ ਅਤੇ ਉਨ੍ਹਾਂ ਦੇ ਬਾਈਕਾਟ ਦੇ ਹਾਲਾਤ ਬਣਾਉਣ ਲਈ ਯਤਨਸ਼ੀਲ ਹਨ। ਪੁਰਾਤਨ ਜ਼ਮਾਨੇ ਦੇ ਮੁਸਲਮਾਨ ਧਾੜਵੀਆਂ/ਹੁਕਮਰਾਨਾਂ ਦੇ ਜ਼ੁਲਮਾਂ ਦੀਆਂ ਕਹਾਣੀਆਂ ਵਾਰ-ਵਾਰ ਦੁਹਰਾਈਆਂ ਜਾਂਦੀਆਂ ਹਨ ਤਾਂ ਜੋ ਗ਼ੈਰਮੁਸਲਮਾਨ ਵਸੋਂ 'ਚ ਮੁਸਲਮਾਨਾਂ ਨੂੰ 'ਬਾਹਰਲੇ' ਸਮਝਣ ਦੀ ਹਿੰਦੂਤਵਵਾਦੀ ਰਾਜਨੀਤਕ ਵਿਚਾਰਧਾਰਾ ਸਥਾਪਤ ਹੋ ਜਾਵੇ, ਪੂਰੇ ਫਿਰਕੇ ਪ੍ਰਤੀ ਬੇਵਿਸ਼ਵਾਸੀ ਤੇ ਨਫ਼ਰਤ ਉੱਭਰੇ ਅਤੇ ਫਿਰ ਉਸ ਮਾਹੌਲ 'ਚ ਉਨ੍ਹਾਂ ਵਿਰੁੱਧ ਬਹੁਗਿਣਤੀਵਾਦੀ ਹਿੰਸਾ ਨੂੰ ਉਕਸਾਉਣਾ ਸੌਖਾ ਹੋ ਜਾਵੇ। ਅਜਿਹਾ ਮਾਹੌਲ ਬਣਦਾ ਨਜ਼ਰ ਆ ਰਿਹਾ ਹੈ ਜਿੱਥੇ ਘੱਟਗਿਣਤੀਆਂ ਵਿਰੁੱਧ ਨਫ਼ਰਤ ਅਤੇ ਹਿੰਸਾ ਤੇਜ਼ੀ ਨਾਲ ਆਮ ਹੁੰਦੀ ਜਾਂਦੀ ਹੈ।

ਇਹ ਗੱਲ ਵੀ ਗ਼ੌਰ ਕਰਨ ਵਾਲੀ ਹੈ ਕਿ ਸਿਰਫ਼ ਸੰਘ ਪਰਿਵਾਰ ਦੀਆਂ ਹੋਰ ਜਥੇਬੰਦੀਆਂ ਦੇ ਆਗੂ ਹੀ ਜ਼ਹਿਰੀਲੇ ਭਾਸ਼ਣਾਂ ਨਹੀਂ ਦਿੰਦੇ, ਜਿਨ੍ਹਾਂ ਨੂੰ ਅਕਸਰ ਹੀ ਸੰਘ ਤੇ ਭਾਜਪਾ 'ਹਾਸ਼ੀਏ ਉੱਪਰਲੇ ਅਨਸਰ' ਕਹਿ ਕੇ ਜਵਾਬਦੇਹੀ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ, ਸਗੋਂ 'ਚੁਣੇ ਹੋਏ' ਵਿਧਾਇਕਾਂ/ਸਾਂਸਦਾਂ ਸਮੇਤ ਸੱਤਾਧਾਰੀ ਭਾਜਪਾ ਦੇ ਆਗੂ ਵੀ ਕਈ ਸਮਾਗਮਾਂ 'ਚ ਸਰਗਰਮ ਭੂਮਿਕਾ ਨਿਭਾਉਂਦੇ ਹਨ। 'ਸ਼ੌਰੀਆ' ਯਾਤਰਾਵਾਂ ਦੀ ਮੁਹਿੰਮ 'ਚ ਅਜਿਹਾ ਜ਼ਹਿਰੀਲਾ ਅਤੇ ਹਿੰਸਕ ਪ੍ਰਚਾਰ ਕਰਨ ਵਾਲਿਆਂ 'ਚ ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਦੇ ਆਗੂਆਂ ਦੇ ਨਾਲ ਚੁਣੇ ਹੋਏ ਵਿਧਾਇਕਾਂ ਸਹਿਤ ਸੱਤਾਧਾਰੀ ਧਿਰ ਦੇ ਆਗੂ ਵੀ ਸਨ ਜੋ ਆਪਣੇ ਭਾਸ਼ਣਾਂ 'ਚ ਮੁਸਲਮਾਨਾਂ ਦੀਆਂ ਪੁਰਾਤਨ ਅਤੀਤ ਦੀਆਂ ਕਥਿਤ ਜ਼ਿਆਦਤੀਆਂ ਨੂੰ ਉਭਾਰ ਕੇ ਪੇਸ਼ ਕਰਦੇ ਰਹੇ, ਮੁਸਲਿਮ 'ਸਾਜ਼ਿਸ਼ ਸਿਧਾਂਤਾਂ' ਦਾ ਨਿਰਅਧਾਰ ਡਰ ਫੈਲਾਉਂਦੇ ਰਹੇ ਅਤੇ ਭੀੜ ਨੂੰ ਹਥਿਆਰ ਚੁੱਕਣ ਲਈ ਵੀ ਉਕਸਾਉਂਦੇ ਰਹੇ।

ਹਿੰਦੂਤਵ ਦੀ ਰਾਜਨੀਤਕ ਵਿਚਾਰਧਾਰਾ ਦੀ ਸਮਝ ਰੱਖਦੇ ਹਿੱਸਿਆਂ ਅਤੇ ਬਹੁਗਿਣਤੀਵਾਦੀ ਸਿਆਸਤ ਦੇ ਲਗਾਤਾਰ ਜ਼ੁਲਮਾਂ ਦਾ ਸਾਹਮਣਾ ਕਰ ਰਹੇ ਘੱਟਗਿਣਤੀ ਮਜ਼ਲੂਮ ਹਿੱਸਿਆਂ ਨੂੰ ਕੋਈ ਭੁਲੇਖਾ ਨਹੀਂ ਹੈ ਕਿ ਹਿੰਦੂਆਂ ਦੀ 'ਬੀਰਤਾ' ਦੀ ਜੈ-ਜੈਕਾਰ ਕਰਨ ਵਾਲੇ ਇਹ ਆਯੋਜਨ ਅਕਸਰ ਹੀ ਧਰਮ ਅਤੇ ਇਤਿਹਾਸ ਨੂੰ ਮੁਸਲਮਾਨ ਵਿਰੁੱਧ ਹਥਿਆਰ ਬਣਾ ਕੇ ਵਰਤਦੇ ਹਨ। ਹਿੰਦੂ ਭਾਈਚਾਰੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਵਰਤਣ ਲਈ ਇਨ੍ਹਾਂ ਫਿਰਕੂ ਰਾਜਨੀਤਕ ਆਯੋਜਨਾਂ ਨੂੰ ਅਕਸਰ ਹੀ ਧਾਰਮਿਕ ਯਾਤਰਾ ਅਤੇ ਸ਼ੋਭਾ ਯਾਤਰਾ ਵਰਗੇ ਧਾਰਮਿਕ ਖਿੱਚ ਵਾਲੇ ਨਾਮ ਦਿੱਤੇ ਜਾਂਦੇ ਹਨ। ਮੁਲਕ ਵਿਚ ਨਫ਼ਰਤ ਫੈਲਾਉਣ ਵਾਲੇ ਭਾਸ਼ਣਾਂ ਅਤੇ ਫਿਰਕੂ ਉਕਸਾਵੇ ਦੀ ਵਧ ਰਹੀ ਕਾਂਗ ਧਾਰਮਿਕ ਜਲੂਸਾਂ ਅਤੇ ਰੈਲੀਆਂ 'ਚ ਸਭ ਤੋਂ ਉੱਘੜਵੇਂ ਰੂਪ 'ਚ ਦੇਖੀ ਜਾ ਸਕਦੀ ਹੈ। ਧਾਰਮਿਕ 'ਗੌਰਵ' ਅਤੇ 'ਹਿੰਦੂ ਏਕਤਾ' ਦਾ ਪ੍ਰਦਰਸ਼ਨ ਕਰਨ ਲਈ ਅਜਿਹੇ ਆਯੋਜਨ ਧਾਰਮਿਕ ਘੱਟਗਿਣਤੀ ਭਾਈਚਾਰਿਆਂ ਖ਼ਾਸ ਕਰਕੇ ਮੁਸਲਮਾਨਾਂ ਵਿਰੁੱਧ ਭੜਕਾਊ ਹਿੰਸਕ ਬਿਆਨਬਾਜ਼ੀ ਲਈ ਕੱਟੜਪੰਥੀ ਅਤੇ ਨਫ਼ਰਤ ਫੈਲਾਊ ਤਾਕਤਾਂ ਦੇ ਮਨਭਾਉਂਦੇ ਮੰਚ ਹਨ। ਇਨ੍ਹਾਂ ਪ੍ਰੋਗਰਾਮਾਂ ਨੂੰ ਜਥੇਬੰਦ ਕਰਨ ਵਾਲੇ ਅਤੇ ਇਨ੍ਹਾਂ ਨੂੰ ਸੰਬੋਧਨ ਕਰਨ ਵਾਲੇ ਆਗੂ ਇਨ੍ਹਾਂ ਮੰਚਾਂ ਨੂੰ ਸਰੇਆਮ ਹਿੰਸਾ ਦੇ ਸੱਦੇ ਦੇਣ, ਘੱਟਗਿਣਤੀਆਂ ਨੂੰ ਬਦਨਾਮ ਕਰਨ ਅਤੇ ਹਿੰਦੂਤਵ ਦੀ ਜ਼ਹਿਰੀਲੀ ਵਿਚਾਰਧਾਰਾ ਦਾ ਪ੍ਰਚਾਰ ਕਰਨ ਲਈ ਵਰਤਦੇ ਹਨ।

ਇਸ ਤੋਂ ਵੀ ਜ਼ਿਆਦਾ ਚਿੰਤਾਜਨਕ ਪਹਿਲੂ ਇਹ ਹੈ ਕਿ ਫਿਰਕੂ ਨਫ਼ਰਤ ਦਾ ਛੱਟਾ ਦਿੰਦੇ ਇਹ ਅਖਾਉਤੀ ਧਾਰਮਿਕ ਇਕੱਠ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀਆਂ ਦੀ ਸਰਗਰਮ ਮਿਲੀਭੁਗਤ ਨਾਲ ਜਥੇਬੰਦ ਕੀਤੇ ਜਾ ਰਹੇ ਹਨ। ਬੇਸ਼ੱਕ ਫਿਰਕਿਆਂ ਦਰਮਿਆਨ ਸਦਭਾਵਨਾ ਨੂੰ ਬਰਕਰਾਰ ਰੱਖਣ ਅਤੇ ਫਿਰਕੂ ਨਫ਼ਰਤ ਤੇ ਹਿੰਸਾ ਨੂੰ ਭੜਕਾਉਣ ਤੋਂ ਰੋਕਣ ਲਈ ਕਈ ਕਾਨੂੰਨ ਬਣੇ ਹੋਏ ਹਨ, ਪਰ ਸਟੇਟ ਦੇ ਵੱਖ-ਵੱਖ ਅਦਾਰਿਆਂ ਵਿਚ ਹਿੰਦੂਤਵਵਾਦੀ ਵਿਚਾਰਧਾਰਾ ਨੇ ਡੂੰਘੀ ਘੁਸਪੈਠ ਕਰ ਲਈ ਹੈ। ਇਸ ਕਾਰਨ ਜਿਨ੍ਹਾਂ ਅਧਿਕਾਰੀਆਂ ਦੀ ਜ਼ਿੰਮੇਵਾਰੀ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਦੀ ਹੈ, ਉਹ ਕਿਸੇ

ਇੱਕਾ-ਦੁੱਕਾ ਮਿਸਾਲ ਨੂੰ ਛੱਡ ਕੇ ਇਨ੍ਹਾਂ ਪ੍ਰੋਗਰਾਮਾਂ ਨੂੰ ਸਿਰਫ਼ ਮਨਜ਼ੂਰੀ ਹੀ ਨਹੀਂ ਦਿੰਦੇ ਸਗੋਂ ਇਨ੍ਹਾਂ ਨੂੰ ਨਿਰਵਿਘਨ ਨੇਪਰੇ ਚਾੜ੍ਹਨ ਲਈ ਸਰਗਰਮ ਸਹਿਯੋਗ ਵੀ ਦਿੰਦੇ ਹਨ ਅਤੇ ਸੁਰੱਖਿਆ ਦੇ ਕੇ ਇਨ੍ਹਾਂ ਦੀ ਢਾਲ ਵੀ ਬਣਦੇ ਹਨ। ਦੂਜੇ ਪਾਸੇ, ਪੁਲਿਸ ਅਧਿਕਾਰੀ ਅਜਿਹੇ ਫਿਰਕੂ ਅਨਸਰਾਂ ਦੀ ਸ਼ਿਕਾਇਤ ’ਤੇ ਮਾਮੂਲੀ ਪੋਸਟਾਂ ਬਦਲੇ ਧਰਮਨਿਰਪੱਖ ਵਿਅਕਤੀਆਂ ਅਤੇ ਮੁਸਲਮਾਨਾਂ ਵਿਰੁੱਧ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਸੰਗੀਨ ਪਰਚੇ ਦਰਜ ਕਰਨ ’ਚ ਭੋਰਾ ਦੇਰ ਨਹੀਂ ਲਾਉਂਦੇ। ਕਾਨੂੰਨਾਂ ਦਾ ਮਜ਼ਾਕ ਉਡਾਉਣ ਵਾਲੇ ਇਨ੍ਹਾਂ ਆਯੋਜਨਾਂ ਨੂੰ ਸਥਾਨਕ ਪੁਲਿਸ ਬਾਕਾਇਦਗੀ ਨਾਲ ਮਨਜ਼ੂਰੀ ਦਿੰਦੀ ਹੈ, ਲੋੜ ਪੈਣ ’ਤੇ ਮਜ਼ਲੂਮ ਮੁਸਲਮਾਨ ਘੱਟਗਿਣਤੀ ਦੇ ਵਿਰੋਧ ਨੂੰ ਕੁਚਲਣ ਲਈ ਹਕੂਮਤੀ ਦਹਿਸ਼ਤ ਅਤੇ ਤਾਕਤ ਦੀ ਖੁੱਲ੍ਹੀ ਵਰਤੋਂ ਵੀ ਕਰਦੀ ਹੈ ਜੋ ਇਸ ਨਿੱਤ ਦੀ ਫਿਰਕੂ ਗੁੰਡਾਗਰਦੀ ਦੇ ਸਤਾਏ ਕਈ ਵਾਰ ਵਿਰੋਧ ’ਚ ਡੱਟ ਜਾਂਦੇ ਹਨ। ਫਿਰਕੂ ਹਿੰਸਾ ਦਾ ਪ੍ਰਚਾਰ ਕਰਨ ਵਾਲੇ ਅਜਿਹੇ ਸਮਾਗਮਾਂ ਪ੍ਰਤੀ ਅੱਖਾਂ ਮੀਟ ਲੈਣ ਤੋਂ ਵੀ ਅੱਗੇ ਜਾ ਕੇ ਇਨ੍ਹਾਂ ’ਚ ਸਟੇਟ ਦੀ ਮਿਲੀਭੁਗਤ ਦਾ ਇਕ ਸਾਂਝਾ ਪੈਟਰਨ ਮੁਲਕ ਦੇ ਜ਼ਿਆਦਾਤਰ ਹਿੱਸਿਆਂ ’ਚ ਵਾਰ-ਵਾਰ ਦੇਖਣ ਨੂੰ ਮਿਲਦਾ ਹੈ। ਪੁਲਿਸ ਅਤੇ ਪ੍ਰਸ਼ਾਸਨ ਸੰਵਿਧਾਨ ਅਨੁਸਾਰ ਕੰਮ ਕਰਨ ਦੀ ਰਸਮੀਂ ਸਹੁੰ ਤਾਂ ਚੁੱਕਦਾ ਹੈ ਪਰ ਹਕੀਕਤ ’ਚ ਇਹ ਸੱਤਾਧਾਰੀ ਧਿਰ ਦੀਆਂ ਇਛਾਵਾਂ ਅਨੁਸਾਰ ਕੰਮ ਕਰਦਾ ਹੈ। ਭਗਵਾ ਹਕੂਮਤ ਹੇਠ ਤਾਂ ਇਸ ਨੇ ਨਾਮਨਿਹਾਦ ਨਿਰਪੱਖਤਾ ਦਾ ਮਖੌਟਾ ਵੀ ਲਾਹ ਸੁੱਟਿਆ ਹੈ। ਇਸਦਾ ਡੂੰਘਾ ਰਾਜਨੀਤੀਕਰਨ ਹੀ ਨਹੀਂ, ਫਿਰਕੂਕਰਨ ਵੀ ਹੋ ਚੁੱਕਾ ਹੈ।

ਦੂਜੇ ਪਾਸੇ, ਅਜਿਹੀਆਂ ਮੁਹਿੰਮਾਂ ਸੱਤਾਧਾਰੀ ਧਿਰ ਦੀ ਗਿਣੀ-ਮਿਥੀ ਯੁੱਧਨੀਤੀ ਦਾ ਹਿੱਸਾ ਹੈ ਜੋ ਡੂੰਘੀ ਹੋ ਰਹੀ ਫਿਰਕੂ ਵੰਡ ਦਾ ਭਰਪੂਰ ਲਾਹਾ ਲੈਂਦੇ ਹਨ। ਭਾਜਪਾ ਅਤੇ ਉਸਦੇ ਸਹਿਯੋਗੀ ਗਰੁੱਪ, ਲੰਮੇ ਸਮੇਂ ਤੋਂ ਹਿੰਦੂ-ਮੁਸਲਮਾਨ ਵਿਰੋਧ ਨੂੰ ਵਧਾਉਣ ਅਤੇ ਖ਼ੁਦ ਨੂੰ ਹਿੰਦੂ ਪਛਾਣ ਦੇ ਵਾਹਦ ਰਖਵਾਲੇ ਦੇ ਰੂਪ ’ਚ ਪੇਸ਼ ਕਰਕੇ ਆਪਣੇ ਸਮਾਜਿਕ ਅਧਾਰ ਨੂੰ ਮਜ਼ਬੂਤ ਕਰਨ ਲਈ ਯਤਨਸ਼ੀਲ ਰਹੇ ਹਨ। ਅਜਿਹੀਆਂ ਯਾਤਰਾਵਾਂ ਦਾ ਲਗਾਤਾਰ ਹੋਣਾ ਇਸ ਵਿਆਪਕ ਰਾਜਨੀਤਕ ਯੁੱਧਨੀਤੀ ਦਾ ਹਿੱਸਾ ਹੈ, ਜਿਸ ਵਿਚ ਹਮਾਇਤ ਜੁਟਾਉਣ ਅਤੇ ਅਸਹਿਮਤੀ ਨੂੰ ਦਬਾਉਣ ਲਈ ਨਫ਼ਰਤ ਨੂੰ ਹਥਿਆਰ ਬਣਾਇਆ ਜਾਂਦਾ ਹੈ। ਇਸਦੇ ਨਤੀਜੇ ਬੇਹੱਦ ਪ੍ਰੇਸ਼ਾਨ ਕਰਨ ਵਾਲੇ ਹਨ। ਭਾਰਤ ਦੇ ਸੰਵਿਧਾਨ ’ਚ ਦਰਜ ਧਰਮਨਿਰਪੱਖ ਮੁੱਲਾਂ ਨੂੰ ਬਰਕਰਾਰ ਰੱਖਣ ਦੀ ਬਜਾਏ, ਅਜਿਹੇ ਆਯੋਜਨ ਡਰ, ਅਲਹਿਦਗੀ ਅਤੇ ਹਿੰਸਕ ਪਾਲਾਬੰਦੀ ਦੇ ਜ਼ਹਿਰੀਲੇ ਮਾਹੌਲ ਨੂੰ ਤਾਕਤ ਬਖ਼ਸ਼ਦੇ ਹਨ, ਜਿੱਥੇ ਮੁਸਲਮਾਨਾਂ ਨੂੰ ਤੇਜ਼ੀ ਨਾਲ ਅੰਦਰੂਨੀ ਦੁਸ਼ਮਣ ਬਣਾ ਕੇ ਪੇਸ਼ ਕੀਤਾ ਜਾਂਦਾ ਹੈ, ਫਿਰ ਉਨ੍ਹਾਂ ਨੂੰ ਰਾਜ ਦੀ ਸਰਪ੍ਰਸਤੀ ਵਾਲੀ ਹਿੰਸਾ ਦਾ ਖਾਜਾ ਬਣਾਇਆ ਜਾਂਦਾ ਹੈ।

ਬੇਸ਼ੱਕ ਸਮਾਜੀ ਹਕੀਕਤ ਦੇ ਦਬਾਅ ਕਾਰਨ ਭਾਜਪਾ ਅਤੇ ਸੰਘ ਘੱਟਗਿਣਤੀਆਂ ਅਤੇ ਹਾਸ਼ੀਏ ’ਤੇ ਧੱਕੇ ਸਮਾਜੀ ਸਮੂਹਾਂ ਵਿਚਲੇ ਇਕ ਨਿੱਕੇ ਜਹੇ ਹਿੱਸੇ ਨੂੰ ਆਪਣੇ ਨਾਲ ਜੋੜ ਕੇ ਉਨ੍ਹਾਂ ਨੂੰ ਮਹੱਤਵ ਦੇਣ ਦਾ ਢੌਂਗ ਰਚਣ ਲਈ ਮਜਬੂਰ ਹਨ, ਪਰ ਹਿੰਦੂਤਵ ਦੀ ਵਿਚਾਰਧਾਰਾ ’ਚ ਘੱਟਗਿਣਤੀਆਂ ਲਈ ਕੋਈ ਜਗ੍ਹਾ ਨਹੀਂ ਹੈ। ਜਦੋਂ ਇਸ ਵਿਚਾਰਧਾਰਾ ਦੀ ਨੁਮਾਇੰਦਗੀ ਕਰਦੀ ਸਿਆਸਤ ਅਗਾਂਹਵਧੂ ਅਤੇ ਉਦਾਰਵਾਦੀ ਵਿਚਾਰਧਾਰਾਵਾਂ ਦੀਆਂ ਕਮਜ਼ੋਰੀਆਂ ਦਾ ਲਾਹਾ ਲੈ ਕੇ ਦਸ ਸਾਲ ਤੋਂ ਲਗਾਤਾਰ ਕੇਂਦਰੀ ਸੱਤਾ ਉੱਪਰ ਕਾਬਜ਼ ਹੈ ਤਾਂ ਮੁਲਕ ’ਚ ਅਜਿਹਾ ਮਾਹੌਲ ਬਣਨਾ ਹੈਰਾਨੀਜਨਕ ਨਹੀਂ ਹੈ ਜਿੱਥੇ ਸਟੇਟ ਨਫ਼ਰਤ, ਡਰ, ਬੇਵਿਸ਼ਵਾਸੀ ਅਤੇ ਹਿੰਸਾ ਨੂੰ ਵਧਾਉਣ-ਫੈਲਾਉਣ ’ਚ ਭਾਈਵਾਲ ਬਣਿਆ ਹੋਇਆ ਹੈ। ਧਰਮਨਿਰਪੱਖ, ਫਿਰਕੂ ਸਦਭਾਵਨਾ ਵਾਲੇ ਮਾਹੌਲ ਨੂੰ ਲਗਾਤਾਰ ਖ਼ੋਰਾ ਲਾ ਕੇ ਫਿਰਕੂ ਪਾੜਾ ਅਤੇ ਨਫ਼ਰਤ ਬੀਜੀ ਜਾ ਰਹੀ ਹੈ ਤਾਂ ਜੋ ਪੱਕੀ ਫਿਰਕੂ ਪਾਲਾਬੰਦੀ ਦੁਆਰਾ ਸੰਘ ਬਰਗੇਡ ਸੱਤਾ ਉੱਪਰ ਬੇਰੋਕ-ਟੋਕ ਕਬਜ਼ਾ ਬਰਕਰਾਰ ਰੱਖ ਸਕੇ।

# ਧਰਮ ਦੇ ਨਾਂ ’ਤੇ ਭਗਤਾਂ ਦੀ ਲੁੱਟ ਦੀ ਖੁੱਲ੍ਹੀ ਛੁੱਟੀ

-ਪੱਤਰਕਾਰ ਰਾਵਿੰਦਰ ਪਟਵਾਲ
ਪੇਸ਼ਕਸ਼: ਬੂਟਾ ਸਿੰਘ ਮਹਿਮੂਦਪੁਰ

ਜੇ ਤੁਸੀਂ 29 ਜਨਵਰੀ 2025 ਨੂੰ ਦਿੱਲੀ ਤੋਂ ਪ੍ਰਯਾਗਰਾਜ (ਇਲਾਹਾਬਾਦ) ਜਾ ਕੇ ਮੌਨੀ ਮੱਸਿਆ ਦੇ ਦਿਨ ਸੰਗਮ ਵਿਚ ਇਸ਼ਨਾਨ ਕਰਨ ਦੀ ਤਿਆਰੀ ਕਰ ਰਹੇ ਹੋ ਤਾਂ ਤੁਹਾਨੂੰ ਰਿਟਰਨ ਫਲਾਈਟ ਲਈ ਘੱਟੋਘੱਟ 44563 ਰੁਪਏ ਖ਼ਰਚਣ ਲਈ ਤਿਆਰ ਰਹਿਣਾ ਪਵੇਗਾ। ਇਹ ਸਭ ਤੋਂ ਸਸਤੀ ਦਰ ਹੈ। ਪਰ ਪ੍ਰਯਾਗਰਾਜ ਜਾਣ ਦੀ ਬਜਾਏ ਜੇ ਤੁਸੀਂ ਦੇਸ਼ ਤੋਂ ਬਾਹਰ ਮਲੇਸ਼ੀਆ ਦੀ ਰਾਜਧਾਨੀ ਕੁਆਲਾਲੰਪੁਰ ਜਾਣ ਦੀ ਸੋਚ ਰਹੇ ਹੋ ਤਾਂ ਏਅਰ ਮਲੇਸ਼ੀਆ ਤੁਹਾਨੂੰ ਸਿਰਫ਼ 21554 ਰੁਪਏ ’ਚ ਆਉਣ-ਜਾਣ ਦੀ ਸਹੂਲਤ ਦੇ ਰਹੀ ਹੈ।

ਯਾਨੀ ਜੇ ਤੁਸੀਂ ਹਿੰਦੂ ਧਰਮ ’ਚ ਆਸਥਾ ਰੱਖਦੇ ਹੋ, ਅਤੇ ਮੰਨਦੇ ਹੋ ਕਿ ਮਹਾਕੁੰਭ ਦੇ ਪਵਿੱਤਰ ਮੌਕੇ ’ਤੇ ਤੁਹਾਨੂੰ ਆਪਣੇ ਚਾਰ ਜੀਆਂ ਦੇ ਟੱਬਰ ਨੂੰ ਨਾਲ ਲੈ ਕੇ ਲੱਖਾਂ ਸ਼ਰਧਾਲੂਆਂ ਵਾਂਗ ਗੰਗਾ ’ਚ ਡੁਬਕੀ ਲਾਉਣੀ ਚਾਹੀਦੀ ਹੈ ਤਾਂ ਇਸ ਦੇ ਲਈ ਤੁਸੀਂ ਘੱਟੋਘੱਟ 3 ਲੱਖ ਰੁਪਏ ਦਾ ਇੰਤਜ਼ਾਮ ਕਰ ਲੈਣਾ।

ਇਹ ਗੱਲ ਨਹੀਂ ਕਿ ਸਿਵਲ ਏਵੀਏਸ਼ਨ ਮੰਤਰੀ ਜਾਂ ਕੇਂਦਰ ਸਰਕਾਰ ਨੂੰ ਫਲਾਈਟ ਓਪਰੇਟਰਾਂ ਦੀ ਇਸ ਲੁੱਟਮਾਰ ਬਾਰੇ ਖ਼ਬਰ ਨਹੀਂ ਹੈ। ਡੀਜੀਸੀਏ (ਡਾਇਰੈਕਟੋਰੇਟ ਜਨਰਲ ਆਫ ਸਿਵਿਲ ਏਵੀਏਸ਼ਨ) ਵੱਲੋਂ 25 ਜਨਵਰੀ ਨੂੰ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਗਿਆ ਸੀ ਕਿ ਮਹਾਕੁੰਭ ਦੌਰਾਨ ਪ੍ਰਯਾਗਰਾਜ ਲਈ ਹਵਾਈ ਸਫ਼ਰ ਦੀ ਮੰਗ ਨੂੰ ਦੇਖਦੇ ਹੋਏ 81 ਹੋਰ ਫਲਾਈਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਸ ਤਰ੍ਹਾਂ ਪੂਰੇ ਦੇਸ਼ ’ਚੋਂ ਪ੍ਰਯਾਗਰਾਜ ਲਈ ਕੁਨੈਕਟੀਵਿਟੀ ਵਧਕੇ 132 ਹੋ ਜਾਵੇਗੀ।

ਡੀਜੀਸੀਏ ਦੀ ਜ਼ਿੰਮੇਵਾਰੀ ਜਹਾਜ਼ਾਂ ਦੇ ਓਪਰੇਸ਼ਨਾਂ ਅਤੇ ਸੁਰੱਖਿਆ ਦੀ ਹੈ। ਜਹਾਜ਼ਾਂ ਦੇ ਰੇਟ ਘਟਣ-ਵਧਣ ਨਾਲ ਉਸਦਾ ਕੋਈ ਸੰਬੰਧ ਨਹੀਂ ਹੈ। 81 ਹੋਰ ਫਲਾਈਟਾਂ ਨੂੰ ਮਨਜ਼ੂਰੀ ਦੇ ਕੇ ਦਰਅਸਲ ਡੀਜੀਸੀਏ ਏਅਰ ਓਪਰੇਟਰਾਂ ਲਈ ਦੇਸ਼ ਦੇ ਕੋਨੇ-ਕੋਨੇ ’ਚੋਂ ਲੁੱਟ ਦੀ ਵਿਵਸਥਾ ਦਾ ਇੰਤਜ਼ਾਮ ਹੀ ਕਰ ਸਕਦੀ ਹੈ। ਇਸ ਸਮੇਂ ਸਰਕਾਰ ਵਿਚ ਹਵਾਬਾਜ਼ੀ ਮੰਤਰੀ ਦਾ ਜ਼ਿੰਮਾ ਰਾਮ ਮੋਹਨ ਰੈਡੀ ਕੋਲ ਹੈ। ਪਿਛਲੇ ਕੁਝ ਦਿਨਾਂ ਤੋਂ ਉਹ ਡਾਵੋਸ ’ਚ ਦੁਨੀਆ ਦੇ ਸਭ ਤੋਂ ਵੱਡੇ ਧਨਾਢਾਂ ਦੀ ਬੈਠਕ ਵਿਚ ਸ਼ਾਮਲ ਸੀ।

26 ਜਨਵਰੀ ਨੂੰ ਮੰਤਰੀ ਸਾਹਬ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ ਤੋਂ ਮਹਾਕੁੰਭ ਲਈ ਆਪਣੇ ਮੰਤਰਾਲੇ ਦੀਆਂ ਤਿਆਰੀਆਂ ਬਾਰੇ ਜ਼ਿਕਰ ਕਰਦੇ ਹੋਏ ਲਿਖਿਆ, “ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਅਤੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਜੀ ਦੀ ਅਗਵਾਈ ’ਚ ਉੱਤਰ ਪ੍ਰਦੇਸ਼ ਸਰਕਾਰ ਦੇ ਸਹਿਯੋਗ ਨਾਲ ਪ੍ਰਯਾਗਰਾਜ ਏਅਰਪੋਰਟ ਨੇ ਮਹਾਕੁੰਭ 2025 ਦੌਰਾਨ ਕਈ ਨਵੇਂ ਮਿਆਰ ਕਾਇਮ ਕੀਤੇ ਹਨ। ਅਸੀਂ ਤੀਰਥ ਯਾਤਰੀਆਂ ਲਈ ਨਿਰਵਿਘਨ ਯਾਤਰਾ ਯਕੀਨੀਂ ਬਣਾਉਣ ਲਈ ਕੁਨੈਕਟੀਵਿਟੀ ਵਧਾਈ ਹੈ, ਬੁਨਿਆਦੀ ਢਾਂਚਾ ਉੰਨਤ ਕੀਤਾ ਹੈ ਅਤੇ 24 ਘੰਟੇ 7 ਦਿਨ ਸੰਚਾਲਨ ਕੀਤਾ ਹੈ। ਇਹ ਵਿਸ਼ਵ ਪੱਧਰੀ ਬੁਨਿਆਦੀ ਢਾਂਚੇ ਲਈ ਭਾਰਤ ਦੀ ਵਚਨਬੱਧਤਾ ਨੂੰ ਦਰਸਾਉਣ ਦਾ ਸਾਡਾ ਇਕ ਅਜਿਹਾ ਹੀ ਯਤਨ ਹੈ।

ਮੰਤਰੀ ਜੀ ਨੂੰ ਕੋਈ ਫ਼ਰਕ ਨਹੀਂ ਪੈਂਦਾ ਕਿ ਫਲਾਈਟ ਓਪਰੇਟਰਾਂ ਨੇ ਦਿੱਲੀ ਤੋਂ ਪ੍ਰਯਾਗਰਾਜ ਤੱਕ ਦਾ ਇਕ ਪਾਸੇ ਦਾ ਕਿਰਾਇਆ 4000 ਰੁਪਏ ਤੋਂ ਵਧਾ ਕੇ 20-25000 ਰੁਪਏ ਕਰ ਦਿੱਤਾ ਹੈ। ਸਾਫ਼ ਪਤਾ ਲੱਗਦਾ ਹੈ ਕਿ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ ਹੈ। ਜੇ ਕੋਈ ਸਰਕਾਰ ਹੈ ਤਾਂ ਕਿਸਦੀ ਸਰਕਾਰ ਹੈ।

ਆਖਿਰ ਦਿੱਲੀ ਤੋਂ ਪ੍ਰਯਾਗਰਾਜ ਤੱਕ ਦਾ ਫ਼ਾਸਲਾ ਨਾਪਣ ਲਈ ਕਿਸੇ ਏਅਰਲਾਈਨ ਨੂੰ ਮਲੇਸ਼ੀਆ ਤੋਂ ਦੁੱਗਣਾ ਕਿਰਾਇਆ ਵਸੂਲਣ ਦੀ ਕੀ ਵਜ੍ਹਾ ਹੋ ਸਕਦੀ ਹੈ? ਇਹ ਫਿਰ ਹੀ ਸੰਭਵ ਹੈ ਜੇ ਦੇਸ਼ ਵਿਚ ਸਰਕਾਰ ਸਿਰਫ਼ ਪੂੰਜੀਪਤੀਆਂ ਦੀ ਹੋਵੇ।

ਜੇ ਸਰਕਾਰ ਖੁੱਲ੍ਹੀਆਂ ਅੱਖਾਂ ਨਾਲ ਏਅਰ ਟਿਕਟਾਂ ਦੀ ਲੁੱਟ ਨੂੰ ਅਣਡਿੱਠ ਕਰ ਸਕਦੀ ਹੈ ਤਾਂ ਭਲਾ ਕਣਕ, ਚੌਲ, ਦਾਲਾਂ ਅਤੇ ਸਬਜ਼ੀਆਂ ਦੇ ਰੇਟ ਨੂੰ ਕੰਟਰੋਲ ਵਿਚ ਰੱਖ ਸਕਣਾ ਤਾਂ ਉਸਦੇ ਲਈ ਸੰਭਵ ਹੀ ਨਹੀਂ ਹੋ ਸਕਦਾ। ਅਜਿਹਾ ਇਸ ਲਈ ਕਿਉਂਕਿ ਖ਼ੁਰਾਕੀ ਵਸਤਾਂ ਦੇ ਭਾਅ ਵਧਾਉਣ ਦੇ ਪਿੱਛੇ ਸੈਂਕੜੇ ਫੈਕਟਰ ਹੁੰਦੇ ਹਨ।

ਇਹ ਗੱਲ ਵੀ ਨਹੀਂ ਹੈ ਕਿ ਪ੍ਰਯਾਗਰਾਜ ਲਈ ਜਹਾਜ਼ਾਂ ਦੇ ਕਿਰਾਏ ’ਚ ਵਾਧਾ ਹੁਣੇ ਹੋ ਰਿਹਾ ਹੈ। ਕੁੰਭ ਦੀ ਸ਼ੁਰੂਆਤ ਦੇ ਨਾਲ ਹੀ ਸਾਰੀਆਂ ਏਅਰਲਾਈਨਾਂ ਨੇ ਕਿਰਾਏ ਤਾਬੜਤੋੜ ਵਧਾਉਣੇ ਸ਼ੁਰੂ ਕਰ ਦਿੱਤੇ ਸਨ।



ਪੇਸ਼ੇ ਤੋਂ ਵਕੀਲ ਸੰਜੇ ਘੋਸ਼ ਨੇ 23 ਜਨਵਰੀ ਨੂੰ ਆਪਣੀ ਟਿੱਪਣੀ ’ਚ ਲਿਖਿਆ, “ਕੱਲ੍ਹ ਪ੍ਰਯਾਗਰਾਜ ਲਈ ਇਕ ਪਾਸੇ ਦੀ ਟਿਕਟ 24277 ਰੁਪਏ ਤੋਂ ਲੈ ਕੇ 36879 ਰੁਪਏ ਤੱਕ ਹੈ। ਡੀਜੀਸੀਏ ਅਤੇ ਸਿਵਲ ਏਵੀਏਸ਼ਨ ਮੰਤਰਾਲਾ ਆਖਿ?ਰ ਕੀ ਕਰ ਰਹੇ ਹਨ? ਡਿਸਇਨਵੈਸਟਮੈਂਟ ਅਤੇ ਕੰਪਰੋਮਾਈਜ਼ਡ ਰੈਗੂਲੇਟਰ ਦੇ ਚੈਂਪੀਅਨ ਹੁਣ ਕਿੱਥੇ ਹਨ? ਪੀਐੱਮ ਮੋਦੀ ਦੀ ਖ਼ਵਾਇਸ਼ ਸੀ ਕਿ ਚੱਪਲ ਵਾਲੇ ਵੀ ਹਵਾਈ ਜਹਾਜ਼ ਦਾ ਸਫ਼ਰ ਕਰਨ। ਪਰ ਡਿਜ਼ਾਇਨਰ ਚੱਪਲ ਵੀ ਏਨੀ ਮਹਿੰਗੀ ਨਹੀਂ ਹੁੰਦੀ!

**ਯੋਗੀ ਸਰਕਾਰ ਨੂੰ ਮਹਾਕੁੰਭ ਤੋਂ 2 ਲੱਖ ਕਰੋੜ ਵਪਾਰ ਦੀ ਆਸ** : ਹਰ 12 ਸਾਲ ਬਾਅਦ ਲੱਗਣ ਵਾਲੇ ਇਸ ਮਹਾਕੁੰਭ ਦੇ ਸ਼ੁਰੂ ’ਚ ਹੀ ਯੂਪੀ (ਉੱਤਰ ਪ੍ਰਦੇਸ਼) ਸਰਕਾਰ ਨੇ ਦਾਅਵਾ ਕੀਤਾ ਸੀ ਕਿ ਇਸ ਵਾਰ ਕੁਲ 40 ਕਰੋੜ ਸ਼ਰਧਾਲੂ ਪ੍ਰਯਾਗਰਾਜ ਆਉਣਗੇ। ਹੁਣ ਸਰਕਾਰ ਦੇ ਕਾਰਿੰਦਿਆਂ ਨੇ ਕੈਲਕੂਲੇਟਰ ਹੱਥ ’ਚ ਲੈ ਕੇ ਕੁਲ ਵਪਾਰ ਅਤੇ ਉੱਤਰ ਪ੍ਰਦੇਸ਼ ਨੂੰ ਹੋਣ ਵਾਲੀ ਆਮਦਨੀ ਦਾ ਅੰਦਾਜ਼ਾ ਵੀ ਮਿੰਟਾਂ ’ਚ ਹੀ ਲਗਾ ਲਿਆ।

2 ਲੱਖ ਕਰੋੜ ਰੁਪਏ ਦੀ ਆਮਦਨੀ ਦਾ ਉਨ੍ਹਾਂ ਦਾ ਅੰਦਾਜ਼ਾ ਇਸ ਤਰ੍ਹਾਂ ਹੈ। ਔਸਤਨ ਹਰ ਆਉਣ ਵਾਲਾ ਸ਼ਰਧਾਲੂ ਘੱਟੋਘੱਟ ਜੇ 5000 ਰੁਪਏ ਖ਼ਰਚੇਗਾ ਤਾਂ 40 ਕਰੋੜ ਲੋਕਾਂ ਦੇ ਹਿਸਾਬ ਨਾਲ ਮਹਾਕੁੰਭ ਤੋਂ 2 ਲੱਖ ਕਰੋੜ ਰੁਪਏ ਦਾ ਵਪਾਰ ਸਹਿਜੇ ਹੀ ਹੋ ਸਕਦਾ ਹੈ। ਜਦਕਿ ਉਦਯੋਗ ਜਗਤ ਨੇ ਪ੍ਰਤੀ ਵਿਅਕਤੀ ਔਸਤ ਖ਼ਰਚ 10 ਹਜ਼ਾਰ ਰੁਪਏ ਲਗਾ ਕੇ ਕੁਲ 4 ਲੱਖ ਕਰੋੜ ਰੁਪਏ ਤੋਂ ਵੱਧ ਵਪਾਰ ਦੀ ਯੋਜਨਾ ਤਿਆਰ ਕਰ ਲਈ।

ਇਕ ਅਖ਼ਬਾਰ ਅਨੁਸਾਰ ਮਹਾਕੁੰਭ ਦੇ ਆਯੋਜਨ ਨਾਲ ਦੇਸ਼ ਦੀ ਨਾਮਨਿਹਾਦ ਅਤੇ ਅਸਲ ਜੀਡੀਪੀ ਇਕ ਫ਼ੀ ਸਦੀ ਤੋਂ ਵੀ ਜ਼ਿਆਦਾ ਵਧ ਸਕਦੀ ਹੈ। ਇੰਨਾ ਹੀ ਨਹੀਂ, ਜੇ ਮਹਾਕੁੰਭ ’ਚ ਦੋ ਲੱਖ ਕਰੋੜ ਦਾ ਕਾਰੋਬਾਰ ਹੁੰਦਾ ਹੈ ਤਾਂ ਇਸ ਨਾਲ ਯੂਪੀ ਸਰਕਾਰ ਨੂੰ 25 ਹਜ਼ਾਰ ਕਰੋੜ ਰੁਪਏ ਦਾ ਰੈਵਿਨਿਊ ਵੀ ਪ੍ਰਾਪਤ ਹੋ ਸਕਦਾ ਹੈ।

ਯੂਪੀ ਸਰਕਾਰ ਨੇ ਮਹਾਕੁੰਭ ਮੇਲਾ-2025 ਲਈ ਕੁਲ 6990 ਕਰੋੜ ਰੁਪਏ ਖ਼ਰਚਕੇ 25000 ਕਰੋੜ ਰੁਪਏ ਕਮਾਉਣ ਦੀ ਯੋਜਨਾ ਬਣਾਈ ਹੋਈ ਹੈ। ਪਰ ਯੋਗੀ ਸਰਕਾਰ ਏਨਾ ਪੈਸਾ ਆਖਿ?ਰ ਕਮਾਏਗੀ ਕਿਵੇਂ? ਕੀ ਉਸਨੇ ਹਵਾਈ ਸਫ਼ਰ, ਰੇਲ ਗੱਡੀਆਂ ਅਤੇ ਬੱਸਾਂ ਦੇ ਕਿਰਾਏ ’ਚ ਕੋਈ ਸਰਚਾਰਜ ਵਸੂਲਣ ਦੀ ਕੋਈ ਯੋਜਨਾ ਬਣਾਈ ਹੋਈ ਹੈ? ਜਾਂ ਉਸ ਨੂੰ ਆਸ ਹੈ ਕਿ ਪ੍ਰਯਾਗਰਾਜ ਦੇ ਹੋਟਲਾਂ ਅਤੇ ਰੇਸਤਰਾਂ ਵਿਚ ਕਈ ਗੁਣਾ ਵਧ ਚੁੱਕੀ ਆਮਦਨੀ ਉੱਪਰ ਉਸ ਨੂੰ ਵਾਹਵਾ ਜੀਐੱਸਟੀ ਵਸੂਲਣ ਨਾਲ ਕਮਾਈ ਹੋਵੇਗੀ?

ਇਸ ਬਾਰੇ ਸਾਡੇ ਕੋਲ ਕੋਈ ਜਾਣਕਾਰੀ ਨਹੀਂ ਹੈ। ਪਰ ਏਨਾ ਤੈਅ ਹੈ ਕਿ ਪ੍ਰਯਾਗਰਾਜ ਵਰਗੇ ਛੋਟੇ ਸ਼ਹਿਰ ਵਿਚ ਜੇ ਇਕ ਮਹੀਨੇ ਤੋਂ ਵੀ ਜ਼ਿਆਦਾ ਸਮੇਂ ਤੱਕ 50 ਲੱਖ ਵਧੇਰੇ ਲੋਕ ਆਉਂਦੇ ਹਨ ਤਾਂ ਸਥਾਨਕ ਜ਼ਿੰਦਗੀ ਪੂਰੀ ਤਰ੍ਹਾਂ ਤਹਿਸ-ਨਹਿਸ ਹੋ ਸਕਦੀ ਹੈ।

ਇਹ ਗੱਲ ਪ੍ਰਯਾਗਰਾਜ ਦੇ ਸਥਾਨਕ ਲੋਕਾਂ ਤੋਂ ਬਿਹਤਰ ਕੌਣ ਦੱਸ ਸਕਦਾ ਹੈ। ਰੇਲਵੇ ਸਟੇਸ਼ਨ ਤੋਂ ਕੁਲੀ ਦੇ ਭਾੜੇ ਤੋਂ ਲੈ ਕੇ ਆਟੇ ਤੱਕ ਦੇ ਰੇਟ ਆਸਮਾਨ ਛੂਹ ਰਹੇ ਹਨ। ਜ਼ਰੂਰੀ ਖ਼ੁਰਾਕੀ ਵਸਤਾਂ ਦੀ ਕਿੱਲ੍ਹਤ ਅਤੇ ਭਾਵਾਂ ਵਿਚ ਤੇਜ਼ੀ ਆਪਣੀ ਜਗਾ?ਹ ਵੱਖਰੀ ਹੈ।

ਯਕੀਨਨ ਹੀ ਹੋਟਲ ਅਤੇ ਰੇਸਤਰਾਂ ਮਾਲਕਾਂ ਦੀਆਂ ਪੌਂ ਬਾਰਾਂ ਹਨ। ਕਿਸੇ ਵੀ ਸਾਧਾਰਨ ਹੋਟਲ ਵਿਚ ਇਕ ਰਾਤ ਰਹਿਣ ਦਾ ਕਿਰਾਇਆ 15-20 ਹਜ਼ਾਰ ਰੁਪਏ ਮਾਮੂਲੀ ਗੱਲ ਹੈ। ਹੋਟਲਾਂ ਦੇ ਨਾਲ-ਨਾਲ ਹੋਮ ਸਟੇਅ ਦੀ ਸੋਚ ਉੱਪਰ ਕੰਮ ਕਰਨ ਵਾਲੇ ਵੀ 8-10 ਹਜ਼ਾਰ ਰੁਪਏ ਇਕ ਰਾਤ ਦਾ ਵਸੂਲ ਰਹੇ ਹਨ।

ਚਾਹੇ ਯੋਗੀ ਸਰਕਾਰ ਦਾਅਵਾ ਕਰ ਰਹੀ ਹੈ ਕਿ ਉਹ ਕੁੰਭ ਮੇਲੇ ’ਚ ਆਉਣ ਵਾਲੇ ਲੋਕਾਂ ਲਈ ਬੇਹੱਦ ਸਸਤੀਆਂ ਦਰਾਂ ’ਤੇ ਭੋਜਨ ਦਾ ਪ੍ਰਬੰਧ ਕਰ ਰਹੀ ਹੈ, ਪਰ ਆਈਆਰਟੀਸੀ (ਇੰਡੀਅਨ ਰੇਲਵੇ ਟੂਰਿਜ਼ਮ ਐਂਡ ਕੇਟਰਿੰਗ ਕਾਰਪੋਰੇਸ਼ਨ) ਦੀ ਵੈੱਬਸਾਈਟ ਕੁਝ ਹੋਰ ਹੀ ਦੱਸ ਰਹੀ ਹੈ। ਇੱਥੇ ਦੋ ਜਣਿਆਂ ਲਈ ਇਕ ਰਾਤ ਰੁਕਣ ਦਾ ਖ਼ਰਚਾ 20 ਹਜ਼ਾਰ ਰੁਪਏ ਹੈ। ਨਾਲ ਹੀ ਸ਼ਰਤ ਵੀ ਹੈ ਕਿ 18% ਜੀਐੱਸਟੀ ਵੱਖਰਾ ਲੱਗੇਗਾ ਅਤੇ ਸ਼ਾਹੀ ਇਸ਼ਨਾਨ ਦੇ ਦਿਨਾਂ ’ਚ ਤਿੰਨ ਦਿਨ ਤੋਂ ਘੱਟ ਦੀ ਬੁਕਿੰਗ ਸਵੀਕਾਰ ਨਹੀਂ ਕੀਤੀ ਜਾਵੇਗੀ।

ਕੁੰਭ ’ਚ ਟੈਂਟ ਵਾਲੇ ਘਰ ਵਿਚ ਰਹਿਣ ਦੇ ਕਿਰਾਏ ਬਾਰੇ ਤਾਂ ਸਾਰਾ ਦੇਸ਼ ਜਾਣ ਹੀ ਗਿਆ ਹੈ। ਇਕ ਲੱਖ ਰੁਪਏ ਤੋਂ ਲੈ ਕੇ ਡੇਢ ਲੱਖ ਰੁਪਏ ਵਾਲੇ ਟੈਂਟ ਦਾ ਪ੍ਰਬੰਧ ਆਖਿਰ ਕਿਹਦੀ ਖ਼ਾਤਰ ਕੀਤਾ ਗਿਆ ਹੈ? ਲੱਖਾਂ ਸ਼ਰਧਾਲੂਆਂ ਨੂੰ ਭਾਰੀ ਠੰਢ ’ਚ ਰੋਜ਼ ਖੁੱਲ੍ਹੇ ਆਸਮਾਨ ਹੇਠਾਂ ਸੌਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਇਨ੍ਹਾਂ ਵਿੱਚੋਂ ਲੱਖਾਂ ਸ਼ਰਧਾਲੂ ਉਹ ਹਨ ਜੋ ਕਈ ਕੁੰਭ ਨਹਾ ਚੁੱਕੇ ਹਨ। ਪਰ ਇਸ ਵਾਰ ਮਹਾਕੁੰਭ ਨੂੰ ਲੈ ਕੇ ਸਰਕਾਰੀ ਦਿਖਾਵਾ ਅਤੇ ਪ੍ਰਚਾਰ ਏਨਾ ਜ਼ਿਆਦਾ ਹੋਇਆ ਹੈ ਕਿ ਬਹੁਤ ਸਾਰੇ ਉਹ ਲੋਕ ਵੀ ਤੀਰਥ ਯਾਤਰਾ ਲਈ ਉਤਸੁਕ ਹੋ ਗਏ ਜੋ ਇਸ ਤੋਂ ਪਹਿਲਾਂ ਕਦੇ ਨਹੀਂ ਆਏ ਸਨ। ਇਹ ਹੀ ਉਹ ਮੱਧ ਵਰਗ ਹੈ, ਜਿਸ ਨੂੰ ਮਹਿਸੂਸ ਹੋ ਰਿਹਾ ਹੈ ਕਿ ਉਸਦੀ ਜੇਬ ਪੂਰੀ ਤਰ੍ਹਾਂ ਕੱਟ ਲਈ ਗਈ ਹੈ।

ਗ਼ੌਰ ਨਾਲ ਦੇਖੀਏ ਤਾਂ ਸਮਾਗਮ ਮੈਨੇਜਮੈਂਟ ਦੀ ਮਾਹਰ ਭਾਜਪਾ ਸਰਕਾਰ ਦੇ ਲਈ ਇਹ ਵੀ ਇਕ ਤਰ੍ਹਾਂ ਦੀ ਸਮਾਗਮ ਮੈਨੇਜਮੈਂਟ ਹੀ ਹੈ। ਧੜਵੈਲ ਆਯੋਜਨ ਹੋਵੇਗਾ ਅਤੇ ਵੱਡੀਆਂ-ਵੱਡੀਆਂ ਹਸਤੀਆਂ ਆਉਣਗੀਆਂ ਤਾਂ ਉਸਦਾ ਰੱਜ ਕੇ ਪ੍ਰਚਾਰ ਵੀ ਹੋਵੇਗਾ। ਉਨ੍ਹਾਂ ਦੇ ਲਈ ਹਵਾਈ ਕਿਰਾਏ, ਸ਼ਾਹੀ ਟੈਂਟ ਅਤੇ ਹੋਟਲਾਂ ਦਾ ਖ਼ਰਚ ਕੁਝ ਵੀ ਨਹੀਂ ਹੈ। ਲੇਕਿਨ ਇਸ ਦੀ ਲਪੇਟ ’ਚ ਭਾਰਤ ਦਾ ਉਹ ਮੱਧ ਵਰਗ ਵੀ ਆ ਗਿਆ ਜਿਸ ਨੂੰ ਹਰ ਜਗਾ?ਹ ਵਿਕਸਿਤ ਭਾਰਤ ਦਾ ਨਾਅਰਾ ਦੇ ਕੇ ਹੁਣ ਤੱਕ ਠੱਗਿਆ ਗਿਆ ਹੈ।

ਬਾਕੀ ਬਚੀ 90% ਆਮ ਜਨਤਾ, ਜੋ ਸੱਚੀਓਂ ਹੀ ਧਾਰਮਿਕ ਹੈ, ਉਸਦੇ ਲਈ ਪਿਛਲੀ ਵਾਰ ਦੇ ਕੁੰਭ ਅਤੇ ਇਸ ਵਾਰ ਦੇ ਮਹਾਕੁੰਭ ਆਯੋਜਨ ’ਚ ਕੋਈ ਫ਼ਰਕ ਨਹੀਂ ਹੈ। ਰੇਲਵੇ ਸਟੇਸ਼ਨ ਤੋਂ ਪੈਦਲ ਹੀ ਮੋਢੇ ’ਤੇ ਗੱਠੜੀ ਬੰਨ੍ਹੀ ਸੰਗਮ ਵੱਲ ਜਾਣ ਵਾਲੀ ਇਹ ਜਨਤਾ ਸਰਕਾਰ ਤੋਂ ਕੁਝ ਵੀ ਖ਼ਾਸ ਉਮੀਦ ਨਹੀਂ ਰੱਖਦੀ। ਹਾਂ, ਇਸ ਵਾਰ ਭਾਰੀ ਸੁਰੱਖਿਆ ਬੰਦੋਬਸਤ ਅਤੇ ਵੀਵੀਆਈਪੀ ਸੱਜਧੱਜ ਕਾਰਨ ਉਨ੍ਹਾਂ ਦੀਆਂ ਤਕਲੀਫ਼ਾਂ ਘਟਣ ਦੀ ਬਜਾਏ ਵਧੀਆਂ ਹੀ ਹਨ।

ਯਕੀਨਨ ਹੀ ਕਾਰਪੋਰੇਟ ਜਗਤ ਲਈ ਯੂਪੀ ਵਿਚ ਕੁਝ ਵੀ ਨਾ ਹੋਵੇ, ਪਰ ਬਨਾਰਸ, ਅਯੁੱਧਿਆ, ਆਗਰਾ ਤੋਂ ਬਾਅਦ ਹੁਣ ਉਨ੍ਹਾਂ ਦੀ ਨਜ਼ਰ ’ਚ ਪ੍ਰਯਾਗਰਾਜ ਦੀ ਪ੍ਰਾਪਰਟੀ ਵੀ ਆ ਚੁੱਕੀ ਹੋਵੇਗੀ।

ਆਸ ਕਰਨੀ ਚਾਹੀਦੀ ਹੈ ਕਿ ਛੇਤੀਂ ਹੀ ਪ੍ਰਯਾਗਰਾਜ ’ਚ ਹੋਟਲ ਲੌਬੀ, ਵੱਡੇ ਕਾਰਪੋਰੇਟ ਆਪਣੇ ਕਾਰੋਬਾਰ ਵਧਾਉਣ ਲਈ ਸਰਕਾਰ ਦੀ ਮੱਦਦ ਨਾਲ ਪ੍ਰਾਈਮ ਲੋਕੇਸ਼ਨਾਂ ਤਲਾਸ਼ਣ ’ਚ ਸਫ਼ਲ ਰਹਿਣਗੇ। ਉਨ੍ਹਾਂ ਦੇ ਹੱਥ ਰੱਖਦੇ ਹੀ ਉੱਤਰ ਪ੍ਰਦੇਸ਼ ਦੇ ਨੇਤਾ, ਨੌਕਰਸ਼ਾਹ ਵੀ ਜੇਕਰ ਅਯੁੱਧਿਆ ਦੀ ਤਰ੍ਹਾਂ ਇੱਥੇ ਵੀ ਪ੍ਰਯਾਗਰਾਜ ਦੇ ਹਜ਼ਾਰਾਂ ਗ਼ਰੀਬ ਨਿਵਾਸੀਆਂ ਦੀਆਂ ਜ਼ਮੀਨਾਂ ਕੌਡੀਆਂ ਦੇ ਭਾਅ ਐਕਵਾਇਰ ਕਰ ਲੈਂਦੇ ਹਨ ਤਾਂ ਕਿਸੇ ਨੂੰ ਹੈਰਾਨੀ ਨਹੀਂ ਹੋਣੀ ਚਾਹੀਦੀ।

ਹਰਚੰਦ ਭਿੰਡਰ
9417923785

# ਕੁੰਭ ਮੇਲਾ



14 ਜਨਵਰੀ ਤੋਂ ਪ੍ਰਯਾਗਰਾਜ ਜਾਂ ਪ੍ਰਯਾਗ (ਯੂਪੀ) ਵਿੱਚ ਕੁੰਭ ਦਾ ਮੇਲਾ ਸਰਕਾਰ ਦੀ ਸਹਾਇਤਾ ਨਾਲ ਕਰਵਾਇਆ ਜਾ ਰਿਹਾ ਹੈ। ਆਮ ਤੌਰ ਤੇ ਮੰਨਿਆ ਜਾਂਦਾ ਹੈ ਕਿ ਇਹ 12 ਸਾਲ ਬਾਅਦ ਆਉਂਦਾ ਹੈ। ਤਦ ਤਾਂ ਸਕੂਲ ਵਿੱਚ ਪੜ੍ਹਦਿਆਂ, ਜਦ ਮਾਸਟਰ ਜੀ 'ਡੰਡਿਆਂ ਦੀ ਵਰਖਾ' ਕਰਦੇ ਹੋਏ ਕਹਿੰਦੇ ਸਨ ਕਿ ਇਹ ਕਿਹੜਾ ਕੁੰਭ ਦਾ ਮੇਲਾ ਜੋ 12 ਸਾਲਾਂ ਬਾਅਦ ਆਉਣੇ ਅਗਲੇ ਸਾਲ ਜਮਾਤ ਪਾਸ ਕਰਲੀਂ। ਤਾਂ ਉਸ ਸਮੇਂ ਇਹ ਨੀ ਪਤਾ ਸੀ ਕਿ ਕੁੰਭ ਦਾ ਮੇਲਾ ਐਡਾ ਕੀ ਖਾਸ ਹੈ ਜੋ ਕਿ ਮਹੀਨੇ ਜਾ ਸਾਲ ਦੀ ਥਾਂ 12 ਸਾਲ ਬਾਅਦ ਆਉਂਦਾ ਹੈ। (ਵੈਸੇ ਆਉਂਦਾ ਇਹ ਵੀ ਸਾਲ ਬਾਅਦ ਹੀ ਹੈ, ਪਰ ਇਹ ਸਾਲ ਮਨੁੱਖਾਂ ਵਾਲਾ ਨਹੀਂ ਦੇਵਤਿਆਂ ਵਾਲਾ ਹੈ। ਦੇਵਤਿਆਂ ਸਾਲ ਸਾਡੇ ਆਮ ਸਾਲ ਤੋਂ 12 ਗੁਣਾ ਵੱਡਾ ਮੰਨਿਆ ਹੈ।) ਇਸ ਨਾਲ ਮਿਥ ਇਹ ਜੁੜੀ ਹੋਈ ਹੈ ਕਿ ਸਮੁੰਦਰ ਮੰਥਨ ਵੇਲੇ ਜਿਹੜਾ ਅੰਮ੍ਰਿਤ ਕੁੰਭ (ਕਲਸ਼) ਨਿਕਲਿਆ ਸੀ ਉਸ ਨੂੰ ਲੈ ਕੇ ਦੇਵਤਿਆਂ ਤੇ ਦਾਨਵਾਂ ਵਿੱਚ ਯੁੱਧ ਛਿੜ ਪਿਆ ਜੋ ਦੇਵਤਿਆਂ ਦੇ ਇੱਕ ਸਾਲ ਤੱਕ ਚੱਲਿਆ। ਜਦੋਂ ਵਿਸ਼ਨੂੰ ਮੋਹਿਨੀ ਦਾ ਰੂਪ ਧਾਰਨ ਕਰ ਕੇ ਇਸ ਕੁੰਭ ਨੂੰ ਲੈ ਕੇ ਦੌੜੇ ਤਾਂ ਚਾਰ ਥਾਵਾਂ 'ਤੇ ਅੰਮ੍ਰਿਤ ਦੀਆਂ ਬੂੰਦਾਂ ਡਿੱਗੀਆਂ। ਇਨ੍ਹਾਂ ਥਾਵਾਂ ਪ੍ਰਯਾਗ, ਹਰਿਦੁਆਰ, ਉਜੈਨ ਅਤੇ ਨਾਸਿਕ ਵਿਖੇ ਹਰ 12 ਸਾਲ ਬਾਅਦ ਮੇਲਾ ਲੱਗਦਾ ਹੈ। ਇਸ ਅੰਮ੍ਰਿਤ ਕੁੰਭ ਦਾ ਰਾਸ਼ੀ ਚਿੰਨ ਕੁੰਭ ਨਾਲ ਜੋੜਨ ਕਰਕੇ ਇਸ ਕੁੰਭ ਮੇਲੇ ਦਾ ਸਬੰਧ ਬ੍ਰਹਿਸਪਤੀ ਗ੍ਰਹਿ ਨਾਲ ਸਬੰਧ ਹੈ। ਬ੍ਰਹਿਸਪਤੀ ਗ੍ਰਹਿ ਸੂਰਜ ਮੰਡਲ ਦਾ ਪ੍ਰਮੁੱਖ ਗ੍ਰਹਿ ਹੈ ਜੋ ਚਮਕ ਪੱਖੋ ਸ਼ੁੱਕਰ ਗ੍ਰਹਿ ਤੋਂ ਦੂਜੇ ਨੰਬਰ ਤੇ ਹੈ ਅਤੇ ਸੂਰਜ ਦਾ 52 ਪ੍ਰਤੀਸ਼ਤ ਪ੍ਰਕਾਸ਼ ਪ੍ਰਾਵਿਰਤਤ ਕਰਦਾ ਹੈ। ਇਸ ਕਾਰਣ ਇਹ ਆਕਾਸ਼ ਵਿੱਚ ਆਮ ਹੀ ਪਹਿਚਾਣਿਆ ਜਾ ਸਕਦਾ ਹੈ। ਜਦ ਇਹ ਕੁੰਭ ਤਾਰਾ ਮੰਡਲ ਜਾਂ ਰਾਸ਼ੀ ਵਿੱਚ ਹੁੰਦਾ ਹੈ ਤੇ ਸੂਰਜ ਮੇਖ ਰਾਸ਼ੀ ਵਿੱਚ ਦਾਖਿਲ ਹੁੰਦਾ ਹੈ, ਭਾਵ ਵੈਸਾਖੀ ਵਾਲੇ ਦਿਨ ਹਰਿਦੁਆਰ ਵਿੱਖੇ ਗੰਗਾ ਨਦੀ ਕਿਨਾਰੇ ਇਸ਼ਨਾਨ ਕਰਨ ਦਾ ਮੇਲਾ ਲਗਦਾ ਹੈ ਜਿਸ ਨੂੰ ਕੁੰਭ ਦਾ ਮੇਲਾ ਕਿਹਾ ਜਾਂਦਾ ਹੈ।

ਇਹ ਕੁੰਭ ਮੇਲੇ ਭਾਰਤ ਵਿੱਚ ਚਾਰ ਪ੍ਰਮੁੱਖ ਸ਼ਹਿਰਾਂ ਵਿੱਚ ਲਗਦੇ ਹਨ। ਸੰਭਾਵਿਤ ਇਹ ਮੇਲੇ ਰਾਸ਼ੀਆਂ ਹੋਂਦ ਵਿੱਚ ਹੋਣ ਤੋਂ ਬਾਅਦ ਵਿੱਚ ਹੀ ਆਏ ਹਨ। ਪ੍ਰਮਾਣਿਕ ਤੌਰ ਤੇ ਇਸ ਦੀ ਸ਼ੁਰੂਆਤ ਰਾਜਾ ਹਰਸ਼ਵਰਧਨ ਦੇ ਸਮੇਂ 617-647 ਵਿੱਚ ਹੋਈ ਦੱਸੀ ਜਾਂਦੀ ਹੈ। ਇੱਕ ਇਹ ਤੱਥ ਹੈ ਕਿ ਚੀਨੀ ਯਾਤਰੀ ਹਿਊਨਸਾਂਗ ਦੇ ਕਥਨ ਅਨੁਸਾਰ 644 ਨੂੰ ਮਾਘਦੇ ਮਹੀਨੇ ਪ੍ਰਯਾਗਰਾਜ ਵਿੱਚ ਕੁੰਭ ਦਾ ਮੇਲਾ ਹੋਇਆ ਸੀ। ਇੱਕ ਵਿਚਾਰ ਇਹ ਵੀ ਸਾਹਮਣੇ ਆਉਂਦਾ ਹੈ ਕਿ ਕੁੰਭ ਮੇਲੇ ਦੀ ਸ਼ੁਰੂਆਤ 9 ਵੀਂ ਸਦੀ ਵਿੱਚ ਆਦਿ ਸ਼ੁਕਰਾਚਾਰੀਆ ਨੇ ਕਰਵਾਈ ਸੀ। (ਕੁਝ ਪਰੰਪਰਾਵਾਂ ਕੁੰਭ ਮੇਲੇ ਦੀ ਸ਼ੁਰੂਆਤ 8 ਵੀਂ ਈਸਵੀ ਦੇ ਦਾਰਸ਼ਨਿਕ ਸ਼ੰਕਰ ਨੂੰ ਭਾਰਤੀ ਉਪ ਮਹਾਂਦੀਪ ਵਿੱਚ ਹਿੰਦੂ ਮੱਠਾਂ ਦੇ ਨਾਲ-ਨਾਲ ਦਾਰਸ਼ਨਿਕ ਚਰਚਾਵਾਂ ਅਤੇ ਬਹਿਸਾਂ ਲਈ ਵੱਡੇ ਹਿੰਦੂ ਇਕੱਠ ਸ਼ੁਰੂ ਕਰਨ ਦੇ ਉਨ੍ਹਾਂ ਦੇ ਯਤਨਾਂ ਦੇ ਹਿੱਸੇ ਵਜੋਂ ਦੱਸਦੀਆਂ ਹਨ।)



ਹਰਿਦੁਆਰ ਦਾ ਕੁੰਭ ਮੇਲਾ ਅਸਲੀ ਕੁੰਭ ਮੇਲਾ ਹੈ, ਕਿਉਂਕਿ ਇਹ ਜੋਤਿਸ਼ ਦੀ ਰਾਸ਼ੀ ਚਿੰਨ੍ਹ "ਕੁੰਭ" (ਕੁੰਭ - ਪਾਣੀ ਵਾਲਾ ਘੜਾ) ਦੇ ਅਨੁਸਾਰ ਆਯੋਜਿਤ ਕੀਤਾ ਜਾਂਦਾ ਹੈ, ਅਤੇ ਕਿਉਂਕਿ ਇਸਦੇ ਲਈ 12 ਸਾਲ ਦੇ ਚੱਕਰ ਦੇ ਕਈ ਹਵਾਲੇ ਹਨ। ਬਾਅਦ ਦੇ ਮੁਗਲ ਸਾਮਰਾਜ ਯੁੱਗ ਦੇ ਗ੍ਰੰਥਾਂ ਵਿੱਚ ਹਰਿਦੁਆਰ ਦੇ ਸੰਦਰਭ ਵਿੱਚ "ਕੁੰਭ ਮੇਲਾ" ਸ਼ਬਦ ਸ਼ਾਮਲ ਹੈ, ਵਿੱਚ ਖੁੱਲਾਸਤ-ਉਤ-ਤਵਾਰੀਖ (1695-1699 ਈਸਵੀ) ਅਤੇ ਚਾਹਰ ਗੁਲਸ਼ਨ (1759 ਈਸਵੀ) ਸ਼ਾਮਲ ਹਨ। ਖੁੱਲਾਸਤ-ਉਤ-ਤਵਾਰੀਖ ਵਿੱਚ ਪ੍ਰਯਾਗ ਵਿੱਚ ਇੱਕ ਸਾਲਾਨਾ ਇਸ਼ਨਾਨ ਤੀਰਥ ਤਿਉਹਾਰ ਦਾ ਵੀ ਜ਼ਿਕਰ ਹੈ, ਪਰ ਇਹ ਇਸਨੂੰ ਕੁੰਭ ਨਹੀਂ ਕਹਿੰਦਾ ਹੈ। ਇਹ ਦੋਵੇਂ ਮੁਗਲ ਯੁੱਗ ਦੇ ਗ੍ਰੰਥ "ਕੁੰਭ ਮੇਲਾ" ਸ਼ਬਦ ਦੀ ਵਰਤੋਂ ਸਿਰਫ਼ ਹਰਿਦੁਆਰ ਦੇ ਮੇਲੇ ਦਾ ਵਰਣਨ ਕਰਨ ਲਈ ਕਰਦੇ ਹਨ, ਪ੍ਰਯਾਗ ਅਤੇ ਨਾਸਿਕ ਵਿੱਚ ਆਯੋਜਿਤ ਇੱਕ ਸਮਾਨ ਮੇਲੇ ਦਾ ਜ਼ਿਕਰ ਕਰਦੇ ਹਨ। ਖੁੱਲਾਸਤ-ਉਤ-ਤਵਾਰੀਖ ਹੇਠ ਲਿਖੇ ਮੇਲਿਆਂ ਦੀ ਸੂਚੀ ਦਿੰਦਾ ਹੈ: ਹਰ 12 ਸਾਲਾਂ ਬਾਅਦ ਹਰਿਦੁਆਰ ਵਿੱਚ ਇੱਕ ਸਾਲਾਨਾ ਮੇਲਾ ਅਤੇ ਇੱਕ ਕੁੰਭ ਮੇਲਾ; ਇੱਕ ਮੇਲਾ ਤ੍ਰਿੰਬਕ (ਨਾਸਿਕ) ਵਿੱਚ ਲਗਾਇਆ ਜਾਂਦਾ ਹੈ ਜਦੋਂ ਬ੍ਰਹਿਸਪਤੀ ਸਿੰਘ ਰਾਸ਼ੀ ਵਿੱਚ ਪ੍ਰਵੇਸ਼ ਕਰਦਾ ਹੈ (ਭਾਵ, 12 ਸਾਲਾਂ ਵਿੱਚ ਇੱਕ ਵਾਰ) ਅਤੇ ਇੱਕ ਸਾਲਾਨਾ ਮੇਲਾ ਪ੍ਰਯਾਗ (ਆਧੁਨਿਕ ਪ੍ਰਯਾਗਰਾਜ ਵਿੱਚ) ਮਾਘ ਵਿੱਚ ਲਗਾਇਆ ਜਾਂਦਾ ਹੈ। ਪ੍ਰਯਾਗ ਮੇਲੇ ਵਾਂਗ, ਨਾਸਿਕ ਅਤੇ ਉਜੈਨ ਵਿੱਚ ਇਸ਼ਨਾਨ ਤੀਰਥ ਮੇਲਾ ਕਾਫ਼ੀ ਪ੍ਰਾਚੀਨ ਹਨ। ਹਾਲਾਂਕਿ, ਇਹਨਾਂ ਨੂੰ ਸਿੰਘ ਰਾਸ਼ੀ ਵਿੱਚ ਲੱਗਣ ਕਾਰਣ ਸਿੰਘਸਥ ਮੇਲਾ ਕਿਹਾ ਜਾਂਦਾ ਸੀ, ਅਤੇ 19ਵੀਂ ਸਦੀ ਤੋਂ ਪਹਿਲਾਂ ਸਾਹਿਤ ਵਿੱਚ "ਕੁੰਭ ਮੇਲਾ" ਵਾਕੰਸ਼ ਅਜੇ ਤੱਕ ਨਹੀਂ ਮਿਲਦਾ। ਪ੍ਰਯਾਗ, ਨਾਸਿਕ ਅਤੇ ਉਜੈਨ ਵਿੱਚ ਵੱਖ-ਵੱਖ ਨਾਵਾਂ ਵਾਲੇ ਪ੍ਰਾਚੀਨ ਧਾਰਮਿਕ ਤੀਰਥ ਤਿਉਹਾਰਾਂ ਦੇ ਸੰਦਰਭ ਵਿੱਚ "ਮਹਾਕੁੰਭ" ਅਤੇ "ਅਰਧ ਕੁੰਭ" ਵਰਗੇ ਵਾਕੰਸ਼ ਸਪੱਸ਼ਟ ਤੌਰ 'ਤੇ ਇਸ ਆਧੁਨਿਕ ਯੁੱਗ ਦੇ ਹਨ।

ਕਿਹਾ ਜਾਂਦਾ ਹੈ ਕਿ ਬ੍ਰਹਿਸਪਤੀ ਗ੍ਰਹਿ 12 ਰਾਸ਼ੀਆਂ ਵਿੱਚ ਦੀ ਲੰਘਦਾ ਹੋਇਆ 12 ਸਾਲ ਵਿੱਚ ਇੱਕ ਚੱਕਰ ਪੂਰਾ ਕਰਦਾ ਹੈ। ਇਸ ਤਰ੍ਹਾਂ ਇਹ ਇੱਕ ਸਾਲ ਵਿੱਚ 1 ਰਾਸ਼ੀ ਵਿੱਚ ਰਹਿੰਦਾ ਹੈ। ਕੁੰਭ ਦੇ 12 ਸਾਲ ਦੇ ਮੇਲੇ ਦੇ ਨਾਲ ਕਈ ਥਾਵਾਂ ਤੇ 6 ਸਾਲਾਂ ਬਾਅਦ ਅਰਧ ਕੁੰਭ ਦੇ ਮੇਲੇ ਵੀ ਆਉਂਦੇ ਹਨ। ਇਹ ਮੇਲੇ ਸਮੇਂ-ਸਮੇਂ ਮੁਤਾਬਿਕ ਇਹਨਾਂ ਥਾਵਾਂ ਤੇ ਲਗਦੇ ਹਨ। ਕੁੰਭ ਦੇ ਮੇਲਿਆਂ ਦੀਆਂ ਚਾਰ ਥਾਵਾਂ ਅਤੇ ਸਮਾਂ;

1. ਹਰਿਦੁਆਰ, ਜਦ ਬ੍ਰਹਿਸਪਤੀ ਗ੍ਰਹਿ ਕੁੰਭ ਰਾਸ਼ੀ ਵਿੱਚ ਹੁੰਦਾ ਹੈ ਤੇ ਸੂਰਜ ਮੇਖ ਰਾਸ਼ੀ ਵਿੱਚ ਦਾਖਿਲ ਹੁੰਦਾ ਹੈ। ਭਾਵ ਵੈਸਾਖੀ ਵਾਲੇ ਦਿਨ।

2. ਪ੍ਰਯਾਗਰਾਜ, ਜਦ ਬ੍ਰਹਿਸਪਤੀ ਗ੍ਰਹਿ ਬ੍ਰਿਖ ਰਾਸ਼ੀ ਵਿੱਚ ਹੁੰਦਾ ਹੈ ਤੇ ਸੂਰਜ ਮਕਰ ਰਾਸ਼ੀ ਵਿੱਚ ਦਾਖਿਲ ਹੁੰਦਾ ਹੈ। ਭਾਵ ਮਾਘੀ ਵਾਲੇ ਦਿਨ

3. ਪ੍ਰਯਾਗਰਾਜ, (ਅਰਧ ਕੁੰਭ 6 ਸਾਲ ਬਾਅਦ) ਜਦ ਬ੍ਰਹਿਸਪਤੀ ਗ੍ਰਹਿ ਬ੍ਰਿਸ਼ਚਕ ਰਾਸ਼ੀ ਵਿੱਚ ਹੁੰਦਾ ਹੈ ਤੇ ਸੂਰਜ ਮਕਰ ਰਾਸ਼ੀ ਵਿੱਚ ਦਾਖਿਲ ਹੁੰਦਾ ਹੈ। ਭਾਵ ਮਾਘੀ ਵਾਲੇ ਦਿਨ।

4. ਉਜੈਨ, ਜਦ ਬ੍ਰਹਿਸਪਤੀ ਗ੍ਰਹਿ ਸਿੰਘ ਰਾਸ਼ੀ ਵਿੱਚ ਹੁੰਦਾ ਹੈ ਤੇ ਸੂਰਜ ਮੇਖ ਰਾਸ਼ੀ ਵਿੱਚ ਦਾਖਿਲ ਹੁੰਦਾ ਹੈ। ਭਾਵ ਵੈਸਾਖੀ ਵਾਲੇ ਦਿਨ। ਇਸ ਸਮੇਂ ਹੀ ਹਰਦੁਆਰ ਵਿਖੇ ਅਰਧ ਕੁੰਭ ਸ਼ੁਰੂ ਹੁੰਦਾ ਹੈ।

5. ਨਾਸਿਕ, ਜਦ ਬ੍ਰਹਿਸਪਤੀ ਗ੍ਰਹਿ ਕਰਕ ਰਾਸ਼ੀ ਵਿੱਚ ਹੁੰਦਾ ਹੈ ਤੇ ਸੂਰਜ ਸਿੰਘ ਰਾਸ਼ੀ ਵਿੱਚ ਦਾਖਿਲ ਹੁੰਦਾ ਹੈ। ਭਾਵ ਵੈਸਾਖੀ ਵਾਲੇ ਦਿਨ।

ਕੀ ਵਾਕਿਆ ਹੀ ਬ੍ਰਹਿਸਪਤੀ ਗ੍ਰਹਿ 12 ਸਾਲ ਵਿੱਚ ਇੱਕ ਚੱਕਰ ਪੂਰਾ ਕਰਦਾ ਹੈ?

ਪਰ ਬ੍ਰਹਿਸਪਤੀ ਦਾ ਸੂਰਜ ਦੁਆਲੇ ਇੱਕ ਚੱਕਰ ਲਗਾਉਣ ਦਾ ਸਮਾਂ ਨਾਸਾ ਦੇ ਮੁਤਾਬਕ ਲੱਗ ਭਗ 11862 ਸਾਲ ਜਾਂ 4333 (ਅਸਲ ਵਿੱਚ 4332.59) ਦਿਨ ਹੈ। ਇਹ ਇੱਕ ਰਾਸ਼ੀ ਵਿੱਚ 361ਦਿਨ ਤੇ ਸਵਾ ਘੰਟਾ ਦਿਖਾਈ ਦਿੰਦਾ ਹੈ। ਇਸ ਕਾਰਣ ਹਰ ਵਾਰ ਕੁੰਭ ਦਾ ਮੇਲਾ 12 ਸਾਲ ਦੀ ਥਾਂ ਕਈ ਵਾਰ 11 ਸਾਲ ਬਾਅਦ ਵੀ ਆਉਂਦਾ ਹੈ। ਇਸ ਤਰ੍ਹਾਂ 7 ਕੁੰਭ ਮੇਲੇ 84 ਸਾਲਾਂ ਦੀ ਥਾਂ 83 ਸਾਲ ਵਿੱਚ ਆਉਂਦੇ ਹਨ।

ਹੁਣ ਜਿਵੇਂ ਕਿ ਹੁਣ ਪ੍ਰਯਾਗਰਾਜ ਦੇ ਕੁੰਭ ਮੇਲੇ ਨੂੰ ਮਹਾਂ ਕੁੰਭ ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ ਤੇ ਕਿਹਾ ਜਾ ਰਿਹਾ ਹੈ ਕਿ ਮਹਾਂ ਕੁੰਭ 144 ਸਾਲ ਬਾਅਦ ਆਉਂਦਾ ਹੈ। ਅਜਿਹਾ ਨਹੀਂ ਹੈ। ਇਸ ਤੋਂ ਪਹਿਲਾਂ ਇਤਿਹਾਸਕ ਤੌਰ ਤੇ 1882 ਵਿੱਚ ਪ੍ਰਯਾਗ ਵਿੱਚ ਕੁੰਭ ਮੇਲਾ ਹੋਣ ਦੀ ਜਾਣਕਾਰੀ ਮਿਲਦੀ ਹੈ। ਇਵੇਂ ਹੀ ਅਗਲਾ ਕੁੰਭ ਮਹਾਂ ਕੁੰਭ ਮੇਲਾ 2037,2049 ਤੇ 2060 ਦਾ ਮੇਲਾ 11 ਸਾਲ ਬਾਅਦ ਤੇ 2132 ਤੋਂ ਫਿਰ 2143 ਵਿੱਚ 11 ਸਾਲ ਬਾਅਦ ਇਸ ਤਰ੍ਹਾਂ 142 ਸਾਲ ਬਾਅਦ ਕੁੰਭ ਆਵੇਗਾ ਨਾ ਕਿ 144 ਸਾਲ ਬਾਅਦ। ਇਸ ਤਰ੍ਹਾਂ ਦੂਜੇ ਕੁੰਭ ਮੇਲਿਆਂ ਵਿੱਚ ਅਜਿਹਾ ਹੀ ਹੁੰਦਾ ਹੈ।

ਮਨੁੱਖੀ ਸਭਿਅਤਾ ਨਦੀਆਂ ਕੰਢੇ ਹੀ ਜਿਆਦਾ ਵਧੀ ਫੁੱਲੀ ਹੈ। ਕਿਉਂਕਿ ਮਨੁੱਖ ਨੂੰ ਆਪਣੀਆਂ, ਖੇਤੀ ਅਤੇ ਪਸ਼ੂਆਂ ਆਦਿ ਦੀਆਂ ਜਰੂਰਤਾਂ ਲਈ ਸਾਰਾ ਸਾਲ ਪਾਣੀ ਮਿਲਦਾ ਰਹਿੰਦਾ ਸੀ। ਇਸ ਨਾਲ ਹੀ ਰਸਮ ਰਿਵਾਜ ਵੀ ਇਹਨਾਂ ਨਾਲ ਜੁੜ ਗਏ। ਨਦੀਆਂ ਜਾਂ ਤਲਾਵਾਂ ਵਿੱਚ ਨਹਾਉਣਾ ਕੋਈ ਮਾੜਾ ਨਹੀਂ ਬਸ਼ਰਤੇ ਪਾਣੀ ਸਾਫ ਸੁਥਰਾ ਹੋਵੇ। ਜਿਵੇਂ ਕਿ ਬਾਹਰਲੇ ਵਿਕਸ਼ਤ ਦੇਸ਼ਾਂ ਵਿੱਚ ਆਮ ਹੈ, ਪਰ ਸਾਡੇ ਭਾਰਤ ਵਿੱਚ ਧਾਰਮਿਕ ਆਸਥਾ ਭਾਰੂ ਹੋਣ ਕਾਰਣ ਨਦੀਆਂ ਨਾਲਿਆਂ ਦੀ ਵਰਤੋਂ ਹਰ ਚੰਗੇ ਮਾੜੇ ਕੰਮਾਂ ਲਈ ਕੀਤੀ ਜਾਂਦੀ ਹੈ। ਧਾਰਮਿਕ ਰਸਮਾਂ ਤੋਂ ਬਾਅਦ ਬਚੀ ਹੋਈ ਸਮਗਰੀ ਵੀ ਇਹਨਾਂ ਵਿੱਚ ਸੁੱਟੀ ਜਾਂਦੀ ਹੈ ਅਤੇ ਮਿਰਤਕ ਸਰੀਰ ਵੀ ਇਸ ਵਿੱਚ ਪ੍ਰਵਾਹ ਕੀਤੇ ਜਾਂਦੇ ਹਨ। ਇਥੋਂ ਤੱਕ ਕਿ ਸ਼ਹਿਰਾਂ ਦਾ ਦੇ ਸੀਵਰੇਜ ਅਤੇ ਉਦਯੋਗਿਕ ਇਕਾਈਆਂ ਦਾ ਪਾਣੀ ਵੀ ਇਹਨਾਂ ਨਦੀਆਂ ਵਿੱਚ ਛੱਡਿਆ ਜਾਂਦਾ ਹੈ। ਇਸ ਕਾਰਣ ਭਾਰਤ ਦੇ ਦਰਿਆਵਾਂ ਦਾ ਪਾਣੀ ਖਤਰਨਾਕ ਹੱਦ ਪ੍ਰਦੂਸ਼ਿਤ ਹੋ ਚੁੱਕਿਆ ਹੈ ਇਹਨਾਂ ਵਿੱਚ ਵਿਸ਼ੇਸ਼ ਧਾਰਮਿਕ ਮਹੱਤਤਾ ਵਾਲੀ ਨਦੀ ਗੰਗਾ ਵੀ ਨਹੀਂ ਬਚੀ। ਇੰਡੀਆ ਵਾਟਰ ਪੋਸਟਲ ਦੇ ਮੁਤਾਬਕ ਕਾਨ੍ਹਪੁਰ ਤੋਂ ਲੈ ਕੇ ਬਨਾਰਸ ਤੱਕ ਬਹੁਤ ਪ੍ਰਦੂਸ਼ਿਤ ਪਾਣੀ ਹੈ ਜੋ ਕਿ ਪੀਣ ਲਾਇਕ ਤਾਂ ਛੱਡੋ ਨਹਾਉਣ ਯੋਗ ਵੀ ਭਾਵੇਂ ਕਿ ਗੰਗਾ ਨਦੀ ਦੀ ਸਫ਼ਾਈ ਵਾਸਤੇ ਬਹੁਤ ਪੈਸਾ ਖਰਚਿਆ ਜਾਂਦਾ ਹੈ ਤੇ ਇਸ ਦੀ ਸਫਾਈ ਦਾ ਪ੍ਰਚਾਰ ਕੀਤਾ ਜਾਂਦਾ ਹੈ ਪਰ ਪਰਨਾਲਾ ਉਥੇ ਦਾ ਉਥੇ ਹੀ ਹੈ। ਜਮਨਾ ਨਦੀ ਵੀ ਦਿੱਲੀ ਲਾਗੇ ਗੰਦੇ ਨਾਲੇ ਦਾ ਰੂਪ ਧਾਰ ਲੈਂਦੀ ਹੈ।

ਇਹ ਮੇਲੇ ਵੀ ਕਈ ਵਾਰ ਲੜਾਈ ਦੇ ਅਖਾੜੇ ਵੀ ਬਣੇ 1310 ਈਸਵੀ ਵਿੱਚ ਮਹਾਨਿਰਵਾਰਨੀ ਅਤੇ ਰਾਮਾਨੰਦ ਵੈਸ਼ਨਵ ਅਖਾੜੇ ਵਿਚ ਖੂਨੀ ਸੰਘਰਸ਼ ਹੋਇਆ। 1690 ਵਿੱਚ ਨਾਸਿਕ ਦੇ ਮੇਲੇ ਸਮੇਂ ਸ਼ੈਵ ਤੇ ਵੈਸ਼ਨਵ ਸੰਪਰਦਾਇ ਵਿੱਚ ਹੋਈ ਲੜਾਈ ਵਿੱਚ 60,000 ਮਰੇ। ਫਿਰ 1760 ਵਿੱਚ ਹਰਿਦੁਆਰ ਮੇਲੇ ਵਿੱਚ ਸ਼ੈਵ ਤੇ ਵੈਸ਼ਨਵ ਸਾਧੂਆਂ ਵਿੱਚਕਾਰ ਸ਼ਾਹੀ ਇਸ਼ਨਾਨ ਕਰਨ ਵਾਸਤੇ ਸੰਘਰਸ਼ ਹੋਇਆ ਤੇ 1800 ਮਰੇ। ਕਾਸ਼ ਜੇਕਰ ਇਹੀ ਸੰਘਰਸ਼ ਭਾਰਤ ਉਪਰ ਰਾਜ ਕਰਨ ਵਾਲੇ ਵਿਦੇਸ਼ੀ ਹਮਲਾਵਰਾਂ ਨਾਲ ਕਰਦੇ। ਇਸ ਦੇ ਬਾਅਦ ਦੇਸ਼ ਆਜ਼ਾਦ ਹੋਣ ਤੋਂ ਬਾਅਦ ਵੀ ਜ਼ਿਆਦਾ ਭੀੜ ਹੋਣ ਕਾਰਨ ਸੁਰੱਖਿਆ ਪ੍ਰਬੰਧ ਠੀਕ ਨਾ ਹੋਣ ਕਾਰਨ 1954 ਵਿੱਚ ਮੱਚੀ ਭਗਦੜ ਕਾਰਨ ਇਲਾਹਾਬਾਦ (ਹੁਣ ਪ੍ਰਯਾਗਰਾਜ) ਵਿੱਚ ਜੋ ਕਿ ਕੁੰਭ ਮੇਲੇ ਦੌਰਾਨ ਵਾਪਰੀ ਸੀ, ਜਿਸ ਦੇ ਨਤੀਜੇ ਵਜੋਂ ਅੰਦਾਜ਼ਨ 1,000 ਮੌਤਾਂ ਹੋਈਆਂ ਸਨ। ਭਾਵੇਂ ਕਿ ਸੁਰੱਖਿਆ ਉਪਾਅ ਲਾਗੂ ਕੀਤੇ ਗਏ ਸਨ ਇਸ ਦੇ ਬਾਵਜੂਦ ਵੀ, ਬਾਅਦ ਦੇ ਕੁੰਭ ਮੇਲਿਆਂ ਵਿੱਚ ਵੀ ਇਸੇ ਤਰ੍ਹਾਂ ਦੀਆਂ ਦੁਖਾਂਤ ਦੇਖਣ ਨੂੰ ਮਿਲੇ ਹਨ। 2003 ਵਿੱਚ, ਨਾਸਿਕ ਕੁੰਭ ਮੇਲੇ ਦੌਰਾਨ, ਇੱਕ ਭਗਦੜ ਵਿੱਚ ਘੱਟੋ-ਘੱਟ 39 ਸ਼ਰਧਾਲੂਆਂ ਦੀ ਮੌਤ ਹੋ ਗਈ ਅਤੇ 100 ਤੋਂ ਵੱਧ ਲੋਕ ਜ਼ਖਮੀ ਹੋ ਗਏ। ਇਹ ਘਟਨਾ ਕਥਿਤ ਤੌਰ 'ਤੇ ਸਾਧੂਆਂ ਦੁਆਰਾ ਸੁੱਟੇ ਗਏ ਸਿੱਕੇ ਇਕੱਠੇ ਕਰਨ ਲਈ ਸ਼ਰਧਾਲੂਆਂ ਵਿੱਚ ਹੋਈ ਝੜਪ ਕਾਰਨ ਵਾਪਰੀ ਸੀ। 2010 ਦੇ ਹਰਿਦੁਆਰ ਕੁੰਭ ਮੇਲੇ ਵਿੱਚ ਭਗਦੜ ਵਿੱਚ ਸੱਤ ਲੋਕਾਂ ਦੀ ਮੌਤ ਹੋ ਗਈ (ਪੰਜ ਔਰਤਾਂ, ਇੱਕ ਆਦਮੀ ਅਤੇ ਇੱਕ ਬੱਚਾ) ਅਤੇ 17 ਲੋਕ ਜ਼ਖਮੀ ਹੋ ਗਏ। ਮੇਲੇ ਵਿੱਚ ਇੱਕ ਵੱਖਰੀ ਭਗਦੜ ਵਿੱਚ ਦੋ ਵਿਅਕਤੀ ਡੁੱਬ ਗਏ। ਇੱਕ ਖਾਸ ਤੌਰ 'ਤੇ ਦੁਖਦਾਈ ਘਟਨਾ 10 ਫਰਵਰੀ, 2013 ਨੂੰ ਇਲਾਹਾਬਾਦ (ਹੁਣ ਪ੍ਰਯਾਗਰਾਜ) ਵਿੱਚ ਕੁੰਭ ਮੇਲੇ ਦੌਰਾਨ ਵਾਪਰੀ ਤੇ ਰੇਲਵੇ ਸਟੇਸ਼ਨ 'ਤੇ ਭਗਦੜ ਦੇ ਨਤੀਜੇ ਵਜੋਂ 36 ਮੌਤਾਂ ਅਤੇ ਕਈ ਜ਼ਖ਼ਮੀ ਹੋਏ। ਆਹ ਹਰਿਦੁਆਰ ਦਾ ਕੁੰਭ ਮੇਲਾ ਜੋ ਕਿ 2010 ਤੋਂ ਬਾਅਦ 11 ਸਾਲ ਦੇ ਫਰਕ ਨਾਲ 2021ਦੇ ਅਪ੍ਰੈਲ ਵਿੱਚ ਆਇਆ ਸੀ। ਜਦ ਕਿ ਉਸ ਸਮੇਂ ਕਰੋਨਾ ਵਾਇਰਸ ਕਾਰਨ ਸਾਵਧਾਨ ਰਹਿਣ ਦੀ ਜਰੂਰਤ ਸੀ ਤੇ ਇਸੇ ਸਾਲ ਸਰਕਾਰ ਦੀ ਲਾਪ੍ਰਵਾਹੀ ਕਾਰਣ ਮਈ ਮਹੀਨੇ ਕਰੋਨਾ ਨਾਲ (ਹਿੰਦੁਸਤਾਨ ਟਾਈਮਜ਼ ਮੁਤਾਬਿਕ) ਮਰੇ ਹਜ਼ਾਰਾਂ ਵਿਆਕਤੀਆਂ ਦੀਆਂ ਲਾਸ਼ਾਂ ਇਸ ਗੰਗਾ ਨਦੀ ਦੇ ਕਿਨਾਰੇ ਰੁਲਦੀਆਂ ਰਹੀਆਂ। ਇਸ ਵਾਰ ਵੀ ਯੂਪੀ ਸਰਕਾਰ ਆਪਣੇ ਰਾਜਨੀਤਿਕ ਕਾਰਣਾਂ ਕਾਰਨ ਅਰਬਾਂ ਰੁਪਏ ਖਰਚ ਰਹੀ ਹੈ ਪਰ ਇਸ ਦੇ ਬਾਵਜੂਦ ਵੀ ਸਹੂਲਤਾਂ ਦੀ ਕਮੀ ਦੀਆਂ ਖ਼ਬਰਾਂ ਆ ਰਹੀਆਂ ਹਨ। ਲੋਕ ਸਰਦੀ ਦੀ ਹਾਲਤ ਵਿੱਚ ਖੁੱਲ੍ਹੇ ਆਸਮਾਨ ਵਿੱਚ ਪਏ ਹੋਏ ਹਨ। ਲੈਟਰੀਨਾਂ ਆਦਿ ਦਾ ਵੀ ਸਹੀ ਪ੍ਰਬੰਧ ਨਹੀਂ ਸਰਧਾਲੂਆਂ ਨੂੰ 10-12 ਕਿਲੋਮੀਟਰ ਤੁਰਨਾ ਪੈ ਰਿਹਾ ਹੈ। ਜਦ ਕਿ ਪਹਿਲਾਂ ਹੀ ਸੂਬੇ ਅੰਦਰ ਸਕੂਲ, ਹਸਪਤਾਲ, ਸੜਕਾਂ ਆਦਿ ਦਾ ਸਹੀ ਪ੍ਰਬੰਧ ਨਹੀਂ। ਦੂਜੇ ਪਾਸੇ ਇਹ ਕਿਹਾ ਜਾ ਰਿਹਾ ਹੈ ਕਿ ਇਸ ਧਾਰਮਿਕ ਮੇਲੇ ਵਿੱਚ ਸਰਕਾਰ ਨੂੰ ਭਾਰੀ ਆਮਦਨ ਹੋਵੇਗੀ। ਇਹ ਆਮਦਨ ਤਾਂ ਤਾਂਹੀ ਵਧ ਸਕਦੀ ਹੈ ਜੇ ਲੋਕਾਂ ਦੀ ਆਮਦਨ ਵਿੱਚ ਵਾਧਾ ਹੋਵੇ ਤਾਂ ਹੀ ਉਹ ਖਰੀਦਦਾਰੀ ਕਰ ਸਕਣਗੇ ਪਰ ਬੇਰੁਜ਼ਗਾਰੀ ਦਿਨੋ-ਦਿਨ ਵਧ ਰਹੀ ਹੈ ਅਤੇ ਲੋਕਲ ਕੰਮਕਾਜ ਵੀ ਕਾਰਪੋਰੇਟ ਸੈਕਟਰ ਨਾਲ ਪ੍ਰਭਾਵਿਤ ਹੋ ਰਹੇ ਹਨ। ਇਹ ਅਦਾਰੇ ਵੀ ਆਪਣੇ ਕਾਮਿਆਂ ਨੂੰ ਘੱਟ ਤਨਖ਼ਾਹ ਤੇ ਵੱਧ ਕੰਮ ਕਰਨ ਲਈ ਮਜ਼ਬੂਰ ਕਰ ਰਹੇ ਹਨ। ਪਰ ਦੂਜੇ ਪਾਸੇ ਪਾਪ ਪੁੰਨ ਤੇ ਸਵਰਗ ਆਦਿ ਦੇ ਲਾਰਿਆਂ ਦਾ ਪ੍ਰਚਾਰ ਕਰ ਕੇ ਲੋਕਾਂ ਇਥੇ ਆਉਣ ਦਾ ਲਾਲਚ ਦਿੱਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਧਰਮ ਦਾ ਆਸਰਾ ਲੈ ਕੇ ਬਣੀ ਸਰਕਾਰ ਆਮ ਲੋਕਾਈ ਨੂੰ ਧਰਮ ਦੀਆਂ ਵਲਗਣਾਂ ਵਿੱਚ ਬੰਨ੍ਹ ਕੇ ਤੇ ਆਪਣਿਆਂ ਵਿੱਚ ਡਰ ਤੇ ਵਿਰੋਧੀਆਂ ਵਿੱਚ ਦਹਿਸ਼ਤ ਪਾ ਕੇ ਆਪਣੀਆ ਰਾਜਨੀਤਕ ਤੌਰ ਤੇ ਜੜ੍ਹਾਂ ਮਜਬੂਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਅਮਰੀਕਾ ਦੇ ਕਾਰਪੋਰੇਟ ਘਰਾਣਿਆਂ ਦੀ ਹਕੀਕਤ

**ਗੁਰਪ੍ਰੀਤ ਅੰਮ੍ਰਿਤਸਰ**

ਪਿਛਲੇ ਦਿਨੀਂ ਅਮਰੀਕਾ ਅਤੇ ਸੰਸਾਰ ਦੀ ਆਰਥਿਕ ਰਾਜਧਾਨੀ ਕਹੇ ਜਾਣ ਵਾਲ਼ੇ ਸ਼ਹਿਰ ਵਿੱਚ ਸੰਯੁਕਤ ਰਾਜ ਅਮਰੀਕਾ ਦੀ ਸਭ ਤੋਂ ਵੱਡੀ ਬੀਮਾ ਕੰਪਨੀ ਯੂਨਾਇਟੇਡ ਹੈਲਥਕੇਅਰ ਦੇ ਮੁੱਖ ਕਾਰਜਕਾਰੀ ਅਧਿਕਾਰੀ ਬਰਾਈਨ ਥੋਮਸਣ ਦਾ ਲੁਈਜੀ ਮੈਂਜੀਓਨੀ ਨਾਮ ਦੇ ਵਿਅਕਤੀ ਨੇ ਕਤਲ ਕਰ ਦਿੱਤਾ। ਇਸ ਕਤਲ ਤੋਂ ਬਾਅਦ ਪੂਰੇ ਅਮਰੀਕਾ ਦੇ ਸਰਮਾਏਦਾਰਾ ਮੀਡੀਆ ਅਤੇ ਸਿਆਸੀ ਹਲਕਿਆਂ ਵਿੱਚ ਇੱਕ ਤਰ੍ਹਾਂ ਨਾਲ਼ ਭੂਚਾਲ ਆ ਗਿਆ। ਸਰਮਾਏਦਾਰਾ ਮੀਡੀਆ ਇਸ ਕਤਲ ਤੋਂ ਵੀ ਵੱਧ ਆਮ ਲੋਕਾਂ ਵੱਲੋਂ ਆਈ ਪ੍ਰਤਿਕਿਰਿਆ ਤੋਂ ਸਹਿਮਿਆ ਹੋਇਆ ਸੀ। ਇਸ ਕਤਲ ਦੇ ਬਾਅਦ ਤੋਂ ਹੀ ਅਮਰੀਕਾ ਦੇ ਬਹੁਗਿਣਤੀ ਆਮ ਲੋਕਾਂ ਨੇ ਬੀਮਾ ਕੰਪਨੀ ਦੇ ਅਧਿਕਾਰੀ ਦੀ ਮੌਤ ਉੱਪਰ ਕੋਈ ਅਫ਼ਸੋਸ ਨਹੀਂ ਜਾਹਰ ਕੀਤਾ ਸਗੋਂ ਜਿਆਦਾਤਰ ਲੋਕ ਇਸ ਕਤਲ ਦੀ ਖੁਸ਼ੀ ਮਨਾ ਰਹੇ ਹਨ। ਬ੍ਰਾਇਨ ਦਾ ਕਤਲ ਕਰਨ ਵਾਲ਼ੇ ਲੁਈਜੀ ਮੈਂਜੀਓਨੀ ਨੂੰ ਲੋਕ ਅਜੋਕਾ "ਰਾਬਿਨ ਹੁੱਡ" ਵੀ ਕਹਿ ਰਹੇ ਹਨ ਅਤੇ ਲੋਕਾਂ ਦੇ ਇੱਕ ਨਾਇਕ ਵਜੋਂ ਸੋਸ਼ਲ ਮੀਡੀਆ ਉੱਪਰ ਉਸਦੀਆਂ ਤਸਵੀਰਾਂ ਪ੍ਰਚਾਰੀਆਂ ਜਾ ਰਹੀਆਂ ਹਨ। ਇਸ ਕਤਲ ਦੇ ਬਾਅਦ ਤੋਂ ਹੀ ਅਮਰੀਕੀ ਹਾਕਮ ਜਮਾਤ ਦੇ ਵੱਖ-ਵੱਖ ਸਿਆਸੀ ਹਲਕਿਆਂ ਨੇ ਲੱਗਭੱਗ ਇੱਕੋ ਜਿਹੀ ਪ੍ਰਤਿਕਿਰਿਆ ਹੀ ਦਿੱਤੀ। ਸਾਰੀ ਅਮਰੀਕੀ ਹਾਕਮ ਜਮਾਤ ਇਸ ਕਤਲ ਤੋਂ ਬਾਅਦ ਸਹਿਮੀ ਹੋਈ ਹੈ। ਨਿਊ ਯਾਰਕ ਦੇ ਸਿਆਸੀ ਆਗੂਆਂ ਅਤੇ ਪੁਲਸ ਅਧਿਕਾਰੀਆਂ ਨੇ ਕਿਹਾ ਕਿ ਅਜਿਹੀਆਂ ਹੋਰ ਘਟਨਾਵਾਂ ਰੋਕਣ ਲਈ ਮਿਸਾਲੀ ਕਾਰਵਾਈ ਕੀਤੇ ਜਾਣ ਦੀ ਲੋੜ ਹੈ। ਕਤਲ ਦੇ ਪੰਜ ਦਿਨ ਬਾਅਦ ਹੀ ਲੁਈਜੀ ਮੈਂਜੀਓਨੀ ਨੂੰ ਗਿ ?ਰਫ਼ਤਾਰ ਕਰ ਲਿਆ ਗਿਆ ਹੈ ਅਤੇ ਇਹ ਵੀ ਸੁਣਨ ਵਿੱਚ ਆ ਰਿਹਾ ਹੈ ਕਿ ਸ਼ਾਇਦ ਉਸਦਾ ਮੁਕੱਦਮਾ ਵੀ ਜਨਤਕ ਤੌਰ 'ਤੇ ਨਹੀਂ ਚਲਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਲੁਈਜੀ ਮੈਂਜੀਓਨੀ ਨੇ ਕਤਲ ਕਰਨ ਤੋਂ ਬਾਅਦ ਇਸ ਕਤਲ ਪਿੱਛੇ ਆਪਣੇ ਮਕਸਦ ਨੂੰ ਦੱਸਣ ਲਈ ਇੱਕ ਐਲਾਨਨਾਮਾ ਵੀ ਜਾਰੀ ਕੀਤਾ ਹੈ ਜਿਸ ਵਿੱਚ ਉਸਨੇ ਕਿਹਾ ਹੈ ਕਿ "ਬ੍ਰਾਇਨ ਵਰਗੇ ਪਰਜੀਵੀਆਂ ਨਾਲ਼ ਅਜਿਹਾ ਹੀ ਹੋਣਾ ਚਾਹੀਦਾ ਹੈ ਅਤੇ ਇਹ ਵੀ ਕਿ ਯੂਨਾਇਟਿਡ ਬੀਮਾ ਕੰਪਨੀ ਆਪਣੇ ਮੁਨਾਫ਼ਿਆਂ ਲਈ ਆਮ ਅਮਰੀਕੀ ਲੋਕਾਂ ਨੂੰ ਲੁੱਟਦੀ ਹੈ।" ਇਸ ਨੂੰ ਕਿਸੇ ਵੀ ਪ੍ਰਮੁੱਖ ਅਮਰੀਕੀ ਮੀਡੀਆ ਸੰਸਥਾ ਨੇ ਪ੍ਰਕਾਸ਼ਿਤ ਨਹੀਂ ਕੀਤਾ ਹੈ। ਅਮਰੀਕਾ ਦੀ ਚੌਥੀ ਸਭ ਤੋਂ ਵੱਡੀ ਕੰਪਨੀ ਦੇ ਉੱਚ ਅਧਿਕਾਰੀ ਦੇ ਕਤਲ ਤੋਂ ਬਾਅਦ ਬਾਕੀ ਸਰਮਾਏਦਾਰਾਂ ਨੂੰ ਆਪਣੀ ਜਾਨ ਦੀਆਂ ਫਿਕਰਾਂ ਪੈ ਗਈਆਂ ਹਨ ਜਿਸਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਇਹਨਾਂ ਨੂੰ ਸੁਰੱਖਿਆ ਦੇਣ ਵਾਲ਼ੀ ਇੱਕ ਨਿੱਜੀ ਕੰਪਨੀ ਦੀਆਂ ਸੇਵਾਵਾਂ ਦੀ ਮੰਗ ਪਹਿਲਾਂ ਦੇ ਮੁਕਾਬਲੇ ਕਈ ਗੁਣਾ ਵਧ ਗਈ ਹੈ। ਇਸ ਘਟਨਾ ਨਾਲ਼ ਅਮਰੀਕੀ ਲੋਕਾਂ ਦੇ ਵੱਡੇ ਹਿੱਸੇ ਵਿੱਚ ਸਰਮਾਏਦਾਰਾਂ ਅਤੇ ਖਾਸਕਰ ਮੈਡੀਕਲ ਖੇਤਰ ਦੇ ਸਰਮਾਏਦਾਰਾਂ ਲਈ ਭਰੇ ਹੋਏ ਗੁੱਸੇ ਦਾ ਪਤਾ ਚੱਲਦਾ ਹੈ। ਭਾਵੇਂ ਅਜੇ ਇਹ ਗੁੱਸਾ ਕੁਝ ਪੂਰੇ ਪ੍ਰਬੰਧ ਦੀ ਥਾਵੇਂ ਕੁਝ ਖਾਸ ਵਿਅਕਤੀਆਂ ਅਤੇ ਕੰਪਨੀਆਂ ਉੱਪਰ ਹੀ ਕੇਂਦਰਤ ਹੈ। ਪਰ ਇਸਦੇ ਨਾਲ਼ ਹੀ ਇਹ ਸਮਝਣਾ ਵੀ ਜਰੂਰੀ ਹੈ ਕਿ ਜਥੇਬੰਦਕ ਸੰਘਰਸ਼ ਦੀ ਥਾਵੇਂ ਇਸ ਤਰ੍ਹਾਂ ਦੀਆਂ ਵਿਅਕਤੀਗਤ ਕਾਰਵਾਈਆਂ ਨਾਲ਼ ਕੁੱਲ ਸਰਮਾਏਦਾਰ ਜਮਾਤ ਦੇ ਰਾਜ ਨੂੰ ਨਹੀਂ ਤੋੜਿਆ ਜਾ ਸਕਦਾ ਹੈ। ਸਗੋਂ, ਅਜਿਹੀਆਂ ਕਾਰਵਾਈਆਂ ਸਰਮਾਏਦਾਰਾ ਰਾਜ ਨੂੰ ਲੋਕਾਂ ਦੀਆਂ ਜਮਹੂਰੀ ਅਜਾਦੀਆਂ ਖੋਹਣ ਅਤੇ ਜਬਰ ਨੂੰ ਹੋਰ ਤਿੱਖਾ ਕਰਨ ਦੇ ਮੌਕੇ ਦਿੰਦੀਆਂ ਹਨ।




**ਅਮਰੀਕਾ ਵਿੱਚ ਯੂਨਾਇਟਿਡ ਬੀਮਾ ਕੰਪਨੀ ਪ੍ਰਤੀ ਲੋਕਾਂ ਦੀ ਨਫ਼ਰਤ** : ਸੰਯੁਕਤ ਰਾਜ ਅਮਰੀਕਾ ਦੀ ਹਾਕਮ ਜਮਾਤ ਉਂਝ ਤਾਂ ਅਮਰੀਕਾ ਨੂੰ ਸੰਸਾਰ ਦਾ ਸਭ ਤੋਂ ਵੱਧ ਵਿਕਸਤ ਮੁਲਕ ਹੋਣ ਵਜੋਂ ਪ੍ਰਚਾਰਦੀ ਹੈ ਪਰ ਇਸ ਤਰੱਕੀ ਵਿੱਚੋਂ ਅਮਰੀਕਾ ਦੀ ਬਹੁਗਿਣਤੀ ਕਿਰਤੀ ਲੋਕਾਈ ਦੇ ਹਿੱਸੇ ਬਹੁਤ ਹੀ ਘੱਟ ਸਹੂਲਤਾਂ ਆਈਆਂ ਹਨ। ਅਮਰੀਕਾ ਵਿੱਚ ਔਸਤ ਸਿਹਤ ਸੇਵਾਵਾਂ ਬਾਕੀ ਵਿਕਸਤ ਦੇਸ਼ਾਂ ਦੇ ਮੁਕਾਬਲੇ ਕਾਫੀ ਮਹਿੰਗੀਆਂ ਹਨ। ਅਮਰੀਕਾ ਵਿੱਚ 41% ਲੋਕ ਮਹਿੰਗੇ ਇਲਾਜ ਕਾਰਣ ਕਰਜੇ ਵਿੱਚ ਜਕੜੇ ਹੋਏ ਹਨ। 30 ਲੱਖ ਤੋਂ ਵੱਧ ਲੋਕਾਂ ਉੱਪਰ 10,000 ਡਾਲਰ ਤੋਂ ਵੱਧ ਦਾ ਮੈਡੀਕਲ ਕਰਜਾ ਹੈ। ਇਹ ਸਭ ਇਸਦੇ ਬਾਵਜੂਦ ਹੈ ਕਿ ਜਿਆਦਾਤਰ ਲੋਕਾਂ ਨੇ ਕਿਸੇ ਨਾ ਕਿਸੇ ਤਰ੍ਹਾਂ ਦੀਆਂ ਸਿਹਤ ਬੀਮਾ ਕੰਪਨੀਆਂ ਦੀਆਂ ਬੀਮਾ ਯੋਜਨਾਵਾਂ ਵਿੱਚ ਪੈਸੇ ਲਗਾਏ ਹੋਏ ਹਨ। ਤੱਥਾਂ ਮੁਤਾਬਕ, 'ਯੂਨਾਇਟਿਡ ਹੈਲਥਕੇਅਰ ਬੀਮਾ ਕੰਪਨੀ' ਨੇ ਲੋਕਾਂ ਦੇ ਕੁੱਲ ਦਾਅਵਿਆਂ (ਕਲੇਮ) ਵਿੱਚੋਂ 32% ਤੱਕ ਦਾਅਵੇ ਕੋਈ ਨਾ ਕੋਈ ਬਹਾਨਾ ਬਣ ਕੇ ਰੱਦ ਕੀਤੇ ਹਨ। ਇਹਨਾਂ ਮਾਮਲਿਆਂ ਵਿੱਚ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਤੋਂ ਪੀੜਤ ਲੋਕ ਵੀ ਸਨ ਜੋ ਬੀਮੇ ਦੇ ਪੈਸੇ ਦੇਣ ਦੇ ਬਾਵਜੂਦ, ਕੰਪਨੀ ਵੱਲੋਂ ਉਹਨਾਂ ਦਾ ਦਾਅਵਾ ਰੱਦ ਕਰਨ ਕਾਰਣ ਆਪਣਾ ਇਲਾਜ ਨਹੀਂ ਕਰਵਾ ਸਕੇ ਅਤੇ ਮਰ ਗਏ। ਇੱਕ ਔਰਤ ਨੇ ਦੱਸਿਆ ਕਿ ਜਦੋਂ ਉਹ ਗਰਭਵਤੀ ਸੀ ਅਤੇ ਉਸਦਾ ਇੱਕ ਸਾਲ ਦਾ ਬੱਚਾ ਹਸਪਤਾਲ ਵਿੱਚ ਦਿਮਾਗ ਵਿੱਚ ਇੱਕ ਘਾਤਕ ਰਸੌਲੀ ਨਾਲ਼ ਜੂਝ ਰਿਹਾ ਸੀ, ਉਦੋਂ ਉਸਨੂੰ ਬੀਮਾ ਕੰਪਨੀ ਤੋਂ ਖੁਦ ਦੇ ਹੀ ਹੱਕ ਦੇ ਪੈਸੇ ਹਾਸਲ ਕਰਨ ਲਈ ਲੜਨਾ ਪੈ ਰਿਹਾ ਸੀ। ਇੱਕ ਹੋਰ ਮਾਮਲੇ ਵਿੱਚ, ਇੱਕ ਔਰਤ ਨੂੰ ਇਲਾਜ ਦੌਰਾਨ ਇਸ ਲਈ ਮਨ੍ਹਾਂ ਕਰ ਦਿੱਤਾ ਗਿਆ ਕਿਉਂਕਿ ਜਿਸ ਹਸਪਤਾਲ ਵਿੱਚ ਉਸਨੂੰ ਭੇਜਿਆ ਗਿਆ ਸੀ ਉਹ ਬੀਮਾ ਕੰਪਨੀ ਮੁਤਾਬਕ ਉਹਨਾਂ ਦੇ ਨੈੱਟਵਰਕ ਯਾਨੀ ਬੀਮਾ ਪਾਲਸੀ ਦੇ ਘੇਰੇ ਵਿੱਚ ਨਹੀਂ ਸੀ ਆਉਂਦਾ। ਇਲਾਜ ਦਾ ਖਰਚ ਇੰਨਾ ਜਿਆਦਾ ਸੀ ਕਿ ਉਸਨੂੰ ਇਹ ਕਰਜ ਅਦਾ ਕਰਨ ਲਈ 20 ਤੋਂ 30 ਸਾਲ ਲੱਗ ਜਾਣਗੇ। ਕਈ ਲੋਕਾਂ ਨੂੰ ਕੈਂਸਰ ਦੇ ਇਲਾਜ ਦੌਰਾਨ ਬਿਨਾਂ ਕੋਈ ਕਾਰਣ ਦੱਸੇ ਪੈਸੇ ਮਿਲ਼ਣੇ ਬੰਦ ਹੋ ਗਏ। ਇੱਥੋਂ ਤੱਕ ਦਾਅਵੇ ਰੱਦ ਕਰਨ ਦੇ ਅਜੀਬੋ-ਗਰੀਬ ਕਾਰਣ ਦੱਸੇ ਜਾਂਦੇ ਹਨ ਜਿਵੇਂ ਐਂਬੂਲੈਂਸ ਦਾ ਖਰਚ ਪਾਲਸੀ ਦੇ ਘੇਰੇ ਵਿੱਚ ਨਹੀਂ ਆਉਂਦਾ, ਕੁਝ ਖਾਸ ਦਵਾਈਆਂ ਦੇ ਪੈਸੇ ਨਹੀਂ ਦਿੱਤੇ ਜਾਣਗੇ, ਚੋਣਵੇਂ ਹਸਪਤਾਲਾਂ ਵਿੱਚ ਹੀ ਇਲਾਜ ਕਰਵਾ ਸਕਣ ਜਿਹੇ ਨਿਯਮ ਆਦਿ। ਇਸ ਤੋਂ ਬਿਨਾਂ ਪਿਛਲੇ ਕੁਝ ਸਮੇਂ ਤੋਂ ਕੰਪਨੀ ਨੇ ਲੋਕਾਂ ਦੇ ਦਾਅਵਿਆਂ ਦਾ ਨਿਪਟਾਰਾ ਕਰਨ ਲਈ ਇੱਕ ਏ.ਆਈ ਐਲਗੋਰਿਥਮ ਦੀ ਵਰਤੋਂ ਕਰਨੀ ਸ਼ੁਰੂ ਕੀਤੀ ਸੀ। ਇਸਦੇ ਕਾਰਣ ਲੋਕਾਂ ਦੇ ਕਲੇਮ ਰੱਦ ਹੋਣ ਦੀ ਗਿਣਤੀ ਵਿੱਚ ਪਹਿਲਾਂ ਦੇ ਮੁਕਾਬਲੇ ਹੋਰ ਵੀ ਇਜਾਫ਼ਾ ਹੋ ਗਿਆ, ਜਿਸ ਕਾਰਣ ਬਹੁਗਿਣਤੀ ਲੋਕਾਂ ਨੂੰ ਕਲੇਮ ਰੱਦ ਹੋਣ ਕਾਰਣ ਕਾਫੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਕੈਂਸਰ ਅਤੇ ਹੋਰ ਗੰਭੀਰ ਬਿਮਾਰੀਆਂ ਤੋਂ ਪੀੜਤ ਲੋਕਾਂ ਨੂੰ, ਮਾਹਰਾਂ ਵੱਲੋਂ ਸਿਫ਼ਾਰਿਸ਼ ਕੀਤੇ ਜਾਣ ਦੇ ਬਾਵਜੂਦ ਇਹ ਕਹਿ ਕੇ ਪੈਸੇ ਦੇਣ ਤੋਂ ਇਨਕਾਰ ਕੀਤਾ ਜਾਂਦਾ ਹੈ ਕਿ "ਇਸ ਇਲਾਜ ਦੀ ਲੋੜ ਨਹੀਂ ਹੈ।"

ਹਸਪਤਾਲ ਵਿੱਚ ਕੰਮ ਕਰਨ ਵਾਲ਼ੀ ਇੱਕ ਨਰਸ ਨੇ ਦੱਸਿਆ ਕਿ ਉਸਨੇ ਗੰਭੀਰ ਬਿਮਾਰੀ ਨਾਲ਼ ਤੜਫ ਰਹੇ ਮਰੀਜਾਂ ਨੂੰ ਬੀਮਾ ਪਾਲਸੀ ਹੋਣ ਦੇ ਬਾਵਜੂਦ ਪੈਸੇ ਨਾ ਮਿਲ਼ਣ ਕਾਰਣ ਮਰਦੇ ਹੋਏ ਦੇਖਿਆ ਹੈ। ਅਜਿਹੇ ਹਜਾਰਾਂ ਹੀ ਮਾਮਲੇ ਹਨ ਜਿਹਨਾਂ ਦਾ ਇੱਥੇ ਜਿਕਰ ਕਰਨਾ ਸੰਭਵ ਨਹੀਂ ਹੈ ਪਰ ਇੱਕ ਗੱਲ ਬਿਲਕੁਲ ਸਾਫ ਹੈ ਕਿ ਇਹਨਾਂ ਸਭ ਮੁਸ਼ਕਿਲਾਂ ਕਾਰਣ ਲੋਕਾਂ ਦੇ ਮਨ ਵਿੱਚ ਇਸ ਕੰਪਨੀ ਅਤੇ ਸਿਹਤ ਖੇਤਰ ਦੀਆਂ ਹੋਰ ਨਿੱਜੀ ਕੰਪਨੀਆਂ ਖਿਲਾਫ ਕਾਫੀ ਸਮੇਂ ਤੋਂ ਗੁੱਸਾ ਉਬਲ ਰਿਹਾ ਸੀ।

ਇੱਕ ਪਾਸੇ ਜਿੱਥੇ ਆਮ ਲੋਕ ਇਲਾਜ ਦੀ ਘਾਟ ਕਾਰਣ ਔਕੜਾਂ ਭਰੀ ਜਿੰਦਗੀ ਜੀਉ ਰਹੇ ਹਨ, ਉੱਥੇ ਹੀ ਦੂਜੇ ਪਾਸੇ ਕੰਪਨੀ ਦੇ ਮੁਨਾਫੇ ਤੇਜ ਗਤੀ ਨਾਲ਼ ਵਧ ਰਹੇ ਹਨ। ਸਾਲ 2023 ਵਿੱਚ ਹੀ ਕੰਪਨੀ ਦੀ ਕੁੱਲ ਆਮਦਨ ਵਿੱਚ 14.6% ਦਾ ਵਾਧਾ ਦਰਜ ਕੀਤਾ ਗਿਆ। ਸਾਲ 2023 ਵਿੱਚ ਇਸ ਕੰਪਨੀ ਨੂੰ ਕੁੱਲ 2200 ਕਰੋੜ ਡਾਲਰ ਤੋਂ ਵੱਧ ਦਾ ਮੁਨਾਫਾ ਹਾਸਲ ਹੋਇਆ। ਯੂਨਾਇਟਿਡ ਬੀਮਾ ਕੰਪਨੀ ਅਮਰੀਕਾ ਦੀ ਚੌਥੀ ਸਭ ਤੋਂ ਵੱਡੀ ਕੰਪਨੀ ਹੈ ਅਤੇ ਇਸ ਤੋਂ ਅੱਗੇ ਸਿਰਫ ਐਪਲ, ਵਾਲਮਾਰਟ ਵਰਗੀਆਂ ਕੰਪਨੀਆਂ ਹੀ ਹਨ। ਬ੍ਰਾਇਨ ਥੋਮਸਨ, ਇਸੇ ਹੀ ਕੰਪਨੀ ਵਿੱਚ ਪਿਛਲੇ 20 ਸਾਲ ਤੋਂ ਵੱਖ-ਵੱਖ ਅਹੁਦਿਆਂ ਉੱਪਰ ਕੰਮ ਕਰ ਰਿਹਾ ਸੀ ਅਤੇ ਪਿਛਲੇ ਕੁਝ ਸਮੇਂ ਤੋਂ ਇਸ ਕੰਪਨੀ ਦਾ ਮੁੱਖ ਕਾਰਜਕਾਰੀ ਅਧਿਕਾਰੀ ਨਿਯੁਕਤ ਹੋਇਆ ਸੀ।

ਬ੍ਰਾਇਨ ਥੋਮਸਨ ਦੇ ਕਤਲ ਤੋਂ ਬਾਅਦ ਯੂਨਾਇਟਿਡ ਬੀਮਾ ਕੰਪਨੀ ਅਤੇ ਇਸ ਵਰਗੀਆਂ ਹੋਰ ਬੀਮਾ ਕੰਪਨੀਆਂ ਤੋਂ ਸਤਾਏ ਹੋਏ ਲੋਕਾਂ ਨੇ ਵੱਖ-ਵੱਖ ਸੋਸ਼ਲ ਮੀਡੀਆ ਮੰਚਾਂ ਉੱਪਰ ਆਪਣੀ ਪ੍ਰਤਿਕਿਰਿਆ ਦੇਣੀ ਸ਼ੁਰੂ ਕਰ ਦਿੱਤੀ। ਬਹੁਗਿਣਤੀ ਲੋਕਾਂ ਨੇ ਇਸ ਕਤਲ ਨੂੰ "ਇਨਸਾਫ"ਕਿਹਾ ਅਤੇ ਜਿਆਦਾਤਰ ਨੇ ਕੰਪਨੀ ਦੇ ਅਧਿਕਾਰੀ ਨੂੰ ਪਰਜੀਵੀ ਦਾ ਨਾਮ ਦਿੱਤਾ। ਇੱਕ ਨਰਸ ਨੇ ਅਪਣਾ ਤਜਰਬਾ ਸਾਂਝਾ ਕਰਦੇ ਹੋਏ ਕਿਹਾ, "ਮੈਂ ਇੱਕ ਨਰਸ ਹਾਂ ਅਤੇ ਮੈਂ ਬਿਮਾਰੀ ਨਾਲ਼ ਮਰਦੇ ਹੋਏ ਲੋਕਾਂ ਨੂੰ ਦੇਖਿਆ ਹੈ ਜਿਹਨਾਂ ਨੂੰ ਬਿਮਾਰ ਹੋਣ ਦੇ ਬਾਵਜੂਦ ਵੀ ਪੈਸੇ ਨਹੀਂ ਮਿਲ਼ੇ। ਮੈਂ ਉਨ੍ਹਾਂ ਸਾਰੇ ਮਰੀਜਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਕਾਰਨ ਉਸ ਲਈ ਹਮਦਰਦੀ ਮਹਿਸੂਸ ਨਹੀਂ ਕਰ ਸਕਦੀ।" ਇੱਕ ਹੋਰ ਆਦਮੀ ਨੇ ਟਿੱਪਣੀ ਕੀਤੀ: "ਮੈਂ ਸਿਹਤ ਬੀਮੇ ਲਈ 1,300 ਡਾਲਰ ਪ੍ਰਤੀ ਮਹੀਨਾ ਭੁਗਤਾਨ ਕਰਦਾ ਹਾਂ, ਜਦੋਂ ਮੇਰੀ ਪਾਲਸੀ ਪੂਰੀ ਹੋ ਗਈ ਤਾਂ ਕੰਪਨੀ ਨੇ ਮੇਰੇ ਪੈਸੇ ਦੇਣ ਤੋਂ ਮਨ੍ਹਾਂ ਕਰ ਦਿੱਤਾ।" ਇੱਕ ਹੋਰ ਵਿਅਕਤੀ ਨੇ ਲਿਖਿਆ, "ਇਹ ਨਵਾਂ ਨੇਮ ਹੋਣਾ ਚਾਹੀਦਾ ਹੈ, ਅਮੀਰਾਂ ਨੂੰ ਮਾਰੋ!" ਇੱਕ ਟਿੱਪਣੀ ਸੀ "ਹਸਪਤਾਲ ਲਈ ਐਂਬੂਲੈਂਸ ਦੀ ਸਵਾਰੀ ਦੇ ਪੈਸੇ ਨਹੀਂ ਦਿੱਤੇ ਜਾਣਗੇ।" ਅਜਿਹੀਆਂ ਹਜਾਰਾਂ ਲੱਖਾਂ ਟਿੱਪਣੀਆਂ ਤੋਂ ਇਹ ਪਤਾ ਲੱਗਦਾ ਹੈ ਕਿ ਲੋਕਾਂ ਵਿੱਚ ਇਹਨਾਂ ਪਰਜੀਵੀ ਸਰਮਾਏਦਾਰਾਂ ਲਈ ਕਿਸ ਪੱਧਰ ਦੀ ਜਾਇਜ ਜਮਾਤੀ ਨਫ਼ਰਤ ਭਰੀ ਹੋਈ ਹੈ। ਬ੍ਰਾਇਨ ਦਾ ਕਤਲ ਕਰਨ ਵਾਲ਼ਾ ਲੁਈਜੀ ਮੈਂਜੀਓਨੀ ਇੱਕ ਮੱਧ ਵਰਗੀ ਪਰਿਵਾਰ ਵਿੱਚੋਂ ਆਉਂਦਾ ਹੈ। ਸੋਸ਼ਲ ਮੀਡੀਆ ਉੱਪਰ ਜਾਰੀ ਕੀਤੇ ਐਲਾਨਨਾਮੇ ਵਿੱਚ ਉਸਨੇ ਕਤਲ ਕਰਨ ਦੀ ਵਜ੍ਹਾ ਯੂਨਾਇਟਿਡ ਬੀਮਾ ਕੰਪਨੀ ਅਤੇ ਹੋਰ ਨਿੱਜੀ ਖੇਤਰ ਦੀਆਂ ਮੈਡੀਕਲ ਕੰਪਨੀਆਂ ਵੱਲੋਂ ਅਮਰੀਕੀ ਲੋਕਾਂ ਦੀ ਲੁੱਟ ਕੀਤੇ ਜਾਣ ਨੂੰ ਦੱਸਿਆ ਹੈ। ਉਸਦੇ ਮੁਤਾਬਲ ਇਹਨਾਂ ਦੇ ਮੁਨਾਫੇ ਤਾਂ ਵਧ ਰਹੇ ਹਨ ਪਰ ਆਮ ਲੋਕਾਂ ਦਾ ਜੀਵਨ ਪੱਧਰ ਹੋਰ ਹੇਠਾਂ ਡਿੱਗ ਰਿਹਾ ਹੈ। ਲੁਈਜੀ ਮੈਂਜੀਓਨੀ ਨੂੰ ਮਿਲ਼ਣ ਵਾਲ਼ੇ ਭਾਰੀ ਜਨਤਕ ਹੁੰਗਾਰੇ ਨੇ ਅਮਰੀਕੀ ਹਾਕਮ ਜਮਾਤ ਨੂੰ ਕੰਬਣੀ ਛੇੜ ਦਿੱਤੀ ਹੈ। ਨਿਊ ਯਾਰਕ ਪੋਸਟ ਤੋਂ ਲੈ ਕੇ ਵਾਸ਼ਿੰਗਟਨ ਪੋਸਟ ਤੱਕ ਸਾਰੀਆਂ ਵੱਡੀਆਂ ਅਖਬਾਰਾਂ ਨੇ ਇਸ ਖ਼ਬਰ ਉੱਪਰ ਲਗਾਤਾਰ ਸੰਪਾਦਕੀ ਛਾਪੀ ਹੈ। ਕਤਲ ਤੋਂ ਬਾਅਦ ਵੱਖ-ਵੱਖ ਸਰਮਾਏਦਾਰਾਂ ਨੇ ਆਪਣੀ ਸੁਰੱਖਿਆ ਵਿੱਚ ਹੋਰ ਵਾਧਾ ਕਰ ਦਿੱਤਾ ਹੈ। ਇੱਕ ਅਖਬਾਰ ਨੇ ਲਿਖਿਆ ਕਿ ਜੇਕਰ ਵੱਡੇ ਅਮੀਰ ਬਿਨਾਂ ਸੁਰੱਖਿਆ ਤੋਂ ਸ਼ਹਿਰ ਵਿੱਚ ਨਹੀਂ ਘੁੰਮ ਸਕਦੇ ਤਾਂ ਇਹ ਆਮ ਲੋਕਾਂ ਵਿੱਚ ਅਮੀਰਾਂ ਪ੍ਰਤੀ ਨਫਰਤ ਜਾਹਰ ਕਰਦਾ ਹੈ ਅਤੇ ਇਹ ਦੇਸ਼ ਲਈ ਚੰਗੀ ਖ਼ਬਰ ਨਹੀਂ ਹੈ। ਅਮਰੀਕੀ ਮੀਡੀਆ ਲੋਕਾਂ ਦੀ ਇਸ ਜਮਾਤੀ ਨਫ਼ਰਤ ਨੂੰ "ਗੈਰ ਅਮਰੀਕੀ"ਕਹਿ ਰਿਹਾ ਹੈ। ਅਮਰੀਕੀ ਲੋਕਾਂ ਬਾਰੇ ਆਮ ਤੌਰ 'ਤੇ ਇਹ ਪਰਚਾਰਿਆ ਜਾਂਦਾ ਹੈ ਕਿ ਉਹ ਸਰਮਾਏਦਾਰਾ ਆਰਥਿਕ ਪ੍ਰਬੰਧ ਦੇ ਹਮਾਇਤੀ ਹਨ ਪਰ ਇਸ ਘਟਨਾ ਤੋਂ ਅਮਰੀਕੀ ਕਿਰਤੀ ਲੋਕਾਂ ਵਿੱਚ ਵੀ ਵਧ ਰਹੇ ਗੁੱਸੇ ਨੂੰ ਸਪੱਸ਼ਟ ਤੌਰ 'ਤੇ ਦੇਖਿਆ ਜਾ ਸਕਦਾ ਹੈ। ਭਾਵੇਂ ਬ੍ਰਾਇਨ ਥੋਮਸਨ ਵਰਗੇ ਪਰਜੀਵੀ ਦੇ ਮਰਨ ਦਾ ਕਿਰਤੀ ਲੋਕਾਂ ਨੂੰ ਕੋਈ ਸੋਗ ਨਹੀਂ ਮਨਾਉਣਾ ਚਾਹੀਦਾ ਪਰ ਇਸ ਘਟਨਾ ਤੋਂ ਸਾਨੂੰ ਸਿੱਖਣ ਦੀ ਵੀ ਲੋੜ ਹੈ। ਇਸ ਸਮੇਂ ਅਮਰੀਕਾ ਵਿੱਚ ਮਜਦੂਰ ਜਮਾਤ ਸਿਆਸੀ ਤੌਰ 'ਤੇ ਜੱਥੇਬੰਦ ਨਹੀਂ ਹੈ। ਪਰ ਇਸਦੇ ਬਾਵਜੂਦ ਲੋਕਾਂ ਦੇ ਜਮਾਤੀ ਗੁੱਸੇ ਨੇ ਕਿਸੇ ਨਾ ਕਿਸੇ ਰੂਪ ਵਿੱਚ ਤਾਂ ਫੁੱਟਣਾ ਹੀ ਹੁੰਦਾ ਹੈ, ਇਸ ਲਈ ਉਹ ਅਜਿਹੀਆਂ ਹਾਲਤਾਂ ਵਿੱਚ ਇਸ ਤਰ੍ਹਾਂ ਦੀਆਂ ਵਿਅਕਤੀਗਤ ਕਾਰਵਾਈਆਂ ਦੇ ਰੂਪ ਵਿੱਚ ਫੁੱਟਦਾ ਹੈ। ਪਰ ਕਿਸੇ ਵੀ ਤਰ੍ਹਾਂ ਦੀ ਵਿਅਕਤੀਗਤ ਦਹਿਸ਼ਤਗਰਦੀ ਨਾਲ਼, ਸਰਮਾਏਦਾਰੀ ਪ੍ਰਬੰਧ ਨੂੰ ਢਹਿ-ਢੇਰੀ ਨਹੀਂ ਕੀਤਾ ਜਾ ਸਕਦਾ ਹੈ। ਇੱਕ ਜਾਂ ਵੱਧ ਵਿਅਕਤੀਆਂ ਦੀ ਮੌਤ ਨਾਲ਼ ਸਰਮਾਏਦਾਰ ਜਮਾਤ ਦੇ ਰਾਜ ਨੂੰ ਕੋਈ ਖਾਸ ਨੁਕਸਾਨ ਨਹੀਂ ਹੋਣ ਲੱਗਾ। ਇਸਦੇ ਉਲਟ ਸਗੋਂ, ਸਰਮਾਏਦਾਰਾ ਰਾਜ ਨੂੰ ਲੋਕਾਂ ਦੇ ਸੀਮਤ ਜਿਹੇ ਜਮਹੂਰੀ ਹੱਕ ਖੋਹਣ ਅਤੇ ਜਬਰ ਕਰਨ ਦਾ ਹੋਰ ਮੌਕਾ ਮਿਲ਼ਦਾ ਹੈ। ਸਿਆਸੀ ਤੌਰ 'ਤੇ ਜਥੇਬੰਦ ਸਰਮਾਏਦਾਰ ਜਮਾਤ ਨੂੰ ਮਜਦੂਰ ਜਮਾਤ ਖੁਦ ਇੱਕ ਸਿਆਸੀ ਤੌਰ 'ਤੇ ਜਥੇਬੰਦ ਜਮਾਤ ਦੇ ਰੂਪ ਵਿੱਚ ਹੀ ਟੱਕਰ ਦੇ ਸਕਦੀ ਹੈ। ਅਜਿਹਾ ਕਰਨ ਲਈ ਇੱਕ ਇਨਕਲਾਬੀ ਪਾਰਟੀ ਦੀ ਲੋੜ ਹੈ ਜੋ ਸਮਾਜ ਵਿੱਚ ਸਰਮਾਏਦਾਰਾਂ ਖਿਲਾਫ ਆਪ-ਮੁਹਾਰੇ ਪੈਦਾ ਹੋ ਰਹੇ ਗੁੱਸੇ ਨੂੰ ਸਹੀ ਸਿਆਸੀ ਦਿਸ਼ਾ ਦੇਵੇ, ਮਜਦੂਰ ਜਮਾਤ ਅਤੇ ਹੋਰ ਕਿਰਤੀ ਲੋਕਾਂ ਨੂੰ ਜਥੇਬੰਦਕ ਤੌਰ 'ਤੇ ਇਸ ਲੋਟੂ ਪ੍ਰਬੰਧ ਵਿਰੁੱਧ ਸੰਘਰਸ਼ ਕਰਨ ਦੀ ਸੇਧ ਦੇ ਕੇ ਕੁੱਲ ਸਰਮਾਏਦਾਰਾ ਪ੍ਰਬੰਧ ਦਾ ਫਸਤਾ ਵੱਢੇ।

**ਲਲਕਾਰ 'ਚੋਂ ਧੰਨਵਾਦ ਸਹਿਤ**






ਹਰ ਕਿਸਮ ਦੇ ਫਾਰਮ ਭਰਵਾਉਣ ਲਈ ਮਿਲੋ
ਪਾਸਪੋਰਟ ਰੀਨਿਊ (ਕੈਨੇਡੀਅਨ ਜਾ ਇੰਡੀਅਨ), ਕੈਨੇਡੀਅਨ ਸਿਟੀਜ਼ਨਸ਼ਿਪ, ਪੀ.ਆਰ. ਕਾਰਡ ਰੀਨਿਊ, ਪੈਨਸ਼ਨ ਦੇ ਫਾਰਮ (ਸੀ.ਪੀ.ਪੀ., ਓਲਡ ਏਜ, ਅਲਬਰਟਾ ਪੈਨਸ਼ਨ), ਕੈਨੇਡੀਅਨ ਚਾਈਲਡ ਬੈਨੀਫਿਟ, ਆਦਿ।
ਵਾਜਿਬ ਰੇਟ 'ਤੇ ਹਰ ਦਿਨ ਸੇਵਾਵਾਂ ਉਪਲਬਧ।

Lash Extension Service
Looking for lash extensions in Calgary?
I offer classic, hybrid and volume sets at reasonable price.
Located in Cornerstone, NE.

Please email or message on Instagram @llash_n_pout
Corner Meadows Gate NE, Calgary, AB T3N
Nav Gill : 780-850-7730


Balloon House BY GURPREET

Gurpreet Gill
Founder
(403) 408-6566









For Birthday - Anniversary - Baby Shower - Shower
@balloonhousebygurpreet

# ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਅਤੇ ਸੁਖਬੀਰ ਬਾਦਲ ਨੂੰ ਸਜ਼ਾ ਦਾ ਮੁੱਦਾ !



ਹਰਚਰਨ ਸਿੰਘ ਪਰਹਾਰ
403-681-8689
hp8689@gmail.com



ਸੰਸਾਰ ਭਰ ਵਿੱਚ ਫੈਲੇ ਹੋਏ ਸਿੱਖ ਭਾਈਚਾਰੇ ਨੂੰ ਅਗਵਾਈ ਦੇਣ ਅਤੇ ਇਸਦੀ ਹਸਤੀ, ਘੜਨ-ਸੰਵਾਰਨ ਦੇ ਸਬੰਧ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾ, ਜੂਨ-84 ਦੇ ਸਾਕਾ ਨੀਲਾ ਤਾਰਾ ਦੁਖਾਂਤ ਵਾਪਰਨ ਤੋਂ ਲੈ ਕੇ ਪਿਛਲੇ 4 ਦਹਾਕਿਆਂ ਤੋਂ ਵੀ ਵੱਧ ਸਮੇਂ ਤੋਂ ਲਗਾਤਾਰ ਤਿੱਖੇ ਵਾਦ-ਵਿਵਾਦਾਂ ਅਤੇ ਚਰਚਾ ਦਾ ਵਿਸ਼ਾ ਬਣਦੀ ਆ ਰਹੀ ਹੈ। ਪ੍ਰੰਤੂ ਮਰਹੂਮ ਸ. ਪ੍ਰਕਾਸ਼ ਸਿੰਘ ਬਾਦਲ ਦੀਆਂ ਵਿਟਰੀਆਂ ਹੋਈਆਂ **'ਲਾਡਲੀਆਂ ਫੌਜਾਂ'** ਵਲੋਂ ਅਕਾਲੀ ਏਕਤਾ ਦੀਆਂ ਸਫਾਂ ਦੇ ਓਹਲੇ ਉਸਦੇ ਪੁੱਤਰ ਸੁਖਬੀਰ ਬਾਦਲ ਨੂੰ ਧੋਬੀ ਪਟੜਾ ਮਾਰਨ ਦੇ ਅੰਤਿਮ ਦਾਅ ਵਜੋਂ ਸਰਬਉਚ ਸੰਸਥਾ ਦੀ ਓਟ ਵਿੱਚ ਚਲੇ ਜਾਣ ਦੇ ਪਿਛਲੇ 5-6 ਮਹੀਨਿਆਂ ਤੋਂ ਪੰਜ ਅੰਦਰ ਜਿਸ ਤਰ੍ਹਾਂ ਦੀ ਬੂ-ਦਹਾਈ ਮਚੀ ਰਚੀ ਹੈ, ਉਸ ਤਰ੍ਹਾਂ ਦੀ ਸਥਿਤੀ ਸ਼ਾਇਦ ਪਹਿਲਾਂ ਕਦੇ ਵੀ ਵੇਖਣ 'ਚ ਨਹੀਂ ਆਈ ਸੀ। ਪੰਜ ਸਿੰਘ ਸਾਹਿਬਾਨ ਵਲੋਂ 2 ਦਸੰਬਰ, 2024 ਨੂੰ ਬਾਗੀ ਤੇ ਦਾਗੀ ਅਕਾਲੀ ਲੀਡਰਾਂ ਨੂੰ ਅਕਾਲ ਤਖਤ ਸਾਹਿਬ 'ਤੇ ਸੱਦ ਕੇ ਸੁਖਬੀਰ ਬਾਦਲ ਸਮੇਤ ਅਨੇਕਾਂ ਅਕਾਲੀ ਨੇਤਾਵਾਂ ਨੂੰ ਧਾਰਮਿਕ ਤੇ ਰਾਜਨੀਤਕ ਸਜ਼ਾਵਾਂ ਸੁਣਾਏ ਜਾਣ ਅਤੇ ਉਨ੍ਹਾਂ ਸਭ ਵਲੋਂ ਨਿਮਾਣੇ ਸਿੱਖਾਂ ਵਜੋਂ ਪ੍ਰਵਾਨ ਕਰਨ ਮਗਰੋਂ ਆਸ ਦੀ ਜੋ ਮੱਧਮ ਜਿਹੀ ਕਿਰਨ ਨਜ਼ਰ ਆਈ ਸੀ। ਉਹ ਉਹ ਇੱਕ ਵਾਰ ਤਾਂ ਨਰਾਇਣ ਸਿੰਘ ਚੌੜਾ ਵਲੋਂ ਕੀਤੇ **'ਚਮਤਕਾਰੀ ਕਾਰਨਾਮੇ'** ਨਾਲ਼ ਪੂਰੀ ਤਰ੍ਹਾਂ ਮੱਧਮ ਪੈ ਗਈ ਸੀ। ਪਰ ਹੁਣ ਜਥੇਦਾਰ ਰਘਵੀਰ ਸਿੰਘ ਵਲੋਂ ਬਾਦਲ ਦਲ ਦੇ ਨੇਤਾਵਾਂ ਨੂੰ ਹੁੱਜਤਾਂ ਛੱਡ ਕੇ ਰਾਹ 'ਤੇ ਆ ਜਾਣ ਲਈ ਸਖਤ ਚਿਤਾਵਨੀ ਦਿੰਦੇ ਸਾਰ ਹੀ ਲਗਦੈ, ਇੱਕ ਵਾਰ ਮੁੜ ਸੰਕਟ ਹੱਲ ਹੋਣ ਦੇ ਆਸਾਰ ਪੈਦਾ ਹੋ ਗਏ ਹਨ। ਕੀ ਅਕਾਲ ਤਖਤ ਇਸ ਵਰਤਾਰੇ ਨੂੰ ਸਮਝਣ ਸਮਝਾਉਣ ਲਈ ਸੋਸ਼ਲ ਮੀਡੀਆ ਉਪਰ ਪਿਛਲੇ ਕਈ ਮਹੀਨਿਆਂ ਤੋਂ ਭਾਂਤ-ਭਾਂਤ ਦੇ ਰਾਜਸੀ ਮਾਹਿਰਾਂ, ਸਿੱਖ ਚਿੰਤਕਾਂ ਅਤੇ ਸਭ ਤੋਂ ਵੱਧ ਕਾਮਰੇਡੀ ਪਿਛੋਕੜ ਵਾਲ਼ੇ ਅਨੇਕਾਂ ਕੱਦਾਵਰ ਪੱਤਰਕਾਰਾਂ ਦੇ ਪ੍ਰਵਚਨਾਂ ਦਾ ਤਾਂਤਾ ਲੱਗਾ ਰਿਹਾ ਹੈ, ਜਿਹੜਾ ਕਿ ਪੂਰਨ ਜ਼ਿਹਾਦੀ ਜਾਹੋ-ਜ਼ਲਾਲ ਨਾਲ਼ ਅਜੇ ਵੀ ਨਿਰੰਤਰ ਜਾਰੀ ਹੈ।

ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾ ਦੀ ਮਹਿਮਾ ਕੀ ਹੈ-ਪਿਛਲੇ ਸਮੇਂ ਦੌਰਾਨ ਇਸਨੇ ਅਕਾਲੀ ਰਾਜਨੀਤੀ 'ਤੇ ਕੁੰਡਾ ਰੱਖਣ ਲਈ ਕਿਤਨੀ ਕੁ ਸਾਰਥਿਕ ਭੂਮਿਕਾ ਨਿਭਾਈ ਹੈ; ਸ੍ਰੀ ਅਕਾਲ ਤਖਤ ਸਾਹਿਬ ਦੀ ਸੰਸਥਾ ਦਾ ਘੇਰਾ ਕੀ ਸਿਰਫ ਅਕਾਲੀ ਦਲ ਨਾਲ਼ ਸਬੰਧਤ ਸਿੱਖ ਹਲਕਿਆਂ ਤੱਕ ਹੀ ਸੀਮਤ ਹੈ? ਜਾਂ ਕੀ ਪੰਜਾਬ ਸਮੇਤ ਦੁਨੀਆਂ ਭਰ ਵਿੱਚ ਪੂਰਨ ਚੜ੍ਹਦੀ ਕਲਾ ਨਾਲ਼ ਵੱਖ-ਵੱਖ ਰਾਜਸੀ ਦਲਾਂ ਵਿੱਚ ਸ਼ਾਮਿਲ ਸਿੱਖਾਂ ਦਾ ਵੀ ਇਸ 'ਤੇ ਕੋਈ ਕਲੇਮ ਹੋ ਸਕਦਾ ਹੈ? ਜੇਕਰ ਅਜਿਹਾ ਹੈ ਤਾਂ ਕੀ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਦੀਆਂ ਸਮਾਕਲੀ ਦੌਰ ਦੇ ਸੈਕੂਲਰ ਰਾਜਤੰਤਰ ਅੰਦਰ ਕੋਈ ਸੀਮਾਵਾਂ ਜਾਂ ਸੰਭਾਵਨਾਵਾਂ ਹਨ? ਸੱਚੀ ਗੱਲ ਤਾਂ ਇਹ ਹੈ ਕਿ ਅੱਜ ਤੱਕ ਵੀ ਪੰਥ ਅੰਦਰ ਇਨ੍ਹਾਂ 'ਤੇ ਪੂਰਨ ਤਸੱਲੀਬਖਸ਼ ਸਾਹਿਮਤੀ ਨਹੀਂ ਬਣੀ?

2 ਦਸੰਬਰ, 2024 ਨੂੰ ਸ੍ਰੀ ਅਕਾਲ ਤਖਤ ਦੀ ਫਸੀਲ ਤੋਂ ਜਾਰੀ ਇਤਿਹਾਸਕ ਹੁਕਮਨਾਮੇ ਤੋਂ ਕੁਝ ਹੀ ਦਿਨ ਬਾਅਦ ਸ. ਹਜ਼ਾਰਾ ਸਿੰਘ ਮਿਸੀਸਾਗਾ ਵਲੋਂ **'ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉਚਤਾ ਓਹਲੇ ਚੱਲ ਰਿਹਾ ਰਾਜਨੀਤਕ ਖੇਲ'** ਸਿਰਲੇਖ ਹੇਠ ਲਿਖੀ ਇੱਕ ਦਿਲਚਸਪ ਲਿਖਤ ਵਿਚਾਰਨਯੋਗ ਹੈ। ਇਸ ਪ੍ਰਥਾਏ ਉਨ੍ਹਾਂ ਵਲੋਂ ਕੁਝ ਗੰਭੀਰ ਖਦਸ਼ੇ ਪ੍ਰਗਟਾਏ ਗਏ ਹਨ। ਜਿਸ ਵਿੱਚ ਉਹ ਲਿਖਦੇ ਹਨ: 'ਸ੍ਰੀ ਅਕਾਲ ਤਖਤ ਸਾਹਿਬ 'ਤੇ ਪਿਛਲੇ ਕਈ ਮਹੀਨਿਆਂ ਤੋਂ ਚੱਲ ਰਿਹਾ ਘਟਨਾਕ੍ਰਮ ਨਿਰੋਲ ਸਿਆਸੀ ਹੈ। ਇਹ ਖੇਲ ਦੁਨੀਆਂ ਭਰ ਵਿੱਚ ਫੈਲੀਆਂ ਸਿੱਖ ਸੰਗਤਾਂ ਅੰਦਰ ਗੁਰੂ ਸਾਹਿਬਾਨ ਪ੍ਰਤੀ ਅਥਾਹ ਅਤੇ ਅਸੀਮ ਸ਼ਰਧਾ ਨੂੰ ਵਰਤਦਿਆਂ ਸ੍ਰੀ ਅਕਾਲ ਤਖਤ ਦੀ ਸਰਵਉੱਚਤਾ ਓਹਲੇ ਖੇਲ੍ਹਿਆ ਜਾ ਰਿਹਾ ਹੋਣ ਕਾਰਨ ਧਾਰਮਿਕ ਮਾਮਲਾ ਹੋਣ ਦਾ ਭੁਲੇਖਾ ਪਾਉਂਦਾ ਹੈ, ਪਰ ਅਸਲ ਵਿੱਚ ਇਹ ਸਿਆਸੀ **'ਰੀਵਾਈਵਲ'** ਅਤੇ **'ਸਰਵਾਈਵਲ'** ਦੇ ਘੋਲ਼ ਦੇ ਲੰਮੇ ਸਮੇ ਤੋਂ ਚੱਲਦੇ ਆ ਰਹੇ ਤਿਕੜਮਬਾਜ਼ ਸਿਲਸਿਲੇ ਦੀ ਗਾਥਾ ਦਾ ਹੀ ਅਗ਼ਲਾ ਕਾਂਡ ਹੈ। ਆਪਣੇ ਸਿਆਸੀ ਵਿਰੋਧੀਆਂ ਦਾ ਸਿਰ ਕੱਪਣ ਲਈ ਅਕਾਲ ਤਖਤ ਨੂੰ ਹਥਿਆਰ ਵਜੋਂ ਵਰਤਣ ਦੀ ਕੁਰੀਤੀ ਕਾਫੀ ਪੁਰਾਣੀ ਹੈ। 1984 ਤੋਂ ਬਾਅਦ ਖਾੜਕੂ ਸਿਆਸਤ ਨੇ ਰਵਾਇਤੀ ਅਕਾਲੀਆਂ ਦੀ ਥਾਂ ਲੈਣ ਲਈ ਅਕਾਲ ਤਖਤ ਦੀ ਬੇਦਰੇਗ ਵਰਤੋਂ ਕੀਤੀ। ਅਕਾਲੀ ਰਾਜਨੀਤੀ ਅੰਦਰ ਬਰਨਾਲੇ ਨੂੰ ਬੱਦੂ ਕਰਨ ਲਈ ਅਕਾਲ ਤਖਤ ਨੂੰ ਵਰਤਿਆ ਗਿਆ। ਫਿਰ ਬਾਦਲ ਵਿਰੋਧੀ ਧੜਿਆਂ ਨੇ ਬਾਦਲ ਨੂੰ ਸਿੱਖ ਸਿਆਸਤ ਵਿੱਚੋਂ ਭਜਾਉਣ ਲਈ ਅਕਾਲ ਤਖਤ ਨੂੰ ਵਰਤਿਆ।ਬਾਦਲ ਸਰਵਾਈਵ ਕਰ ਗਿਆ। ਹਾਲਾਤ ਬਦਲੇ, ਅਕਾਲ ਤਖਤ ਨੂੰ ਸਰਵਉੱਚ ਕਹਿ ਕੇ ਪ੍ਰਚਾਰਿਆ ਗਿਆ ਕੁਤਕਾ, ਬਾਦਲ ਹੱਥ ਆ ਗਿਆ। ਉਸਨੇ ਫਿਰ ਉਸੇ ਹਥਿਆਰ ਨਾਲ ਹੀ ਬਾਕੀ ਦੇ ਧੜੇ, ਜੋ ਅਕਾਲ ਤਖਤ ਸਰਵਉੱਚ, ਅਕਾਲ ਤਖਤ ਸਰਵਉੱਚ, ਕੂਕਦੇ ਹੁੰਦੇ ਸਨ, ਸਭ ਨਿੱਸਲ ਕਰ ਦਿੱਤੇ। ਕੋਈ ਕੁਸਕੁਣ ਜੋਗਾ ਨਾ ਛੱਡਿਆ। ਬਾਦਲ 'ਤੇ ਅਕਾਲ ਤਖਤ ਦੀ ਦੁਰਵਰਤੋਂ ਦੇ ਦੋਸ਼ ਲੱਗੇ। ਅਕਾਲ ਤਖਤ ਨੂੰ ਗੈਰ ਸਿਧਾਂਤਕ ਤੌਰ 'ਤੇ ਸਰਵਉੱਚ ਕਹਿ ਕੇ, ਜਥੇਦਾਰ ਨੂੰ ਸਰਵਉੱਚ ਕਹਿਣ ਦੀ ਪਿਰਤ ਬਾਰੇ ਵਿਦਵਾਨਾਂ ਨੇ ਮਹਿਸੂਸ ਤਾਂ ਜ਼ਰੂਰ ਕੀਤਾ ਕਿ ਇਹ ਗਲਤ ਹੋ ਰਿਹਾ ਹੈ, ਪਰ ਇਸ ਆਪ ਸਹੇੜੀ ਮੁਸੀਬਤ ਦਾ ਮੁਨਾਸਿਬ ਹੱਲ ਲੱਭਣ ਲਈ ਬਹੁਤਾ ਕਦੇ ਕੁਝ ਨਾ ਕਰ ਸਕੇ।ਅਸਲ ਵਿੱਚ ਉਹ ਵੀ ਅਕਾਲ ਤਖਤ ਨੂੰ ਹਥਿਆ ਕੇ ਵਿਰੋਧੀਆਂ ਦੀਆਂ ਰੜਕਾਂ ਕੱਢਣ ਬਾਰੇ ਹੀ ਸੋਚਦੇ ਰਹੇ।'

ਸ. ਹਜ਼ਾਰਾ ਸਿੰਘ ਨੇ ਆਪਣੇ ਇਸ ਅਹਿਮ ਲੇਖ ਦਾ ਤੋੜਾ, ਇਨ੍ਹਾਂ ਸਤਰਾਂ ਨਾਲ਼ ਤੋੜਿਆ ਹੈ: 'ਅਕਾਲੀ ਦਲ ਕਈ ਦਹਾਕਿਆਂ ਤੋਂ ਅਕਾਲ ਤਖਤ ਦੇ ਜਥੇਦਾਰਾਂ ਕੋਲ਼ ਆਪਣੇ ਜਥੇਬੰਦਕ ਮਸਲੇ ਲੈ ਕੇ ਜਾਂਦਾ ਰਿਹਾ ਹੈ, ਪਰ ਉਨ੍ਹਾਂ ਕੋਲ਼ੋਂ ਕਦੇ ਕੋਈ ਸਾਰਥਕ ਹੱਲ ਨਹੀਂ ਹੋਇਆ। ਸ. ਗੁਰਤੇਜ ਸਿੰਘ 1990 ਤੋਂ ਅਕਾਲੀ ਦਲ ਦੀ ਭਰਤੀ ਕਰਕੇ ਲੋਕਤੰਤਰੀ ਅਕਾਲੀ ਦਲ ਬਣਾਉਣ ਦੀ ਗੱਲ ਕਰਦਾ ਆ ਰਿਹਾ ਹੈ, ਪਰ ਟੇਕ ਅਕਾਲ ਤਖਤ 'ਤੇ ਰੱਖੀ ਹੋਣ ਕਾਰਨ ਲੋਕਤੰਤਰੀ ਅਕਾਲੀ ਦਲ ਬਣ ਨਹੀਂ ਸਕਿਆ।ਹੁਣ ਸਿੱਖ ਬੁੱਧੀਜੀਵੀਆਂ, ਵਿਦਵਾਨਾਂ ਅਤੇ ਆਮ ਸਿੱਖਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਕਾਲ ਤਖਤ ਦੇ ਜਥੇਦਾਰਾਂ ਰਾਹੀਂ ਜਥੇਬੰਦੀਆਂ ਦੇ ਜਥੇਬੰਦਕ ਮਾਮਲੇ ਨਾ ਹੱਲ ਹੋਏ ਹਨ ਅਤੇ ਨਾ ਹੀ ਹੋਣੇ ਹਨ। ਇਸ ਵਾਸਤੇ ਜਥੇਬੰਦੀਆਂ ਦੇ ਅੰਦਰ ਹੀ ਵਿਵਸਥਾ ਹੋਣੀ ਚਾਹੀਦੀ ਹੈ।ਨਵਾਂ ਅਕਾਲੀ ਦਲ ਵੀ ਅਕਾਲ ਤਖਤ ਦੇ ਜਥੇਦਾਰ ਰਾਹੀਂ ਬਣਵਾਉਣ ਵਾਲੀ ਗੱਲ ਨਾ ਸੰਭਵ ਹੋਈ ਹੈ ਅਤੇ ਨਾ ਹੋਣੀ ਹੈ। ਮੌਜੂਦਾ ਸਮੇਂ ਦਾ ਚੱਲ ਰਿਹਾ ਘਟਨਾ ਚੱਕਰ 'ਰੀਵਾਈਵਲ' ਅਤੇ 'ਸਰਵਾਈਵਲ' ਦਾ ਨਿਰੋਲ ਸਿਆਸੀ ਭੇੜ ਹੈ, ਜਿਸਦਾ ਅਸਲ ਫੈਸਲਾ ਸਿੱਖ ਵਿਰਸੇ ਤੋਂ ਪ੍ਰੇਰਨਾ ਦੇ ਨਾਲ ਪੰਜਾਬ ਦੇ ਪੇਂਡੂ ਗਰੀਬ ਲੋਕ ਅਤੇ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੀ ਕਰਨਗੀਆਂ, ਨਾ ਕਿ ਸਿੰਘ ਸਾਹਿਬਾਨ।'

ਹਜ਼ਾਰਾ ਸਿੰਘ ਦੀ ਉਪਰਲੀ ਲਿਖਤ ਦੇ ਪ੍ਰਤੀਕਰਮ ਵਿੱਚ ਸ੍ਰੀ ਅਕਾਲ ਤਖਤ ਦੀ ਸੰਸਥਾ ਦੇ ਪ੍ਰਮੁੱਖ ਸਿਧਾਂਤਕਾਰ ਡਾ. ਬਲਕਾਰ ਸਿੰਘ ਵਲੋਂ **'ਮੀਰੀ-ਪੀਰੀ ਵਿੱਚ ਉਲਝੀ ਜਥੇਦਾਰੀ ਸੰਸਥਾ'** ਲਿਖਿਆ ਲੇਖ ਇਨ੍ਹਾਂ ਸਤਰਾਂ ਨਾਲ਼ ਸ਼ੁਰੂ ਕੀਤਾ ਹੈ: 'ਫਿਲਮ ਸ਼ੋਅਲੇ ਦੇ ਇੱਕ ਅੰਨ੍ਹੇ ਪਾਤਰ ਨੇ ਡਾਕੂਆਂ ਦੇ ਆਤੰਕਣ ਦੇ ਨਤੀਜੇ ਵਜੋਂ ਪਸਰੀ ਚੁੱਪ ਨੂੰ ਸਵਾਲ ਕੀਤਾ: "ਏਨਾ ਸੰਨਾਟਾ ਕਿਉਂ ਹੈ, ਭਾਈ"? ਏਸੇ ਹੀ ਸੁਰ ਵਿੱਚ ਸਿੰਘ ਸਾਹਿਬ ਭਾਈ ਮਨਜੀਤ ਸਿੰਘ ਨੇ ਹਮੀਰ ਸਿੰਘ ਨਾਲ ਕੀਤੀ ਇੰਟਰਵਿਊ ਵਿੱਚ ਕਿਹਾ ਸੀ ਕਿ ਪੰਜ ਪਿਆਰਿਆਂ ਵਲੋਂ ਦੋ ਦਸੰਬਰ, 2024 ਨੂੰ ਲਏ ਗਏ ਫੈਸਲੇ ਨਾਲ ਕੋਈ ਵੀ ਸੰਤੁਸ਼ਟ ਕਿਉਂ ਨਹੀਂ ਹੈ? ਇਸ ਦਾ ਜਵਾਬ ਹਜ਼ਾਰਾ ਸਿੰਘ ਮਿਸੀਸਾਗਾ ਕੈਨੇਡਾ ਨੇ ਆਪਣੇ ਲੇਖ **"ਅਕਾਲ ਤਖਤ ਦੀ ਸਰਵਉਚਤਾ ਓਹਲੇ ਚੱਲ ਰਹੀ ਰਾਜਨੀਤੀ"** ਵਿੱਚ ਸਾਹਮਣੇ ਲਿਆਂਦਾ ਹੈ। ਇਨ੍ਹਾਂ ਹਵਾਲਿਆਂ ਨਾਲ ਮੈਨੂੰ ਜਥੇਦਾਰੀ ਸੰਸਥਾ ਮੀਰੀ-ਪੀਰੀ ਦਾ ਉਲਝਿਆ ਹੋਇਆ ਪ੍ਰਗਟਾਵਾ ਲੱਗ ਰਹੀ ਹੈਸ਼ਸ਼। ਅਕਾਲ ਤਖਤ ਸਾਹਿਬ, ਸਿੱਖ ਸਿਧਾਂਤਕੀ ਹੈ ਅਤੇ ਜਥੇਦਾਰੀ ਸੰਸਥਾ ਏਸੇ ਦਾ ਪ੍ਰਬੰਧਕੀ ਵਰਤਾਰਾ ਹੈ। ਇਸ ਵਾਸਤੇ ਇਹ ਸਮਝਣਾ ਪਵੇਗਾ ਕਿ ਅਕਾਲ ਤਖਤ ਸਾਹਿਬ ਦੀ ਸਿਧਾਂਤਕੀ, ਮੀਰੀ-ਪੀਰੀ ਦੇ ਪ੍ਰਗਟਾਵੇ ਵਜੋਂ ਕਿਉਂ ਤੇ ਕਿਵੇਂ ਸਾਹਮਣੇ ਆਈ? ਮੀਰੀ-ਪੀਰੀ ਨੂੰ ਭਗਤੀ ਤੇ ਸ਼ਕਤੀ ਦੀ ਨਿਰੰਤਰਤਾ ਵਿੱਚ ਸਮਝਣ ਅਤੇ ਸਮਝਾਉਣ ਦੀ ਥਾਂ ਧਰਮ ਅਤੇ ਸਿਆਸਤ ਨੂੰ ਇੱਕ ਦੂਜੇ ਵਾਸਤੇ ਵਰਤਣ ਦੀ ਸਿਆਸਤ ਮੰਨ ਲਿਆ ਗਿਆ ਹੈਸ਼। ਇਸ ਵੇਲੇ ਸਥਿਤੀ ਇਹ ਬਣੀ ਹੋਈ ਹੈ ਕਿ ਗੁਰਮਤੀ ਨਿਰਭਉ ਦੇ ਵਾਰਸ, ਚੁਫੇਰੇ ਖਿਲਰੇ ਭੈਅ ਵਿੱਚ ਉਲਝੇ ਹੋਏ ਹਨ। ਸ਼੍ਰੋਮਣੀ ਕਮੇਟੀ, ਅਕਾਲੀ ਦਲ ਦੇ ਭੈਅ ਵਿੱਚ ਹੈ, ਅਕਾਲੀ ਦਲ, ਅਕਾਲ ਤਖਤ ਦੇ ਭੈਅ ਵਿੱਚ ਹੈ ਅਤੇ ਅਕਾਲ ਤਖਤ ਨੂੰ ਸ਼੍ਰੋਮਣੀ ਕਮੇਟੀ ਦਾ ਭੈਅ ਸਤਾਈ ਜਾ ਰਿਹਾ ਹੈ। ਅੱਗੇ ਇਹ ਤਿੰਨੇ ਸੰਸਥਾਵਾਂ ਸੰਗਤ ਤੋਂ ਡਰੀ ਜਾ ਰਹੀਆਂ ਹਨ।'

ਇਨ੍ਹਾਂ ਉਪਰ ਦੱਸੇ ਦੋ ਲੇਖਾਂ ਵਿੱਚ ਵਿਦਵਾਨ ਸੱਜਣਾਂ ਵਲੋਂ ਲਿਖੇ ਵਿਚਾਰਾਂ ਤੋਂ ਸਥਿਤੀ ਤਾਂ ਬੇਸ਼ੱਕ ਕਾਫੀ ਸਪੱਸ਼ਟ ਹੋ ਜਾਂਦੀ ਹੈ, ਪਰ ਅਜਿਹੀ ਸਥਿਤੀ ਵਾਰ-ਵਾਰ ਕਿਉਂ ਬਣ ਰਹੀ ਹੈ? ਸਿੱਖ ਵਿਦਵਾਨਾਂ, ਬੁੱਧੀਜੀਵੀਨੁਮਾ ਪੱਤਰਕਾਰਾਂ ਵਿੱਚ ਇਤਨਾ ਗਹਿਰਾ ਭੰਬਲ਼ਭੂਸਾ ਕਿਉਂ ਬਣਿਆ ਰਹਿੰਦਾ ਹੈ? ਇਸ ਵਰਤਾਰੇ ਬਾਰੇ ਜਾਨਣ ਲਈ ਪਿਛਲੇ ਕੁਝ ਦਹਾਕਿਆਂ ਵਿੱਚ ਵੱਖ-ਵੱਖ ਵਿਦਵਾਨਾਂ ਦੇ ਵਿਚਾਰਾਂ ਦੀ ਪੜਚੋਲ ਕਰਨ ਤੋਂ ਪਹਿਲਾਂ, ਪਿਛਲੀ ਅੱਧੀ ਸਦੀ ਤੋਂ ਅਕਾਲੀ ਸਿਆਸਤ ਅਤੇ ਸ੍ਰੀ ਅਕਾਲ ਤਖਤ ਵਿੱਚ ਵਾਰ-ਵਾਰ ਪੈ ਰਹੀ ਉਲਝਣ 'ਤੇ ਜਰਾ ਪੰਛੀ ਝਾਤ ਮਾਰ ਲਈ ਜਾਵੇ ਤਾਂ ਬੇਹਤਰ ਰਹੇਗਾ।

ਅਕਾਲ ਤਖਤ ਦੇ ਮੌਜੂਦਾ ਸਿਸਟਮ ਦੀ ਸ਼ੁਰੂਆਤ 1978 ਦੇ ਨਿਰੰਕਾਰੀਆਂ ਖਿਲਾਫ ਹੁਕਮਨਾਮੇ ਨਾਲ਼ ਹੁੰਦੀ ਹੈ।1925 ਦੇ ਗੁਰਦੁਆਰਾ ਐਕਟ ਤੋਂ ਬਾਅਦ ਹੋਂਦ 'ਚ ਆਈ ਅਕਾਲ ਤਖਤ ਦੀ ਸੰਸਥਾ ਦਾ 1978 ਤੱਕ ਕੋਈ ਅਹਿਮ ਰੋਲ ਸਾਹਮਣੇ ਨਹੀਂ ਆਉਂਦਾ।ਉਸ ਤੋਂ ਬਾਅਦ ਅਕਾਲ ਤਖਤ ਦਾ ਰੋਲ ਉਦੋਂ ਸ਼ੁਰੂ ਹੁੰਦਾ ਹੈ, ਜਦੋਂ 1977 ਵਿੱਚ ਸਪੱਸ਼ਟ ਬਹੁਮਤ ਨਾਲ਼ ਪੰਜਾਬ ਵਿੱਚ ਪਹਿਲੀ ਵਾਰ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲ਼ੀ ਅਕਾਲੀ ਸਰਕਾਰ ਬਣੀ ਤਾਂ ਸਰਕਾਰ ਬਣਨ ਤੋਂ ਸਾਲ ਬਾਅਦ ਹੀ ਅਕਾਲੀਆਂ ਨੇ ਆਪਸ ਵਿੱਚ ਲੜਨਾ ਸ਼ੁਰੂ ਕਰ ਦਿੱਤਾ। ਇਸ ਕਾਟੋ-ਕਲੇਸ਼ ਦੀ ਸਿਖਰ ਉਦੋਂ ਹੋਈ, ਜਦੋਂ ਜਥੇਦਾਰ ਟੌਹੜਾ ਅਤੇ ਜਥੇਦਾਰ ਤਲਵੰਡੀ ਨੇ ਪੰਜਾਬ ਦੇ ਗਵਰਨਰ ਨੂੰ ਮੈਮੋਰੰਡਮ ਦੇ ਦਿੱਤਾ ਕਿ ਬਾਦਲ ਦੀ ਭ੍ਰਿਸ਼ਟ ਸਰਕਾਰ ਭੰਗ ਕਰ ਦਿੱਤੀ ਜਾਵੇ। ਉਸ ਤੋਂ ਬਾਅਦ ਅਕਾਲੀ ਲੀਡਰਸ਼ਿਪ ਵਿੱਚ ਸਪੱਸ਼ਟ ਫੁੱਟ ਪੈ ਗਈ। ਜਿਸਦਾ ਵਿਸਥਾਰ ਸ਼੍ਰੋਮਣੀ ਕਮੇਟੀ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਪ੍ਰਕਾਸ਼' ਦੇ ਸਾਬਕਾ ਸੰਪਾਦਾਕ ਰੂਪ ਸਿੰਘ ਦੀ ਕਿਤਾਬ **'ਹੁਕਮਨਾਮੇ ਆਦੇਸ਼ ਸੰਦੇਸ਼ਸ਼. ਸ੍ਰੀ ਅਕਾਲ ਤਖ਼ਤ ਸਾਹਿਬ'** ਵਿੱਚੋਂ ਮਿਲਦਾ ਹੈ। ਉਹ ਇਸ ਕਿਤਾਬ ਦੇ ਪੰਨਾ 79 'ਤੇ ਲਿਖਦੇ ਹਨ: 'ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਚੱਲ ਰਹੀ ਅਕਾਲੀ ਸਰਕਾਰ ਵਿਰੁੱਧ ਬਗਾਵਤ ਕਰਦੇ ਹੋਏ 27 ਸਤੰਬਰ, 1979 ਨੂੰ ਆਪਣੇ ਅਸਤੀਫੇ ਦੇ ਦਿੱਤੇ ਤਾਂ ਇਸ ਪੰਥਕ ਸੰਕਟ ਨੂੰ ਹੱਲ ਕਰਨ ਲਈ ਪੰਜ ਸਿੰਘ ਸਾਹਿਬਾਨ ਨੇ 6 ਅਕਤੂਬਰ, 1979 ਨੂੰ ਉਸੇ ਤਰ੍ਹਾਂ ਦਾ ਇੱਕ ਰਾਜਨੀਤਕ ਫੈਸਲਾ ਸੁਣਾਇਆ ਸੀ, ਜਿਸ ਤਰ੍ਹਾਂ ਦਾ ਹੁਣ 2 ਦਸੰਬਰ, 2024 ਨੂੰ ਸੁਣਾਇਆ ਗਿਆ ਸੀ। ਜਿਸ ਵਿੱਚ ਦੋਨਾਂ ਧੜਿਆਂ ਵਲੋਂ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਲਈ ਸੱਦੀਆਂ ਮੀਟਿੰਗਾਂ ਰੱਦ ਕਰ ਦਿੱਤੀਆਂ ਗਈਆਂ। 1 ਸਤੰਬਰ, 1979 ਨੂੰ ਅਕਾਲੀ ਦਲ ਵਿੱਚੋਂ ਕੱਢੇ ਲੀਡਰਾਂ, ਅਹੁਦੇਦਾਰਾਂ, ਜਥੇਦਾਰਾਂ ਨੂੰ ਬਹਾਲ ਕਰਨ ਦਾ ਹੁਕਮ ਜਾਰੀ ਕੀਤਾ ਗਿਆ। 1980 ਦੀਆਂ ਲੋਕ ਸਭਾ ਚੋਣਾਂ ਇਕੱਠੇ ਹੋ ਕੇ ਲੜਨ ਦਾ ਹੁਕਮ ਕੀਤਾ ਗਿਆ। ਜਥੇਦਾਰ ਤਲਵੰਡੀ ਤੇ ਜਥੇਦਾਰ ਟੌਹੜਾ ਨੂੰ ਅਸਤੀਫੇ ਵਾਪਿਸ ਲੈਣ ਲਈ ਕਿਹਾ ਗਿਆ।' ਇਹ ਕਹਾਣੀ ਬੜੀ ਲੰਬੀ ਹੈ ਕਿ ਕਿਵੇਂ ਜਥੇਦਾਰਾਂ ਦੇ ਉਨ੍ਹਾਂ ਹੁਕਮਾਂ ਦੀਆਂ ਅਕਾਲੀ ਲੀਡਰਾਂ ਨੇ ਧੱਜੀਆਂ ਉਡਾਈਆਂ। ਕਿਸੇ ਨੇ ਕੋਈ ਹੁਕਮ ਨਹੀਂ ਮੰਨਿਆ।'

2 ਦਸੰਬਰ, 2024 ਨੂੰ ਪੰਜ ਸਿੰਘ ਸਾਹਿਬਾਨ ਵਲੋਂ ਸੁਣਾਏ ਫੈਸਲੇ ਤੋਂ ਬਾਅਦ, ਜਿਸ ਤਰ੍ਹਾਂ ਸਾਡੇ ਕੁਝ ਪੱਤਰਕਾਰਾਂ ਅਤੇ ਵਿਦਵਾਨਾਂ ਤੋਂ ਖੁਸ਼ੀ ਸਾਂਭੀ ਨਹੀਂ ਜਾ ਰਹੀ ਸੀ ਕਿ ਜਥੇਦਾਰਾਂ ਨੇ ਪਹਿਲੀ ਵਾਰ ਅਕਾਲੀ ਫੂਲਾ ਸਿੰਘ ਬਣ ਕੇ ਇਤਿਹਾਸਕ ਫੈਸਲੇ ਕੀਤੇ ਹਨ। ਇਹੋ ਬੁੱਧੀਜੀਵੀ ਅਗਲੇ ਕੁਝ ਦਿਨਾਂ ਲਈ ਨਿਰਾਸ਼ਾ ਦੇ ਆਲਮ 'ਚ ਡੁੱਬੇ ਮਹਿਸੂਸ ਕਰਦੇ ਰਹੇ, ਕਿਉਂਕਿ ਉਨ੍ਹਾਂ ਦੇ ਮਨਾਂ ਦੀ ਸੱਧਰ ਤਾਂ ਪੂਰੀ ਹੋਈ ਹੀ ਨਹੀਂ। ਉਨ੍ਹਾਂ ਅਨੁਸਾਰ ਕਿਸੇ ਅਕਾਲੀ ਲੀਡਰ ਨੇ ਕੋਈ ਹੁਕਮ ਨਹੀਂ ਮੰਨਿਆ, ਸਿਵਾਏ ਧਾਰਮਿਕ ਸਜ਼ਾ ਪੂਰੀ ਕਰਨ ਦੇ। ਅਸਲ ਵਿੱਚ ਅਕਾਲੀ ਲੀਡਰਸ਼ਿਪ ਵਲੋਂ ਸ਼੍ਰੋਮਣੀ ਕਮੇਟੀ ਰਾਹੀਂ ਤਖਤਾਂ ਦੇ ਜਥੇਦਾਰਾਂ ਨੂੰ ਆਪਣੇ ਹਿੱਤਾਂ ਅਨੁਸਾਰ ਵਰਤਣ ਦਾ ਇੱਕ ਲੰਬਾ ਇਤਿਹਾਸ ਹੈ। ਇਨ੍ਹਾਂ ਨੇ ਆਪ ਹੀ ਜਥੇਦਾਰਾਂ ਨੂੰ ਸਿਰਮੌਰ ਬਣਾਇਆ ਸੀ, ਜੋ ਸਮੇਂ-ਸਮੇਂ ਇਨ੍ਹਾਂ ਲਈ ਸਿਰਦਰਦੀ ਬਣਦੇ ਰਹੇ ਹਨ। ਜਦੋਂ ਜਥੇਦਾਰ ਇਨ੍ਹਾਂ ਅਨੁਸਾਰ ਨਹੀਂ ਚੱਲਦੇ ਤਾਂ ਉਨ੍ਹਾਂ ਨੂੰ ਬੇਇੱਜਤ ਕਰਕੇ ਬਾਹਰ ਕੱਢਣ ਦਾ ਵੀ ਵਰਤਾਰਾ ਨਾਲ਼ੋ-ਨਾਲ਼ ਲਗਾਤਾਰ ਚੱਲਦਾ ਰਿਹਾ ਹੈ। ਚਲੋ ਆਮ ਲੋਕਾਂ ਦੀ ਯਾਦਾਸ਼ਤ ਥੋੜੀਚਿਰੀ ਹੁੰਦੀ ਹੈ, ਪਰ ਸਾਡੇ ਵਿਦਵਾਨਾਂ ਤੇ ਬੁੱਧੀਜੀਵੀਨੁਮਾ ਪੱਤਰਕਾਰਾਂ ਨੂੰ ਤਾਂ ਇਸ ਬਾਰੇ ਪੂਰੀ ਜਾਣਕਾਰੀ ਚਾਹੀਦੀ ਹੈ।ਵੈਸੇ ਤਾਂ ਇਹ ਵਰਤਾਰਾ 1961-62 ਵਿੱਚ ਮਾਸਟਰ ਤਾਰਾ ਸਿੰਘ ਅਤੇ ਸੰਤ ਫਤਹਿ ਸਿੰਘ ਹੋਰਾਂ ਦੇ ਮਰਨ ਵਰਤਾਂ ਤੋਂ ਸ਼ੁਰੂ ਹੋ ਚੁੱਕਾ ਸੀ। ਪਰ 1978 ਤੋਂ ਹੁਣ ਤੱਕ ਤਕਰੀਬਨ 50 ਸਾਲ ਦਾ ਇੱਕ ਲੰਬਾ ਇਤਿਹਾਸ ਹੈ। ਇਸ ਸਾਰੇ ਵਰਤਾਰੇ ਵਿੱਚ ਨਰਮ ਖਿਆਲੀ ਤੇ ਗਰਮ ਖਿਆਲੀ ਦੋਨਾਂ ਤਰ੍ਹਾਂ ਦੇ ਵੱਖ-ਵੱਖ ਧੜਿਆਂ ਦਾ ਜ਼ੋਰ ਲੱਗਾ ਰਿਹਾ ਹੈ ਕਿ ਕੌਣ ਅਕਾਲ ਤਖਤ ਸਮੇਤ ਸਾਰੇ ਤਖਤਾਂ ਦੇ ਜਥੇਦਾਰਾਂ ਨੂੰ 'ਸਿਰਮੌਰ' ਬਣਾ ਕੇ ਆਪਣੇ ਹਿੱਤਾਂ ਅਨੁਸਾਰ ਵਿਰੋਧੀਆਂ ਨੂੰ ਚਿੱਤ ਕਰਨ ਲਈ ਵਰਤ ਸਕੇ।ਅਕਾਲੀਆਂ ਦੇ ਆਪਸੀ ਕਲੇਸ਼ ਅਤੇ ਫਿਰ ਖਾੜਕੂ ਧੜਿਆਂ ਦੀ ਅਗਵਾਈ ਕਰ ਰਹੇ ਸੰਤ ਭਿੰਡਰਾਂਵਾਲ਼ਿਆਂ ਵਿੱਚ ਚੱਲੇ ਵਿਵਾਦ ਨੇ ਸਥਿਤੀਆਂ ਨੂੰ ਜੂਨ, 1984 ਦੇ ਮੰਦਭਾਗੇ ਵਰਤਾਰਿਆਂ ਤੱਕ ਪਹੁੰਚਾਇਆ, ਪਰ ਅਕਾਲੀ ਲੀਡਰਸ਼ਿਪ ਨੇ ਕਦੇ ਕੋਈ ਸਬਕ ਸਿੱਖ ਕੇ ਸਿਸਟਮ ਦਰੁਸਤ ਕਰਨ ਦੀ ਕੋਸ਼ਿਸ਼ ਨਹੀਂ ਕੀਤੀ।

ਇਸ ਸਾਰੇ ਵਰਤਾਰੇ ਨੂੰ ਸਮਝਣ ਲਈ ਕੁਝ ਘਟਨਾਵਾਂ ਦਾ ਜ਼ਿਕਰ ਬੜਾ ਮਹੱਤਵਪੂਰਨ ਹੈ। ਸਿੱਖ ਪੰਥ ਵਿਚਲੇ ਗਰਮ-ਖਿਆਲੀ ਪੰਥਕ ਧੜੇ ਅਕਸਰ ਇਹ ਪ੍ਰਚਾਰ ਕਰਦੇ ਹਨ ਕਿ ਰਵਾਇਤੀ ਅਕਾਲੀ ਸਾਡੀ ਇਸ ਮਹਾਨ ਸੰਸਥਾ ਅਕਾਲ ਤਖਤ ਅਤੇ ਉਸਦੇ ਜਥੇਦਾਰਾਂ ਨੂੰ ਟਿੱਚ ਨਹੀਂ ਸਮਝਦੇ। ਜਦੋਂ ਦਿਲ ਕਰਦਾ ਰੱਖ ਲੈਂਦੇ

ਹਨ ਅਤੇ ਜਦੋਂ ਹਿੱਤ ਪੂਰੇ ਨਾ ਹੋਣ ਤਾਂ ਬਾਹਰ ਦਾ ਰਸਤਾ ਦਿਖਾਉਣ ਲਈ ਮਿੰਟ ਨਹੀਂ ਲਗਾਉਂਦੇ। ਇਸ ਮਾਮਲੇ ਵਿੱਚ ਗਰਮ ਖਿਆਲੀ ਧਿਰਾਂ ਵੀ ਕੋਈ ਘੱਟ ਨਹੀਂ।ਜੇ ਤਾਕਤ ਉਨ੍ਹਾਂ ਦੇ ਹੱਥ ਵਿੱਚ ਹੋਵੇ ਤਾਂ ਉਹ ਕੀ ਕਰ ਸਕਦੇ ਹਨ, ਇਸਦਾ ਅੰਦਾਜਾ ਸ਼੍ਰੋਮਣੀ ਕਮੇਟੀ ਦੇ ਸਾਬਕਾ ਸਕੱਤਰ ਕੁਲਵੰਤ ਸਿੰਘ ਦੀ ਕਿਤਾਬ '**ਜੂਨ, 84: ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ**' ਦੇ ਪੰਨਾ 57 ਤੋਂ ਲੱਗਦਾ ਹੈ: 'ਦਮਦਮੀ ਟਕਸਾਲ ਦੇ ਖਾੜਕੂ ਸਿੰਘਾਂ ਨੇ 26 ਜਨਵਰੀ, 1986 ਨੂੰ ਅਕਾਲ ਤਖਤ ਸਾਹਿਬ 'ਤੇ ਸੱਦੇ 'ਸਰਬੱਤ ਖਾਲਸਾ' ਵਿੱਚ ਮਤਾ ਪਾਸ ਕਰਕੇ ਅਕਾਲ ਤਖਤ ਸਾਹਿਬ ਦੇ ਉਸ ਵਕਤ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਨੂੰ ਨਾ ਸਿਰਫ ਜਥੇਦਾਰੀ ਤੋਂ ਹਟਾ ਦਿੱਤਾ, ਸਗੋਂ ਪੰਥ ਵਿੱਚੋਂ ਵੀ ਛੇਕ ਦਿੱਤਾ ਅਤੇ ਉਸਦੀ ਜਗ੍ਹਾ ਸੰਤ ਭਿੰਡਰਾਂਵਾਲਿਆਂ ਦੇ ਭਤੀਜੇ ਜਸਬੀਰ ਸਿੰਘ ਰੋਡੇ ਨੂੰ ਅਕਾਲ ਤਖਤ ਦਾ ਨਵਾਂ ਜਥੇਦਾਰ ਨਿਯੁਕਤ ਕਰ ਦਿੱਤਾ। ਉਨ੍ਹਾਂ ਦੇ ਜ਼ੇਲ੍ਹ 'ਚ ਹੋਣ ਕਾਰਨ ਟਕਸਾਲ ਵਿੱਚੋਂ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਐਕਟਿੰਗ ਜਥੇਦਾਰ ਲਗਾ ਦਿੱਤਾ। ਇਸੇ ਤਰ੍ਹਾਂ ਬਾਕੀ ਤਖਤਾਂ ਦੇ ਜਥੇਦਾਰ ਵੀ ਹਟਾ ਦਿੱਤੇ ਗਏ। ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੂੰ ਭੰਗ ਕਰ ਦਿੱਤਾ ਗਿਅ।'

ਖਾੜਕੂਆਂ ਦੇ ਸਰਬੱਤ ਖਾਲਸੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਵਾਲ਼ੇ ਪੰਜ ਸਿੰਘ ਸਾਹਿਬਾਨ ਨੇ ਵਿਧੀਬੱਧ ਢੰਗ ਅਨੁਸਾਰ ਸ਼੍ਰੋਮਣੀ ਕਮੇਟੀ, ਅਕਾਲੀ ਦਲ, ਸਿੱਖ ਜਥੇਬੰਦੀਆਂ ਅਤੇ ਸੰਪਰਦਾਵਾਂ ਦੇ ਸਹਿਯੋਗ ਨਾਲ਼ 16 ਫਰਵਰੀ, 1986 ਵਿੱਚ ਆਨੰਦਪੁਰ ਸਾਹਿਬ ਇੱਕ ਸਰਬੱਤ ਖਾਲਸਾ ਸੱਦਿਆ। ਜਿਸ ਵਿੱਚ ਇੱਕ ਅਹਿਮ ਮਤਾ ਪਾਸ ਕਰਕੇ ਦਰਬਾਰ ਸਾਹਿਬ ਕੰਪਲੈਕਸ ਨੂੰ '**ਤੱਤੇ ਅਨਸਰਾਂ**' ਤੋਂ ਮੁਕਤ ਕਰਾਉਣ ਲਈ ਬਰਨਾਲ਼ਾ ਸਰਕਾਰ ਨੂੰ ਆਦੇਸ਼ ਦਿੱਤਾ ਗਿਆ। ਇਸ ਮਤੇ 'ਤੇ ਬਰਨਾਲਾ ਸਰਕਾਰ ਕੋਈ ਕਾਰਵਾਈ ਕਰਦੀ, ਇਸ ਤੋਂ ਪਹਿਲਾਂ ਹੀ 29 ਅਪਰੈਲ, 1986 ਨੂੰ ਪੰਥਕ ਕਮੇਟੀ ਨੇ ਆਪਣੇ ਤੌਰ 'ਤੇ ਦਰਬਾਰ ਸਾਹਿਬ ਅੰਦਰੋਂ ਸਿੱਖ ਪੰਥ ਵਲੋਂ ਭਾਰਤ ਤੋਂ ਵੱਖਰਾ ਸਿੱਖ ਦੇਸ਼ 'ਖਾਲਿਸਤਾਨ ਬਣਾਉਣ ਦਾ ਐਲਾਨ' ਕਰ ਦਿੱਤਾ ਅਤੇ ਆਪ ਉਥੋਂ ਖਿਸਕ ਗਏ। ਪੰਥਕ ਕਮੇਟੀ ਦੀ ਇਸ ਵੱਡੀ ਭੜਕਾਹਟ ਵਾਲ਼ੀ ਕਾਰਵਾਈ ਤੋਂ ਬਾਅਦ ਕੇਂਦਰ ਸਰਕਾਰ ਦਾ ਬਰਨਾਲਾ ਸਰਕਾਰ 'ਤੇ ਖਾੜਕੂਆਂ ਖਿਲਾਫ ਕਾਰਵਾਈ ਕਰਨ ਲਈ ਭਾਰੀ ਦਬਾਅ ਸੀ, ਪਰ ਬਰਨਾਲ਼ਾ ਸਾਹਿਬ ਦਰਬਾਰ ਸਾਹਿਬ ਵਿੱਚ ਅਜਿਹੀ ਕੋਈ ਸਖਤ ਕਾਰਵਾਈ ਨਹੀਂ ਕਰਨੀ ਚਾਹੁੰਦਾ ਸੀ, ਜਿਸ ਨਾਲ਼ ਕਿਸੇ ਤਰ੍ਹਾਂ ਦੀ ਬੇਅਦਬੀ ਦਾ ਦੋਸ਼ ਉਸ ਉਪਰ ਆਏ। ਪਰ ਅਖੀਰ ਬਰਨਾਲ਼ਾ ਸਰਕਾਰ ਨੇ 30 ਅਪਰੈਲ, 1986 ਨੂੰ ਦਰਬਾਰ ਸਾਹਿਬ ਅੰਦਰ ਪੁਲਿਸ ਭੇਜਣ ਦਾ ਫੈਸਲਾ ਕਰ ਲਿਆ। ਪੁਲਿਸ ਵਲੋਂ ਇਹ ਕਾਰਵਾਈ ਅਜਿਹੇ ਢੰਗ ਨਾਲ਼ ਕੀਤੀ ਗਈ ਕਿ ਸਾਰਾ ਕੁਝ ਬਿਨਾਂ ਕਿਸੇ ਖ਼ੂਨ-ਖਰਾਬੇ ਦੇ ਜਥੇਦਾਰ ਕਉਂਕੇ ਸਮੇਤ 150-200 ਖਾੜਕੂਆਂ ਨੂੰ ਗ੍ਰਿਫਤਾਰ ਕਰਨ ਦੇ ਨਾਲ਼ ਸਮਾਪਤ ਹੋ ਗਿਆ।ਚਾਹੀਦਾ ਤਾਂ ਇਹ ਸੀ ਕਿ ਸਰਬੱਤ ਖਾਲਸਾ ਦੇ ਆਦੇਸ਼ਾਂ ਅਨੁਸਾਰ ਸਾਰੀ ਅਕਾਲੀ ਲੀਡਰਸ਼ਿਪ ਅਤੇ ਸ਼੍ਰੋਮਣੀ ਕਮੇਟੀ, ਬਰਨਾਲ਼ਾ ਸਰਕਾਰ ਦੇ ਨਾਲ਼ ਖੜਦੀ, ਪਰ 2 ਮਈ, 1986 ਨੂੰ ਸ. ਬਾਦਲ, ਟੌਹੜਾ, ਸੁਖਜਿੰਦਰ ਸਿੰਘ ਆਦਿ ਵੱਡੇ ਲੀਡਰਾਂ ਨੇ ਬਹੁਤ ਹੀ ਗੈਰ-ਜਿੰਮੇਵਾਰਨਾ ਢੰਗ ਨਾਲ਼ ਅਕਾਲੀ ਦਲ ਦੀ ਵਰਕਿੰਗ ਕਮੇਟੀ ਤੋਂ ਅਸਤੀਫੇ ਦੇ ਕੇ ਬਰਨਾਲ਼ਾ ਸਰਕਾਰ ਨੂੰ ਕਾਂਗਰਸ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ ਅਤੇ ਫਿਰ ਕੁਝ ਦਿਨਾਂ ਬਾਅਦ 8 ਮਈ, 1986 ਨੂੰ ਆਪਣੇ ਧੜੇ ਨਾਲ਼ ਸਬੰਧਤ 27 ਵਿਧਾਇਕਾਂ ਤੋਂ ਅਸਤੀਫੇ ਦਿਵਾ ਦਿੱਤੇ। ਜਿਸ ਨਾਲ਼ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੋ-ਫਾੜ ਹੋ ਗਏ। ਇੱਥੇ ਇੱਕ ਹੋਰ ਹਾਸੋ-ਹੀਣੀ ਘਟਨਾ ਵਾਪਰੀ ਕਿ ਜਿਨ੍ਹਾਂ ਪੰਜ ਸਿੰਘ ਸਾਹਿਬਾਨ ਨੇ ਸਰਬੱਤ ਖਾਲਸਾ ਸੱਦ ਕੇ ਮਤਾ ਪਾਸ ਕਰਵਾਇਆ ਸੀ ਕਿ 'ਖਾੜਕੂਆਂ ਦੀਆਂ ਦਹਿਸ਼ਤੀ ਕਾਰਵਾਈਆਂ' ਖਿਲਾਫ ਬਰਨਾਲ਼ਾ ਸਰਕਾਰ ਸਖਤ ਐਕਸ਼ਨ ਲਵੇ, ਉਹ ਵੀ ਆਪਣੇ ਫੈਸਲੇ ਤੋਂ ਪਿਛਾਂਹ ਹਟ ਗਏ ਅਤੇ ਉਨ੍ਹਾਂ ਨੇ ਬਾਦਲ-ਟੌਹੜਾ ਦਲ ਦੇ ਹਿੱਤਾਂ ਅਨੁਸਾਰ ਦਰਬਾਰ ਸਾਹਿਬ ਦੀ ਪੁਲਿਸ ਭੇਜ ਕੇ ਕੀਤੀ ਬੇਅਦਬੀ ਦੇ ਦੋਸ਼ ਵਿੱਚ 15 ਮਈ, 1986 ਨੂੰ ਸੁਰਜੀਤ ਸਿੰਘ ਬਰਨਾਲ਼ਾ ਨੂੰ ਅਕਾਲ ਤਖਤ 'ਤੇ ਤਲਬ ਕਰਕੇ ਸਰਕਾਰ ਲਈ ਧਰਮ ਸੰਕਟ ਖੜਾ ਕਰ ਦਿੱਤਾ। ਪਰ ਸ. ਬਰਨਾਲ਼ਾ ਸਿਆਣਪ ਵਰਤਦਿਆਂ ਦੋ ਦਿਨਾਂ ਬਾਅਦ ਹੀ ਪੇਸ਼ ਹੋ ਗਏ ਤਾਂ ਉਸਨੂੰ 17 ਮਈ, 1986 ਨੂੰ ਉਨ੍ਹਾਂ ਨੂੰ ਧਾਰਮਿਕ ਸਜ਼ਾ ਸੁਣਾਈ ਗਈ, ਜੋ ਉਨ੍ਹਾਂ ਪ੍ਰਵਾਨ ਕਰ ਲਈ।

ਪਰ ਇਸ ਸਭ ਦੇ ਬਾਵਜੂਦ ਬਾਦਲ-ਟੌਹੜਾ ਧੜੇ ਬਰਨਾਲ਼ਾ ਸਰਕਾਰ ਡੇਗਣ ਲਈ ਤਰਲੋਮੱਛੀ ਹੋ ਰਹੇ ਸਨ।ਜਥੇਦਾਰ ਟੌਹੜਾ ਵਲੋਂ ਅਸਤੀਫਾ ਦੇਣ ਕਾਰਨ ਜਥੇਦਾਰ ਕਾਬਲ ਸਿੰਘ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਬਣਨ ਨਾਲ਼ ਸ਼੍ਰੋਮਣੀ ਕਮੇਟੀ ਪ੍ਰਬੰਧ ਬਰਨਾਲ਼ਾ ਹੱਥ ਆ ਗਿਆ ਸੀ। ਜਿਸ ਦੌਰਾਨ 16 ਸਤੰਬਰ, 1986 ਨੂੰ ਇੱਕ ਵਾਰ ਫਿਰ ਅਕਾਲੀਆਂ ਵਿੱਚ ਏਕਤਾ ਕਰਾਉਣ ਲਈ ਅਕਾਲ ਤਖਤ ਤੋਂ ਪੰਜ ਸਿੰਘ ਸਾਹਿਬਾਨ ਵਲੋਂ ਅਪੀਲ ਕੀਤੀ ਗਈ: '**ਸਾਰੇ ਅਕਾਲੀ ਧੜੇ ਆਪਣੇ ਮੱਤਭੇਦ ਭੁਲਾ ਕੇ ਪੰਥ ਦੀ ਚੜ੍ਹਦੀ ਕਲਾ, ਪੰਜਾਬ ਅਤੇ ਸਿੱਖਾਂ ਦੇ ਭਲੇ ਲਈ ਆਪਣੀਆਂ ਖੁਦਗਰਜੀਆਂ ਤਿਆਗ ਕੇ ਇਕੱਠੇ ਹੋ ਜਾਣ।**' ਇਸ ਅਪੀਲ ਦਾ ਕਿਸੇ ਅਕਾਲੀ ਧੜੇ 'ਤੇ ਕੋਈ ਅਸਰ ਨਹੀਂ ਹੋਇਆ ਅਤੇ ਸਭ ਆਪਣੀ-ਆਪਣੀ ਡੁਗਡੁਗੀ ਵਜਾਉਂਦੇ ਰਹੇ। ਇਸਦੇ ਉਲਟ ਜਦੋਂ ਬਹੁਤ ਸਾਰੇ ਅਕਾਲੀ ਲੀਡਰ ਬਰਨਾਲ਼ਾ ਗਰੁੱਪ ਛੱਡ ਕੇ ਬਾਦਲ-ਟੌਹੜਾ ਨਾਲ਼ ਆ ਰਲ਼ੇ ਤਾਂ 30 ਨਵੰਬਰ, 1986 ਨੂੰ ਟੌਹੜਾ-ਬਾਦਲ ਗਰੁੱਪ ਨੇ ਬਰਨਾਲ਼ਾ ਗਰੁੱਪ ਦੇ ਸ਼੍ਰੋਮਣੀ ਕਮੇਟੀ ਪ੍ਰਧਾਨ ਕਾਬਲ ਸਿੰਘ ਨੂੰ ਹਰਾ ਕੇ ਨਵੰਬਰ, 1986 ਵਿੱਚ ਟੌਹੜਾ ਨੂੰ ਦੁਬਾਰਾ ਪ੍ਰਧਾਨ ਚੁਣ ਲਿਆ। ਜਿਸਦੇ ਨਤੀਜੇ ਵਜੋਂ ਸ਼੍ਰੋਮਣੀ ਕਮੇਟੀ ਵਲੋਂ ਦਰਬਾਰ ਸਾਹਿਬ ਵਿੱਚੋਂ ਖਾੜਕੂ ਕਾਰਵਾਈਆਂ ਰੋਕਣ ਲਈ ਬਰਨਾਲ਼ਾ ਸਰਕਾਰ ਵਲੋਂ ਲਗਾਈ ਗਈ ਟਾਸਕ ਫੋਰਸ ਭੰਗ ਕਰ ਦਿੱਤੀ ਗਈ।ਜਿਸਨੇ ਖਾੜਕੂਆਂ ਲਈ ਦਰਬਾਰ ਸਾਹਿਬ 'ਤੇ ਕਬਜੇ ਦਾ ਰਾਹ ਦੁਬਾਰਾ ਪੱਧਰਾ ਕਰ ਦਿੱਤਾ। ਜਿਸ ਕਾਰਨ 1987-88 ਦੌਰਾਨ ਦਰਬਾਰ ਸਾਹਿਬ ਇੱਕ ਵਾਰ ਫਿਰ ਖਾੜਕੂ ਕਾਰਵਈਆਂ ਦਾ ਕੇਂਦਰ ਬਣ ਗਿਆ। ਜਥੇਦਾਰ ਟੌਹੜਾ ਨੇ ਖਾੜਕੂਆਂ ਦੇ ਦਬਾਅ ਹੇਠ ਬਿਨਾਂ ਕਿਸੇ ਦੀ ਰਾਏ ਲੈਣ ਦੇ ਅਕਾਲ ਤਖਤ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਤੋਂ ਜ਼ਬਰਦਸਤੀ ਅਸਤੀਫਾ ਲੈ ਕੇ 24 ਦਸੰਬਰ, 1986 ਨੂੰ ਪ੍ਰੋ. ਦਰਸ਼ਨ ਸਿੰਘ ਨੂੰ ਨਵਾਂ ਐਕਟਿੰਗ ਜਥੇਦਾਰ ਨਿਯੁਕਤ ਕਰ ਦਿੱਤਾ। ਜਦਕਿ ਉਨ੍ਹਾਂ ਨੂੰ ਪਤਾ ਸੀ ਕਿ ਉਹ ਜੂਨ, 1984 ਤੋਂ ਆਪਣੇ ਕੀਰਤਨਾਂ ਰਾਹੀਂ ਨੌਜਵਾਨਾਂ ਦੇ ਜ਼ਜਬਾਤਾਂ ਨੂੰ ਤਾਈ ਰੱਖਣ ਲਈ ਕੋਈ ਕਸਰ ਨਹੀਂ ਛੱਡ ਰਿਹਾ ਸੀ। ਇਸੇ ਦੌਰਾਨ ਟੌਹੜਾ ਸਾਹਿਬ ਨੇ ਖਾੜਕੂਆਂ ਦੇ ਦਬਾਅ ਹੇਠ 23 ਜਨਵਰੀ, 1987 ਨੂੰ ਤਖਤ ਕੇਸਗੜ੍ਹ ਆਨੰਦਪੁਰ ਸਾਹਿਬ ਅਤੇ ਤਖਤ ਦਮਦਮਾ ਸਾਹਿਬ ਦੇ ਜਥੇਦਾਰਾਂ ਸਮੇਤ ਸ਼੍ਰੋਮਣੀ ਕਮੇਟੀ ਵਲੋਂ ਥਾਪੇ ਸਾਰੇ ਜਥੇਦਾਰ ਹਟਾ ਕੇ ਦਮਦਮੀ ਟਕਸਾਲ ਵਲੋਂ ਥਾਪੇ ਜਥੇਦਾਰਾਂ ਨੂੰ ਮਾਨਤਾ ਦੇ ਦਿੱਤੀ ਤਾਂ ਕਿ ਬਰਨਾਲ਼ਾ ਸਰਕਾਰ ਤੋੜਨ ਲਈ ਰਾਹ ਪੱਧਰਾ ਹੋ ਸਕੇ। (ਪੁਸਤਕ: ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ-ਪੰਨਾ 111-117)

ਇਸ ਤੋਂ ਬਾਅਦ ਜਥੇਦਾਰਾਂ ਦੇ ਰੋਲ ਦਾ ਇੱਕ ਹੋਰ ਨਵਾਂ ਚੈਪਟਰ ਸ਼ੁਰੂ ਹੁੰਦਾ ਹੈ, ਜਦੋਂ ਪ੍ਰੋ ਦਰਸ਼ਨ ਸਿੰਘ ਨੇ ਆਪ-ਹੁਦਰੀ ਕਾਰਵਾਈ ਕਰਦਿਆਂ ਆਦੇਸ਼ ਜਾਰੀ ਕਰ ਦਿੱਤਾ ਕਿ ਸਾਰੇ ਅਕਾਲੀ ਧੜੇ ਭੰਗ ਕਰਕੇ ਅਸਤੀਫੇ ਅਕਾਲ ਤਖਤ 'ਤੇ ਭੇਜ ਦਿੱਤੇ ਜਾਣ। ਇਸ ਹੁਕਮ ਤੋਂ ਬਾਅਦ ਬਾਦਲ-ਟੌਹੜਾ, ਸੰਤ ਭਿੰਡਰਾਂਵਾਲ਼ਿਆਂ ਦੇ ਪਿਤਾ ਬਾਬਾ ਜੁਗਿੰਦਰ ਸਿੰਘ ਅਤੇ ਹੋਰ ਛੋਟੇ-ਮੋਟੇ ਧੜਿਆਂ ਨੇ ਆਪਣੇ ਧੜੇ ਭੰਗ ਕਰਕੇ ਅਸਤੀਫੇ ਭੇਜ ਦਿੱਤੇ। ਪਰ ਬਰਨਾਲ਼ਾ ਨੇ ਆਪਣਾ ਧੜਾ ਭੰਗ ਨਹੀਂ ਕੀਤਾ। ਉਸ ਲਈ ਇਹ ਬੜਾ ਵੱਡਾ ਧਰਮ-ਸੰਕਟ ਖੜ੍ਹਾ ਹੋ ਗਿਆ ਕਿ ਉਹ ਆਪਣਾ ਅਕਾਲੀ ਦਲ ਭੰਗ ਕਰਕੇ ਮੁੱਖ ਮੰਤਰੀ ਰਹਿ ਸਕੇਗਾ ਜਾਂ ਉਸਦੀ ਸਰਕਾਰ ਕਿਵੇਂ ਚੱਲੇਗੀ ? ਜਿਸ ਬਾਰੇ ਜਥੇਦਾਰਾਂ ਸ਼ਾਇਦ ਗੰਭੀਰਤਾ ਨਾਲ਼ ਵਿਚਾਰ ਨਹੀਂ ਕੀਤੀ ਸੀ। ਪ੍ਰੋ. ਦਰਸ਼ਨ ਸਿੰਘ ਨੇ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਿੱਚ ਇੱਕ ਨਵਾਂ ਅਕਾਲੀ ਦਲ ਬਣਾ ਦਿੱਤਾ ਅਤੇ 9 ਫਰਵਰੀ, 1987 ਨੂੰ ਸੁਰਜੀਤ ਸਿੰਘ ਬਰਨਾਲ਼ਾ ਨੂੰ ਤਨਖਾਹੀਆ ਕਰਾਰ ਦੇ ਦਿੱਤਾ ਅਤੇ ਉਸਦਾ ਪੱਖ ਸੁਣੇ ਬਿਨਾਂ ਹੀ ਦੋ ਦਿਨ ਬਾਅਦ 11 ਫਰਵਰੀ, 1987 ਨੂੰ ਉਸਨੂੰ ਪੰਥ ਵਿੱਚੋਂ ਛੇਕ ਦਿੱਤਾ ਗਿਆ। ਦੂਜੇ ਪਾਸੇ ਖਾੜਕੂਆਂ ਨੇ ਦਰਬਾਰ ਸਾਹਿਬ ਵਿੱਚੋਂ ਸ਼੍ਰੋਮਣੀ ਕਮੇਟੀ ਮੁਲਾਜਮ ਭਜਾਉਣੇ ਸ਼ੁਰੂ ਕਰ ਦਿੱਤੇ ਅਤੇ ਗੰਨ ਦੀ ਨੋਕ 'ਤੇ 800 ਤੋਂ ਵੱਧ ਆਪਣੇ ਵਿਅਕਤੀ ਸ਼੍ਰੋਮਣੀ ਕਮੇਟੀ ਮੁਲਾਜ਼ਮ ਲਗਵਾ ਲਏ। ਦਰਬਾਰ ਸਾਹਿਬ ਅਤੇ ਪੰਜਾਬ ਵਿੱਚ ਵਧ ਰਹੀਆਂ ਖਾੜਕੂ ਕਾਰਵਾਈਆਂ ਕਾਰਨ ਕੇਂਦਰ ਸਰਕਾਰ ਨੇ 11 ਮਈ, 1987 ਨੂੰ ਬਰਨਾਲ਼ਾ ਸਰਕਾਰ ਭੰਗ ਕਰਕੇ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ। (ਪੁਸਤਕ: ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ-ਪੰਨਾ 118)

ਇਸ ਦੌਰਾਨ ਪ੍ਰੋ. ਦਰਸ਼ਨ ਸਿੰਘ ਨੇ ਪੰਜ ਸਿੰਘ ਸਾਹਿਬਾਨ ਵਲੋਂ 4 ਅਗਸਤ, 1987 ਨੂੰ ਸਿੱਖ ਕੌਮ ਦਾ ਰਾਜਸੀ ਨਿਸ਼ਾਨ ਮਿਥਣ ਲਈ '**ਵਰਲਡ ਸਿੱਖ ਕਨਵੈਨਸ਼ਨ**' ਬੁਲਾ ਲਈ। ਸਵੇਰ ਤੋਂ ਚੱਲ ਰਹੇ ਇਸ ਇਕੱਠ ਵਿੱਚ ਕੋਈ ਫੈਸਲਾ ਨਹੀਂ ਹੋ ਰਿਹਾ ਸੀ, ਸਭ ਪਾਸੇ ਮੱਛੀ ਬਜ਼ਾਰ ਵਾਂਗ ਕਾਵਾਂ-ਰੌਲ਼ੀ ਪੈ ਰਹੀ ਸੀ। ਪ੍ਰੋ. ਦਰਸ਼ਨ ਸਿੰਘ ਦੇ ਬੁੱਲਾਂ 'ਤੇ ਸਿੱਕਰੀ ਆ ਰਹੀ ਸੀ ਕਿ ਕੀ ਫੈਸਲਾ ਕਰੇ ? ਇਸ ਦੌਰਾਨ ਸ਼ਾਮ ਨੂੰ ਸੰਤ ਭਿੰਡਰਾਂਵਾਲ਼ਿਆਂ ਦੇ ਸਿਆਸੀ ਸਲਾਹਕਾਰ ਤੇ ਸਾਬਕਾ ਕਾਮਰੇਡ ਭਾਅ ਜੀ ਦਲਬੀਰ ਸਿੰਘ ਨੇ ਇੱਕ ਪਰਚੀ ਪ੍ਰੋ ਸਾਹਿਬ ਨੂੰ ਭੇਜੀ, ਜਿਸ ਵਿੱਚ ਲਿਖਿਆ ਹੋਇਆ ਸੀ ਕਿ ਸਿੱਖਾਂ ਦਾ ਰਾਜਸੀ ਨਿਸ਼ਾਨਾ 'ਉਤਰੀ ਭਾਰਤ ਵਿੱਚ ਸਿੱਖਾਂ ਲਈ ਇੱਕ ਵੱਖਰਾ ਖਿੱਤਾ ਬਣਾਇਆ ਜਾਵੇ' ਕਹਿ ਦਿਉ। ਪ੍ਰੋ. ਦਰਸ਼ਨ ਸਿੰਘ ਨੇ ਪਰਚੀ ਪੜ੍ਹ ਕੇ ਕਾਹਲ਼ੀ ਵਿੱਚ ਸਿੱਖਾਂ ਦੇ ਰਾਜਸੀ ਨਿਸ਼ਾਨੇ, '**ਸਿੱਖਾਂ ਲਈ ਉਤਰੀ ਭਾਰਤ ਵਿੱਚ ਇੱਕ ਅਲੱਗ ਵੱਖਰਾ ਖਿੱਤਾ ਬਣਾਇਆ ਜਾਵੇ**' ਦਾ ਮਤਾ ਪਾਸ ਕਰਵਾ ਲਿਆ। ਜਿਸਦਾ ਖਾੜਕੂਆਂ ਵਲੋਂ ਵਿਰੋਧ ਕੀਤਾ ਗਿਆ। ਉਹ ਵੱਖਰੇ ਦੇਸ਼ ਖਾਲਿਸਤਾਨ ਤੋਂ ਬਿਨਾਂ ਕੋਈ ਵੀ ਗੱਲ ਸੁਣਨ ਲਈ ਤਿਆਰ ਨਹੀਂ ਸਨ।ਇਸ ਦੌਰਾਨ ਪ੍ਰੋ. ਦਰਸ਼ਨ ਸਿੰਘ ਆਪਣੀ ਜਾਨ ਬਚਾਅ ਕੇ ਉਥੋਂ ਖਿਸਕ ਗਏ ਅਤੇ ਖਾੜਕੂਆਂ ਦੀਆਂ ਧਮਕੀਆਂ ਤੋਂ ਡਰਦਿਆਂ ਅਕਾਲ ਤਖਤ ਛੱਡ ਕੇ ਆਪਣੇ ਘਰ ਜੀਰਕਪੁਰ ਜਾ ਡੇਰੇ ਲਾਏ ਅਤੇ ਜਥੇਦਾਰ ਦੀਆਂ ਸੇਵਾਵਾਂ ਨਿਭਾਉਣੀਆਂ ਛੱਡ ਦਿੱਤੀਆਂ। ਇਸ ਤੋਂ ਬਾਅਦ ਪੁਲਿਸ ਦੇ ਦਬਾਅ ਅਧੀਨ ਬਹੁਤੇ ਖਾੜਕੂ ਦਰਬਾਰ ਸਾਹਿਬ ਅੰਦਰੋਂ ਬੈਠ ਕੇ 1984 ਤੋਂ ਪਹਿਲਾਂ ਵਾਂਗ ਆਪਣੀਆਂ ਕਾਰਵਾਈਆਂ ਚਲਾਉਣ ਲੱਗੇ। (ਪੁਸਤਕ: ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ-ਪੰਨਾ 123-129)

ਪ੍ਰੋ. ਦਰਸ਼ਨ ਸਿੰਘ ਦੇ ਅਸਤੀਫੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ 8 ਮਾਰਚ, 1988 ਨੂੰ ਖਾੜਕੂਆਂ ਵਲੋਂ ਥਾਪੇ ਭਾਈ ਜਸਬੀਰ ਸਿੰਘ ਰੋਡੇ ਨੂੰ ਅਕਾਲ ਤਖਤ ਸਾਹਿਬ ਦੇ ਜਥੇਦਾਰ ਵਜੋਂ ਮਾਨਤਾ ਦੇ ਦਿੱਤੀ ਗਈ। ਜਥੇਦਾਰ ਟੌਹੜਾ ਅਤੇ ਸ਼੍ਰੋਮਣੀ ਕਮੇਟੀ ਦੀ ਵਿਡੰਬਨਾ ਦੇਖੋ ਕਿ ਜਿਸ ਸਰਬੱਤ ਖਾਲਸਾ ਨੇ ਭਾਈ ਜਸਬੀਰ ਸਿੰਘ ਨੂੰ ਜਥੇਦਾਰ ਬਣਾ ਕੇ ਅਤੇ ਸ਼੍ਰੋਮਣੀ ਕਮੇਟੀ ਨੂੰ ਭੰਗ ਕਰਕੇ ਪੰਥਕ ਕਮੇਟੀ ਬਣਾ ਦਿੱਤੀ ਸੀ, ਉਨ੍ਹਾਂ ਦੇ ਹੀ ਜਥੇਦਾਰਾਂ ਨੂੰ ਮਾਨਤਾ ਦੇ ਦਿੱਤੀ ਗਈ। ਸਰਕਾਰ ਨੇ ਜਿਸ ਮਕਸਦ ਨੂੰ ਲੈ ਕੇ ਭਾਈ ਜਸਬੀਰ ਸਿੰਘ ਨੂੰ ਖਾਲਿਸਤਾਨ ਦੀ ਥਾਂ '**ਸਿੱਖਾਂ ਲਈ ਪੂਰਨ ਅਜ਼ਾਦੀ**' ਦਾ ਨਾਹਰਾ ਦੇ ਕੇ ਜ਼ੇਲ੍ਹੋਂ ਤੋਰਿਆ ਸੀ, ਉਹ ਖਾੜਕੂਆਂ ਨੇ ਸਿਰੇ ਨਾ ਚੜ੍ਹਨ ਦਿੱਤਾ। ਉਨ੍ਹਾਂ ਦਿਨਾਂ ਵਿੱਚ ਹੀ 9 ਮਈ, 1988 ਨੂੰ ਦਰਬਾਰ ਸਾਹਿਬ ਅੰਦਰ ਲੁਕੇ ਹੋਏ ਖਾੜਕੂਆਂ ਖਿਲਾਫ ਪੁਲਿਸ ਵਲੋਂ 'ਬਲੈਕ ਥੰਡਰ' ਕਾਰਵਾਈ ਕੀਤੀ ਗਈ। ਭਾਈ ਜਸਬੀਰ ਸਿੰਘ ਨੂੰ ਪੁਲਿਸ ਨੇ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਸੀ। ਸ਼੍ਰੋਮਣੀ ਕਮੇਟੀ ਨੇ ਫਿਰ ਨਵਾਂ ਪੈਂਤੜਾ ਲੈਂਦੇ ਹੋਏ, ਆਪਣੀ 30 ਮਈ, 1988 ਦੀ ਮੀਟਿੰਗ ਵਿੱਚ ਜਥੇਦਾਰ ਹਰਚਰਨ ਸਿੰਘ ਦਿੱਲੀ ਨੂੰ ਅਕਾਲ ਤਖਤ ਦੇ ਨਵੇਂ ਜਥੇਦਾਰ ਸਮੇਤ ਦਮਦਮੀ ਟਕਸਾਲ ਦੇ ਬਾਕੀ ਜਥੇਦਾਰ ਵੀ ਬਦਲ ਦਿੱਤੇ। ਬੇਸ਼ੱਕ ਸਾਰੀ ਲੀਡਰਸ਼ਿਪ ਖਾੜਕੂਆਂ ਦੇ ਭੈਅ ਵਿੱਚ ਵਿਚਰ ਰਹੀ ਸੀ, ਫਿਰ ਵੀ ਉਨ੍ਹਾਂ ਹਿੰਮਤ ਕਰਕੇ 13 ਅਗਸਤ, 1988 ਨੂੰ ਪ੍ਰੋ. ਦਰਸ਼ਨ ਸਿੰਘ ਨੂੰ ਦੁਬਾਰਾ ਅਕਾਲ ਤਖਤ ਦਾ ਜਥੇਦਾਰ ਨਿਯੁਕਤ ਕਰ ਦਿੱਤਾ ਕਿਉਂਕਿ ਜਥੇਦਾਰ ਹਰਚਰਨ ਸਿੰਘ ਨੇ ਸਿਹਤ ਖਰਾਬ ਦਾ ਬਹਾਨਾ ਕਰਕੇ ਅਹੁਦਾ ਨਹੀਂ ਸੰਭਾਲ਼ਿਆ ਸੀ।28 ਮਾਰਚ, 1990 ਨੂੰ ਸ਼੍ਰੋਮਣੀ ਕਮੇਟੀ ਦੇ ਬਜਟ ਇਜਲਾਸ ਵਿੱਚ ਲੀਡਰਾਂ ਵਲੋਂ ਇੱਕ ਦੂਜੇ ਨਾਲ਼ ਗਾਲ਼ੀ-ਗਲੋਚ ਤੇ ਧੱਕਾ-ਮੁੱਕੀ ਕਰਨ 'ਤੇ ਪ੍ਰੋ ਦਰਸ਼ਨ ਸਿੰਘ ਵਲੋਂ ਇਨ੍ਹਾਂ ਨੂੰ ਗੁਰੂ ਦੀ ਹਜੂਰੀ ਵਿੱਚ ਅਜਿਹਾ ਕਰਨ ਤੋਂ ਰੋਕਿਆ। ਇਸ ਮੌਕੇ ਜਥੇਦਾਰ ਟੌਹੜਾ ਨੇ ਪ੍ਰੋ. ਦਰਸ਼ਨ ਸਿੰਘ ਦੀਆਂ ਇਛਾਵਾਂ ਅਨੁਸਾਰ ਖਰੂਦ ਕਰ ਰਹੇ ਸ਼੍ਰੋਮਣੀ ਕਮੇਟੀ ਮੈਂਬਰਾਂ ਨੂੰ ਜ਼ਬਤ ਵਿੱਚ ਲਿਆਉਣ ਦੀ ਕੋਸ਼ਿਸ਼ ਕਰਨ ਦੀ ਥਾਂ ਇਹ ਕਹਿ ਠੱਪਣ ਦੀ 'ਗੁਰਤਾਖੀ' ਕੀਤੀ ਕਿ ਜਥੇਦਾਰ ਸਾਹਿਬ ਤੁਸੀਂ ਸ਼ਾਂਤ ਰਹਿ ਕੇ ਸਾਰੀ ਕਾਰਵਾਈ ਦੇਖਦੇ ਰਹੋ..। ਕੀ ਤੁਹਾਨੂੰ ਸਿੱਖ ਰਹਿਤ ਮਰਿਯਾਦਾ ਦਾ ਸਾਡੇ ਨਾਲ਼ੋਂ ਵੱਧ ਪਤਾ ਹੈ ? ਇਸ ਗਰਮ ਮਾਹੌਲ ਵਿੱਚ ਪ੍ਰੋ ਦਰਸ਼ਨ ਸਿੰਘ ਸ਼ਤੀਫਾ ਦੇ ਕੇ ਮੀਟਿੰਗ ਤੋਂ ਵਾਕ ਆਊਟ ਕਰ ਗਏ। 9 ਜੂਨ, 1990 ਨੂੰ ਪ੍ਰੋ. ਦਰਸ਼ਨ ਸਿੰਘ ਦੀ ਥਾਂ ਨਿਰੰਕਾਰੀ ਮੁੱਖੀ ਕਤਲ ਕਾਂਡ ਵਿੱਚ ਉਮਰ ਕੈਦ ਭੁਗਤ ਰਹੇ ਭਾਈ ਰਣਜੀਤ ਸਿੰਘ ਨੂੰ ਅਕਾਲ ਤਖਤ ਦਾ ਜਥੇਦਾਰ ਨਿਯੁਕਤ ਕਰ ਦਿੱਤਾ ਗਿਆ ਅਤੇ ਉਨ੍ਹਾਂ ਦੀ ਰਿਹਾਈ ਤੱਕ ਪ੍ਰੋ. ਮਨਜੀਤ ਸਿੰਘ ਨੂੰ ਐਕਟਿੰਗ ਜਥੇਦਾਰ ਬਣਾ ਦਿੱਤਾ ਗਿਆ। (ਪੁਸਤਕ: ਸ਼੍ਰੋਮਣੀ ਕਮੇਟੀ ਨੂੰ ਗ੍ਰਹਿਣ-ਪੰਨਾ 176-178)

ਪ੍ਰੋ. ਦਰਸ਼ਨ ਸਿੰਘ ਤੋਂ ਬਾਅਦ ਅਕਾਲੀਆਂ ਵਿੱਚ ਏਕਤਾ ਦਾ ਇੱਕ ਹੋਰ ਨਵਾਂ ਦੌਰ ਪ੍ਰੋ. ਮਨਜੀਤ ਸਿੰਘ ਦੇ ਜਥੇਦਾਰ ਬਣਨ ਨਾਲ਼ ਸ਼ੁਰੂ ਹੋਇਆ।ਇਹ ਉਹ ਦੌਰ ਸੀ, ਜਦੋਂ ਖਾੜਕੂਵਾਦ ਖਤਮ ਹੋ ਗਿਆ ਸੀ। ਰਵਾਇਤੀ ਅਕਾਲੀ ਲੀਡਰਸ਼ਿਪ ਦੁਬਾਰਾ ਰਾਜਸੀ ਪਿੜ੍ਹ ਵਿੱਚ ਜ਼ੋਰ ਅਜਮਾਈ ਕਰ ਰਹੀ ਸੀ। ਇੱਕ ਮਾਡਰੇਟ ਲੀਡਰ ਵਜੋਂ ਪ੍ਰਕਾਸ਼ ਸਿੰਘ ਬਾਦਲ ਦੇ ਧੜੇ ਦਾ ਉਭਾਰ ਹੋ ਰਿਹਾ ਸੀ। ਜਿਸ ਤੋਂ ਜਥੇਦਾਰ ਟੌਹੜਾ, ਸਿਮਰਨਜੀਤ ਸਿੰਘ ਮਾਨ, ਕੈਪਟਨ ਅਮਰਿੰਦਰ ਸਿੰਘ ਅਤੇ ਹੋਰ ਛੋਟੇ-ਮੋਟੇ ਗਰਮ ਖਿਆਲੀ ਧੜੇ ਭੈ-ਭੀਤ ਹੋ ਰਹੇ ਸਨ। ਸਾਰੇ ਧੜੇ ਬਾਦਲ ਦੀ ਵਧਦੀ ਤਾਕਤ ਨੂੰ ਰੋਕਣਾ ਚਾਹੁੰਦੇ ਸਨ। ਇਸ ਸਮੇਂ ਪ੍ਰੋ. ਮਨਜੀਤ ਸਿੰਘ ਵਲੋਂ 13 ਅਪਰੈਲ, 1994 ਨੂੰ ਵੈਸਾਖੀ ਮੌਕੇ ਤਖਤ ਦਮਦਮਾ ਸਾਹਿਬ ਸੱਦੇ ਇੱਕ ਸਿੱਖ ਸੰਮੇਲਨ ਵਿੱਚ ਬਾਦਲ ਵਿਰੋਧੀ ਲੀਡਰਾਂ ਨੇ ਇੱਕ ਨਵਾਂ ਪੈਂਤੜਾ ਖੇਡਦਿਆਂ ਪ੍ਰੋ. ਸਾਹਿਬ ਨੂੰ ਅਪੀਲ ਕੀਤੀ ਕਿ ਉਹ ਦਖਲ ਦੇਖ ਕੇ ਸਾਰੇ ਅਕਾਲੀ ਧੜਿਆਂ ਨੂੰ ਇਕੱਠੇ ਕਰਨ। ਪ੍ਰੋ. ਸਾਹਿਬ ਨੇ ਕਿਹਾ ਕਿ ਜੇ ਤੁਸੀਂ ਲਿਖ ਕੇ ਦਿਓ ਤਾਂ ਅਸੀਂ ਦਖਲ ਦੇ ਸਕਦੇ ਹਾਂ। ਬਾਦਲ ਵਿਰੋਧੀ ਸਾਰੇ ਲੀਡਰਾਂ ਨੇ ਉਥੇ ਹੀ ਅਸਤੀਫੇ ਸੌਂਪ ਦਿੱਤੇ। ਬਾਦਲ ਨੇ ਮਜਬੂਰੀ ਵੱਸ ਇੱਕ ਖਾਲੀ ਪਰਚੀ 'ਤੇ ਦਸਖਤ ਕਰਕੇ ਫੜ੍ਹਾ ਦਿੱਤੇ, ਪਰ ਅਸਤੀਫਾ ਨਾ ਦਿੱਤਾ। ਮਈ 12, 1994 ਨੂੰ ਅਕਾਲ ਤਖਤ ਵਲੋਂ ਸਾਰੇ ਦਲਾਂ ਦਾ ਸਾਂਝਾ ਅਕਾਲੀ ਦਲ ਅੰਮ੍ਰਿਤਸਰ ਬਣਾ ਦਿੱਤਾ ਗਿਆ। ਪ੍ਰੋ. ਮਨਜੀਤ ਸਿੰਘ ਨੇ ਸਿੱਖਾਂ ਲਈ ਰਾਜਸੀ ਨਿਸ਼ਾਨਾ ਖਾਲਿਸਤਾਨ ਦੀ ਥਾਂ '**ਅੰਮ੍ਰਿਤਸਰ ਦਾ ਐਲਾਨਾਮਾ**' ਰੱਖ ਲਿਆ।ਪਰ ਜਥੇਦਾਰਾਂ ਵਲੋਂ ਅਕਾਲੀਆਂ ਨੂੰ ਇਕੱਠੇ ਕਰਨ ਦੀ ਇਹ ਗੈਰ-ਸਿਧਾਂਤਕ ਕੋਸ਼ਿਸ਼ ਵੀ ਸਿਰੇ ਨਾ ਚੜ੍ਹੀ। ਇਸ ਸਬੰਧੀ ਸਿੱਖ ਵਿਦਵਾਨ ਸ. ਅਜਮੇਰ ਸਿੰਘ ਨੇ ਅਜੀਤ ਜਲੰਧਰ ਅਖ਼ਬਾਰ ਵਿੱਚ ਬਾਦਲ ਦਲ ਦੇ ਹੱਕ ਵਿੱਚ ਲੇਖਾਂ ਦੀ ਝੜੀ ਲਗਾ ਦਿੱਤੀ। ਬੇਸ਼ੱਕ ਸ. ਅਜਮੇਰ ਸਿੰਘ ਹੋਰਾਂ ਨਾਲ਼ ਸਾਡੇ ਅਨੇਕਾਂ ਸਿਧਾਂਤਕ ਮੱਤਭੇਦ ਹਨ। ਪਰ ਉਹ ਆਰਟੀਕਲ ਪੜ੍ਹ ਕੇ ਪਤਾ ਲੱਗਦਾ ਹੈ ਕਿ ਅਜਮੇਰ ਸਿੰਘ ਨੇ ਸਿਧਾਂਤਕ ਪੱਖ ਤੋਂ ਉਸ ਵਕਤ ਠੀਕ ਸਟੈਂਡ ਲਿਆ ਸੀ। ਸ਼ਾਇਦ ਉਸਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਉਦੋਂ ਤੱਕ ਉਹ ਖਾੜਕੂ ਧਿਰਾਂ ਦੇ ਬੁਲਾਰੇ ਨਹੀਂ ਬਣੇ ਸਨ। ਜਲਦੀ ਹੀ ਸਾਰੇ ਧੜੇ ਹੌਲ਼ੀ-ਹੌਲ਼ੀ ਬਿਖਰ ਗਏ।ਅਗਲੇ ਦੋ ਸਾਲਾਂ ਵਿੱਚ ਅਕਾਲ ਤਖਤ ਤੋਂ ਬਾਗੀ ਹੋਇਆ ਬਾਦਲ ਧੜਾ ਸਭ ਤੋਂ ਮਜਬੂਤ ਹੋ ਕੇ ਨਿਕਲਿਆ।

ਜਥੇਦਾਰਾਂ ਵਲੋਂ ਸਿੱਖ ਸਿਆਸਤ ਵਿੱਚ ਦਖਲ-ਅੰਦਾਜ਼ੀ ਅਤੇ ਆਪਣੀ ਸਰਦਾਰੀ ਕਾਇਮ ਕਰਨ ਦਾ ਇੱਕ ਹੋਰ ਦੌਰ ਭਾਈ ਰਣਜੀਤ ਸਿੰਘ ਦੇ 12 ਅਕਤੂਬਰ, 1996 ਨੂੰ ਜ਼ੇਲ੍ਹ 'ਚੋਂ ਰਿਹਾਅ ਹੋ ਕੇ ਜਥੇਦਾਰ ਦਾ ਅਹੁਦਾ ਸੰਭਾਲਣ ਨਾਲ਼ ਸ਼ੁਰੂ ਹੁੰਦਾ ਹੈ। ਜਿਸਨੇ ਆਪਣੇ ਥੋੜ੍ਹੇ ਜਿਹੇ ਵਕਤ ਵਿੱਚ ਹੁਕਮਨਾਮੇ ਜਾਰੀ ਕਰਨ ਦੇ ਸਾਰੇ ਰਿਕਾਰਡ ਤੋੜ ਦਿੱਤੇ। ਇੱਥੋਂ ਤੱਕ ਕਿ ਉਸਨੇ ਪ੍ਰਚਲਤ ਪੰਚ ਪ੍ਰਧਾਨੀ ਪ੍ਰੰਪਰਾ ਭਾਵ ਪੰਜ ਸਿੰਘ ਸਾਹਿਬਾਨ ਵਲੋਂ ਹੁਕਮਨਾਮੇ ਜਾਰੀ ਕਰਨ ਨੂੰ ਰੱਦ ਕਰਕੇ ਇਕੱਲੇ ਨੇ ਆਪਣੇ ਦਸਖਤਾਂ ਹੇਠ ਹੁਕਮਨਾਮੇ ਜਾਰੀ ਕਰਨੇ ਸ਼ੁਰੂ ਕਰ ਦਿੱਤੇ ਸਨ। ਉਸ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਅਕਾਲ ਤਖਤ ਬਣਾਇਆ ਸੀ ਅਤੇ ਜਥੇਦਾਰ ਸਿਰਫ ਅਕਾਲ ਤਖਤ ਦਾ ਹੁੰਦਾ ਹੈ, ਬਾਕੀ ਤਖਤ ਤਾਂ ਸਿੱਖਾਂ ਨੇ ਬਾਅਦ ਵਿੱਚ ਬਣਾਏ ਸਨ। ਉਸਦਾ ਪੰਜ ਪ੍ਰਧਾਨੀ ਪ੍ਰੰਪਰਾ ਨਾਲ਼ ਕੋਈ ਸਬੰਧ ਨਹੀਂ। ਉਸ ਵਲੋਂ ਅਨੇਕਾਂ ਵਿਵਾਦਤ ਹੁਕਮਨਾਮੇ ਜਾਰੀ ਕੀਤੇ ਗਏ, ਜਿਨ੍ਹਾਂ ਵਿੱਚੋਂ ਲੰਗਰ ਨੂੰ ਤੱੜਪਾਂ 'ਤੇ ਬੈਠ ਕੇ ਛਕਣ ਅਤੇ ਵਿਆਹ ਮੈਰਿਜ ਪੈਲਸਾਂ ਵਿੱਚ ਨਾ ਕਰਨ ਬਾਰੇ ਸੀ। ਜਿਨ੍ਹਾਂ ਦੋਨਾਂ ਹੁਕਮਨਾਮਿਆਂ ਦਾ ਖਮਿਆਜਾ ਸਿੱਖ 25 ਸਾਲ ਬਾਅਦ ਵੀ ਦੁਨੀਆਂ ਭਰ 'ਚ ਭੁਗਤ ਰਹੇ ਹਨ। ਜਿਸ ਤਰ੍ਹਾਂ ਜਥੇਦਾਰਾਂ ਨੂੰ ਵਰਤ ਕੇ 1985 ਵਿੱਚ ਬਣੀ ਸੁਰਜੀਤ ਸਿੰਘ ਬਰਨਾਲ਼ਾ ਦੀ ਅਕਾਲੀ ਸਰਕਾਰ ਤੋੜਨ ਦੀਆਂ ਕੋਸ਼ਿਸ਼ਾਂ ਬਾਦਲ-ਟੌਹੜਾ ਨੇ ਰਲ਼ ਕੇ ਕੀਤੀਆਂ ਸਨ। ਕੁਝ ਇਸੇ ਤਰ੍ਹਾਂ ਦੀਆਂ ਕੋਸ਼ਿਸ਼ਾਂ ਜਥੇਦਾਰ ਟੌਹੜਾ ਵਲੋਂ 1997 ਵਿੱਚ ਬਣੀ ਬਾਦਲ ਸਰਕਾਰ ਵਿਰੁੱਧ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਇਸ ਵਾਰ ਬਾਦਲ ਅਜਿਹੀ ਕਿਸੇ ਵੀ ਕੋਸ਼ਿਸ਼ ਨੂੰ ਸਿਰੇ ਚੜ੍ਹਨ ਤੋਂ ਰੋਕਣ ਲਈ ਟੌਹੜਾ ਖਿਲਾਫ ਸਖਤ ਐਕਸ਼ਨ ਦੇ ਰੌਂਅ ਵਿੱਚ ਸੀ। ਉਸੇ ਸਮੇਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਨੇ ਜਥੇਦਾਰ ਟੌਹੜਾ ਖਿਲਾਫ ਵੋਟਾਂ ਮੰਗਣ ਲਈ ਨਿਰੰਕਾਰੀ ਭਵਨ ਜਾਣ ਦਾ ਮੁੱਦਾ ਅਕਾਲ ਤਖਤ ਅੱਗੇ ਪੇਸ਼ ਕਰ ਦਿੱਤਾ। ਜਿਸਨੂੰ ਭਾਈ ਰਣਜੀਤ ਸਿੰਘ ਨੇ ਆਪਣੇ ਸਾਥੀ ਜਥੇਦਾਰਾਂ ਨੂੰ ਭਰੋਸੇ 'ਚ ਲਏ ਬਗੈਰ ਹੀ ਗੈਰ ਤਸੱਲੀਬਖਸ਼ ਢੰਗ ਨਾਲ਼ ਫੋਟੋਆਂ ਨਕਲੀ ਕਹਿ ਕੇ ਟੌਹੜਾ ਸਾਹਿਬ ਨੂੰ ਸਾਫ ਬਰੀ ਕਰ ਦਿੱਤਾ। ਪਰ ਬਾਦਲ-ਟੌਹੜਾ ਵਿੱਚ ਦੂਰੀਆਂ ਵਧਦੀਆਂ ਜਾ ਰਹੀਆਂ ਸਨ। ਇਸ ਤੋਂ ਪਹਿਲਾਂ ਕਿ ਬਾਦਲ ਕੋਈ ਕਾਰਵਾਈ ਕਰਦਾ, ਜਥੇਦਾਰ ਟੌਹੜਾ ਨੇ 31 ਦਸੰਬਰ, 1998 ਨੂੰ ਭਾਈ ਰਣਜੀਤ ਸਿੰਘ ਤੋਂ ਬਾਦਲ-ਟੌਹੜਾ ਨੂੰ ਆਪਣੀ ਲੜਾਈ ਖਾਲਸੇ ਦੀ ਤੀਜੀ ਸ਼ਤਾਬਦੀ ਤੱਕ ਅੱਗੇ ਪਾਉਣ ਦਾ ਹੁਕਮ ਜਾਰੀ ਕਰਵਾ ਦਿੱਤਾ। ਜਿਸਨੂੰ ਬਾਦਲ ਧੜਾ ਮੰਨਣ ਲਈ ਤਿਆਰ ਨਹੀਂ ਸੀ। ਜਿਸਦਾ ਅਕਾਲੀ ਅਤੇ ਸ਼੍ਰੋਮਣੀ ਕਮੇਟੀ ਲੀਡਰਸ਼ਿਪ ਦੇ ਨਾਲ਼-ਨਾਲ਼ ਦੋ ਤਖਤਾਂ ਦੇ ਜਥੇਦਾਰਾਂ ਪ੍ਰੋ. ਮਨਜੀਤ ਸਿੰਘ ਅਤੇ ਗਿਆਨੀ ਕੇਵਲ ਸਿੰਘ ਨੇ ਵੀ ਵਿਰੋਧ ਕੀਤਾ। ਇਸੇ ਦੌਰਾਨ ਭਾਈ ਰਣਜੀਤ ਸਿੰਘ ਨੇ 25 ਜਨਵਰੀ, 1999 ਨੂੰ ਤਖਤ ਕੇਸਗੜ੍ਹ ਦੇ ਜਥੇਦਾਰ ਪ੍ਰੋ ਮਨਜੀਤ ਸਿੰਘ ਅਤੇ ਰੋਜ਼ਾਨਾ ਅਜੀਤ ਅਖ਼ਬਾਰ ਦੇ ਮੁੱਖ ਸੰਪਾਦਕ ਬਰਜਿੰਦਰ ਸਿੰਘ ਹਮਦਰਦ ਨੂੰ ਤਲਬ ਕਰ ਲਿਆ। 1 ਫਰਵਰੀ, 1999 ਨੂੰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਲੋਂ ਭਾਈ ਰਣਜੀਤ ਸਿੰਘ ਅਤੇ ਜਥੇਦਾਰ ਟੌਹੜਾ ਤੋਂ ਅਸਤੀਫੇ ਦੀ ਮੰਗ ਕੀਤੀ ਗਈ। ਅਜਿਹੇ ਵਿੱਚ ਸਥਿਤੀ ਹੱਥੋਂ ਨਿਕਲਦੀ ਦੇਖ ਬਾਦਲ ਧੜੇ

ਵਲੋਂ 11 ਫਰਵਰੀ, 1999 ਨੂੰ ਭਾਈ ਰਣਜੀਤ ਸਿੰਘ ਨੂੰ ਜਥੇਦਾਰੀ ਤੋਂ ਮੁਅੱਤਲ ਕਰਕੇ ਗਿਆਨੀ ਪੂਰਨ ਸਿੰਘ ਨੂੰ ਜਥੇਦਾਰ ਥਾਪ ਦਿੱਤਾ ਗਿਆ।ਉਸ ਤੋਂ ਬਾਅਦ ਜਥੇਦਾਰ ਟੌਹੜਾ ਨੂੰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਹਟਾ ਕੇ 22 ਮਾਰਚ, 1999 ਨੂੰ ਬੀਬੀ ਜਗੀਰ ਕੌਰ ਨੂੰ ਨਵਾਂ ਪ੍ਰਧਾਨ ਥਾਪ ਦਿੱਤਾ ਗਿਆ।

ਬਾਦਲ ਧੜੇ ਨੂੰ ਖਾਲਸਾ ਸ਼ਤਾਬਦੀ ਮੌਕੇ ਭਾਈ ਰਣਜੀਤ ਸਿੰਘ ਅਤੇ ਜਥੇਦਾਰ ਟੌਹੜਾ ਨੂੰ ਬਾਹਰ ਦਾ ਰਸਤਾ ਦਿਖਾ ਕੇ ਕੁਝ ਰਾਹਤ ਮਿਲ ਗਈ ਸੀ ਅਤੇ ਉਨ੍ਹਾਂ ਆਪਣੀ ਮਰਜੀ ਅਨੁਸਾਰ ਸ਼ਤਾਬਦੀ ਸਮਾਗਮ ਕੀਤੇ। ਪਰ ਕੁਝ ਮਹੀਨਿਆਂ ਵਿੱਚ ਹੀ ਬੀਬੀ ਜਗੀਰ ਕੌਰ ਅਤੇ ਗਿਆਨੀ ਪੂਰਨ ਸਿੰਘ ਉਨ੍ਹਾਂ ਲਈ ਨਵੀਂ ਮੁਸੀਬਤ ਬਣ ਗਏ ਸਨ। ਬੀਬੀ ਜਗੀਰ ਕੌਰ ਨੇ ਸ਼੍ਰੋਮਣੀ ਕਮੇਟੀ ਵਲੋਂ 1998 ਵਿੱਚ ਪਾਸ ਕੀਤੇ ਨਾਨਕਸ਼ਾਹੀ ਕੈਲੰਡਰ ਨੂੰ ਲਾਗੂ ਕਰਨ ਦਾ ਫੈਸਲਾ ਕਰ ਲਿਆ, ਜੋ ਗਿਆਨੀ ਪੂਰਨ ਸਿੰਘ, ਦਮਦਮੀ ਟਕਸਾਲ, ਸੰਤ ਸਮਾਜ ਨੂੰ ਮੰਜੂਰ ਨਹੀਂ ਸੀ। ਅਜਿਹੀਆਂ ਅਫਵਾਹਾਂ ਚੱਲ ਰਹੀਆਂ ਸਨ ਕਿ ਬੀਬੀ ਜਗੀਰ ਕੌਰ ਵਲੋਂ ਗਿਆਨੀ ਪੂਰਨ ਸਿੰਘ ਨੂੰ ਜਥੇਦਾਰੀ ਤੋਂ ਹਟਾ ਦਿੱਤਾ ਜਾਵੇਗਾ? ਇਸ ਤੋਂ ਪਹਿਲਾਂ ਕਿ ਬੀਬੀ ਜਗੀਰ ਕੌਰ ਅਜਿਹਾ ਕੋਈ ਕਦਮ ਚੁੱਕਦੀ, ਗਿਆਨੀ ਪੂਰਨ ਸਿੰਘ ਨੇ ਇਕੱਲੇ ਤੌਰ 'ਤੇ ਮੱਧ ਪ੍ਰਦੇਸ਼ ਦੇ ਗੂਨਾ ਸ਼ਹਿਰ ਤੋਂ 25 ਜਨਵਰੀ, 2000 ਨੂੰ ਫੈਕਸ ਰਾਹੀਂ ਹੁਕਮਨਾਮਾ ਜਾਰੀ ਕਰਕੇ ਬੀਬੀ ਜਗੀਰ ਕੌਰ, 3 ਜਥੇਦਾਰਾਂ, ਸ਼੍ਰੋਮਣੀ ਕਮੇਟੀ ਦੀ ਐਗਜੈਕਟਿਵ ਕਮੇਟੀ ਦੇ 5 ਮੈਂਬਰਾਂ ਨੂੰ ਪੰਥ ਵਿੱਚੋਂ ਛੇਕਣ ਤੋਂ ਇਲਾਵਾ ਨਾਨਕਸ਼ਾਹੀ ਕੈਲੰਡਰ 'ਤੇ ਪਾਬੰਦੀ ਲਗਾ ਦਿੱਤੀ। ਬੀਬੀ ਜਗੀਰ ਕੌਰ ਨੇ ਪੂਰਨ ਸਿੰਘ ਦਾ ਹੁਕਮਨਾਮਾ (ਫੈਕਸਨਾਮਾ) ਮੰਨਣ ਤੋਂ ਇਨਕਾਰ ਕਰਕੇ ਬਾਕੀ 4 ਸਿੰਘ ਸਾਹਿਬਾਨ ਤੋਂ ਬਿਆਨ ਜਾਰੀ ਕਰਵਾ ਦਿੱਤਾ ਕਿ ਗਿਆਨੀ ਪੂਰਨ ਸਿੰਘ ਦਾ ਹੁਕਮਨਾਮਾ ਸਿੱਖ ਮਰਿਯਾਦਾ ਦੇ ਉਲਟ ਹੈ। ਅਜਿਹੀ ਸਥਿਤੀ ਵਿੱਚੋਂ ਨਿਕਲਣ ਲਈ ਸ਼੍ਰੋਮਣੀ ਕਮੇਟੀ ਵਲੋਂ 28 ਮਾਰਚ, 2000 ਨੂੰ ਗਿਆਨੀ ਪੂਰਨ ਸਿੰਘ ਨੂੰ ਅਹੁਦੇ ਤੋਂ ਹਟਾ ਦਿੱਤਾ ਅਤੇ ਗਿਆਨੀ ਜੁਗਿੰਦਰ ਸਿੰਘ ਵੇਦਾਂਤੀ ਨੂੰ ਨਵਾਂ ਜਥੇਦਾਰ ਥਾਪ ਦਿੱਤਾ। ਜਥੇਦਾਰ ਜੁਗਿੰਦਰ ਸਿੰਘ ਵੇਦਾਂਤੀ ਨੇ ਪੰਜ ਸਿੰਘ ਸਾਹਿਬਾਨ ਦੀ ਆਪਣੀ 29 ਮਾਰਚ, 2000 ਦੀ ਪਹਿਲੀ ਮੀਟਿੰਗ ਵਿੱਚ ਗਿਆਨੀ ਪੂਰਨ ਸਿੰਘ ਵਲੋਂ ਬੀਬੀ ਜਗੀਰ ਕੌਰ ਨੂੰ ਪੰਥ ਵਿੱਚੋਂ ਛੇਕਣ ਸਮੇਤ ਸਾਰੇ ਹੁਕਮਨਾਮੇ ਰੱਦ ਕਰ ਦਿੱਤੇ। ਇਸ ਤੋਂ ਪਹਿਲਾਂ ਗਿਆਨੀ ਪੂਰਨ ਸਿੰਘ ਰਾਹੀਂ ਭਾਈ ਰਣਜੀਤ ਸਿੰਘ ਵਲੋਂ ਜਾਰੀ ਕੁਝ ਹੁਕਮਨਾਮੇ ਵੀ ਰੱਦ ਕੀਤੇ ਗਏ ਸਨ, ਜੋ ਬਾਦਲ ਧੜੇ ਨੂੰ ਰਾਸ ਨਹੀਂ ਆਉਂਦੇ ਸਨ, ਜਿਨ੍ਹਾਂ ਵਿੱਚ ਅਜੀਤ ਅਖਬਾਰ ਦੇ ਸੰਪਾਦਕ ਬਰਜਿੰਦਰ ਸਿੰਘ ਨੂੰ ਅਕਾਲ ਤਖਤ 'ਤੇ ਤਲਬ ਕਰਨ ਦਾ ਹੁਕਮਨਾਮਾ ਪ੍ਰਮੁੱਖ ਸੀ। ਇਸੇ ਮੀਟਿੰਗ ਵਿੱਚ ਜਥੇਦਾਰ ਵੇਦਾਂਤੀ ਨੇ ਸ਼੍ਰੋਮਣੀ ਕਮੇਟੀ ਨੂੰ ਇਹ ਹਦਾਇਤ ਵੀ ਕੀਤੀ ਸੀ: 'ਜਲਦੀ ਤੋਂ ਜਲਦੀ ਗੁਰਮਤਿ ਸੋਚ ਵਾਲ਼ੇ ਮਾਹਰਾਂ ਦੀ ਕਮੇਟੀ ਬਣਾ ਕੇ ਤਖਤ ਸਾਹਿਬਾਨ ਦੇ ਜਥੇਦਾਰਾਂ, ਮੁੱਖ ਗ੍ਰੰਥੀਆਂ ਦੇ ਸੇਵਾ ਨਿਯਮ, ਜਿਵੇਂ ਨਿਯੁਕਤੀ ਲਈ ਯੋਗਤਾਵਾਂ, ਉਨ੍ਹਾਂ ਦਾ ਕਾਰਜ ਖੇਤਰ, ਕਾਰਜ ਵਿਧੀ, ਅਧਿਕਾਰ ਅਤੇ ਜ਼ਿੰਮੇਵਾਰੀਆਂ, ਸੇਵਾ ਮੁਕਤੀ ਆਦਿ ਦੇ ਨਿਯਮ ਨਿਰਧਾਰਤ ਕਰਨ ਤਾਂ ਕਿ ਅਕਾਲ ਤਖਤ ਸਾਹਿਬ ਤੋਂ ਹੁਕਮਨਾਮੇ ਜਾਰੀ ਕਰਨ ਦਾ ਸਪੱਸ਼ਟ ਵਿਧੀ ਵਿਧਾਨ ਸੁਨਿਸਚਿਤ ਹੋਵੇ। ਜਿਸ ਨਾਲ਼ ਨਿੱਜੀ ਹਿੱਤਾਂ ਤੋਂ ਪ੍ਰੇਰਤ ਹੁਕਮਨਾਮੇ ਜਾਰੀ ਨਾ ਹੋ ਸਕਣ।'

ਉਪਰਲੀ ਲੰਬੀ-ਚੌੜੀ 50ਕੁ ਸਾਲ ਦੀ ਅਕਾਲ ਤਖਤ, ਤਖਤਾਂ ਦੇ ਜਥੇਦਾਰਾਂ, ਸ਼੍ਰੋਮਣੀ ਕਮੇਟੀ, ਅਕਾਲੀ ਦਲਾਂ, ਪੰਥਕ ਤੇ ਖਾੜਕੂ ਜਥੇਬੰਦੀਆਂ ਬਾਰੇ ਚਰਚਾ ਕਰਨ ਦਾ ਮਕਸਦ ਸਿਰਫ ਇਹ ਸੀ ਕਿ ਅਸੀਂ ਜਾਣ ਸਕੀਏ ਕਿ ਤਖਤਾਂ ਦੇ ਜਥੇਦਾਰ, ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਕਿਵੇਂ ਆਪਣੇ ਨਿੱਜ ਸਵਾਰਥਾਂ ਅਤੇ ਰਾਜਨੀਤਕ ਹਿੱਤਾਂ ਲਈ ਅਕਾਲ ਤਖਤ ਅਤੇ ਜਥੇਦਾਰਾਂ ਨੂੰ ਵਰਤਦੇ ਰਹੇ ਹਨ। ਇਸੇ ਤਰ੍ਹਾਂ ਜਦੋਂ ਵੀ ਜਥੇਦਾਰਾਂ ਵਿੱਚ ਆਪਣੇ ਸਰਬਉਚ ਹੋਣ ਦਾ ਭਰਮ ਪੈ ਜਾਂਦਾ ਸੀ ਤਾਂ ਕਿਵੇਂ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਦੇ ਲੀਡਰ ਇਨ੍ਹਾਂ ਨੂੰ ਬੇਇੱਜ਼ਤ ਕਰਕੇ ਘਰ ਤੋਰਦੇ ਸਨ ਅਤੇ ਖਾੜਕੂ ਇਨ੍ਹਾਂ ਦੇ ਗੋਲ਼ੀਆਂ ਵੀ ਮਾਰਦੇ ਸਨ। ਪਰ ਇਸ ਸਾਰੇ ਵਰਤਾਰੇ ਵਿੱਚ ਇੱਕ ਗੱਲ ਸਪੱਸ਼ਟ ਹੈ ਕਿ ਪ੍ਰਤੱਖ ਰੂਪ ਵਿੱਚ ਤਾਕਤ ਸ਼੍ਰੋਮਣੀ ਕਮੇਟੀ ਕੋਲ਼ ਹੀ ਹੁੰਦੀ ਹੈ, ਪਰ ਅਪ੍ਰਤੱਖ ਰੂਪ ਵਿੱਚ ਸ਼੍ਰੋਮਣੀ ਕਮੇਟੀ ਕੋਈ ਵੀ ਫੈਸਲਾ ਅਕਾਲੀ ਦਲ ਦੇ ਰਾਜਨੀਤਕ ਆਗੂਆਂ ਦੀ ਮਰਜੀ ਤੋਂ ਬਿਨਾਂ ਨਹੀਂ ਕਰ ਸਕਦੀ। ਇਸ ਵਾਰਤਾਲਾਪ ਨਾਲ਼ ਪਾਠਕਾਂ ਨੂੰ ਸ਼ਾਇਦ ਮੌਜੂਦਾ ਦੌਰ ਵਿੱਚ ਵਾਪਰ ਰਹੀਆਂ ਘਟਨਾਵਾਂ ਨੂੰ ਸਮਝਣ ਵਿੱਚ ਮੱਦਦ ਮਿਲੇਗੀ।

ਹੁਣ ਚੱਲਦੇ ਹਾਂ, ਅਕਾਲ ਤਖਤ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਵਿੱਚ ਚੱਲ ਰਹੇ ਨਵੇਂ ਵਿਵਾਦ ਵੱਲ..। ਇਸਦੀ ਸ਼ੁਰੂਆਤ ਮਈ, 2007 ਵਿੱਚ ਸੱਚਾ ਸੌਦਾ ਡੇਰੇ ਦੇ ਮੁੱਖੀ ਗੁਰਮੀਤ ਰਾਮ ਰਹੀਮ ਵਲੋਂ ਗੁਰੂ ਗੋਬਿੰਦ ਸਿੰਘ ਜੀ ਦੀ ਫੋਟੋਆਂ ਵਿੱਚ ਪ੍ਰਚਲਤ ਪੁਸ਼ਾਕ ਪਾ ਕੇ ਅੰਮ੍ਰਿਤ ਛਕਾਉਣ ਦਾ ਸਵਾਂਗ ਰਚਣ ਨਾਲ਼ ਹੋਈ ਸੀ। ਜਿਸਦੀ ਮੀਡੀਏ ਦੇ ਇੱਕ ਹਿੱਸੇ ਵਲੋਂ ਕਿਸੇ ਸਾਜ਼ਿਸ਼ ਅਧੀਨ ਇਸਨੂੰ ਇੱਕ ਬਹੁਤ ਵੱਡੀ ਘਟਨਾ ਬਣਾ ਕਿ ਅਜਿਹੇ ਢੰਗ ਨਾਲ਼ ਪੇਸ਼ ਕੀਤਾ ਗਿਆ, ਜਿਸ ਨਾਲ਼ ਆਮ ਸਿੱਖਾਂ ਦਾ ਇੱਕ ਵੱਡਾ ਹਿੱਸਾ ਭੜਕ ਮਰਨ-ਮਾਰਨ ਲਈ ਤਿਆਰ ਹੋ ਗਿਆ। ਉਸ ਵਕਤ ਪੰਜਾਬ ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਦੁਬਾਰਾ ਨਵੀਂ-ਨਵੀਂ ਅਕਾਲੀ ਸਰਕਾਰ ਬਣੀ ਸੀ। ਅਕਾਲੀ ਸਰਕਾਰ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਅਨੁਸਾਰ ਗੁਰਮੀਤ ਰਾਮ ਰਹੀਮ ਖਿਲਾਫ ਕੋਈ ਠੋਸ ਕਾਰਵਾਈ ਕਰਨ ਤੋਂ ਨਾਕਾਮ ਰਹੀ। ਕੁਝ ਮਹੀਨੇ ਬਾਅਦ ਭਾਰੀ ਦਬਾਅ ਵਿੱਚ ਤਖਤਾਂ ਦੇ ਜਥੇਦਾਰਾਂ ਨੇ ਡੇਰਾ ਮੁੱਖੀ ਖਿਲਾਫ ਇੱਕ ਹੁਕਮਨਾਮਾ ਜਾਰੀ ਕਰ ਦਿੱਤਾ ਕਿ ਡੇਰਾ ਮੁੱਖੀ ਸਮੇਤ ਡੇਰਾ ਸੱਚਾ ਸੌਦਾ ਦਾ ਪੂਰਨ ਰੂਪ ਵਿੱਚ ਬਾਈਕਾਟ ਕੀਤਾ ਜਾਵੇ। ਜਿਸ ਨਾਲ਼ ਹਾਲਾਤ ਹੋਰ ਖਰਾਬ ਗਏ। ਗਰਮ ਖਿਆਲੀ ਸਿੱਖ ਧੜਿਆਂ ਅਤੇ ਡੇਰਾ ਪ੍ਰੇਮੀਆਂ ਵਿੱਚ ਕਈ ਜਗ੍ਹਾ ਝੜਪਾਂ ਹੋਈਆਂ। ਡੇਰਾ ਮੁੱਖੀ ਦੀ ਗ੍ਰਿਫਤਾਰੀ ਦੀ ਮੰਗ ਹੋਣ ਲੱਗੀ। ਇਹ ਮਸਲਾ ਅਜੇ ਚੱਲ ਹੀ ਰਿਹਾ ਸੀ ਕਿ ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦਾ ਇੱਕ ਨਵਾਂ ਦੌਰ ਸ਼ੁਰੂ ਹੋ ਗਿਆ, ਜਿਸ ਨਾਲ਼ ਸਿੱਖਾਂ ਵਿੱਚ ਅਕਾਲੀ ਸਰਕਾਰ ਅਤੇ ਸੱਚਾ ਸੌਦਾ ਡੇਰੇ ਖਿਲਾਫ ਗੁੱਸਾ ਹੋਰ ਵਧਣਾ ਸ਼ੁਰੂ ਹੋ ਗਿਆ। ਅਜਿਹੇ ਸ਼ੰਕੇ ਜਾਹਰ ਹੋਣ ਲੱਗੇ ਕਿ ਇਨ੍ਹਾਂ ਬੇਅਦਬੀਆਂ ਪਿੱਛੇ ਡੇਰਾ ਪ੍ਰੇਮੀਆਂ ਦਾ ਹੱਥ ਹੈ। ਇਸੇ ਦੌਰਾਨ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਡੇਰਾ ਸੱਚਾ ਸੌਦਾ ਖਿਲਾਫ ਮੋਰਚਾ ਲਗਾ ਦਿੱਤਾ। ਬਾਦਲ ਸਰਕਾਰ ਦੀਆਂ ਪਤਾ ਨਹੀਂ ਕੀ ਮਜਬੂਰੀਆਂ ਸਨ ਕਿ ਲੋਕ ਰੋਹ ਠੰਡਾ ਕਰਨ ਦੀ ਥਾਂ ਤਖਤਾਂ ਦੇ ਜਥੇਦਾਰਾਂ ਤੋਂ 2015 ਵਿੱਚ ਮੁਆਫੀ ਵਾਲ਼ਾ ਫੁਰਮਾਨ ਜਾਰੀ ਕਰਾ ਦਿੱਤਾ ਗਿਆ। ਜਿਸ ਨਾਲ਼ ਹਾਲਾਤ ਅਜਿਹੇ ਬਣੇ ਕਿ ਅਕਾਲੀ ਦਲ, ਸ਼੍ਰੋਮਣੀ ਕਮੇਟੀ, ਤਖਤਾਂ ਦੇ ਜਥੇਦਾਰਾਂ ਦਾ ਘਰੋਂ ਬਾਹਰ ਨਿਕਲਣਾ ਮੁਸ਼ਕਿਲ ਹੋ ਗਿਆ। ਇਸੇ ਮੌਕੇ ਦਾ ਫਾਇਦਾ ਉਠਾ ਕਿ ਅਕਾਲੀ ਦਲ ਮਾਨ ਵਲੋਂ 'ਸਰਬੱਤ ਖਾਲਸਾ' ਸੱਦਿਆ ਗਿਆ, ਜਿਸ ਵਿੱਚ ਤਖਤਾਂ ਦੇ ਜਥੇਦਾਰ ਹਟਾ ਦਿੱਤੇ ਗਏ, ਸ਼੍ਰੋਮਣੀ ਕਮੇਟੀ ਭੰਗ ਕਰਨ ਦੀ ਗੱਲਾਂ ਹੋਈਆਂ। ਪਰ ਇਸ ਸਭ ਦੇ ਬਾਵਜੂਦ ਗਰਮ ਖਿਆਲੀ ਧੜੇ ਅਤੇ ਵਿਦੇਸ਼ੀਂ ਬੈਠੇ ਖਾਲਿਸਤਾਨੀ ਧੜੇ ਅਕਾਲੀਆਂ ਤੋਂ ਸ਼੍ਰੋਮਣੀ ਕਮੇਟੀ ਖੋਹਣ ਅਤੇ ਉਨ੍ਹਾਂ ਵਲੋਂ ਥਾਪੇ ਜਥੇਦਾਰਾਂ ਨੂੰ ਲਾਂਭੇ ਨ ਕਰ ਸਕੇ। ਇੱਥੇ ਇੱਕ ਸਵਾਲ ਇਹ ਵੀ ਪੈਦਾ ਹੋ ਰਿਹਾ ਹੈ ਕਿ ਹੁਣ ਜਦੋਂ 16-17 ਸਾਲ ਬਾਅਦ ਅਕਾਲੀ ਲੀਡਰਸ਼ਿਪ ਨੇ ਆਪਣੀਆਂ ਗਲਤੀਆਂ ਮੰਨ ਲਈਆਂ ਹਨ ਅਤੇ ਉਨ੍ਹਾਂ ਨੂੰ ਧਾਰਮਿਕ ਸਜ਼ਾਵਾਂ ਵੀ ਲੱਗ ਗਈਆਂ ਹਨ, ਪਰ ਕੀ ਇਸ ਨਾਲ਼ ਹੁਣ ਬੇਅਦਬੀਆਂ ਦੇ ਅਸਲ ਦੋਸ਼ੀ ਬਰੀ ਸਮਝੇ ਜਾਣ, ਕੀ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਕੋਈ ਕਨੂੰਨੀ ਕਾਰਵਾਈ ਨਹੀਂ ਹੋਣੀ ਚਾਹੀਦੀ ਅਤੇ ਕੀ ਹੁਣ ਇਹ ਸਾਰਾ ਚੈਪਟਰ ਬੰਦ ਸਮਝਿਆ ਜਾਵੇ?

ਇੱਕ ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ 2017 ਵਿੱਚ ਅਕਾਲੀਆਂ ਦੇ ਹਾਰ ਜਾਣ ਤੋਂ ਬਾਅਦ 5 ਸਾਲ ਕਾਂਗਰਸ ਦੀ ਸਰਕਾਰ ਰਹੀ, ਹੁਣ 2022 ਤੋਂ 'ਆਮ ਆਦਮੀ ਪਾਰਟੀ' ਦੀ ਸਰਕਾਰ ਬਣੀ ਹੋਈ ਹੈ। ਜੇ ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਹੀ ਇਸ ਸਭ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਸੀ ਤਾਂ ਫਿਰ ਕੈਪਟਨ ਦੀ ਕਾਂਗਰਸ ਸਰਕਾਰ ਅਤੇ ਹੁਣ 'ਆਪ' ਦੀ ਭਗਵੰਤ ਮਾਨ ਸਰਕਾਰ, ਬਾਦਲਕਿਆਂ ਨੂੰ ਸਜ਼ਾਵਾਂ ਕਿਉਂ ਨਹੀਂ ਦੇ ਸਕੀ? ਕੀ ਜਥੇਦਾਰਾਂ ਨੂੰ 'ਕਾਂਗਰਸ' ਅਤੇ 'ਆਪ' ਲੀਡਰਸ਼ਿਪ ਤੋਂ ਸਪੱਸ਼ਟੀਕਰਨ ਨਹੀਂ ਲੈਣਾ ਚਾਹੀਦਾ ਸੀ?

ਬਾਕੀ ਸਾਰੀਆਂ ਧਿਰਾਂ ਦੀਆਂ ਗਲਤੀਆਂ ਨੂੰ ਨਜ਼ਰ-ਅੰਦਾਜ ਕਰਕੇ ਦੇਸ਼-ਵਿਦੇਸ਼ ਦੇ ਸਿੱਖਾਂ ਵਿਚਲੇ ਗਰਮ-ਖਿਆਲੀ ਪੰਥਕ ਧੜੇ ਪਿਛਲ਼ੇ 15-20 ਸਾਲ ਵਿੱਚ ਬਾਦਲਾਂ, ਸ਼੍ਰੋਮਣੀ ਕਮੇਟੀ, ਤਖਤਾਂ ਦੇ ਜਥੇਦਾਰਾਂ ਖਿਲਾਫ ਬਹੁ-ਗਿਣਤੀ ਸਿੱਖਾਂ ਅੰਦਰ ਸਿੱਖ ਵਿਰੋਧੀ ਹੋਣ ਦਾ ਬ੍ਰਿਤਾਂਤ ਸਿਰਜਣ ਵਿੱਚ ਸਫਲ ਜਰੂਰ ਹੋਏ ਹਨ। ਪਰ ਉਨ੍ਹਾਂ ਨੂੰ ਲਾਂਭੇ ਕਰਨ ਵਿੱਚ ਸਫਲ ਨਹੀਂ ਹੋਏ। ਬਾਦਲਾਂ ਦੀ ਅਗਵਾਈ ਵਿੱਚ ਅਕਾਲੀ ਆਪਣੀਆਂ ਸਿਆਸੀ ਗਿਣਤੀਆਂ-ਮਿਣਤੀਆਂ ਅਧੀਨ ਡੇਰਾ ਸੱਚਾ ਸੌਦਾ, ਬੇਅਦਬੀਆਂ ਦੇ ਮਸਲਿਆਂ 'ਤੇ ਕੁਝ ਅਜਿਹਾ ਕਰਨ ਤੋਂ ਅਸਮਰਥ ਰਹੇ, ਜਿਸ ਨਾਲ਼ ਸਿੱਖ ਮਨਾਂ ਨੂੰ ਸ਼ਾਂਤ ਕਰ ਸਕਦੇ। ਜਿਸ ਨਾਲ਼ ਧਾਰਮਿਕ ਖੇਤਰ ਦੇ ਨਾਲ਼-ਨਾਲ਼ ਉਹ ਪੰਜਾਬ ਅਤੇ ਸਿੱਖਾਂ ਵਿੱਚ ਆਪਣਾ ਸਿਆਸੀ ਆਧਾਰ ਗੁਆ ਬੈਠੇ। ਜਿਸਦੇ ਨਤੀਜੇ ਵਜੋਂ 2014 ਦੀ ਲੋਕ ਸਭਾ ਚੋਣਾਂ ਤੋਂ ਸ਼ੁਰੂ ਹੋ ਕਿ 2019 ਤੇ 2024 ਦੀ ਚੋਣਾਂ ਤੱਕ ਉਹ ਦੇਸ਼ ਦੀ ਪਾਰਲੀਮੈਂਟ ਦੀ ਸਿਆਸਤ ਵਿੱਚੋਂ ਬਾਹਰ ਹੋ ਗਏ। ਇਸੇ ਤਰ੍ਹਾਂ 2017 ਅਤੇ 2022 ਦੀਆਂ ਅਸਬੰਲੀ ਚੋਣਾਂ ਵਿੱਚ ਸੂਬੇ ਦੀ ਸਿਆਸਤ ਵਿੱਚੋਂ ਵੀ ਮਨਫੀ ਹੋ ਗਏ। ਇਤਨੇ ਵੱਡੇ ਸਿਆਸੀ ਨੁਕਸਾਨ ਤੋਂ ਬਾਅਦ ਵੀ ਉਹ ਲੋਕਾਂ ਦੀ ਮਾਨਸਿਕਤਾ ਨੂੰ ਕਿਉਂ ਨਹੀਂ ਸਮਝ ਸਕੇ, ਇਹ ਇੱਕ ਵੱਡਾ ਸਵਾਲ ਹੈ? ਮੌਜੂਦਾ ਹਾਲਾਤਾਂ ਵਿੱਚ ਕੇਂਦਰ ਦੀ ਭਾਜਪਾ ਸਰਕਾਰ, ਜਿਸ ਨਾਲ਼ ਅਕਾਲੀ ਦਲ ਦੀ 40 ਸਾਲ ਤੋਂ ਸਾਂਝ ਸੀ, ਉਹ ਵੀ ਕਿਸਾਨ ਮੋਰਚੇ ਦੌਰਾਨ 2020 ਵਿੱਚ ਟੁੱਟਣ ਨਾਲ਼, ਹੁਣ ਉਨ੍ਹਾਂ ਨੂੰ ਖਤਰਾ ਮਹਿਸੂਸ ਹੋ ਰਿਹਾ ਹੈ ਕਿ ਭਾਜਪਾ ਸ਼੍ਰੋਮਣੀ ਕਮੇਟੀ ਚੋਣਾਂ ਕਰਾ ਕੇ ਬਾਦਲ ਵਿਰੋਧੀ ਧੜਿਆਂ ਦਾ ਕਬਜਾ ਕਰਵਾ ਸਕਦੀ ਹੈ? ਹੁਣ ਵੱਡਾ ਸਵਾਲ ਤਾਂ ਇਹ ਹੈ ਕਿ ਉਪਰ ਦੱਸੇ ਘਟਨਾਵਾਂ ਦੇ ਸਾਰੇ ਵੇਰਵਿਆਂ ਅਨੁਸਾਰ ਜਦੋਂ ਬਾਦਲ ਅਕਾਲੀ ਦਲ ਪੂਰੀ ਤਰ੍ਹਾਂ ਮੂੰਧੇ-ਮੂੰਹ ਡਿਗਿਆ ਪਿਆ ਹੈ, ਕੀ ਬਾਦਲ ਵਿਰੋਧੀ ਧੜੇ, ਸ੍ਰੀ ਅਕਾਲ ਤਖਤ ਸਾਹਿਬ ਦੇ ਇਖਲਾਕੀ ਦਾਬੇ ਦੀ ਜ਼ਬਰਨ ਵਰਤੋਂ ਕਰਕੇ ਬਾਦਲ ਦਲੀਆਂ ਨੂੰ ਚਾਰੇ-ਪਾਸਿਉਂ ਚਿੱਤ ਕਰਕੇ ਬਾਕੀ ਧੜਿਆਂ ਦੇ ਗੈਰ-ਸਿਧਾਂਤਕ ਗੱਠਜੋੜ ਨਾਲ਼ ਪੰਥ ਵਿੱਚ ਨਵੀਂ ਰੂਹ ਫੂਕ ਸਕਣਗੇਸ਼?

(ਚਲਦਾ)

# ਮੋਦੀ ਕਾਲ : ਕਾਰਪੋਰੇਟ ਘਰਾਣਿਆਂ ਲਈ ਖੁੱਲ੍ਹੇ ਗੱਫੇ

(ਸਫ਼ਾ 7 ਦੀ ਬਾਕੀ)

ਦੁੱਗਣਾ-ਰਾਤ ਚੌਗੁਣਾ ਲਾਭ ਦਿੱਤਾ ਹੈ, ਉੱਥੇ ਹੀ ਦੂਜੇ ਪਾਸੇ ਆਮ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਤੋਂ ਵੀ ਵਾਂਝਾ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ। ਅੱਜ ਭਾਰਤ ਦੀ ਲੱਗਭੱਗ 67% ਗਰੀਬ ਅਬਾਦੀ ਸਰਕਾਰੀ ਰਾਸ਼ਨ 'ਤੇ ਨਿਰਭਰ ਹੈ ਜੋ ਜਨਤਕ ਵੰਡ ਪ੍ਰਣਾਲੀ ਤਹਿਤ ਦਿੱਤਾ ਜਾਂਦਾ ਹੈ। ਪਰ ਪਿਛਲੇ 4 ਸਾਲਾਂ 'ਚ ਵਧਦੀ ਮਹਿੰਗਾਈ ਨੂੰ ਦੇਖਦੇ ਹੋਏ ਜਿੱਥੇ ਇਸ 'ਤੇ ਜਿਆਦਾ ਖਰਚ ਕਰਨ ਦੀ ਲੋੜ ਸੀ, ਉੱਥੇ ਸਰਕਾਰ ਨੇ ਇਸ 'ਚ ਵੱਡੀ ਕਟੌਤੀ ਕੀਤੀ ਹੈ। ਡੀਐਫਪੀਡੀ ਅਨੁਸਾਰ, ਵਿੱਤੀ ਸਾਲ 2021-22 ਵਿੱਚ ਜਨਤਕ ਵੰਡ ਪ੍ਰਣਾਲੀ 'ਤੇ ਖਰਚ ਕੀਤੀ ਗਈ ਰਕਮ 2.89 ਲੱਖ ਕਰੋੜ ਰੁਪਏ ਸੀ, ਜੋ ਲੱਗਭੱਗ ਇੱਕ ਤਿਹਾਈ ਘਟ ਕੇ 2024-25 ਵਿੱਚ ਸਿਰਫ 2.05 ਲੱਖ ਕਰੋੜ ਰੁਪਏ ਰਹਿ ਗਈ ਹੈ। ਕੋਈ ਹੈਰਾਨੀ ਨਹੀਂ ਕਿ ਭਾਰਤ ਭੁੱਖਮਰੀ ਸੂਚਕ ਵਿੱਚ 127 ਦੇਸ਼ਾਂ ਵਿੱਚੋਂ 105'ਵੇਂ ਸਥਾਨ 'ਤੇ ਹੈ। ਕੁਪੋਸ਼ਣ ਦੀ ਹਾਲਤ ਅਜਿਹੀ ਹੈ ਕਿ ਭਾਰਤ ਵਿੱਚ ਲੱਗਭੱਗ 19 ਕਰੋੜ ਲੋਕਾਂ ਨੂੰ ਤਿੰਨ ਡੰਗ ਭੋਜਨ ਨਹੀਂ ਮਿਲ਼ਦਾ ਤੇ ਰਾਤ ਨੂੰ ਭੁੱਖੇ ਸੌਂਦੇ ਹਨ (ਕੌਮੀ ਸਿਹਤ ਸਰਵੇਖਣ-2017)।

ਰੁਜਗਾਰ ਸਕੀਮਾਂ 'ਤੇ ਕੀਤੀ ਗਈ ਕਟੌਤੀ - ਮਨਰੇਗਾ ਯੋਜਨਾ ਪੇਂਡੂ ਖੇਤਰਾਂ ਵਿੱਚ ਰੁਜਗਾਰ ਦੇ ਕੁਝ ਸਾਧਨਾਂ ਵਿੱਚੋਂ ਇੱਕ ਹੈ। ਭਾਵੇਂ ਇਸ ਯੋਜਨਾ ਵਿੱਚ ਲੰਮੇ ਸਮੇਂ ਤੋਂ ਵੱਡੇ ਬਦਲਾਅ ਕਰਨ ਅਤੇ ਪੇਂਡੂ ਖੇਤਰਾਂ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਇਸ ਨਾਲ਼ ਜੋੜਨ ਦੀ ਮੰਗ ਕੀਤੀ ਜਾ ਰਹੀ ਹੈ, ਪਰ ਮੋਦੀ ਦੌਰ ਵਿੱਚ ਇਹ ਯੋਜਨਾ ਵੀ ਤਬਾਹ ਹੋਣ ਕੰਢੇ ਹੈ। ਜਦੋਂ ਕਿ ਅਜਿਹੀਆਂ ਯੋਜਨਾਵਾਂ 'ਤੇ ਖਰਚੇ ਵਧਾਉਣ ਦੀ ਲੋੜ ਹੈ, ਪਿਛਲੇ ਚਾਰ ਸਾਲਾਂ ਵਿੱਚ ਮਨਰੇਗਾ ਫੰਡਾਂ ਵਿੱਚ 54% ਕਟੌਤੀ ਕੀਤੀ ਗਈ ਹੈ। ਇਹ ਰਕਮ 2020-21 ਵਿੱਚ 1,11,170 ਕਰੋੜ ਸੀ, ਜੋ 2023-24 ਵਿੱਚ ਘਟ ਕੇ ਸਿਰਫ 60,000 ਕਰੋੜ ਰਹਿ ਗਈ ਹੈ। ਪੈਦਾਵਾਰ ਦੇ ਖੇਤਰਾਂ ਵਿੱਚ ਵੱਡੀਆਂ ਛੋਟਾਂ ਦੇਣ ਨਾਲ਼ ਸਰਕਾਰ ਲੋਕਾਂ ਸਾਹਮਣੇ ਦਾਅਵੇ ਕਰਦੀ ਹੈ ਇਸ ਨਾਲ਼ ਰੁਜਗਾਰ ਦੇ ਮੌਕੇ ਵਧਣਗੇ ਪਰ ਸੱਚਾਈ ਇਹ ਹੈ ਕਿ ਜੇਕਰ ਪਿਛਲੇ ਸਮੇਂ ਵਿੱਚ ਜੇ ਕੁਝ ਵਧਿਆ ਹੈ ਤਾਂ ਉਹ ਕੰਮ ਦੇ ਘੰਟੇ ਤੇ ਮਹਿੰਗਾਈ ਹੈ। ਅੱਜ ਬਹੁਤੇ ਮਜਦੂਰ ਓਵਰਟਾਈਮ ਲਾ ਰਹੇ ਹਨ ਜਿਸਦੀ ਦਿਹਾੜੀ ਵੀ ਓਨ੍ਹਾਂ ਨੂੰ ਕਨੂੰਨ ਮੁਤਾਬਕ ਨਹੀਂ ਮਿਲ਼ਦੀ। ਇਸ ਕਾਰਨ ਮਜਦੂਰਾਂ ਉੱਤੇ ਬੋਝ ਵਧ ਰਿਹਾ ਹੈ।

ਉਪਰੋਕਤ ਚਰਚਾ ਤੋਂ ਤੁਸੀਂ ਸਮਝ ਸਕਦੇ ਹੋ ਕਿ ਕਿਵੇਂ ਸਰਕਾਰ ਅਮੀਰਾਂ ਲਈ ਅਲਾਦੀਨ ਦਾ ਚਿਰਾਗ ਸਾਬਤ ਹੋਈ ਹੈ, ਜਦੋਂ ਕਿ ਆਮ ਲੋਕਾਂ ਤੇ ਖਾਸ ਕਰਕੇ ਨੌਜਵਾਨਾਂ ਦੇ ਹੱਥਾਂ ਵਿੱਚ ਚੰਗੀਆਂ ਨੌਕਰੀਆਂ ਦੀ ਥਾਂ ਕੱਚੀਆਂ ਨੌਕਰੀਆਂ ਫੜ੍ਹਾਈਆਂ ਜਾ ਰਹੀਆਂ ਹਨ ਤੇ ਜਾਂ ਵੱਡੀ ਗਿਣਤੀ ਲਗਾਤਾਰ ਕੰਮ ਤੋਂ ਵੀ ਵਾਂਝੀ ਹੈ। ਮੁਨਾਫੇ 'ਤੇ ਟਿਕੇ ਇਸ ਸਰਮਾਏਦਾਰਾ ਢਾਂਚੇ ਤੋਂ ਸੁਧਾਰ ਦੀ ਆਸ ਰੱਖਣਾ ਬੇਮਾਅਨੀ ਹੈ। ਅੱਜ ਸਾਰੇ ਕਿਰਤੀ ਲੋਕਾਂ ਨੂੰ ਮੌਜੂਦਾ ਆਰਥਿਕ-ਸਮਾਜਿਕ ਢਾਂਚੇ ਨੂੰ ਬਦਲਣ ਦੀ ਲੋੜ ਹੈ ਤੇ ਇਸ ਲੰਬੀ ਲੜਾਈ ਲਈ ਸਭ ਤੋਂ ਪਹਿਲਾ ਕਦਮ ਹੈ ਕਿ ਅਸੀਂ ਆਪਦੀਆਂ ਹੱਕਾਂ ਲਈ ਜਥੇਬੰਦ ਹੋਈਏ।

**ਲਲਕਾਰ 'ਚੋਂ ਧੰਨਵਾਦ ਸਹਿਤ**

GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

BEAUTY BLISS
Mediaesthetics
Instagram: botoxinjectoryyc_nav
Email: nav.beautybliss@gmail.com
Contact :
Nav Gill RN BScN
587.971.0052
For
Wrinkle treatment,
Laser Hair Removal,
Skin tightening,
Double chin reduction,
Lip Enhancement, Lip filler

# ਖੇਤਾਂ ਦੇ ਦਾਰੇ ਪੁੱਤੇ, ਜੰਗਾਂ ਜਿੱਤਣ ਦੀ ਰੁੱਤੇ, ਅਸੀਂ ਸਿਵਿਆਂ ਵਿੱਚ ਸੁੱਤੇ

**ਅਸ਼ੋਕ ਵਰਮਾ**



ਬਠਿੰਡਾ : ਨਾ ਤਾਂ ਉਹ ਝਿਪਿਆ, ਨਾ ਲਿਫਿਆ ਤੇ ਨਾ ਹੀ ਵਿਕਿਆ। ਇਹੋ ਸਾਰ-ਤੱਤ ਇਸ ਫਾਨੀ ਜਹਾਨ ਨੂੰ ਅਲਵਿਦਾ ਆਖ ਗਏ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਜਿਲ੍ਹਾ ਆਗੂ ਬਸੰਤ ਸਿੰਘ ਕੋਠਾ ਗੁਰੂ ਦਾ ਰਿਹਾ। ਬਸੰਤ ਸਿੰਘ ਨੇ ਲੋਕ ਸੰਘਰਸ਼ਾਂ ਦਾ ਤਮਾਸ਼ਾ ਸੱਚਮੁੱਚ ਘਰ ਫੂਕ ਕੇ ਹੀ ਦੇਖਿਆ। ਜੀਵਨ ਸਾਥਣ ਦੇ ਵਕਤੋਂ ਪਹਿਲਾਂ ਤੁਰ ਜਾਣ ਦੀ ਟੀਸ ਵੀ ਬਸੰਤ ਸਿੰਘ ਉਸ ਦਾ ਹੌਂਸਲਾ ਨਹੀਂ ਤੋੜ ਸਕੀ। ਪਿੰਡ ਵਾਸੀ ਆਖਦੇ ਹਨ ਕਿ ਬਾਹਲਾ ਚੰਗਾ ਬੰਦਾ ਸੀ ਬਸੰਤ ਸਿਓਂ ਜਿਸ ਨੇ ਤਾਉਮਰ ਨਾ ਪੁਲੀਸ ਦੀ ਈਨ ਮੰਨੀ ਅਤੇ ਨਾ ਹੀ ਪੁਲਸੀਆ ਦਬਕਿਆਂ ਦੀ। ਇਸੇ ਕਾਰਨ ਉਸ ਦੀ ਚਰਚਾ ਸੰਘਰਸ਼ੀ ਪਿੜਾਂ 'ਚ ਹੁੰਦੀ ਸੀ। ਪੰਜਾਬ ਸਟੂਡੈਂਟਸ ਯੂਨੀਅਨ ਉਸ ਦੀ ਪਹਿਲੀ ਪੌੜੀ ਸੀ ਤੇ 'ਵਿਦਿਆਰਥੀ ਘੋਲ' ਉਸ ਦੀ ਪਹਿਲੀ ਪ੍ਰੀਖਿਆ ਜਿਸ ਚੋਂ ਉਹ ਸਫਲ ਹੁੰਦਾ ਹੋਇਆ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀਆਂ ਮੋਹਰੀ ਸਫਾਂ 'ਚ ਦਾਖਲ ਹੋਇਆ।

ਹਾਲਾਂਕਿ ਕਿਸਾਨੀ ਘੋਲ ਦੌਰਾਨ ਉਸਦੇ ਸ਼ਹੀਦ ਹੋਣ ਦਾ ਜ਼ਰੀਆ ਬੱਸ ਹਾਦਸਾ ਬਣਿਆ ਪਰ ਜ਼ਿੰਦਗੀ ਨੇ ਉਸ ਦੇ ਇਮਤਿਹਾਨ ਹੀ ਲਏ ਹਨ ਜਿਨ੍ਹਾਂ ਚੋਂ ਉਹ ਸਫ਼ਲ ਰਿਹਾ। ਪਤਨੀ ਅਮਰਜੀਤ ਕੌਰ ਦੀ ਕੈਂਸਰ ਕਾਰਨ ਹੋਈ ਮੌਤ ਵੀ ਵੀ ਉਸ ਨੂੰ ਡੁਲਾ ਨਾ ਸਕੀ। ਕੋਠਾ ਗੁਰੂ ਦੀ ਬਜ਼ੁਰਗ ਕਰਨੈਲ ਕੌਰ ਦੱਸਦੇ ਹਨ ਕਿ ਬਸੰਤ ਦੀ ਪਤਨੀ ਅਮਰਜੀਤ ਕੌਰ ਬੜੇ ਹੌਂਸਲੇ ਵਾਲੀ ਔਰਤ ਸੀ ਜਿਸ ਕਰਕੇ ਬਸੰਤ ਸਿੰਘ ਜਬਰ ਜ਼ੁਲਮ ਖਿਲਾਫ਼ ਲੜਾਈ ਦਾ ਨਾਇਕ ਹੋ ਨਿਬੜਿਆ ਹੈ। ਜਾਣਕਾਰੀ ਅਨੁਸਾਰ ਬਸੰਤ ਸਿੰਘ ਦੇ ਪ੍ਰੀਵਾਰ ਕੋਲ ਸਿਰਫ਼ ਢਾਈ ਤਿੰਨ ਏਕੜ ਜ਼ਮੀਨ ਸੀ ਜਿਸ ਚੋਂ ਵੱਡਾ ਹਿੱਸਾ ਕੈਂਸਰ ਦੀ ਬਿਮਾਰੀ ਦੇ ਇਲਾਜ ਅਤੇ ਖੇਤੀ ਸੰਕਟ ਕਾਰਨ ਸਿਰ ਚੜ੍ਹੇ ਕਰਜੇ 'ਚ ਵਿਕ ਗਈ। ਹੁਣ ਪ੍ਰੀਵਾਰ ਕੋਲ ਹੁਣ ਇਸ ਨਾਮਾਤਰ ਜ਼ਮੀਨ 'ਤੇ ਬਸੰਤ ਸਿੰਘ ਦਾ ਲੜਕਾ ਖੇਤੀ ਕਰਨ ਦੇ ਨਾਲ ਨਾਲ ਪ੍ਰੀਵਾਰ ਪਾਲਣ ਲਈ ਹੱਥੀਂ ਮਿਹਨਤ ਮਜ਼ਦੂਰੀ ਕਰਦਾ ਹੈ।

ਇੱਕ ਲੜਕਾ ਤੇ ਇੱਕ ਲੜਕੀ ਬਾਹਰਲੇ ਮੁਲਕ ਗਏ ਹੋਏ ਹਨ ਜਦੋਂਕਿ ਇੱਕ ਲੜਕੀ ਰਮਨਦੀਪ ਕੌਰ ਹੈ। ਰਮਨਦੀਪ ਕੌਰ ਦਾ ਕਹਿਣਾ ਸੀ ਕਿ ਪਹਿਲਾਂ ਮੁਲਕ ਦਾ ਭੜੋਲਾ ਅੰਨ ਨਾਲ ਭਰਿਆ ਤੇ ਹੁਣ ਬਾਪ ਕਿਸਾਨਾਂ ਦੇ ਲੇਖੇ ਲੱਗ ਗਿਆ। ਹੁਣ ਇਸ ਲੜਕੀ ਦੇ ਸਿਰ ਛੋਟੀ ਉਮਰੇ ਵੱਡੀਆਂ ਜ਼ਿੰਮੇਵਾਰੀਆਂ ਆਣ ਪਈਆਂ ਹਨ। ਕਿਸਾਨ ਆਗੂ ਗੁਰਪ੍ਰੀਤ ਸਿੰਘ ਕੋਠਾ ਗੁਰੂ ਦਾ ਕਹਿਣਾ ਸੀ ਕਿ ਬਸੰਤ ਸਿੰਘ ਦੀ ਮੌਤ ਕਿਸਾਨੀ ਘੋਲਾਂ ਦੌਰਾਨ ਮਸ਼ਾਲ ਦਾ ਕੰਮ ਕਰੇਗੀ ਜਿਸ ਨੂੰ ਪਿੰਡ ਕੋਠਾਗੁਰੂ ਵੱਲੋਂ ਬੁਝਣ ਨਹੀਂ ਦਿੱਤਾ ਜਾਏਗਾ। ਬੁੱਧਵਾਰ ਸ਼ਾਮ ਨੂੰ ਜਦੋਂ ਪਿੰਡ ਕੋਠਾ ਗੁਰੂ ਦੇ ਸ਼ਮਸਾਨਘਾਟ 'ਚ ਬਸੰਤ ਸਿੰਘ ਅਤੇ ਕਰਮਜੀਤ ਸਿੰਘ ਦੀਆਂ ਚਿਤਾਵਾਂ ਨੂੰ ਅਗਨੀ ਦਿਖਾਈ ਗਈ ਤਾਂ ਵੱਡਾ ਜੇਰਾ ਰੱਖਣ ਵਾਲੇ ਪਿੰਡ ਕੋਠਾ ਗੁਰੂ ਦੀਆਂ ਕੰਧਾਂ ਵੀ ਰੋਈਆਂ ਅਤੇ ਆਮ ਲੋਕਾਂ ਦੇ ਹੰਝੂਆਂ ਦੀ ਝੜੀ ਸਾਉਣ ਦੇ ਛਰਾਟਿਆਂ ਵਾਂਗ ਲੱਗੀ।

ਇਸੇ ਹਾਦਸੇ ਦੌਰਾਨ ਸਦੀਵੀ ਵਿਛੋੜਾ ਦੇ ਗਏ ਮ੍ਰਿਤਕ ਨੌਜਵਾਨ ਕਰਮਜੀਤ ਸਿੰਘ ਕਰਮਾ (38) ਪੁੱਤਰ ਰਣਜੀਤ ਸਿੰਘ ਦੀ ਪਤਨੀ ਰਮਨਦੀਪ ਕੌਰ ਦੀਆਂ ਅੱਖਾਂ ਸਿੱਲ੍ਹੀਆਂ ਤੇ ਚਿਹਰੇ 'ਤੇ ਪਤੀ ਦੇ ਇੰਜ ਚਲੇ ਜਾਣ ਦਾ ਗ਼ਮ ਸਾਫ਼ ਦਿਸਦਾ ਹੈ। ਕਰਮਜੀਤ ਟੇਲਰ ਮਾਸਟਰ ਸੀ ਅਤੇ ਬੁਰੇ ਦਿਨਾਂ ਦੀ ਪਿੰਜੀ ਕਿਸਾਨੀ ਦੇ ਅੱਛੇ ਦਿਨਾਂ ਖਾਤਰ ਕਿਸਾਨ ਸੰਘਰਸ਼ਾਂ ਵਿੱਚ ਸ਼ਾਮਲ ਹੁੰਦਾ ਸੀ। ਰਮਨਦੀਪ ਕੌਰ ਦੇ ਸਿਰ 'ਤੇ ਹੁਣ ਆਪਣੇ ਬੱਚਿਆਂ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਵੀ ਆ ਗਈ ਹੈ। ਸਰਕਾਰਾਂ ਖ਼ਿਲਾਫ਼ ਲੜਾਈ ਦੌਰਾਨ ਕੌਣ ਖੱਟੇਗਾ, ਕੌਣ ਹਾਰੇਗਾ ਇਹ ਤਾਂ ਭਵਿੱਖ ਦੇ ਹੱਥ ਹੈ। ਏਨਾ ਜ਼ਰੂਰ ਹੈ ਕਿ ਕਰਮਜੀਤ ਦੇ ਦੋਹੇਂ ਬੱਚੇ ਨੱਚਣ ਟੱਪਣ ਦੇ ਦਿਨਾਂ ਵਿੱਚ ਹੀ ਜ਼ਿੰਦਗੀ ਹੱਥੋਂ ਬਾਜੀ ਹਾਰ ਗਏ ਹਨ। ਇਨ੍ਹਾਂ ਬੱਚਿਆਂ ਨੂੰ ਸਭ ਕੁੱਝ ਮਿਲ ਜਾਏਗਾ ਪਰ ਲਾਡ ਲਡਾਉਣ ਵਾਲਾ ਪਿਤਾ ਹੁਣ ਕਦੇ ਨਹੀਂ ਮਿਲ ਸਕੇਗਾ। ਪਰਿਵਾਰ ਦੀ ਹੁਣ ਕਦੇ ਨਾ ਮੁੱਕਣ ਵਾਲੀ ਉਡੀਕ ਸ਼ੁਰੂ ਹੋ ਗਈ ਹੈ।

ਝੰਡਿਆਂ ਨਾਲ ਅੰਤਿਮ ਵਿਦਾਇਗੀ: ਅੰਤਿਮ ਸਸਕਾਰ ਤੋਂ ਪਹਿਲਾਂ ਦੋਵਾਂ ਆਗੂਆਂ ਦੀਆਂ ਮਿਤਕ ਦੇਹਾਂ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਤੋਂ ਇਲਾਵਾ ਵੱਖ ਵੱਖ ਕਿਸਾਨ ਜੱਥੇਬੰਦੀਆਂ ਤੋਂ ਇਲਾਵਾ ਅਧਿਆਪਕ ਜੱਥੇਬੰਦੀ ਨੇ ਆਪੋ ਆਪਣੇ ਝੰਡੇ ਪਾਕੇ ਸ਼ਹੀਦਾਂ ਨੂੰ ਸਿਜਦਾ ਕੀਤਾ। ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਸ਼ਹੀਦਾਂ ਦਾ ਖੱਪਾ ਪੂਰਨਾ ਮੁਸ਼ਕਲ ਹੀ ਨਹੀਂ ਬਲਕਿ ਨਾਮੁਮਕਿਨ ਹੈ। ਉਨ੍ਹਾਂ ਕਿਹਾ ਕਿ ਜੋ ਕੰਮ ਸ਼ਹੀਦ ਪਿੱਛੇ ਛੱਡ ਗਏ ਹਨ ਉਨ੍ਹਾਂ ਨੂੰ ਹਰ ਕੁਰਬਾਨੀ ਦੇਣ ਰਾਹੀਂ ਪੂਰਾ ਕੀਤਾ ਜਾਏਗਾ।

**ਕਿਸਾਨਾਂ ਦਾ ਸਬਰ ਪਰਖ ਰਹੀਆਂ ਸਰਕਾਰਾਂ:** ਕੇਂਦਰ ਦੀ ਮੋਦੀ ਸਰਕਾਰ ਨੇ ਕਿਸਾਨਾਂ ਦੀਆਂ ਮੰਗਾਂ ਨੂੰ ਇੱਕ ਤਰਾਂ ਨਾਲ ਨਜ਼ਰ ਅੰਦਾਜ਼ ਕੀਤਾ ਹੋਇਆ ਹੈ ਜਿਸ ਕਰਕੇ ਕਿਸਾਨ ਲੰਮੀ ਲੜਾਈ ਲੜਨ ਦੇ ਰੌਂਅ ਵਿੱਚ ਹਨ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਸਕੱਤਰ ਸ਼ਿੰਗਾਰਾ ਸਿੰਘ ਮਾਨ ਦਾ ਕਹਿਣਾ ਹੈ ਕਿ ਸ਼ਹੀਦਾਂ ਦੀ ਕਤਾਰ ਜਿੰਨੀ ਮਰਜੀ ਲੰਮੀਂ ਹੋ ਜਾਏ, ਕਿਸਾਨ ਆਪਣੀਆਂ ਮੰਗਾਂ ਲਈ ਲੜਾਈ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਅਸਲ ਵਿੱਚ ਮੋਦੀ ਸਰਕਾਰ ਕਿਸਾਨਾਂ ਦਾ ਸਬਰ ਪਰਖਣ ਦੀ ਨੀਤੀ 'ਤੇ ਚੱਲ ਰਹੀ ਹੈ ਜਿਸ ਲਈ ਹਜ਼ਾਰਾਂ ਦੀ ਗਿਣਤੀ 'ਚ ਕਿਸਾਨ ਤਿਆਰ ਹਨ। ਉਨ੍ਹਾਂ ਆਖਿਆ ਕਿ ਕਿਸਾਨ ਵੀ ਹੁਣ ਸਰਕਾਰਾਂ ਨੂੰ ਆਪਣਾ ਦਮ ਅਤੇ ਤਾਕਤ ਦਿਖਾਉਣ ਲਈ ਹਰ ਲੜਾਈ ਲੜਨਗੇ, ਚਾਹੇ ਉਨ੍ਹਾਂ ਨੂੰ ਕਿੰਨੀਆਂ ਵੀ ਕੁਰਬਾਨੀਆਂ ਕਿਓਂ ਨਾ ਕਰਨੀਆਂ ਪੈਣ।













# ਕੈਨੇਡਾ ਦੇ ਅੰਤਰਰਾਸ਼ਟਰੀ ਕਾਮਿਆਂ ਤੇ ਵਿਦਿਆਰਥੀਆਂ ਦਾ ਧਰਨਾ ਸਮਾਪਤ

## 143ਵੇਂ ਦਿਨਾਂ ਦੇ ਧਰਨੇ ਬਾਅਦ ਸੰਘਰਸ਼ ਬਦਲਵੇਂ ਰੂਪ 'ਚ ਜਾਰੀ ਰਹੇਗਾ

ਬਰੈਂਪਟਨ : ਬੀਤੇ 2024 ਸਾਲ ਦੇ ਸ਼ੁਰੂ ਤੋਂ ਹੀ ਕਨੇਡਾ ਦੀ ਲਿਬਰਲ ਪਾਰਟੀ ਦੀ ਸਰਕਾਰ ਲਗਾਤਾਰ ਇਮੀਗਰੇਸ਼ਨ ਨੀਤੀਆਂ ਵਿੱਚ ਤਬਦੀਲੀ ਕਰ ਰਹੀ ਹੈ, ਜਿਸਦਾ ਵੱਡਾ ਕਾਰਨ ਇਸ ਸਾਲ 2025 ਚ ਹੋ ਰਹੀਆਂ ਚੋਣਾਂ ਹਨ। ਇਹ ਵੀ ਕਿਸੇ ਤੋਂ ਗੁੱਝਾ ਨਹੀਂ ਰਿਹਾ ਕਿ ਕਨੇਡਾ ਮੌਜੂਦਾ ਸਮੇਂ ਚ ਚੌਤਰਫੇ ਸੰਕਟਾਂ ਵਿੱਚ ਘਿਰਿਆ ਹੋਇਆ ਹੈ, ਚੱਲ ਰਹੇ ਰਿਸੈਸ਼ਨ ਦੇ ਦੌਰ 'ਚ ਵਧ ਰਹੀ ਮਹਿੰਗਾਈ, ਰਿਹਾਇਸ਼ੀ ਕਿੱਲਤ, ਨੌਕਰੀਆਂ ਦੇ ਮੌਕੇ ਘਟਣ ਵਰਗੇ ਮਸਲਿਆਂ ਦੇ ਨਾਲ ਆਮ ਲੋਕਾਂ ਦੀ ਜ਼ਿੰਦਗੀ ਲਗਾਤਾਰ ਤੰਗੀਆਂ ਨਾਲ ਜੂਝ ਰਹੀ ਹੈ, ਜਨਤਾ ਮੌਜੂਦਾ ਸਰਕਾਰ ਤੋਂ ਤੰਗ ਹੈ, ਬਦਲਾਅ ਲੱਭ ਰਹੀ ਹੈ। ਦੂਜੇ ਪਾਸੇ ਟਰੂਡੋ ਸਰਕਾਰ ਹਰ ਮਸਲੇ ਦਾ ਹੱਲ ਕਰਨੋਂ ਨਾਕਾਮੀ ਦੇ ਇਸ ਦੌਰ 'ਚ ਹਰ ਸੰਕਟ ਦਾ ਭਾਂਡਾ ਪ੍ਰਵਾਸੀਆਂ, ਖਾਸ ਕਰਕੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਸਿਰ ਭੰਨ ਰਹੀ ਹੈ। ਜੱਗ ਜਾਹਰ ਹੈ ਕਿ ਸਰਕਾਰ ਸੱਜੇ ਪੱਖੀ ਨਸਲਵਾਦੀਆਂ ਦੇ ਮੂਹਰੇ ਝੂਕੀ ਹੈ, ਬੇਸ਼ਕ ਸੱਤਾਧਾਰੀ ਧਿਰ ਸਮੇਤ ਸਾਰੀਆਂ ਸਿਆਸੀ ਧਿਰਾਂ ਜਾਣਦੀਆਂ ਹਨ ਕਿ ਇਮੀਗਰਾਂਟਸ ਬਿਨਾ ਮੁਲਕ ਦਾ ਅਰਥਚਾਰਾ ਲੀਹੇ ਨਹੀਂ ਤੁਰਨ ਵਾਲਾ। ਦੂਜੀਆਂ ਪਾਰਟੀਆਂ ਐਨ ਡੀ ਪੀ ਅਤੇ ਕੰਜ਼ਰਵੇਟਿਵ ਵੀ ਇਸੇ ਹੀ ਰਾਹ ਤੇ ਹਨ। ਮੌਜੂਦਾ ਸਮੇਂ ਸਾਰੀ ਹੀ ਉਲਝੀ ਹੋਈ ਸਥਿਤੀ ਚ ਸਰਕਾਰ ਲਗਾਤਾਰ ਇਮੀਗਰੇਸ਼ਨ ਨੀਤੀਆਂ 'ਚ ਵੱਡੇ ਬਦਲਾਅ ਕਰਨ ਲੱਗੀ ਹੋਈ ਹੈ, ਜਿਸ ਦਾ ਸਿੱਧਾ ਅਸਰ ਪ੍ਰਵਾਸੀ ਕਾਮਿਆਂ ਤੇ ਪੈ ਰਿਹਾ ਹੈ, ਪ੍ਰਭਾਵਿਤ ਹੋਣ ਵਾਲਿਆਂ ਚ ਵੱਡੀ ਗਿਣਤੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਵੀ ਹੈ, ਜੋ ਸਰਕਾਰ ਵੱਲੋਂ ਪੈਦਾ ਕਰ ਦਿੱਤੀ ਗਈ ਸਥਿਤੀ ਦੇ ਖਿਲਾਫ ਗਾਹੇ ਬਗਾਹੇ ਆਪਣਾ ਵਿਰੋਧ ਵੀ ਦਰਜ ਕਰਵਾ ਰਹੇ ਹਨ।




ਇਸੇ ਕੜੀ ਤਹਿਤ ਪੀ ਜੀ ਡਬਲਿਊ ਪੀ (ਪੋਸਟ ਗਰੈਜੂਏਟ ਵਰਕ ਪਰਮਿਟ) ਕਮੇਟੀ ਦੀ ਅਗਵਾਈ ਹੇਠ ਬਰੈਂਪਟਨ ਵਿੱਚ ਪਿਛਲੇ 143 ਦਿਨਾਂ ਤੋਂ 295 ਕੁਈਨ ਸਟਰੀਟ ਈਸਟ ਉੱਪਰ ਲੱਗਿਆ ਦਿਨ ਰਾਤ ਦਾ ਪੱਕਾ ਮੋਰਚਾ ਚੱਲ ਰਿਹਾ ਸੀ, ਜਿਸ ਦਾ ਸਮਰਥਨ ਕਨੇਡਾ ਦੀਆਂ ਦਰਜਨਾਂ ਵੱਖ ਵੱਖ ਟਰੇਡ ਯੂਨੀਅਨਾਂ ਵੱਲੋਂ ਵੀ ਕੀਤਾ ਗਿਆ। ਇਹ ਦਿਨ ਰਾਤ ਦਾ ਪੱਕਾ ਮੋਰਚਾ 19 ਜਨਵਰੀ 2025 ਨੂੰ ਖਤਮ ਕਰ ਦਿੱਤਾ ਗਿਆ। ਗਰਮੀਆਂ ਦੇ ਮੌਸਮ ਵਿੱਚ ਸ਼ੁਰੂ ਹੋਇਆ ਇਹ ਮੋਰਚਾ ਕੜਾਕੇ ਦੀ ਪੈ ਰਹੀ ਠੰਡ ਦੌਰਾਨ ਵੀ ਦਿਨ ਰਾਤ ਚਲਦਾ ਰਿਹਾ ਹੈ, ਜਿਸ ਨੂੰ 25 ਮੈਂਬਰੀ ਟੀਮ ਜਥੇਬੰਦਕ ਢੰਗ ਨਾਲ ਚਲਾ ਰਹੀ ਸੀ, ਇਸ ਮੋਰਚੇ ਦੀਆਂ ਚਾਰ ਮੁੱਖ ਮੰਗਾਂ ਹਨ–







1. 2024–25 ਵਿੱਚ ਖਤਮ ਹੋ ਰਹੇ ਸਾਰੇ ਪੋਸਟ ਗਰੈਜੂਏਟ ਵਰਕ ਪਰਮਿਟ ਹੋਲਡਰਜ਼ ਦੇ ਵੀਜੇ ਦੋ ਸਾਲ ਲਈ ਵਧਾਏ ਜਾਣ।

2. ਨਵੇਂ ਪੀ ਆਰ ਪ੍ਰੋਗਰਾਮ ਜਾਰੀ ਕੀਤੇ ਜਾਣ।

3. ਐਲ ਐਮ ਆਈ ਏ ਦੇ ਨਾਮ ਤੇ

























ਹੁੰਦੀ ਲੁੱਟ ਬੰਦ ਹੋਵੇ।

4. ਪੜ੍ਹਾਈ ਕਰ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਤਿੰਨ ਦੀ ਬਜਾਏ ਪੰਜ ਸਾਲ ਪੋਸਟ ਗਰੈਜੂਏਟ ਵਰਕ ਪਰਮਿਟ ਦਿੱਤਾ ਜਾਵੇ।

ਉਕਤ ਮੰਗਾਂ ਵਿੱਚੋਂ ਪਹਿਲੀਆਂ ਤਿੰਨ ਮੁੱਖ ਮੰਗਾਂ ਨੂੰ ਲੈ ਕੇ ਸਾਰੇ ਐਮ ਪੀਜ਼ ਅਤੇ ਐਮ ਪੀਜ਼ ਨਾਲ ਲਗਾਤਾਰ ਗੱਲਬਾਤ ਹੋਈ, ਜਿਹਨਾਂ ਨੇ ਤਕਰੀਬਨ ਹਰ ਮੀਟਿੰਗ ਵਿੱਚ ਤਾਂ ਸਾਰੀਆਂ ਮੰਗਾਂ ਨੂੰ ਗੰਭੀਰਤਾ ਨਾਲ ਸੁਣਿਆ ਤੇ ਵਿਚਾਰਿਆ, ਪਰ ਸਰਕਾਰ ਵੱਲੋਂ ਇਸ ਸੰਬੰਧੀ ਕੋਈ ਠੋਸ ਹੱਲ ਨਹੀਂ ਲਿਆਂਦਾ ਗਿਆ, ਜਿਸ ਦਾ ਮੁੱਖ ਕਾਰਨ ਵੋਟਰਾਂ ਨੂੰ ਖ਼ੁਸ਼ ਕਰਨਾ ਹੀ ਸਮਝਿਆ ਜਾ ਰਿਹਾ ਹੈ, ਕਿਉਂਕਿ ਜਨਤਕ ਮੁੱਦੇ ਹੱਲ ਕਰਨ ਲਈ ਹਰ ਫਰੰਟ ਤੇ ਫੇਲ ਹੋਈ ਟਰੂਡੋ ਸਰਕਾਰ ਦੇ ਨੁਮਾਇੰਦਿਆਂ ਵੱਲੋਂ ਇਹੀ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਹਰ ਸੰਕਟ ਲਈ ਸਿਰਫ ਤੇ ਸਿਰਫ ਪ੍ਰਵਾਸੀ ਹੀ ਜ਼ਿੰਮੇਵਾਰ ਹਨ। ਪਰ ਇਸ ਦਿਨ ਰਾਤ ਦੇ ਪੱਕੇ ਮੋਰਚੇ ਨੇ ਸੋਸ਼ਲ ਮੀਡੀਆ ਰਾਹੀਂ ਪੂਰੀ ਦੁਨੀਆ ਵਿੱਚ ਵਸਦੇ ਪੰਜਾਬੀਆਂ ਦਾ ਧਿਆਨ ਖਿੱਚਿਆ ਅਤੇ ਇਸ ਮੁੱਦੇ ਦੀ ਗੰਭੀਰਤਾ ਨੂੰ ਸਰਕਾਰੀ ਝੂਠ ਦਾ ਪਰਦਾ ਚਾਕ ਕਰਦਿਆਂ ਨਸ਼ਰ ਕੀਤਾ, ਕਿਉਂਕਿ ਕਨੇਡਾ ਵਿੱਚ ਅੰਤਰ ਰਾਸ਼ਟਰੀ ਵਿਦਿਆਰਥੀਆਂ ਦੀ ਵੱਡੀ ਗਿਣਤੀ ਪੰਜਾਬੀਆਂ ਦੀ ਹੀ ਹੈ ਅਤੇ ਇਸ ਧੱਕੇਸ਼ਾਹੀ ਖਿਲਾਫ ਲੜਨ ਵਾਲਿਆਂ ਵਿੱਚ ਵੀ ਮੁੱਖ ਤੌਰ ਤੇ ਪੰਜਾਬੀ ਨੌਜਵਾਨ ਹੀ ਹਨ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਕਨੇਡਾ ਸਰਕਾਰ ਵੱਲੋਂ ਪੈਦਾ ਕੀਤੇ ਹਾਲਾਤਾਂ ਕਾਰਨ 2025 ਦੇ ਅੰਤ ਤੱਕ 5 ਮਿਲੀਅਨ ਅਸਥਾਈ ਵਰਕ ਪਰਮਿਟ ਮੁੱਕ ਰਹੇ ਹਨ, ਜਿਹਨਾਂ ਵਿੱਚੋਂ 2 ਮਿਲੀਅਨ ਦੇ ਕਰੀਬ ਪੋਸਟ ਗਰੈਜੂਏਟ ਵਰਕ ਪਰਮਿਟ ਹੋਲਡਰਜ਼ ਹਨ। ਕਨੇਡਾ ਸਰਕਾਰ ਦੀਆਂ ਇਹਨਾਂ ਨੀਤੀਆਂ ਦੇ ਵਿਰੋਧ ਪਿਛਲੇ ਸਾਲ ਉਸ ਵੇਲੇ ਸ਼ੁਰੂ ਹੋਏ ਸਨ, ਜਦੋਂ ਮੰਤਰੀ ਮਾਰਕ ਮਿਲਰ ਨੇ ਬਿਆਨ ਦਿੱਤਾ ਸੀ ਕਿ ਅਸੀਂ ਇਸ ਸਾਲ ਕਿਸੇ ਵੀ ਵਰਕ ਪਰਮਿਟ ਹੋਲਡਰ ਨੂੰ ਐਕਸਟੈਨਸ਼ਨ ਨਹੀਂ ਦੇਵਾਂਗੇ। ਉਸ ਤੋਂ ਪਹਿਲਾਂ ਬਹੁਤੇ ਕਾਮਿਆਂ ਨੂੰ ਆਸ ਸੀ ਕਿ ਕੋਈ ਨਵਾਂ ਪੀ ਆਰ ਪ੍ਰੋਗਰਾਮ ਆਵੇਗਾ, ਜਾਂ ਵਰਕ ਪਰਮਿਟ ਵਧਾਏ ਜਾਣਗੇ। ਜਦਕਿ ਸਾਰੀ ਸਥਿਤੀ ਦਾ ਮੁੱਖ ਕਾਰਨ ਇਹ ਹੈ ਕਿ ਕਨੇਡਾ ਸਰਕਾਰ ਅਤੇ ਇੱਥੇ ਦੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਨੇ ਦੇਖ ਲਿਆ ਕਿ ਅੰਤਰ ਰਾਸ਼ਟਰੀ ਵਿਦਿਆਰਥੀ ਸੋਨੇ ਦਾ ਅੰਡਾ ਦੇਣ ਵਾਲੀ ਮੁਰਗੀ ਹਨ, ਇਸ ਕਾਰਨ ਲਗਾਤਾਰ ਸਾਲ ਦਰ ਸਾਲ ਵੱਧ ਤੋਂ ਵੱਧ ਵਿਦਿਆਰਥੀ ਬੁਲਾਏ ਗਏ, ਪਰ ਪੀ ਆਰ ਕੋਟਾ ਨਹੀਂ ਵਧਾਇਆ, ਇਸ ਤੋਂ ਇਲਾਵਾ ਕੋਵਿਡ ਕਾਲ ਦੌਰਾਨ ਲਗਾਤਾਰ ਦੋ ਸਾਲ ਪੀ ਆਰ ਲਈ ਡਰਾਅ ਨਹੀਂ ਕੱਢੇ ਗਏ, ਜਿਸ ਨਾਲ ਇਮੀਗਰੇਸ਼ਨ ਸਿਸਟਮ ਵਿੱਚ ਵੱਡਾ ਬੈਕਲਾਗ ਬਣ ਗਿਆ।

ਪੀ ਜੀ ਡਬਲਿਊ ਪੀ ਕਮੇਟੀ ਦੇ ਬੁਲਾਰਿਆਂ ਮਹਿਕਦੀਪ ਸਿੰਘ, ਨਵਜੋਤ ਕੌਰ ਅਤੇ ਪ੍ਰਵੀਨ ਨੇ ਦੱਸਿਆ ਕਿ ਅਸੀਂ ਕਈ ਮਹੀਨੇ ਸਾਰੇ ਲੀਡਰਾਂ ਤੱਕ ਆਪਣੀਆਂ ਮੰਗਾਂ ਰੱਖੀਆਂ, ਜਦ ਕੋਈ ਸੁਣਵਾਈ ਨਾ ਹੋਈ ਤਾਂ ਪੀ ਜੀ ਡਬਲਿਊ ਪੀ ਕਮੇਟੀ ਨੇ 31 ਅਗਸਤ 2024 ਨੂੰ ਪੰਜਾਬੀਆਂ ਦੇ ਗੜ੍ਹ ਬਰੈਂਪਟਨ ਸ਼ਹਿਰ ਦੀ ਸਭ ਤੋਂ ਵੱਧ ਬਿਜੀ ਰੋਡ ਉੱਪਰ ਦਿਨ ਰਾਤ ਦਾ ਪੱਕਾ ਧਰਨਾ ਲਾਉਣ ਦਾ ਫੈਸਲਾ ਕੀਤਾ, ਤਾਂ ਜੋ ਲੋਕਾਂ ਦੀ ਕਚਹਿਰੀ ਵਿੱਚ ਆਪਣਾ ਮਸਲਾ ਰੱਖਿਆ ਜਾ ਸਕੇ, ਸਰਕਾਰ ਨੇ ਤਾਂ ਨਿਰਾਸ਼ ਹੀ ਕੀਤਾ ਸੀ। ਇਹਨਾਂ ਨੌਜਵਾਨਾਂ ਵਲੋਂ ਲੜੀ ਗਈ ਕਈ ਮਹੀਨਿਆਂ ਦੀ ਲੜਾਈ ਨੇ ਸਰਕਾਰ ਦੀ ਨਲਾਇਕੀ ਨੂੰ ਹੀ ਨਸ਼ਰ ਨਹੀਂ ਕੀਤਾ ਸਗੋਂ ਵੱਡੀ ਗਿਣਤੀ ਲੋਕਾਂ ਨੂੰ ਸਮਝਾਅ ਦਿੱਤਾ ਕਿ ਸਾਰੀ ਗਲਤੀ ਸਰਕਾਰ ਦੀ ਹੀ ਹੈ। ਲੀਡਰਾਂ ਨਾਲ ਮੀਟਿੰਗਾਂ ਤੋਂ ਬਾਅਦ ਇਸ ਮਸਲੇ ਤੇ ਪਾਰਲੀਮੈਂਟ ਵਿੱਚ ਵੀ ਗੱਲ ਤੁਰੀ, ਮੋਰਚੇ ਨੂੰ ਵੱਡੀ ਮਜ਼ਬੂਤੀ ਉਦੋਂ ਮਿਲੀ ਜਦ ਸਰਕਾਰ ਨੇ ਐਲ ਐਮ ਆਈ ਏ ਦੇ ਪੰਜਾਹ ਪੁਆਇੰਟ ਬੰਦ ਕਰਨ ਅਤੇ ਘੱਟ ਤਨਖਾਹ ਵਾਲੀਆਂ ਐਲ ਐਮ ਆਈ ਏ ਦੇਣੀਆਂ ਬੰਦ ਕਰਨ ਦਾ ਐਲਾਨ ਕਰ ਦਿੱਤਾ, ਜੋ ਸੰਘਰਸ਼ਸ਼ੀਲਾਂ ਦੀ ਮੁੱਖ ਮੰਗ ਸੀ।

ਉਕਤ ਨੌਜਵਾਨਾਂ ਨੇ ਨਿਰਾਸ਼ਾ ਜਾਹਰ ਕਰਦਿਆਂ ਕਿਹਾ ਕਿ ਸਰਕਾਰ ਦੀਆਂ ਬਦਲੀਆਂ ਨੀਤੀਆਂ ਤੋਂ ਪ੍ਰਭਾਵਿਤ ਲੋਕ ਲੜਨ ਦੀ ਥਾਂ ਹੋਰ ਜਾਇਜ਼-ਨਜਾਇਜ਼ ਤਰੀਕਿਆਂ ਨਾਲ ਪੀ ਆਰ ਹੋਣ ਦਾ ਸੋਚਣ ਲੱਗੇ ਹੋਏ ਹਨ। ਹਜਾਰਾਂ ਦੀ ਗਿਣਤੀ ’ਚ ਵਿਦਿਆਰਥੀ ਰਿਫਿਊਜੀ ਅਪਲਾਈ ਕਰ ਰਹੇ ਹਨ, ਇਸ ਵਾਸਤੇ ਉਹ 8-10 ਹਜਾਰ ਡਾਲਰ ਖਰਚ ਰਹੇ ਹਨ, ਜੋ ਹੋਰ ਪੈਸੇ ਭਰ ਸਕਦੇ ਹਨ, ਉਹ ਹਾਲੇ ਵੀ 25 ਤੋਂ 40 ਹਜਾਰ ਡਾਲਰ ਭਰ ਕੇ ਐਲ ਐਮ ਆਈ ਏ ਖਰੀਦ ਰਹੇ ਹਨ, ਬਹੁਤ ਸਾਰੇ ਲੋਕ ਗੈਰ ਕਨੂੰਨੀ ਤਰੀਕੇ ਨਾਲ ਅਮਰੀਕਾ ਦਾ ਬਾਰਡਰ ਟੱਪ ਰਹੇ ਹਨ, ਉਕਤ ਸਾਰੇ ਰੁਝਾਨਾਂ ਲਈ ਸੋਸ਼ਲ ਮੀਡੀਆ ਤੇ ਸੰਬੰਧਤ ਏਜੰਟ ਵਧ ਚੜ ਕੇ ਮਸ਼ਹੂਰੀਆਂ ਕਰਦੇ ਆਮ ਹੀ ਲੱਭ ਜਾਣਗੇ। ਸਾਰੇ ਉਲਝੀ ਸਥਿਤੀ ਵਿੱਚ ਕਿੰਨੇ ਲੋਕ ਆਊਟ ਆਫ ਸਟੇਟਸ ਹੋ ਗਏ ਹਨ, ਇਸ ਦੀ ਸਹੀ ਗਿਣਤੀ ਸ਼ਾਇਦ ਹੀ ਕਿਸੇ ਕੋਲ ਹੋਵੇ। ਹਾਲਾਤ ਕਿੰਨੇ ਬਦ ਤੋਂ ਬਦਤਰ ਬਣ ਰਹੇ ਹਨ, ਇਸ ਅੰਦਾਜ਼ਾ ਬਰੈਂਪਟਨ ਤੇ ਆਸ ਪਾਸ ਦੇ ਇਲਾਕਿਆਂ ’ਚ ਬੇਘਰਿਆਂ ਵੱਲੋਂ ਲਾਏ ਗਏ ਟੈਂਟ ਖੁਦ ਬਿਆਨਦੇ ਹਨ।

ਨੌਜਵਾਨ ਸੁਪੋਰਟ ਨੈਟਵਰਕ ਜਥੇਬੰਦੀ ਦੇ ਬੁਲਾਰੇ ਬਿਕਰਮ ਕੁੱਲੇਵਾਲ ਨੇ ਕਿਹਾ ਕਿ ਬਰੈਂਪਟਨ ਚ ਚੱਲੇ ਪੱਕੇ ਮੋਰਚੇ ਵਾਲੇ ਟੈਂਟ ਦਾ ਹੋਰ ਟੈਂਟਾਂ ਨਾਲੋਂ ਵੱਡਾ ਫਰਕ ਹੈ, ਕਿਉਂਕਿ ਇਸ ਟੈਂਟ ਵਿੱਚ ਲੱਗੇ ਪੀ ਜੀ ਡਬਲਿਊ ਪੀ ਕਮੇਟੀ ਅਤੇ ਐਨ ਐਸ ਐਨ ਦੀ ਅਗਵਾਈ ਵਾਲੇ 143 ਦਿਨਾ ਮੋਰਚੇ ਨੇ ਸਾਬਤ ਕੀਤਾ ਹੈ ਕਿ ਆਪਣੇ ਨਾਲ ਹੋ ਰਹੀ ਬੇਇਨਸਾਫੀ ਤੇ ਜੁਲਮ ਖਿਲਾਫ ਲੜ ਕੇ ਡਟ ਕੇ ਪੰਜਾਬ ਦੇ ਨੌਜਵਾਨਾਂ ਨੇ ਸੰਘਰਸ਼ੀਸ਼ੀਲ ਵਿਰਸੇ ਤੇ ਹੀ ਪਹਿਰਾ ਦਿੱਤਾ ਹੈ, ਪਹਿਲਾਂ ਇਸ ਧਰਤੀ ਤੇ ਗਦਰੀ ਬਾਬੇ ਲੜੇ ਸੀ, ਫੇਰ ਈਸਟ ਇੰਡੀਆ ਡਿਫੈਂਸ ਕਮੇਟੀ ਲੜੀ ਸੀ, ਇਹ ਲੜਾਈ ਨਸਲੀ ਵਿਤਕਰੇ ਖਿਲਾਫ ਸੀ, ਅੱਜ ਵਿਦਿਆਰਥੀ ਤੇ ਕਾਮੇ ਲੜ ਰਹੇ ਹਨ, ਜੋ ਖੁਦ ਲਈ ਨਹੀਂ ਲੱਖਾਂ ਲੋਕਾਂ ਦੀ ਲੜਾਈ ਲੜ ਰਹੇ ਹਨ, ਤੇ ਸੱਚ ਇਹ ਵੀ ਹੈ ਕਿ ਲੜਨ ਵਾਲੇ ਘੱਟ ਹੀ ਹੋਏ ਹਨ। ਬਹੁਤੇ ਲੋਕ ਸ਼ਾਇਦ ਕਿਸੇ ਮਜਬੂਰੀ ਕਾਰਨ ਜਾਂ ਘੱਟ ਸਮਝ ਕਾਰਨ ਲੜਾਈ ਦੇ ਰਾਹ ਨਹੀਂ ਪੈ ਰਹੇ, ਪਰ ਭਵਿੱਖ ਵਿੱਚ ਉਹਨਾਂ ਨੂੰ ਆਪਣੀ ਗਲਤੀ ਦਾ ਅਹਿਸਾਸ ਜ਼ਰੂਰ ਹੋਵੇਗਾ। ਇਹ ਕੌੜਾ ਸੱਚ ਹੈ ਕਿ ਜਦੋਂ ਤੱਕ ਕਨੇਡਾ ਵਿੱਚ ਆਰਥਿਕ ਮੰਦੀ ਤੇ ਵੋਟਾਂ ਹਨ ਇਹ ਮਸਲਾ ਇਵੇਂ ਹੀ ਬਣਿਆ ਰਹੇਗਾ। ਕਿਉਂਕਿ ਮੌਜੂਦਾ ਸਿਸਟਮ ਦੀ ਇਹ ਲੋੜ ਹੈ ਕੇ ਉਹ ਲੋਕਾਂ ਨੂੰ ਆਪਸ ਵਿੱਚ ਪਾੜ ਕੇ ਰੱਖੇ। ਬਿਕਰਮ ਸਿੰਘ ਨੇ ਕਨੇਡਾ ਦੀਆਂ ਲੇਬਰ ਯੂਨੀਅਨਾਂ ਦੇ ਨਾਮ ਇੱਕ ਸੰਦੇਸ਼ ਦਿੰਦਿਆਂ ਕਿਹਾ ਕਿ ਕਨੇਡਾ ਦੀਆਂ ਵੱਡੀ ਗਿਣਤੀ ਟਰੇਡ ਯੂਨੀਅਨਾਂ ਸਿਰਫ ਆਪਣੇ ਮੈਂਬਰਾਂ ਦੀਆਂ ਤਨਖਾਹਾਂ ਵਧਾਉਣ ਦੀ ਲੜਾਈ ਤੱਕ ਸੀਮਿਤ ਨੇ ਜਾਂ ਇਸ ਲੋਟੂ ਸਰਮਾਏਦਾਰੀ ਪ੍ਰਬੰਧ ਕੋਲੋਂ ਸਿਰਫ ਕੁਝ ਹੋਰ ਰਿਆਇਤਾਂ ਲੈਣ ਤੱਕ ਸੀਮਤ ਨੇ। ਉਹ ਰਾਜਨੀਤਕ ਮਸਲਿਆਂ ਤੇ ਕੋਈ ਜ਼ਿਆਦਾ ਸੰਘਰਸ਼ ਨਹੀਂ ਕਰਦੇ। ਕਈ ਵੱਡੀਆਂ ਟਰੇਡ ਯੂਨੀਅਨਾਂ ਦੇ ਆਗੂ ਜਦੋਂ ਭਾਸ਼ਣ ਕਰਦੇ ਹਨ ਤਾਂ ਅਕਸਰ ਬੋਲਦੇ ਨੇ ਕਿ ਅਸੀਂ ਹਜ਼ਾਰਾਂ ਕਾਮਿਆਂ ਦੀ ਨੁਮਾਇੰਦਗੀ ਕਰਦੇ ਹਾਂ, ਜੋ ਕਿ ਕਰਦੇ ਵੀ ਨੇ ਪਰ ਰੈਲੀਆਂ ਵਿੱਚ ਉਹ ਇਕੱਲੇ ਹੀ ਆਉਂਦੇ ਨੇ ਤੇ ਉਹਨਾਂ ਹਜ਼ਾਰ ਮੈਂਬਰਾਂ ਤੱਕ ਵੱਖ ਵੱਖ ਚੱਲ ਰਹੇ ਸੰਘਰਸ਼ਾਂ ਬਾਰੇ ਆਪਣੇ ਵਿਚਾਰ ਵੀ ਨਹੀਂ ਦੱਸਦੇ। ਉਹ ਸਿਰਫ ਟਰੇਡ ਯੂਨੀਅਨ ਦੇ ਲੀਡਰ ਹਨ, ਨਾ ਕਿ ਮਜ਼ਦੂਰ ਜਮਾਤ ਦੇ।

ਇਸ ਤੋਂ ਇਲਾਵਾ ਬਰੈਂਪਟਨ ਦੀਆਂ ਵੱਖ ਵੱਖ ਧਾਰਮਿਕ ਕਮੇਟੀਆਂ (ਮੰਦਿਰ-ਗੁਰਦੁਆਰਾ ਕਮੇਟੀਆਂ) ਨੇ ਇਸ ਸੰਘਰਸ਼ ਦੀ ਲੰਗਰ ਤੱਕ ਦੀ ਸੇਵਾ ਤਾਂ ਬਾਖੂਬੀ ਤੇ ਨਿਰੰਤਰ ਨਿਭਾਈ, ਪਰ ਜਿੰਨੀ ਉਹਨਾਂ ਦੀ ਰਾਜਨੀਤਕ ਪਹੁੰਚ ਹੈ ਉਹਨਾਂ ਨੇ ਉਸ ਪੱਧਰ ਤੱਕ ਦਾ ਰਾਜਨੀਤਕ ਜ਼ੋਰ ਨਹੀਂ ਲਗਾਇਆ। ਸਾਰੀਆਂ ਪਾਰਟੀਆਂ ਦੇ ਲੀਡਰ ਅਕਸਰ ਧਾਰਮਿਕ ਕਮੇਟੀਆਂ ਕੋਲ ਵੋਟਾਂ ਖਾਤਰ ਚੱਕਰ ਕੱਟਦੇ ਦੇਖੇ ਜਾ ਸਕਦੇ ਨੇ। ਜੇਕਰ ਉਹ ਇਹ ਡਿਊਟੀ ਕਰਦੇ ਤਾਂ ਲੀਡਰਾਂ ਨੂੰ ਜ਼ਰੂਰ ਲੱਗਣਾ ਸੀ ਕਿ ਸਾਡਾ ਵੋਟ ਬੈਂਕ ਖਿਸਕ ਰਿਹਾ ਹੈ।

ਇੱਥੋਂ ਤੱਕ ਕੇ ਕਈ ਅਖੌਤੀ ਅਗਾਂਹਵਧੂ ਜਥੇਬੰਦੀਆਂ, ਉੱਘੇ ਲਿਖਾਰੀ, ਤੇ ਆਪਣੇ ਆਪ ਨੂੰ ਗਦਰੀਆਂ ਦੇ ਵਾਰਿਸ ਦੱਸਣ ਵਾਲੇ ਵੀ 143 ਦਿਨ ਚੱਲੇ ਸੰਘਰਸ਼ ਤੋਂ ਪਾਸਾ ਵੱਟਦੇ ਨਜ਼ਰ ਆਏ ਕਿਉਂਕਿ ਉਹ ਉੱਪਰੋਂ ਦੇਖਣ ਨੂੰ ਤੇ ਸਾਨੂੰ ਸਾਡੇ ਪੰਜਾਬੀ ਲੱਗਦੇ ਨੇ ਪਰ ਜਮਾਤੀ ਤੌਰ ’ਤੇ ਉਹ ਉਲਟ ਸਨ। ਕਈਆਂ ਵੱਡੇ ਬਿਜ਼ਨਸਮੈਨਾਂ, ਇਮੀਗਰੇਸ਼ਨ ਕੰਸਲਟੈਂਟਾਂ ਨੂੰ ਇਸ ਗੱਲ ਦੀ ਤਕਲੀਫ਼ ਸੀ ਕਿ ਅਸੀਂ LMIA ਦੇ ਵਿਰੁੱਧ ਬੋਲ ਕੇ ਉਹਨਾਂ ਦਾ ਬਿਜ਼ਨਸ ਖਰਾਬ ਕਰ ਰਹੇ ਹਾਂ। ਕਈ ਵਿਚਾਰੇ ਇਹੀ ਪ੍ਰਚਾਰ ਕਰਦੇ ਰਹੇ ਕਿ “ਸਾਰੇ ਸਟੂਡੈਂਟ ਗੰਦ ਹੀ ਪਾਉਂਦੇ ਨੇ” ਉਹ ਵਿਚਾਰੇ ਸਿਆਣੇ ਇਸ ਮਸਲੇ ਦੀ ਜੜ ਤੱਕ ਪਹੁੰਚ ਹੀ ਨਹੀਂ ਪਾ ਰਹੇ। ਹੁਣ ਉਹਨਾਂ ਨੂੰ ਕੌਣ ਸਮਝਾਵੇ ਕਿ ਸਾਰੀਆਂ ਉਂਗਲਾਂ ਇੱਕ ਬਰਾਬਰ ਨਹੀਂ ਹੁੰਦੀਆਂ। ਵਿਸ਼ਵ ਪੰਜਾਬੀ ਭਵਨ, ਬਰੈਂਪਟਨ ਦੇ ਵਿਹੜੇ ’ਚ 143 ਦਿਨਾ ਪੱਕੇ ਮੋਰਚੇ ਦੀ ਸਮਾਪਤੀ ਦਾ ਐਲਾਨ ਕਰਦਿਆਂ ਪੀ ਜੀ ਡਬਲਿਊ ਪੀ ਕਮੇਟੀ ਨੇ ਸਪੱਸ਼ਟ ਕੀਤਾ ਕਿ ਪੱਕੇ ਮੋਰਚੇ ਦਾ ਟੈਂਟ ਹੀ ਚੁੱਕਿਆ ਹੈ, ਸੰਘਰਸ਼ ਹਾਲੇ ਜਾਰੀ ਹੈ, ਅਸਲ ਚ ਲਿਬਰਲ ਪਾਰਟੀ ਸਿਆਸੀ ਹਾਲਤਾਂ ਤੋਂ ਭੱਜ ਰਹੀ ਹੈ, 24 ਮਾਰਚ ਤੱਕ ਪਾਰਲੀਮੈਂਟ ਵੀ ਬੰਦ ਹੈ, ਆਉਣ ਵਾਲੇ ਦਿਨਾਂ ’ਚ ਸੰਘਰਸ਼ ਦੇ ਨਵੇਂ ਨਕਸ਼ ਮਿਥੇ ਜਾਣਗੇ, ਇਹ ਘੇਰਾ ਹੋਰ ਵੀ ਵਿਸ਼ਾਲ ਹੋਵੇਗਾ, ਕਿਉਂਕਿ ਹੁਣ ਹੱਕ ਲਈ ਜੂਝਣ ਵਾਲਿਆਂ ਵਿੱਚ ਜਿੱਥੇ ਪੰਜਾਬੀ ਭਾਈਚਾਰੇ ਦੀ ਵੱਡੀ ਸ਼ਮੂਲੀਅਤ ਹੋ ਰਹੀ ਹੈ, ਓਥੇ 50 ਦੇ ਕਰੀਬ ਜਥੇਬੰਦੀਆਂ ਵੀ ਇਸ ਲੜਾਈ ’ਚ ਸਾਥ ਦੇ ਰਹੀਆਂ ਹਨ। 24 ਮਾਰਚ ਨੂੰ ਜਦੋਂ ਪਾਰਲੀਮੈਂਟ ਖੁੱਲੇਗੀ ਤਾਂ ਇਹ ਲੜਾਈ ਬਰੈਂਪਟਨ ਦੀ ਬਜਾਏ ਓਟਾਵਾ ਪਾਰਲੀਮੈਂਟ ਦੇ ਮੂਹਰੇ ਹੋਵੇਗੀ।

ਇਸ ਮੌਕੇ ਹੋਰ ਭਰਾਤਰੀ ਜਥੇਬੰਦੀਆਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪ੍ਰਵਾਸੀ ਤੇ ਹੋਰ ਕਾਮਿਆਂ ਦੀਆਂ ਸਮੱਸਿਆਵਾਂ ਨੂੰ ਲੈ ਕੇ ਸਾਂਝੇ ਘੋਲ ਉਸਾਰਨ ਦਾ ਸੱਦਾ ਦਿੱਤਾ।

ਸਹਿਯੋਗ ਦੇਣ ਵਾਲਿਆਂ ਵਿੱਚ ਮੁੱਖ ਤੌਰ ’ਤੇ ਪਾਰਕਡੇਲ ਕਮਿਊਨਿਟੀ ਲੀਗਲ ਸਰਵਿਸ, ਸੀ ਪੀ ਸੀ ਐਮ ਐਲ, ਐਮਾਜੋਨ ਵਰਕਰਜ਼ ਯੂਨੀਅਨ, Justicia, ਦੇਸ਼ ਭਗਤ ਸੀਨੀਅਰਜ਼ ਕਲੱਬ, CPUE York, ਪੀਪਲਜ਼ ਡਿਫੈਂਸ, ਮਾਈਗਰੈਂਟ ਵਰਕਰਜ਼ ਅਲਾਇੰਸ, ਸੋਸ਼ਲਿਸਟ ਡਾਟ ਸੀ ਏ, ਸੀ ਪੀ ਸੀ, ਪੋਸਟਲ ਵਰਕਰਜ਼ ਆਦਿ ਸ਼ਾਮਲ ਸਨ।

ਕਮੇਟੀ ਵੱਲੋਂ ਕੁਝ ਸਮਰਥਕਾਂ ਦਾ ਖਾਸ ਤੌਰ ਤੇ ਧੰਨਵਾਦ ਕੀਤਾ ਗਿਆ, ਜਿਹਨਾਂ ਵਿੱਚ ਸਵਰੀਨ ਕੌਰ, ਸੁਖਵੀਰ ਸਿੱਧੂ, ਨਰਿੰਦਰ ਸਰੋਆ ਫੈਮਲੀ, ਵਰਦਾਨ, ਸੁਖਮਨ ਕੌਰ, ਮਨਪ੍ਰੀਤ ਸਿੰਘ ਉਚੇਚਾ ਸ਼ਾਮਲ ਹਨ, ਜੋ ਪਿਛਲੇ 143 ਦਿਨ ਚੱਲੇ ਧਰਨੇ ਦੀ ਰੀੜ ਦੀ ਹੱਡੀ ਸਨ ਭਾਂਵੇ ਉਹਨਾਂ ਦਾ ਇਸ ਲੜਾਈ ਨਾਲ ਕੋਈ ਨਿੱਜੀ ਸਰੋਕਾਰ ਨਹੀਂ ਸੀ ਪਰ ਉਹਨਾਂ ਨੇ ਖਾਣ ਪੀਣ, ਫੰਡ, ਰਾਤਾਂ ਸੌਣ ਤੱਕ ਦੀ ਡਿਊਟੀ ਨਿਭਾਈ।

ਪੀ ਜੀ ਡਬਲਿਊ ਪੀ ਕਮੇਟੀ ਦੇ ਹੋਰ ਮੈਂਬਰਾਂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ, ਜਿਹਨਾਂ ਵਿੱਚ ਧਰਮਿੰਦਰ, ਨਵੀ, ਸਚਿਨ, ਪ੍ਰਿਯਾਂਸ਼ੂ, ਅੰਮ੍ਰਿਤ, ਪ੍ਰਵੀਨ, ਗੁਰਜਿੰਦਰ ਵਿਦਿਆਰਥੀ, ਅਮਨਦੀਪ ਸਿੰਘ, ਅਭਿਸ਼ੇਕ, ਕਰਨ ਬੇਦੀ, ਸਿਮਰਤ ਕੌਰ, ਅਮਰਦੀਪ ਸਿੰਘ ਤੇ ਸਰਬਜੀਤ ਸਿੰਘ ਆਦਿ ਸ਼ਾਮਲ ਹਨ।

**ਬਿਕਰਮ ਕੁੱਲੇਵਾਲ** 647-612-5161, **ਗੁਰਜਿੰਦਰ ਵਿਦਿਆਰਥੀ** 437-772-2555





# ਮੌਜੂਦਾ ਭਾਰਤੀ ਕਿਸਾਨ ਸੰਘਰਸ਼, ਏਕਤਾ ਦੀ ਲੋੜ

ਨਵਕਿਰਨ ਸਿੰਘ ਪੱਤੀ
98885-44001




ਖਨੌਰੀ ਅਤੇ ਸ਼ੰਭੂ ਬਾਰਡਰ ਉੱਪਰ ਚੱਲ ਰਹੇ ਕਿਸਾਨ ਮੋਰਚੇ ਫਰਵਰੀ ਮਹੀਨੇ ’ਚ ਆਪਣਾ ਇਕ ਵਰ੍ਹਾ ਪੂਰਾ ਕਰਦਿਆਂ ਦੂਜੇ ਸਾਲ ਵਿੱਚ ਦਾਖਲ ਹੋ ਜਾਣਗੇ। ਇਸ ਇਕ ਸਾਲ ਦੌਰਾਨ ਕਿਸਾਨ ਸੰਘਰਸ਼ ਨੇ ਜਿੱਥੇ ਅੱਤ ਦੀ ਗਰਮੀ, ਸਰਦੀ ਨੂੰ ਸਹਿਣ ਕੀਤਾ ਉੱਥੇ ਹੀ ਕਈ ਵਾਰ ਹਰਿਆਣਾ ਪੁਲਿਸ ਦੀਆਂ ਧਾੜਾਂ ਦਾ ਸਾਹਮਣਾ ਕਰਦਿਆਂ ਅੱਥਰੂ ਗੈਸ ਦੇ ਗੋਲਿਆਂ, ਡਾਂਗਾਂ, ਪਾਣੀ ਦੀਆਂ ਬੁਛਾੜਾਂ ਵੀ ਸਹਿਣ ਕੀਤੀਆਂ ਹਨ। ਇਸ ਇਕ ਸਾਲ ਦੌਰਾਨ ਗੋਲੀ ਲੱਗਣ ਕਾਰਨ ਪੰਜਾਬ ਦੇ ਬੱਲ੍ਹੋ ਪਿੰਡ ਦੇ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਦੀ ਸ਼ਹਾਦਤ ਵੀ ਹੋਈ ਹੈ। ਬਣਦਾ ਤਾਂ ਇਹ ਸੀ ਕਿ ਅੰਦੋਲਨ ਦੇ ਚੱਲਦਿਆਂ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਨੂੰ ਹੱਲ ਕਰਦੀ, ਪਰ ਹੋਇਆ ਇਹ ਕਿ ਇਸ ਇਕ ਸਾਲ ਦੌਰਾਨ ਇਕ ਮੀਟਿੰਗ ਦੇਣ ਤੋਂ ਸਿਵਾਏ ਕੇਂਦਰ ਸਰਕਾਰ ਟੱਸ ਤੋਂ ਮੱਸ ਵੀ ਨਹੀਂ ਹੋਈ ਹੈ। ਹੁਣ ਵੀ ਇਕ ਵੱਡੇ ਦਬਾਅ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਕਿਸਾਨਾਂ ਨੂੰ 14 ਫਰਵਰੀ ਨੂੰ ਮੀਟਿੰਗ ਲਈ ਸੱਦਾ ਤਾਂ ਦਿੱਤਾ ਗਿਆ ਹੈ ਪਰ ਦੇ ਇਸ ਸੱਦੇ ਦਰਮਿਆਨ ਬਹੁਤ ਜ਼ਿਆਦਾ ਵਕਫ਼ਾ ਰੱਖਿਆ ਗਿਆ ਹੈ ਤਾਂ ਜੋ ਅੰਦੋਲਨ ਨੂੰ ਹੋਰ ਲੰਮਾ ਖਿੱਚ ਕੇ ਥਕਾਇਆ ਜਾ ਸਕੇ। ਅਜਿਹਾ ਨਹੀਂ ਹੈ ਕਿ ਕੇਂਦਰ ਸਰਕਾਰ 14 ਫਰਵਰੀ ਤੋਂ ਪਹਿਲਾਂ ਦੋ ਮੰਤਰੀ ਗੱਲਬਾਤ ਲਈ ਚੰਡੀਗੜ੍ਹ ਨਹੀਂ ਭੇਜ ਸਕਦੀ ਸੀ ਬਲਕਿ ਅਜਿਹਾ ਇਹ ਦਰਸਾਉਣ ਲਈ ਕੀਤਾ ਗਿਆ ਹੈ ਕਿ ਸਰਕਾਰ ਨੂੰ ਅੰਦੋਲਨ ਨਾਲ ਕੋਈ ‘ਫਰਕ’ ਨਹੀਂ ਪੈਂਦਾ ਹੈ। ਕੇਂਦਰ ਸਰਕਾਰ ਵੱਲੋਂ ਇਸ ਪ੍ਰਸਤਾਵਿਤ ਗੱਲਬਾਤ ਲਈ ਦਿੱਤੀ ਦੂਰ ਦੀ ਤਾਰੀਕ ਤੋਂ ਕੇਂਦਰ ਦਾ ਦੇਸ਼ ਦੇ ਲੋਕਾਂ ਦੇ ਹਿਤਾਂ ਨੂੰ ਹੈਂਕੜ ਨਾਲ ਨਜ਼ਰਅੰਦਾਜ਼ ਕਰਨ ਦਾ ਲੋਕ ਵਿਰੋਧੀ ਚਰਿੱਤਰ ਹੀ ਮੁੜ ਨੰਗਾ ਹੋਇਆ ਹੈ।

ਕੇਂਦਰ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਉੱਪਰ 14 ਫਰਵਰੀ ਨੂੰ ਗੱਲਬਾਤ ਕਰਨ ਦੇ ਫ਼ੈਸਲੇ ਤੋਂ ਬਾਅਦ ਮਰਨ ਵਰਤ ਉੱਪਰ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਮੈਡੀਕਲ ਸਹਾਇਤਾ ਲੈਣੀ ਸ਼ੁਰੂ ਕਰ ਦਿੱਤੀ ਹੈ। ਇਸ ਪਿੱਛੇ ਦਲੀਲ ਇਹ ਹੈ ਕਿ ਕੇਂਦਰ ਸਰਕਾਰ ਨੂੰ ਕਿਸਾਨ ਜਥੇਬੰਦੀਆਂ ਨੂੰ ਮੀਟਿੰਗ ਲਈ ਸਮਾਂ ਦੇਣ ਵਾਸਤੇ ਮਰਨ ਵਰਤ ਰੱਖਿਆ ਗਿਆ ਸੀ ਅਤੇ ਇਹ ਮੰਗ ਮੰਨ ਲਈ ਗਈ ਹੈ। ਕਿਸਾਨ ਆਗੂ ਦੀ ਸਿਹਤ ਵਿੱਚ ਕੁੱਝ ਸੁਧਾਰ ਵੀ ਨਜ਼ਰ ਆ ਰਿਹਾ ਹੈ। ਇਸ ਤੋਂ ਇਲਾਵਾ ਕੇਂਦਰ ਸਰਕਾਰ ਦੇ ਗੱਲਬਾਤ ਦੇ ਸੱਦੇ ਤੋਂ ਬਾਅਦ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਸ਼ੰਭੂ ਬਾਰਡਰ ਤੋਂ ਦਿੱਲੀ ਵੱਲ ਮੁੜ 101 ਕਿਸਾਨਾਂ ਦਾ ਜਥਾ ਭੇਜਣ ਦਾ ਪ੍ਰੋਗਰਾਮ ਵੀ ਮੁਲਤਵੀ ਕਰ ਦਿੱਤਾ ਗਿਆ ਹੈ।

ਉਂਝ ਵੇਖਿਆ ਜਾਵੇ ਤਾਂ ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੀਆਂ ਬਰੂਹਾਂ ’ਤੇ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਵੇਲੇ ਕੇਂਦਰ ਸਰਕਾਰ ਅਤੇ ਕਿਸਾਨਾਂ ਦਰਮਿਆਨ ਗੱਲਬਾਤ ਦੇ ਲਗਾਤਾਰ ਕਈ ਦੌਰ ਚੱਲੇ ਸਨ ਪਰ ਇਸ ਵਾਰ ਸਥਿਤੀ ਇਹ ਬਣੀ ਹੋਈ ਹੈ ਕਿ ਸਾਲ ਭਰ ਮੀਟਿੰਗ ਦਾ ਸੱਦਾ ਹੀ ਨਹੀਂ ਦਿੱਤਾ ਗਿਆ, ਜਿਸ ਕਾਰਨ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਮਰਨ ਵਰਤ ਦਾ ਫ਼ੈਸਲਾ ਲਿਆ ਗਿਆ। ਅਸਲ ਵਿੱਚ ਇਤਿਹਾਸਕ ਕਿਸਾਨ ਅੰਦੋਲਨ ਸਮੇਂ ਕਿਸਾਨ ਜਥੇਬੰਦੀਆਂ ਦੀਆਂ ਸਾਰੀਆਂ ਧਿਰਾਂ ਸੰਯੁਕਤ ਕਿਸਾਨ ਮੋਰਚੇ ਦੇ ਝੰਡੇ ਹੇਠ ਇਕਮੁੱਠ ਸਨ ਅਤੇ ਅੰਦੋਲਨ ਦੇ ਦਬਾਅ ਨੇ ਸਰਕਾਰ ਨੂੰ ਗੱਲਬਾਤ ਸ਼ੁਰੂ ਕਰਨ ਲਈ ਮਜਬੂਰ ਕਰ ਦਿੱਤਾ ਸੀ। ਪਰ ਇਸ ਵਾਰ ਸਾਰੀਆਂ ਕਿਸਾਨ ਜਥੇਬੰਦੀਆਂ ਇਕਮੁੱਠ ਨਾ ਹੋਣ ਕਾਰਨ ਕੇਂਦਰ ਸਰਕਾਰ ਉਸ ਪੱਧਰ ਦਾ ਦਬਾਅ ਨਹੀਂ ਮੰਨ ਰਹੀ ਹੈ। ਹਾਲਤ ਤਾਂ ਇਹ ਬਣ ਗਈ ਹੈ ਕਿ ਕੇਂਦਰ ਸਰਕਾਰ ਵੱਲੋਂ ਕਿਸਾਨ ਅੰਦੋਲਨ ਦੀਆਂ ਮੰਗਾਂ ਮੰਨਣ ਦੀ ਬਜਾਏ ਉਲਟਾ ਨਵੇਂ ਖੇਤੀ ਕਾਨੂੰਨ ਟੇਢੇ ਢੰਗ ਨਾਲ ਲਾਗੂ ਕਰਨ ਦੀ ਚਾਲ ਚੱਲੀ ਜਾ ਰਹੀ ਹੈ।

ਪਿਛਲੇ ਦਿਨੀਂ ਸੰਯੁਕਤ ਕਿਸਾਨ ਮੋਰਚਾ ਨਾਲ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਅਤੇ ਕਿਸਾਨ ਮਜਦੂਰ ਮੋਰਚਾ ਦੀ ਹੋਈ ਦੋ ਗੇੜ ਦੀ ਗੱਲਬਾਤ ਭਾਵੇਂ ਕਿਸੇ ਠੋਸ ਨਤੀਜੇ ਉੱਪਰ ਨਹੀਂ ਪੁੱਜ ਸਕੀ ਪਰ ਉਸਦਾ ਇਕ ਹਾਂ ਪੱਖ ਇਹ ਰਿਹਾ ਹੈ ਕਿ 26 ਜਨਵਰੀ ਨੂੰ ਸਾਰੇ ਮੋਰਚਿਆਂ ਵੱਲੋਂ ਸਫ਼ਲ ਟਰੈਕਟਰ ਮਾਰਚ ਕੀਤਾ ਗਿਆ ਹੈ। ਸਾਰੀਆਂ ਹੀ ਕਿਸਾਨ ਜਥੇਬੰਦੀਆਂ ਵੱਲੋਂ ਇਕੋ ਦਿਨ ਕਾਰਪੋਰੇਟ ਘਰਾਣਿਆਂ ਦੇ ਕਾਰੋਬਾਰੀ ਟਿਕਾਣਿਆਂ ਅਤੇ ਸੱਤਾਧਾਰੀ ਪਾਰਟੀ ਦੇ ਦਫ਼ਤਰਾਂ ਅੱਗੇ ਕਿਸਾਨਾਂ ਵੱਲੋਂ ਖੜ੍ਹੇ ਕੀਤੇ ਗਏ ਟਰੈਕਟਰ ਕਿਸਾਨ ਸੰਘਰਸ਼ ਨੂੰ ਇਕਜੁੱਟ ਕਰਨ ਦੀ ਆਸ ਬਣੇ ਹਨ।

ਸੰਯੁਕਤ ਕਿਸਾਨ ਮੋਰਚਾ ਵੱਲੋਂ ਖਨੌਰੀ ਅਤੇ ਸ਼ੰਭੂ ਬਾਰਡਰ ਉੱਪਰ ਸੰਘਰਸ਼ ਕਰ ਰਹੇ ਦੋਵਾਂ ਹੀ ਮੋਰਚਿਆਂ ਨੂੰ 12 ਫਰਵਰੀ ਨੂੰ ਚੰਡੀਗੜ੍ਹ ਵਿੱਚ ਤੀਜੇ ਗੇੜ ਦੀ ਗੱਲਬਾਤ ਲਈ ਸੱਦਾ ਭੇਜਿਆ ਗਿਆ ਹੈ, ਹਾਲਾਂਕਿ ਉਸ ਦਿਨ ਖਨੌਰੀ ਬਾਰਡਰ ਉੱਪਰ ਕਿਸਾਨ ਮਹਾਂਪੰਚਾਇਤ ਬੁਲਾਈ ਹੋਣ ਕਾਰਨ ਮੀਟਿੰਗ ਦੀ ਤਾਰੀਕ ਅੱਗੇ ਹੋ ਸਕਦੀ ਹੈ ਪਰ ਇਸ ਮੀਟਿੰਗ ਵਿੱਚੋਂ ਤਾਲਮੇਲਵੇਂ ਸੰਘਰਸ਼ ਦੀ ਰੂਪਰੇਖਾ ਉਲੀਕੇ ਜਾਣ ਦੀ ਸੰਭਾਵਨਾ ਹੈ ਕਿਉਂਕਿ ਜਗਜੀਤ ਸਿੰਘ ਡੱਲੇਵਾਲ ਵੀ ਹੁਣ ਕਿਸਾਨ ਜਥੇਬੰਦੀਆਂ ਨੂੰ ਇਕਜੁੱਟ ਕਰਨ ਦੀ ਇੱਛਾ ਦਿਖਾ ਰਹੇ ਹਨ। ਸ਼ਾਇਦ ਸਾਰੇ ਆਗੂਆਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਖੇਤੀ ਖੇਤਰ ਉੱਪਰ ਭਾਜਪਾ ਦੇ ਹਮਲੇ ਨੂੰ ਠੱਲ ਪਾਉਣ ਲਈ ਕਿਸਾਨ ਮੋਰਚਿਆਂ ਦੀ ਇਕਜੁੱਟਤਾ ਸਮੇਂ ਦੀ ਲੋੜ ਹੈ।

ਕੇਂਦਰ ਸਰਕਾਰ ਵੱਲੋਂ ਰਾਜਾਂ ਨੂੰ ਭੇਜੀ ਨਵੀਂ ਤਜਵੀਜ਼ ਤੋਂ ਇਹ ਜ਼ਾਹਿਰ ਹੋ ਚੁੱਕਾ ਹੈ ਕਿ ਕੇਂਦਰ ਸਰਕਾਰ ਐੱਮਐੱਸਪੀ ਦੀ ਗਾਰੰਟੀ ਦਾ ਕਾਨੂੰਨ ਬਣਾਉਣਾ ਤਾਂ ਦੂਰ ਦੀ ਗੱਲ, ਫ਼ਸਲਾਂ ਦੀ ਸਰਕਾਰੀ ਖ਼ਰੀਦ ਦੀ ਮੌਜੂਦਾ ਪ੍ਰਣਾਲੀ ਤੋਂ ਵੀ ਹੱਥ ਪਿੱਛੇ ਖਿੱਚ ਕੇ ਕਾਰਪੋਰੇਟ ਘਰਾਣਿਆਂ ਦੇ ਸਾਈਲੋ ਗੁਦਾਮਾਂ ਨੂੰ ਖੁੱਲ੍ਹੀ ਛੁੱਟੀ ਦੇਣ ਦੇ ਰੌਅ ਵਿੱਚ ਹੈ। ਕੇਂਦਰ ਸਰਕਾਰ ਦੇ ਇਸ ਘਾਤਕ ਹੱਲੇ ਦਾ ਵਿਰੋਧ ਕਿਸੇ ਇਕ ਜਥੇਬੰਦੀ ਜਾਂ ਕਿਸੇ ਇਕ ਮੋਰਚੇ ਦੇ ਵੱਸ ਦੀ ਗੱਲ ਨਹੀਂ ਹੈ ਬਲਕਿ ਇਤਿਹਾਸਕ ਕਿਸਾਨ ਅੰਦੋਲਨ ਵਾਂਗ ਇਕ ਅਜਿਹਾ ਸਾਂਝਾ ਸੰਘਰਸ਼ ਲੋੜੀਂਦਾ ਹੈ ਜਿਸ ਵਿੱਚ ਕਿਸਾਨ, ਮਜ਼ਦੂਰ ਜਥੇਬੰਦੀਆਂ, ਟਰੇਡ ਯੂਨੀਅਨਾਂ ਸਾਂਝੇ ਮੰਚ ’ਤੇ ਆ ਕੇ ਸੰਘਰਸ਼ ਨੂੰ ਵਿਸ਼ਾਲ ਰੂਪ ਦੇਣ।

ਪੰਜਾਬ-ਹਰਿਆਣਾ ਦੀ ਹੱਦ ਉੱਪਰ ਕਿਸਾਨਾਂ ਦੇ ਪੱਕੇ ਧਰਨੇ ਲੱਗੇ ਹੋਣ ਦੇ ਬਾਵਜੂਦ ਭਾਜਪਾ ਫਿਰਕੂ ਧਰੁਵੀਕਰਨ ਦੀ ਸਿਆਸਤ ਦੇ ਜ਼ੋਰ ਕਿਸਾਨਾਂ ਦੀਆਂ ਵੋਟਾਂ ਬਟੋਰਨ ’ਚ ਕਾਮਯਾਬ ਹੋਈ ਅਤੇ ਕੇਂਦਰੀ ‘ਸੱਤਾ’ ਉੱਪਰ ਤੀਜੀ ਵਾਰ ਕਾਬਜ਼ ਹੋ ਗਈ। ਹੁਕਮਰਾਨ ਧਿਰ ਦੇ ਆਗੂਆਂ ਨੂੰ ਆਪਣੀ ਚਾਣਕੀਆ ਸਿਆਸਤ ਉੱਪਰ ਅੰਨ੍ਹਾ ਯਕੀਨ ਹੈ ਕਿ ਲੋਕ ਵਿਰੋਧੀ ਨੀਤੀਆਂ ਦੇ ਬਾਵਜੂਦ ਵੀ ਸੱਤਾ ਹਥਿਆਈ ਜਾ ਸਕਦੀ ਹੈ। ਇਸ ਲਈ ਮੋਦੀ ਵਜ਼ਾਰਤ ਕਿਸਾਨਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਵੀ ਲਾਗੂ ਕਰਨ ਤੋਂ ਇਨਕਾਰੀ ਹੈ। ਸਰਕਾਰ ਨੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦਾ ਕਰਜ਼ਾ ਮਾਫ਼ ਕਰਨ ਦੀ ਕੋਈ ਯੋਜਨਾ ਨਹੀਂ ਬਣਾਈ, ਬਿਜਲੀ ਸੋਧ ਬਿਲ-2020 ਵਾਪਸ ਨਹੀਂ ਲਿਆ ਗਿਆ ਹੈ। ਲਖੀਮਪੁਰ ਖੀਰੀ ਵਿੱਚ ਕਤਲ ਕੀਤੇ ਕਿਸਾਨਾਂ ਦੇ ਮਾਮਲੇ ਵਿੱਚ ਅਜੇ ਤੱਕ ਇਨਸਾਫ਼ ਨਹੀਂ ਮਿਲਿਆ ਹੈ। ਕੇਂਦਰ ਸਰਕਾਰ ਨੇ ਭਰੋਸਾ ਦਿਵਾਇਆ ਸੀ ਕਿ ਕਿਸਾਨ ਅੰਦੋਲਨ ਦੌਰਾਨ ਕਿਸਾਨਾਂ ਖਿਲਾਫ਼ ਦਰਜ ਸਾਰੇ ਪੁਲਿਸ ਕੇਸ ਵਾਪਸ ਲਏ ਜਾਣਗੇ ਲੇਕਿਨ ਬਾਅਦ ਵਿੱਚ ਕੇਸ ਵਾਪਸ ਲੈਣ ਤੋਂ ਟਾਲਾ ਵੱਟ ਲਿਆ ਗਿਆ। ਪੁਲਿਸ ਕੇਸ ਵਾਪਸ ਨਾ ਹੋਣ ਕਾਰਨ ਅਨੇਕਾਂ ਕਿਸਾਨਾਂ ਨੂੰ ਅਦਾਲਤੀ ਕੇਸਾਂ ਅਤੇ ਸੰਮਨਾਂ ਦਾ ਵੀ ਸਾਹਮਣਾ ਕਰਨਾ ਪੈ ਰਿਹਾ ਹੈ।

ਖੇਤੀ ਕਾਨੂੰਨਾਂ ਖਿਲਾਫ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਦੇ ਦਬਾਅ ਹੇਠ ਖੇਤੀ ਕਾਨੂੰਨ ਵਾਪਸ ਲੈਣ ਸਮੇਂ ਮੋਦੀ ਸਰਕਾਰ ਨੇ ਬਾਕੀ ਮੰਗਾਂ ਛੇਤੀਂ ਮੰਨਣ ਦਾ ‘ਭਰੋਸਾ ਜ਼ਰੂਰ ਦਿੱਤਾ ਸੀ ਪਰ ਫਸਲਾਂ ‘ਤੇ ਐਮਐਸਪੀ ਦੇਣ ਦੀ ਪੂਰੀ ਤਰ੍ਹਾਂ ਵਾਜਬ ਮੰਗ ਉੱਪਰ ਸਰਕਾਰ ਗੱਲਬਾਤ ਕਰਨ ਲਈ ਵੀ ਤਿਆਰ ਨਹੀਂ ਹੈ, ਇਸ ਮੰਗ ਨੂੰ ਮੰਨਣਾ ਤਾਂ ਦੂਰ ਦੀ ਗੱਲ ਹੈ। ਭਾਜਪਾ ਦੀ ਕਾਰਪੋਰੇਟ ਪੱਖੀ ਨੀਤੀਆਂ ਦੀ ਧੁੱਸ ਨੂੰ ਦੇਖਦਿਆਂ ਓਦੋਂ ਵੀ ਕਿਸਾਨ ਆਗੂਆਂ ਨੂੰ ਖ਼ਦਸ਼ਾ ਸੀ ਕਿ ਬੇਸ਼ੱਕ ਸਰਕਾਰ ਨੇ ਤਿੰਨ ਖੇਤੀ ਕਾਨੂੰਨ ਵਾਪਸ ਲੈ ਲਏ ਹਨ, ਪਰ ਇਹ ਆਪਣੀ ਕਿਸਾਨ ਵਿਰੋਧੀ ਖੇਤੀ ਨੀਤੀ ਨਹੀਂ ਛੱਡੇਗੀ ਅਤੇ ਕਿਸੇ ਹੋਰ ਰੂਪ ’ਚ ਤਿੰਨ ਖੇਤੀ ਕਾਨੂੰਨਾਂ ਨੂੰ ਲਿਆਉਣ ਦੀ ਕੋਸ਼ਿਸ਼ ਕਰੇਗੀ। ਆਰਥਕ ਨੀਤੀਆਂ ਦੀ ਸਮਝ ਰੱਖਦੇ ਆਗੂਆਂ ਨੂੰ ਪਤਾ ਸੀ ਕਿ ਐੱਮਐੱਸਪੀ ਕਾਨੂੰਨ ਬਣਾਉਣ ਦੀ ਮੰਗ ਐਨਾ ਸਿੱਧਾ ਸਾਦਾ ਮਸਲਾ ਨਹੀਂ ਹੈ, ਇਸਦਾ ਸੰਬੰਧ ਸਾਮਰਾਜੀ ਨੀਤੀਆਂ ਨਾਲ ਹੈ ਅਤੇ ਇਸ ਖ਼ਾਤਰ ਬਹੁਤ ਵੱਡੀ ਲੜਾਈ ਲੜਨੀ ਪਵੇਗੀ।

ਜਿੱਥੋਂ ਤੱਕ ਐੱਮਐੱਸਪੀ ਦਾ ਸਵਾਲ ਹੈ, ਜੇਕਰ ਦੋ ਤੋਂ ਵੱਧ ਫ਼ਸਲਾਂ ਉੱਪਰ ਐਮਐਸਪੀ ਦੀ ਮੰਗ ਪੂਰੀ ਹੁੰਦੀ ਹੈ ਤਾਂ ਇਹ ਸਾਡੇ ਵਾਤਾਵਰਨ ਅਤੇ ਕੁਦਰਤੀ ਸ੍ਰੋਤਾਂ ਲਈ ਵੀ ਲਾਹੇਵੰਦ ਸਾਬਤ ਹੋਵੇਗੀ ਕਿਉਂਕਿ ਕੇਂਦਰ ਸਰਕਾਰ ਫਸਲਾਂ ’ਤੇ ਐਮਐਸਪੀ ਦਾ ਐਲਾਨ ਤਾਂ ਕਰਦੀ ਹੈ ਪਰ ਸਾਰੀਆਂ ਫ਼ਸਲਾਂ ਦੀ ਐਮਐਸਪੀ ਤਹਿਤ ਖਰੀਦ ਦੀ ਗਾਰੰਟੀ ਨਹੀਂ ਦਿੰਦੀ ਹੈ। ਜਿਵੇਂ ਪੰਜਾਬ ਤੇ ਹਰਿਆਣਾ ਵਿੱਚ ਸਿਰਫ ਤੇ ਸਿਰਫ ਕਣਕ-ਝੋਨੇ ਦੀ ਐਮਐਸਪੀ ਤਹਿਤ ਖਰੀਦ ਹੁੰਦੀ ਹੈ। ਹੋਰ ਫਸਲਾਂ ‘ਤੇ ਐਮਐਸਪੀ ਦੀ ਗਾਰੰਟੀ ਨਾ ਹੋਣ ਕਾਰਨ ਇਸ ਖੇਤਰ ਦੇ ਜ਼ਿਆਦਾਤਰ ਕਿਸਾਨ ਕਣਕ, ਝੋਨੇ ਦੀ ਫਸਲ ਦੀ ਹੀ ਬੀਜਾਈ ਕਰਨ ਲਈ ਮਜਬੂਰ ਹਨ। ਇਸ ਤਰ੍ਹਾਂ ਸਰਕਾਰ ਫਸਲੀ ਵੰਨ-ਸੁਵੰਨਤਾ ਖ਼ਤਮ ਕਰ ਰਹੀ ਹੈ ਤੇ ਸਿਰਫ਼ ਦੋ ਫ਼ਸਲਾਂ ਦੇ ਫਸਲੀ ਚੱਕਰ ਤਹਿਤ ਕਿਸਾਨਾਂ ਦੇ ਨਾਲ-ਨਾਲ ਕੁਦਰਤ ਨਾਲ ਵੀ ਖਿਲਵਾੜ ਕੀਤਾ ਜਾ ਰਿਹਾ ਹੈ। ਜੇਕਰ ਐਮਐਸਪੀ ਤਹਿਤ ਖਰੀਦ ਯਕੀਨੀ ਬਣੇ ਤਾਂ ਉੱਤਰੀ ਭਾਰਤ ਵਿੱਚ ਮੱਕੀ ਅਤੇ ਮੂੰਗੀ ਦੀ ਕਾਸ਼ਤ ਵੱਡੀ ਪੱਧਰ ’ਤੇ ਹੋ ਸਕਦੀ ਹੈ। ਕਿਸਾਨ ਮੱਕੀ, ਮੂੰਗੀ, ਸੂਰਜਮੁਖੀ, ਆਲੂ ਆਦਿ ਫਸਲਾਂ ਬੀਜ ਤਾਂ ਲੈਂਦੇ ਹਨ ਪਰ ਖਰੀਦ ਦੀ ਗਾਰੰਟੀ ਨਾ ਹੋਣ ਕਾਰਨ ਕਿਸਾਨਾਂ ਨੂੰ ਕਈ ਵਾਰ ਕੌਡੀਆਂ ਦੇ ਭਾਅ ਇਹ ਫਸਲਾਂ ਵੇਚਣ ਲਈ ਮਜਬੂਰ ਹੋਣਾ ਪੈਂਦਾ ਹੈ। ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼ ਸਮੇਤ ਕਈ ਸੂਬਿਆਂ ਦੇ ਵਾਤਾਵਰਨ ਤੇ ਉਪਜਾਊ ਧਰਤੀ ਦੇ ਹਿਸਾਬ ਨਾਲ ਜੇਕਰ ਸਰਕਾਰ ਕਿਸਾਨਾਂ ਨੂੰ ਸਬਜੀਆਂ ‘ਤੇ ਐਮਐਸਪੀ ਦੇਵੇ ਤੇ ਸਬਜੀਆਂ ਦੂਜੇ ਦੇਸ਼ਾਂ ਵਿੱਚ ਭੇਜਣ ਦਾ ਪ੍ਰਬੰਧ ਕਰੇ ਤਾਂ ਖੇਤੀ ਖੇਤਰ ਪੈਰਾਂ ਸਿਰ ਹੋ ਸਕਦਾ ਹੈ। ਪਰ ਭਾਰਤੀ ਹੁਕਮਰਾਨ ਜਮਾਤ ਦੇ ਇਰਾਦੇ ਕੁਝ ਹੋਰ ਹਨ, ਉਹ ਖੇਤੀ ਸੰਕਟ ਨੂੰ ਹੱਲ ਕਰਨ ਦੀ ਦਿਸ਼ਾ ’ਚ ਤੁਰਨ ਦੀ ਬਜਾਏ ਕਿਸਾਨਾਂ ਨੂੰ ਤਬਾਹ ਕਰਕੇ ਖੇਤੀ ਖੇਤਰ ਨੂੰ ਕਾਰਪੋਰੇਟ ਸਰਮਾਏਦਾਰੀ ਦੇ ਹਵਾਲੇ ਕਰਨ ਵਿਚ ਹੀ ਖੇਤੀ ਸੰਕਟ ਦਾ ‘ਹੱਲ’ ਦੇਖਦੇ ਹਨ। ਇਸ ਲਈ, ਸੁਆਲ ਕੁਝ ਮੰਗਾਂ ਦਾ ਨਹੀਂ ਹੈ, ਮੂਲ ਰੂਪ ’ਚ ਸਵਾਲ ਆਰਥਕ ਨੀਤੀਆਂ ਦੇ ਪੂਰੇ ਸੈੱਟ ਨੂੰ ਰੱਦ ਕਰਾਉਣ ਦਾ ਹੈ। ਇਹ ਆਰਥਕ ਨੀਤੀਆਂ ਬਾਰੇ ਜਾਗਰੂਕਤਾ ’ਤੇ ਆਧਾਰਤ ਵਿਸ਼ਾਲ ਜਨਤਾ ਨੂੰ ਕਲਾਵੇ ਵਿਚ ਲੈਣ ਵਾਲੀ ਵੱਡੀ ਲੜਾਈ ਨਾਲ ਹੀ ਸੰਭਵ ਹੈ। ਫਿਰ ਵੀ, ਜਿਸ ਤਰ੍ਹਾਂ ਦੇ ਸੰਘਰਸ਼ ਚੱਲ ਰਹੇ ਹਨ, ਇਨ੍ਹਾਂ ਦਾ ਆਪਣਾ ਮਹੱਤਵ ਹੈ ਅਤੇ ਅਜਿਹੀਆਂ ਜਿੱਤਾਂ ਆਮ ਲੋਕਾਈ ਦਾ ਲੋਕਾਂ ਦੀ ਜਥੇਬੰਦਕ ਤਾਕਤ ਅਤੇ ਸੰਘਰਸ਼ਾਂ ਵਿਚ ਵਿਸ਼ਵਾਸ ਬਣਾਉਣ ’ਚ ਕਾਫ਼ੀ ਸਾਰਥਕ ਭੂਮਿਕਾ ਨਿਭਾਉਂਦੀਆਂ ਹਨ।

ਇਤਿਹਾਸਕ ਕਿਸਾਨ ਅੰਦੋਲਨ ਦੇ ਤਜਰਬੇ ਤੋਂ ਬਾਅਦ ਆਮ ਲੋਕ ਕਿਸਾਨ ਜਥੇਬੰਦੀਆਂ ਤੋਂ ਬਹੁਤ ਉਮੀਦ ਕਰਦੇ ਹਨ। ਇਸੇ ਵਿੱਚੋਂ ਉਹ ਚਾਹੁੰਦੇ ਹਨ ਕਿ ਕਿਸਾਨ ਜਥੇਬੰਦੀਆਂ ਇਕਜੁੱਟ ਹੋਣ ਅਤੇ ਸਾਂਝੇ ਸੰਘਰਸ਼ ਰਾਹੀਂ ਸਾਡੇ ਹਿਤਾਂ ਦੀ ਰਾਖੀ ਕਰਨ। ਵੱਖ-ਵੱਖ ਕਿਸਾਨ ਜਥੇਬੰਦੀਆਂ ਦੇ ਰਾਜਨੀਤਕ ਨਜ਼ਰੀਏ, ਪ੍ਰੋਗਰਾਮਾਂ ਅਤੇ ਨੀਤੀਆਂ ਦੇ ਵਖਰੇਵਿਆਂ ਨੂੰ ਦੇਖਦਿਆਂ ਅਜਿਹੀ ਆਦਰਸ਼ਵਾਦੀ ਏਕਤਾ ਸੰਭਵ ਨਹੀਂ ਹੈ। ਜੇ ਸਾਰੇ ਆਗੂ ਸੁਹਿਰਦਤਾ ਦਿਖਾਉਣ ਤਾਂ ਵੱਖੋ ਵੱਖਰੀਆਂ ਜਥੇਬੰਦੀਆਂ ਰੱਖਦਿਆਂ ਹੋਇਆਂ ਵੀ ਘੱਟੋਘੱਟ ਪ੍ਰੋਗਰਾਮ ਦੇ ਆਧਾਰ ’ਤੇ ਟਿਕਾਊ ਸਾਂਝਾ ਸੰਘਰਸ਼ ਲੜਿਆ ਜਾ ਸਕਦਾ ਹੈ ਅਤੇ ਲੰਮੇ ਸਮੇਂ ਵਿਚ ਇਹ ਆਪਸੀ ਵਿਸ਼ਵਾਸ ਤੇ ਗੂੜ੍ਹੀ ਸਾਂਝ ਬਣਾ ਕੇ ਹਮਖਿਆਲ ਜਥੇਬੰਦੀਆਂ ਵਿਚ ਏਕਤਾ ਹੋਣ ਦਾ ਠੋਸ ਅਧਾਰ ਵੀ ਬਣਾ ਸਕਦਾ ਹੈ। ਕੁਝ ਜਥੇਬੰਦੀਆਂ ਦਾ ਇਹ ਤਰਕ ਆਮ ਰੂਪ ਵਿੱਚ ਠੀਕ ਹੋ ਸਕਦਾ ਹੈ ਕਿ ਏਕਤਾ ਸਿਧਾਂਤਕ ਰੂਪ ਵਿੱਚ ਹੀ ਹੋਣੀ ਚਾਹੀਦੀ ਹੈ। ਪਰ ਇਹ ਵੀ ਸਮਝਣਾ ਚਾਹੀਦਾ ਹੈ ਕਿ ਭਾਜਪਾ ਵਰਗੀ ਫਿਰਕੂ ਫਾਸ਼ੀਵਾਦੀ ਪਾਰਟੀ ਤੋਂ ਮੰਗਾਂ ਮੰਨਵਾਉਣ ਲਈ ਇਕਜੁੱਟ ਸੰਘਰਸ਼ ਅਣਸਰਦੀ ਲੋੜ ਹੈ। ਇਸ ਲਈ ਮੰਗਾਂ ਅਧਾਰਤ ਘੱਟੋ-ਘੱਟ ਤਾਲਮੇਲਵਾਂ ਸਾਂਝਾ ਥੜ੍ਹਾ ਉਸਾਰਨ ਵਿੱਚ ਕੋਈ ਹਿਚਕਚਾਹਟ ਨਹੀਂ ਹੋਣੀ ਚਾਹੀਦੀ। ਤਿੰਨ ਖੇਤੀ ਕਾਨੂੰਨਾਂ ਵਿਰੁੱਧ ਚੱਲੇ ਅੰਦੋਲਨ ਨਾਲ ਕਿਸਾਨ ਲੀਡਰਸ਼ਿੱਪ ਨੂੰ ਕਾਫ਼ੀ ਵਡਮੁੱਲਾ ਤਜਰਬਾ ਹਾਸਲ ਹੋਇਆ ਹੈ ਜਿਸਦੀ ਵਰਤੋਂ ਮੌਜੂਦਾ ਅੰਦੋਲਨ ਨੂੰ ਸਾਂਝੇ ਹੰਭਲੇ ਰਾਹੀਂ ਜਿੱਤ ਵੱਲ ਲਿਜਾਣ ਅਤੇ ਵੱਡੀ ਲੜਾਈ ਲਈ ਆਪਸੀ ਮੱਤਭੇਦਾਂ ਨੂੰ ਹੱਲ ਕਰਨ ਲਈ ਲਾਜ਼ਮੀ ਕੀਤੀ ਜਾਣੀ ਚਾਹੀਦੀ ਹੈ।



## ਸੰਘਰਸ਼ੀ ਪਿੜ 'ਚੋਂ



ਬਲਜਿੰਦਰ ਸਿੰਘ ਵੜੈਚ
+91-92167-29598

"ਅਸੀਂ ਕਦੇ ਸੌਂ ਕੇ ਨਹੀਂ ਵੇਖਿਆ। ਕਦੇ ਮੰਡੀ 'ਚ ਰੁਲਦੇ ਹਾਂ। ਕਦੇ ਭਾਅ ਦੀ ਮੰਗ ਲਈ ਸੰਘਰਸ਼ੀ ਅਖਾੜਿਆਂ 'ਚ ਚਲੇ ਜਾਂਦੇ ਹਾਂ। ਹੁਣ ਤਾਂ ਜਦੋਂ ਦੇ ਦਿੱਲੀ ਤੋਂ ਵਾਪਸ ਆਏ ਹਾਂ ਆਪਣੀਆਂ ਟਰਾਲੀਆਂ ਵਿਚੋਂ ਸਮਾਨ ਵੀ ਨਹੀਂ ਉਤਾਰਿਆ। ਪਤਾ ਨਹੀਂ ਕਦੋਂ ਕਿਸ ਸੰਘਰਸ਼ ਵੱਲ ਜਾਣਾ ਪੈ ਜਾਵੇ।" ਇਹ ਵਿਚਾਰ ਖਨੌਰੀ ਬਾਰਡਰ 'ਤੇ ਇਕ ਕਿਸਾਨ ਨਾਲ ਗੱਲ ਕਰਦਿਆਂ ਉਨ੍ਹਾਂ ਆਪਣੇ ਦਿਲ ਵਿਚੋਂ ਕਹੇ। ਇੰਝ ਲੱਗਣ ਲੱਗ ਗਿਆ ਕਿ ਪੰਜਾਬ ਦੀ ਧਰਤੀ ਦੇ ਇਹ ਲੋਕ ਸ਼ਾਇਦ ਦਹਾਕਿਆਂ ਤੋਂ ਵੱਖ ਵੱਖ ਲਹਿਰਾਂ ਵਿਚ ਹੀ ਜਨਮੇ, ਵੱਡੇ ਹੋਏ




ਅਤੇ ਸਮੇਂ ਦੇ ਨਾਲ ਇਥੋਂ ਗੁਜ਼ਰ ਕੇ ਚਲੇ ਗਏ। ਆਪਣੀ ਆਉਣ ਵਾਲੀ ਪੀੜ੍ਹੀ ਲਈ ਨਵੀਆਂ ਸਮੱਸਿਆਵਾਂ ਅਤੇ ਨਵੇਂ ਕਰਜ਼ੇ ਛੱਡ ਕੇ ਅਗਾਂਹ ਤੁਰ ਗਏ। ਜੀਵਨ ਦੀ ਇਹ ਤੋਰ ਸ਼ਾਇਦ ਪੰਜਾਬੀਆਂ ਦੇ ਹਿੱਸੇ ਹੀ ਆਈ ਹੋਵੇ। ਇਹ ਸਭ ਕੁਝ ਦਾ ਅਹਿਸਾਸ ਸੰਘਰਸ਼ ਦੇ ਮੈਦਾਨ ਵਿਚ ਜਾ ਕੇ ਹੀ ਹੁੰਦਾ ਹੈ। ਜਦੋਂ ਦੇਖਿਆ ਕਿ ਕਿਸ ਕਿਸਮ ਨਾਲ 100 ਤੋਂ ਵੱਧ ਪਿੰਡ ਆਪਣਾ ਇਕ ਟਰਾਲੀ ਵਿਚ ਹੀ ਪਿੰਡ ਬਣਾਈ ਬੈਠੇ ਹਨ। ਹਰ ਪਿੰਡ ਉਪਰ ਆਪਣਾ ਝੰਡਾ ਅਤੇ ਆਪਣਾ ਰਾਸ਼ਨ ਪਾਣੀ ਹੈ। ਪਤਾ ਨਹੀਂ ਇਨ੍ਹਾਂ ਲੋਕਾਂ ਦਾ ਕਦੋਂ ਇਨ੍ਹਾਂ ਹਕੂਮਤਾਂ ਤੋਂ ਛੁਟਕਾਰਾ ਹੋਵੇਗਾ। ਆਏ ਦਿਨ ਮੌਸਮ ਦੇ ਕਹਿਰ ਇਨ੍ਹਾਂ ਨੂੰ ਝੰਜੋੜ ਰਹੇ ਹਨ ਅਤੇ ਇਨ੍ਹਾਂ ਦੀ ਪਰਖ ਕਰ ਰਹੇ ਹਨ। ਇਕ ਕਿਸਾਨ ਦਾ ਇਹ ਕਹਿਣਾ



ਸੀ, "ਸਾਨੂੰ ਤਾਂ ਇੰਝ ਲੱਗਦਾ ਹੈ ਕਿ ਸਾਡੀਆਂ ਹਕੂਮਤਾਂ ਕਿਤੇ ਪਰ ਲਾ ਕੇ ਉਡ ਗਈਆਂ ਹਨ। ਹੁਣ ਨਾ ਕੋਈ ਚਿੱਟੀਆਂ ਪੱਗਾਂ ਵਾਲਾ ਦਿਖਾਈ ਦਿੰਦਾ ਹੈ ਅਤੇ ਨਾ ਕੋਈ ਨੀਲੀਆਂ ਤੇ ਪੀਲੀਆਂ ਪੱਗਾਂ ਵਾਲਾ ਸਾਡਾ ਸਾਥੀ ਰਿਹਾ ਹੈ। ਇਥੋਂ ਤੱਕ ਨਵੀਂ ਟੋਪੀਆਂ ਵਾਲੀ ਸਰਕਾਰ ਵੀ ਸ਼ਾਇਦ ਦਿੱਲੀ 'ਚ ਜਾ ਕੇ ਬੈਠ ਗਈ ਹੈ। ਨਵੇਂ ਦਿੱਲੀ ਦੇ ਹੁਕਮਰਾਨ ਭਗਵੇਂ ਰੰਗ ਵਿਚ ਰੰਗੇ ਗਏ ਹਨ। ਸਿਆਸਤ ਪਰ ਲਾ ਕੇ ਉਡ ਗਈ ਹੈ। ਅਸੀਂ ਤਾਂ ਹੁਣ ਖੁੱਲ੍ਹੇ ਅਕਾਸ਼ ਵਿਚ ਬੈਠੇ ਸੋਚ ਰਹੇ ਹਾਂ ਕਿ ਸਾਡੇ 'ਤੇ ਕਦੋਂ ਉਪਰਲੇ ਦੀ ਦਿਆ ਹੋਵੇਗੀ।" ਇਹ ਸ਼ਬਦ ਪੰਜਾਬ ਦੀ ਅਜੋਕੀ ਰਾਜਨੀਤੀ ਨੂੰ ਦਰਸਾ ਰਹੇ ਹਨ। ਸਿਰਫ਼ ਤੇ ਸਿਰਫ਼ ਹਕੂਮਤਾਂ ਨੇ ਆਪਣੇ ਪਿਆਦੇ ਜਿਹੜੇ ਸਰਕਾਰੀ ਅਫ਼ਸਰਾਂ ਅਤੇ ਪੁਲਿਸ ਅਧਿਕਾਰੀਆਂ ਦੇ ਤੌਰ 'ਤੇ ਸਥਾਪਤ ਕੀਤੇ ਹੋਏ ਹਨ ਉਹ ਹੀ ਗੱਲਬਾਤ ਲਈ ਜਾਂਦੇ ਹਨ ਜਿਨ੍ਹਾਂ ਦੇ ਅੱਲੇ ਪੱਲੇ ਕੁਝ ਵੀ ਨਹੀਂ ਹੁੰਦਾ। ਅਜਿਹੇ ਆਲਮ ਭਰੇ ਸਮੇਂ ਨੂੰ ਸਮਝਣਾ ਬੇਹੱਦ ਔਖਾ ਅਤੇ ਗੰਭੀਰ ਹੋ ਗਿਆ ਹੈ। ਦੇਖੋ ਇਸ ਔਖੇ ਸਵਾਲ ਦਾ ਜਵਾਬ ਕਦੋਂ, ਕਿਵੇਂ ਅਤੇ ਕਿਥੇ ਲੱਭਦਾ ਹੈ।



# ਸਰਕਾਰਾਂ ਦਾ ਕਿਸਾਨ ਵਿਰੋਧੀ ਰਵੱਈਆ ਅਤੇ ਸਾਂਝੇ ਘੋਲ ਦਾ ਮਹੱਤਵ



ਨਰਾਇਣ ਦੱਤ
84275-11770

ਹਵਾ ਗੁਣਵੱਤਾ ਪ੍ਰਬੰਧਨ ਲਈ ਕਮਿਸ਼ਨ (CAQM) ਪ੍ਰਧਾਨ ਮੰਤਰੀ ਦਫ਼ਤਰ (PMO) ਨੂੰ ਦੱਸਦਾ ਹੈ ਕਿ ਪਰਾਲੀ ਦੇ ਧੂੰਏਂ ਦਾ ਦਿੱਲੀ ਦੇ ਪ੍ਰਦੂਸ਼ਣ ਵਿੱਚ ਸਿਰਫ 1% ਯੋਗਦਾਨ ਹੁੰਦਾ ਹੈ। ਹਰਿਆਣਾ ਦੇ ਆਈਏਐਸ ਅਧਿਕਾਰੀ ਦਾ ਕਹਿਣਾ ਹੈ ਕਿ ਹਵਾ ਦੀ ਮਾੜੀ ਗੁਣਵੱਤਾ ਲਈ ਕਿਸਾਨਾਂ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਇਸ ਤੋਂ ਪਹਿਲਾਂ ਨੈਸ਼ਨਲ ਗਰੀਨ ਟ੍ਰਿਬਿਊਨਲ ਦੇ ਜਸਟਿਸ ਨੇ ਵੀ ਅਜਿਹਾ ਫੈਸਲਾ ਦਿੱਤਾ ਸੀ ਕਿ ਦਿੱਲੀ ਦੇ ਪ੍ਰਦੂਸ਼ਣ ਲਈ ਪੰਜਾਬ ਹਰਿਆਣਾ ਦੇ ਕਿਸਾਨਾਂ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਨੈਸ਼ਨਲ ਗਰੀਨ ਟ੍ਰਿਬਿਊਨਲ ਦੇ ਮੈਂਬਰ ਜਸਟਿਸ ਸੁਧੀਰ ਅੱਗਰਵਾਲ ਨੇ ਵੀ 3 ਜੁਲਾਈ 2024 ਨੂੰ ਆਪਣੇ ਫੈਸਲੇ ਵਿੱਚ ਦਿੱਲੀ ਦੇ ਪ੍ਰਦੂਸ਼ਣ ਲਈ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਉਣ ਨੂੰ ਗਲਤ ਕਹਿੰਦਿਆਂ ਸਰਕਾਰਾਂ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ ਸੀ। ਇਹ ਪੁੱਛਦਿਆਂ ਕਿ ਧੂੰਆਂ ਰਾਸ਼ਟਰੀ ਰਾਜਧਾਨੀ ਤੱਕ ਕਿਵੇਂ ਜਾ ਸਕਦਾ ਹੈ ਅਤੇ ਅੱਗੇ ਕਿਉਂ ਨਹੀਂ, ਜਸਟਿਸ ਸੁਧੀਰ ਅਗਰਵਾਲ ਨੇ ਆਪਣੇ ਫੈਸਲੇ ਵਿੱਚ ਪਰਾਲੀ ਸਾੜਨ 'ਤੇ ਸਿਰਫ ਕਿਸਾਨਾਂ ਨੂੰ ਜੁਰਮਾਨੇ ਕਰਨ ਅਤੇ ਗ੍ਰਿਫ਼ਤਾਰ ਕਰਨ ਦੇ ਕਦਮ ਨੂੰ 'ਗੰਭੀਰ ਬੇਇਨਸਾਫੀ' ਕਰਾਰ ਦਿੱਤਾ ਸੀ। ਇਹ ਵੀ ਕਿਹਾ ਸੀ ਕਿ ਪੰਜਾਬ ਵਿੱਚ ਝੋਨੇ ਦੀ ਪਰਾਲੀ ਨੂੰ ਸਾੜਨ ਦਾ ਸੂਬੇ ਵਿੱਚ ਸਥਾਨਕ ਤੌਰ 'ਤੇ ਪ੍ਰਭਾਵ ਹੋ ਸਕਦਾ ਹੈ ਪਰ ਸਰਹੱਦੀ ਸੂਬੇ ਵਿੱਚ ਪਰਾਲੀ ਨੂੰ ਅੱਗ ਲਗਾਉਣ ਤੋਂ ਨਿਕਲਣ ਵਾਲੇ ਧੂੰਏਂ ਦੇ ਦਿੱਲੀ ਵਿੱਚ ਹਵਾ ਪ੍ਰਦੂਸ਼ਣ ਵਿੱਚ ਯੋਗਦਾਨ ਪਾਉਣ ਦੇ ਦਾਅਵੇ ਦੀ ਪੁਸ਼ਟੀ ਕਰਨ ਲਈ ਕੋਈ ਵਿਗਿਆਨਕ ਅਧਿਐਨ ਨਹੀਂ ਹੋਇਆ ਹੈ।

ਹਰ ਸਾਲ ਅਕਤੂਬਰ-ਨਵੰਬਰ ਦੇ ਮਹੀਨੇ, ਦਿੱਲੀ ਦੇ ਵਿਗੜ ਰਹੇ ਪ੍ਰਦੂਸ਼ਨ ਲਈ ਨੈਸ਼ਨਲ ਗਰੀਨ ਟ੍ਰਿਬਿਊਨਲ ਅਤੇ ਸੁਪਰੀਮ ਕੋਰਟ ਤੋਂ ਲੈਕੇ ਮੁੱਖ ਧਾਰਾਈ ਮੀਡੀਆ ਤੱਕ ਸਾਰਾ ਤਾਮ ਝਾਮ ਕਿਸਾਨਾਂ ਨੂੰ ਜ਼ਿੰਮੇਵਾਰ ਠਹਿਰਾਉਣਾ ਸ਼ੁਰੂ ਕਰ ਦਿੰਦਾ ਹੈ ਕਿ ਪੰਜਾਬ ਅਤੇ ਹਰਿਆਣਾ ਵਿੱਚ ਝੋਨੇ ਦੀ ਪਰਾਲੀ ਸਾੜਨ ਨਾਲ ਦਿੱਲੀ ਵਿੱਚ ਹਵਾ ਦੀ ਗੁਣਵੱਤਾ ਖਰਾਬ ਹੋਈ ਹੈ। ਪੇਸ਼ੀ ਦਰ ਪੇਸ਼ੀ ਦਾ ਅਮਲ ਸ਼ੁਰੂ ਹੋ ਜਾਂਦਾ ਹੈ। ਪੰਜਾਬ ਸਰਕਾਰ ਦੇ ਸਾਰੇ ਅੰਗ ਹਰਕਤ ਵਿੱਚ ਆ ਜਾਂਦੇ ਹਨ। ਹਰਕਤ ਵਿੱਚ ਵੀ ਇਉਂ ਆਉਂਦੇ ਹਨ ਮਾਨੋ ਕੋਈ ਜੰਗ ਵਰਗੀ ਬਿਪਤਾ ਆਣ ਪਈ ਹੋਵੇ। ਇਸ ਮਸਲੇ ਦੇ ਸਮਾਜਿਕ ਅਤੇ ਆਰਥਿਕ ਪੱਖਾਂ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ। ਸਾਲ 2024 ਦੌਰਾਨ ਰਾਜ ਸਭਾ ਵਿੱਚ ਇੱਕ ਸਵਾਲ ਦੇ ਜਵਾਬ ਵਿੱਚ ਦੱਸਿਆ ਗਿਆ ਕਿ ਪੰਜਾਬ ਅੰਦਰ ਪਾਰਲੀ ਨੂੰ ਅੱਗ ਲੱਗਣ ਦੀਆਂ 10909 ਘਟਨਾਵਾਂ ਹੋਈਆਂ ਅਤੇ ਕਿਸਾਨਾਂ ਨੂੰ 2 ਕਰੋੜ ਰੁਪਏ ਦਾ ਜੁਰਮਾਨਾ ਕੀਤਾ ਗਿਆ। ਅਜਿਹਾ ਸਾਰਾ ਕੁੱਝ ਨੈਸ਼ਨਲ ਗਰੀਨ ਟ੍ਰਿਬਿਊਨਲ ਦੀਆਂ ਦੀਆਂ ਸਿਫਾਰਸ਼ਾਂ ਨੂੰ ਅੱਖੋਂ ਪਰੋਖੇ ਕਰਕੇ ਕੀਤਾ ਜਾ ਰਿਹਾ ਹੈ। ਜਿਸ ਨੇ ਸਿਫਾਰਸ਼ ਕੀਤੀ ਸੀ ਕਿ ਢਾਈ ਏਕੜ ਤੱਕ ਜ਼ਮੀਨ ਵਾਲੇ ਛੋਟੇ ਕਿਸਾਨਾਂ ਨੂੰ ਹੈਪੀ/ਸੁਪਰ ਸੀਡਰ ਆਦਿ ਮੁਫ਼ਤ ਮਸ਼ੀਨਰੀ, 5 ਏਕੜ ਤੱਕ ਜ਼ਮੀਨ ਵਾਲੇ ਕਿਸਾਨਾਂ ਨੂੰ 50% ਸਬਸਿਡੀ ਉੱਪਰ ਮਸ਼ੀਨਰੀ ਮੁਹੱਈਆ ਕਰਵਾਈ ਜਾਵੇ। ਇਹ ਸਿਫਾਰਸ਼ਾਂ ਆਟੇ ਵਿੱਚੋਂ ਲੂਣ ਦੇ ਬਰਾਬਰ ਹੀ ਲਾਗੂ ਕੀਤੀਆਂ। ਇਹ ਸਬਸਿਡੀ ਖੇਤੀ ਬਾੜੀ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਹੈਪੀ/ਸੁਪਰ ਸੀਡਰ ਬਨਾਉਣ ਵਾਲੀਆਂ ਫਰਮਾਂ ਦੇ ਢਿੱਡਾਂ ਵਿੱਚ ਜਾ ਪਈ। ਨੈਸ਼ਨਲ ਗਰੀਨ ਟਰਬਿਊਨਲ ਦੀਆਂ ਇਹ ਵੀ ਸਿਫਾਰਸ਼ਾਂ ਹਨ ਕਿ ਪਰਾਲੀ ਦੀ ਖਪਤ ਲਈ ਪ੍ਰਬੰਧ ਜ਼ਿਲਾ ਪ੍ਰਸ਼ਾਸਨ ਨੇ ਕਰਨੇ ਹਨ। ਜ਼ਿਲਾ ਪ੍ਰਸ਼ਾਸਨ ਹੀ ਪਰਾਲੀ ਦੀ ਫੈਕਟਰੀ ਤੱਕ ਢੋ ਢੁਆਈ ਕਰੇਗਾ। ਜੇਕਰ ਪਰਾਲੀ ਨੂੰ ਫੈਕਟਰੀ ਤੱਕ ਲੈ ਕੇ ਜਾਣ ਲਈ ਢੋ ਢੁਆਈ ਦਾ ਕੰਮ ਕਿਸਾਨ ਕਰਦਾ ਹੈ ਤਾਂ ਜ਼ਿਲਾ ਪ੍ਰਸ਼ਾਸਨ ਕਿਸਾਨਾਂ ਨੂੰ ਖਰਚੇ ਦੀ ਅਦਾਇਗੀ ਕਰੇਗਾ। ਇਹ ਸਿਫਾਰਸ਼ਾ ਤਾਂ ਲਾਗੂ ਕੀ ਕਰਨਾ ਸਨ ਉਲਟਾ ਕੇਂਦਰ ਸਰਕਾਰ ਨੇ ਜੁਰਮਾਨਾ ਵਸੂਲੀ ਢਾਈ ਏਕੜ ਦੀ ਮਾਲਕੀ ਵਾਲੇ ਕਿਸਾਨ ਲਈ 10,000 ਰੁ:, ਪੰਜ ਏਕੜ ਵਾਲੇ ਕਿਸਾਨ ਲਈ 20,000 ਰੁ. ਅਤੇ 5 ਏਕੜ ਤੋਂ ਵੱਧ ਮਾਲਕੀ ਵਾਲੇ ਕਿਸਾਨ ਲਈ 30,000 ਰੁਪਏ ਮਿਥਕੇ ਨਵਾਂ ਬੋਝ ਪਾ ਦਿੱਤਾ। ਇੱਥੇ ਹੀ ਬੱਸ ਨਹੀਂ, ਮਜ਼ਬੂਰੀ ਵੱਸ ਪਰਾਲੀ ਸਾੜਨ ਵਾਲੇ ਕਿਸਾਨਾਂ ਖਿਲਾਫ਼ ਪੁਲਿਸ ਨੇ ਐਫ.ਆਈ.ਆਰ ਵੀ ਦਰਜ ਕਰਨੀਆਂ ਸ਼ੁਰੂ ਕਰ ਦਿੱਤੀਆਂ। 4741 ਐਫ.ਆਈ.ਆਰ ਦਰਜ ਕੀਤੀਆਂ ਹਨ। ਇਸ ਤਰ੍ਹਾਂ ਹਕੂਮਤ ਨੇ ਕਿਸਾਨਾਂ ਪ੍ਰਤੀ ਜਾਬਰ ਰੁੱਖ ਅਖਤਿਆਰ ਕੀਤਾ ਹੈ। ਕਿਸਾਨ ਜਥੇਬੰਦੀਆਂ ਦੀ ਪਰਾਲੀ ਨੂੰ ਖੇਤ ਵਿੱਚ ਗਾਲਣ ਲਈ ਵਾਧੂ ਖਰਚੇ ਵਜੋਂ 5 ਹਜ਼ਾਰ ਰੁ.ਪ੍ਰਤੀ ਏਕੜ ਮੁਆਵਜ਼ਾ ਦੇਣ ਦੀ ਹੱਕੀ ਮੰਗ ਉੱਪਰ ਸੁਪਰੀਮ ਕੋਰਟ, ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੇ ਬੇਸ਼ਰਮੀ ਭਰੀ ਢੀਠਤਾਈ ਧਾਰੀ ਹੋਈ ਹੈ।

ਪੰਜਾਬ ਦੇ 2011 ਦੀ ਜਨਗਣਨਾ ਅਨੁਸਾਰ 12 ਹਜ਼ਾਰ 581 ਪਿੰਡ ਹਨ। ਹਰ ਪਿੰਡ ਦੇ ਸੈਂਕੜੇ ਕਿਸਾਨਾਂ ਨੂੰ ਜੁਰਮਾਨੇ ਅਤੇ ਲਾਲ ਐਂਟਰੀਆਂ ਦਾ ਖਮਿਆਜਾ ਭੁਗਤਣਾ ਪੈ ਰਿਹਾ ਹੈ। ਇਸ ਤਰ੍ਹਾਂ ਇਸ ਇੱਕ ਸਾਲ ਵਿੱਚ ਹੀ ਦਹਿ ਹਜ਼ਾਰਾਂ ਕਿਸਾਨਾਂ ਖਿਲ਼ਾਫ਼ ਹਕੂਮਤੀ ਕਹਿਰ ਦੀ ਤਲਵਾਰ ਲਟਕਾ ਦਿੱਤੀ ਗਈ ਹੈ। ਪਹਿਲਾਂ ਹੀ ਹਕੂਮਤਾਂ ਵੱਲੋਂ ਲਾਗੂ ਕੀਤੀਆਂ ਸਾਮਰਾਜੀ ਦਿਸ਼ਾ ਨਿਰਦੇਸ਼ਤ ਨੀਤੀਆਂ ਕਾਰਨ ਕਰਜ਼ੇ ਦੀ ਮਾਰ ਹੇਠ ਆਏ ਕਿਸਾਨ ਖੁਦਕਸ਼ੀਆਂ ਕਰਨ ਲਈ ਮਜ਼ਬੂਰ ਹਨ। ਪਿਛਲੇ ਦੋ ਦਹਾਕਿਆਂ ਵਿੱਚ ਚਾਰ ਲੱਖ ਤੋਂ ਵੱਧ ਕਿਸਾਨ ਖੁਦਕਸ਼ੀ ਕਰ ਚੁੱਕੇ ਹਨ। ਹਰ ਘੰਟੇ ਬਾਅਦ ਇੱਕ ਕਿਸਾਨ/ਮਜ਼ਦੂਰ ਖੁਦਕਸ਼ੀ ਕਰਨ ਲਈ ਸਰਾਪਿਆ ਗਿਆ ਹੈ। ਇਹ ਗਿਣਤੀ ਆਏ ਸਾਲ ਵਧਦੀ ਜਾ ਰਹੀ ਹੈ। ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਮੁਤਾਬਿਕ ਸਿਰਫ ਸਾਲ 2023 ਵਿੱਚ ਹੀ 11290 ਕਿਸਾਨਾਂ ਨੇ ਖੁਦਕਸ਼ੀ ਕੀਤੀ। ਇਹ 2022 ਦੇ ਅੰਕੜੇ ਨਾਲੋਂ 3.7% ਪ੍ਰਤੀਸ਼ਤ ਵਧੇਰੇ ਹੈ। ਬੁੱਧੀਜੀਵੀਆਂ ਨੇ ਤੱਥਾਂ ਸਹਿਤ ਇਹ ਵੀ ਸਾਬਿਤ ਕੀਤਾ ਹੈ ਕਿ ਕਿਸਾਨਾਂ/ਮਜ਼ਦੂਰਾਂ ਦੀਆਂ ਖੁਦਕਸ਼ੀਆਂ ਦਾ ਵੱਡਾ ਕਾਰਨ ਕਰਜ਼ਾ ਹੈ। ਕਿਸਾਨ ਨੂੰ ਉਸ ਦੀ ਪੈਦਾਵਾਰ ਦਾ ਮੁੱਲ ਨਹੀਂ ਮਿਲ ਰਿਹਾ ਜਦ ਕਿ ਲਾਗਤ ਵਸਤਾਂ ਦੀਆਂ ਕੀਮਤਾਂ ਅਸਮਾਨੀ ਛੂਹ ਰਹੀਆਂ ਹਨ।

ਨੈਸ਼ਨਲ ਗਰੀਨ ਟ੍ਰਿਬਿਊਨਲ, ਸੁਪਰੀਮ ਕੋਰਟ, ਸਰਕਾਰਾਂ ਅਤੇ ਅਫਸਰਸ਼ਾਹੀ ਖੇਤੀ ਜਿਹੇ ਪੇਂਡੂ ਸੱਭਿਅਤਾ ਦੀ ਰੀੜ ਦੀ ਹੱਡੀ ਦੇ ਸਮਾਜਿਕ ਅਤੇ ਆਰਥਿਕ ਪੱਖ ਨੂੰ ਹਮੇਸ਼ਾ ਅਣਗੌਲਿਆਂ ਕਰ ਦਿੰਦੇ ਹਨ। ਅੱਜ ਵੀ ਪਿੰਡਾਂ ਵਿੱਚ 67% ਤੋਂ ਵਧੇਰੇ ਵਸੋਂ ਰਹਿ ਰਹੀ ਹੈ। ਪੈਦਾਵਾਰ ਦੇ ਤਿੰਨ ਖੇਤਰ ਖੇਤੀਬਾੜੀ, ਸਨਅਤ ਅਤੇ ਸੇਵਾਵਾਂ ਹਨ। ਖੇਤੀਬਾੜੀ 13.7% ਨਾਲ ਕੁੱਲ ਪੈਦਾਵਾਰ ਦੇ ਖੇਤਰ ਵਿੱਚ ਅਹਿਮ ਯੋਗਦਾਨ ਪਾ ਰਹੀ ਹੈ। 55% ਵਸੋਂ ਹਾਲੇ ਵੀ ਖੇਤੀਬਾੜੀ ਉੱਪਰ ਨਿਰਭਰ ਹੈ। 2019-20 ਦੇ ਕੋਵਿਡ ਕਾਲ ਦੇ ਸਮੇਂ ਦੌਰਾਨ ਸਿਰਫ਼ ਖੇਤੀ ਖੇਤਰ ਹੀ 3.4% ਵਾਧੇ ਦੀ ਦਰ ਨਾਲ ਭਾਰਤੀ ਅਰਥਚਾਰੇ ਨੂੰ ਬਚਾ ਸਕਿਆ ਸੀ ਜਦ ਕਿ ਸਨਅਤ ਅਤੇ ਸੇਵਾਵਾਂ ਦਾ ਖੇਤਰ 7.2% ਦੀ ਦਰ ਨਾਲ ਲੁੜਕ ਗਿਆ ਸੀ। ਕੇਂਦਰੀ ਬਜਟ ਵਿੱਚ 2022-23 ਦੇ 3.8% ਹਿੱਸੇ ਦੀ ਥਾਂ 2024-25 ਦੇ ਬਜਟ ਵਿੱਚ 2.7% ਤੱਕ ਸੀਮਤ ਕਰ ਦਿੱਤਾ ਹੈ। 75% ਪੇਂਡੂ ਅਤੇ 50% ਸ਼ਹਿਰੀ ਵਸੋਂ (81 ਕਰੋੜ) ਪੰਜ ਕਿਲੋ ਪ੍ਰਤੀ ਜੀਅ, ਪ੍ਰਤੀ ਮਹੀਨਾ ਸਸਤੇ ਅਨਾਜ 'ਤੇ ਨਿਰਭਰ ਹੈ। ਅਪ੍ਰੈਲ 2024 ਵਿੱਚ ਮੰਡੀਆਂ ਵਿੱਚੋਂ 2320 ਰੁ. ਪ੍ਰਤੀ ਕੁਇੰਟਲ ਕਿਸਾਨ ਕੋਲੋਂ ਖਰੀਦੀ ਕਣਕ ਦੇ ਆਟੇ ਦਾ ਭਾਅ 4 ਹਜਾਰ ਨੂੰ ਪਾਰ ਕਰ ਗਿਆ ਹੈ।

ਇਹ ਵੀ ਉਸ ਸੂਰਤ ਵਿੱਚ ਜ਼ਰੂਰੀ ਵਸਤਾਂ ਐਕਟ, ਜੋ 1955 ਵਿੱਚ ਲਾਗੂ ਹੋਇਆ ਸੀ, ਜੋ 'ਜ਼ਰੂਰੀ' ਵਸਤੂਆਂ ਦੀ ਸਪਲਾਈ, ਵੰਡ ਅਤੇ ਉਤਪਾਦਨ ਨੂੰ ਨਿਯੰਤਰਿਤ ਕਰਦਾ ਹੈ। ਸਰਕਾਰ ਇਸ ਕਾਨੂੰਨ ਤਹਿਤ ਇਨ੍ਹਾਂ ਵਸਤਾਂ ਨੂੰ ਵਾਜਿਬ ਕੀਮਤਾਂ 'ਤੇ ਵਰਤੋਂ ਲਈ ਉਪਲਬਧ ਕਰਵਾ ਸਕਦੀ ਹੈ। 2020 ਵਿੱਚ ਇਸ ਦਾ ਵੀ ਖੇਤੀ ਵਿਰੋਧੀ ਤਿੰਨ ਕਾਲੇ ਕਾਨੂੰਨਾਂ ਰਾਹੀਂ ਕੀਰਤਨ ਸੋਹਲਾ ਪੜ੍ਹ ਦਿੱਤਾ ਗਿਆ ਸੀ। 'ਕੌਮੀ ਖੇਤੀ ਮੰਡੀਕਰਨ ਨੀਤੀ ਖਰੜਾ' ਕੇਂਦਰ ਸਰਕਾਰ ਨੇ ਰਾਜ ਸਰਕਾਰਾਂ ਨੂੰ ਭੇਜਕੇ ਸਰਕਾਰੀ ਮੰਡੀਕਰਨ ਦਾ ਭੋਗ ਪਾਕੇ ਪ੍ਰਾਈਵੇਟ ਮੰਡੀਆਂ, ਸਾਇਲੋ ਉਸਾਰਨ, ਠੇਕਾ ਖੇਤੀ ਲਾਗੂ ਕਰਨ ਦੀ ਨੀਤੀ ਲੈ ਆਂਦੀ ਹੈ। ਇਸ ਤਰ੍ਹਾਂ ਮੁੜ ਪਿਛਲੇ ਦਰਵਾਜਿਉਂ ਇਸ ਨਵੇਂ ਖਰੜੇ ਨੂੰ ਪਾਸ ਕਰਵਾਕੇ ਪ੍ਰਾਈਵੇਟ ਕਾਰਪੋਰੇਟ ਘਰਾਣੇ ਖ ?ਰੀਦ ਉੱਪਰ ਅਜਾਰੇਦਾਰੀ ਕਰਕੇ ਜਖੀਰੇਬਾਜੀ ਰਾਹੀਂ ਹੋਰ ਵੀ ਅੰਨ੍ਹੀ ਲੁੱਟ ਕਰਨ ਲਈ ਰਾਹ ਪੱਧਰਾ ਕਰ ਲੈਣਗੇ।

ਦਿੱਲੀ ਵਿੱਚਲੇ ਪ੍ਰਦੂਸ਼ਨ ਲਈ ਪਰਾਲੀ ਦਾ ਸਿਰਫ਼ 1% ਪ੍ਰਦੂਸ਼ਣ ਫੈਲਾਉਣ ਦੇ ਯੋਗਦਾਨ ਦੀ ਹਵਾ ਗੁਣਵੱਤਾ ਪ੍ਰਬੰਧਨ ਲਈ ਕਮਿਸ਼ਨ ਵੱਲੋਂ ਪ੍ਰਧਾਨ ਮੰਤਰੀ ਦਫਤਰ ਨੂੰ ਸੌਂਪੀ ਰਿਪੋਰਟ ਨੇ ਕਿਸਾਨਾਂ ਦੇ ਪੱਖ ਦੀ ਪੁਸ਼ਟੀ ਕਰ ਦਿੱਤੀ ਹੈ। ਬਹੁਤ ਸਾਰੇ ਮਾਹਿਰਾਂ ਨੇ ਇਸ ਤੋਂ ਪਹਿਲਾਂ ਵੀ ਵੱਖ-ਵੱਖ ਰਿਪੋਰਟਾਂ ਤੱਥਾਂ ਸਹਿਤ ਜਾਰੀ ਕਰਕੇ ਸਾਬਤ ਕੀਤਾ ਹੈ ਕਿ ਦਿੱਲੀ ਦੇ ਪ੍ਰਦੂਸ਼ਨ ਲਈ ਭਾਰੀ ਸਨਅਤਾਂ, ਉਸਾਰੀ ਸਨਅਤ, ਸੜਕਾਂ ਉਸਾਰੀ, ਕਰੋੜਾਂ ਦੀ ਤਾਦਾਦ ਵਿੱਚ ਸੜਕਾਂ 'ਤੇ ਦੌੜਦੇ ਸਾਧਨ ਅਤੇ ਏਸੀ ਆਦਿ ਵਧੇਰੇ ਜਿੰਮੇਵਾਰ ਹਨ। ਪਰ ਸਭਨਾਂ ਦੀ ਇੱਧਰ ਸਵੱਲੀ ਨਜ਼ਰ ਹੈ, ਬਲੀ ਦਾ ਬੱਕਰਾ ਸਿਰਫ਼ ਤੇ ਸਿਰਫ਼ ਕਿਸਾਨਾਂ ਨੂੰ ਹੀ ਬਣਾਇਆ ਜਾ ਰਿਹਾ ਹੈ। 'ਮਾੜੀ ਧਾੜ-ਗਰੀਬਾਂ' 'ਤੇ ਵਹਿ ਰਹੀ ਹੈ। ਭਾਰਤੀ ਕਾਨੂੰਨ ਮੋਮ ਦਾ ਨੱਕ ਹੈ ਜਿਸ ਪਾਸਿਉਂ ਸੇਕ ਪੈਂਦਾ ਹੈ, ਦੂਜੇ ਪਾਸੇ ਨੂੰ ਝੁਕ ਜਾਂਦਾ ਹੈ। ਸਾਮਰਾਜੀ ਦਿਸ਼ਾ ਨਿਰਦੇਸ਼ਤ ਨੀਤੀਆਂ ਨੂੰ ਲਾਗੂ ਕਰਦੇ ਹੋਏ ਮੋਦੀ ਹਕੂਮਤ ਖੇਤੀ/ਪੇਂਡੂ ਖੇਤਰ ਨੂੰ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੀ ਨੀਤੀ 'ਤੇ ਅੱਗੇ ਵਧ ਰਹੀ ਹੈ। ਐਕੇਐਮ ਗੈਰ ਰਾਜਨੀਤਿਕ, ਕਿਸਾਨ-ਮਜਦੂਰ ਮੋਰਚਾ 13 ਫਰਵਰੀ ਤੋਂ ਦਿੱਲੀ ਜਾਣ ਦੇ ਸੱਦੇ ਤਹਿਤ ਸੰਭੂ ਅਤੇ ਖਨੌਰੀ ਬਾਰਡਰਾਂ ਉੱਪਰ ਡੇਰਾ ਜਮਾਈ ਬੈਠੇ ਹਨ, 26 ਨਵੰਬਰ ਤੋਂ 18 ਜਨਵਰੀ ਦੇਰ ਰਾਤ ਤੱਕ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਮਰਨ ਵਰਤ ਉੱਪਰ ਬੈਠਣ ਉਪਰੰਤ, ਚਾਰ ਦਿਨ ਪਹਿਲਾਂ 111 ਕਿਸਾਨਾਂ ਦਾ ਇੱਕ ਹੋਰ ਜਥਾ ਮਰਨ ਵਰਤ ਤੇ ਬੈਠ ਗਿਆ ਸੀ। 14 ਫਰਵਰੀ ਦੀ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਲਿਖਤੀ ਮੀਟਿੰਗ ਦਾ ਪੱਤਰ ਦੇਕੇ ਕਿਸਾਨ ਆਗੂ ਡਲੇਵਾਲ ਨੂੰ ਮੈਡੀਕਲ ਸਹਾਇਤਾ ਲੈਣ ਲਈ ਰਾਜ਼ੀ ਕਰ ਲਿਆ ਹੈ। ਇਸ ਮੀਟਿੰਗ ਦੇ ਸਿੱਟੇ ਕੀ ਨਿੱਕਲਣਗੇ, ਸਵਾਲ ਭਵਿੱਖ ਦੇ ਗਰਭ ਵਿੱਚ ਛੁਪਿਆ ਹੋਇਆ ਹੈ।

ਐਕੇਐਮ ਦੀ ਅਗਵਾਈ ਹੇਠ ਤਿੰਨ ਸਾਲ ਤੋਂ ਪੜਾਅਵਾਰ ਚੱਲ ਰਹੇ ਸੰਘਰਸ਼ ਨੇ 4 ਜਨਵਰੀ ਨੂੰ ਟੋਹਾਣਾ (ਹਰਿਆਣਾ) ਅਤੇ 9 ਜਨਵਰੀ ਨੂੰ ਮੋਗਾ ਵਿਖੇ ਕਿਸਾਨ ਮਹਾਂਪੰਚਾਇਤਾਂ ਕਰਕੇ ਸੰਘਰਸ਼ ਦਾ ਪਿੜ ਮੱਲ ਲਿਆ ਹੈ। ਪਰ ਇਸ ਸਭ ਦੇ ਚੱਲਦਿਆਂ ਹੀ ਮੋਦੀ ਹਕੂਮਤ 'ਕੌਮੀ ਖੇਤੀ ਮੰਡੀਕਰਨ ਨੀਤੀ ਖਰੜਾ' ਲੈ ਆਈ ਹੈ। ਇਸ ਖਰੜੇ ਰਾਹੀਂ ਮੋਦੀ ਹਕੂਮਤ ਨੇ ਤਿੰਨ ਖੇਤੀ ਕਾਨੂੰਨਾਂ ਨੂੰ ਮੁੜ ਪਿਛਲੇ ਦਰਵਾਜਿਉਂ ਲਾਗੂ ਕਰਨ ਦੀ ਕਵਾਇਦ ਕੀਤੀ ਹੈ। ਇਸ ਤਰ੍ਹਾਂ ਇਹ ਵੱਡੀ ਚੁਣੌਤੀ ਹੈ। ਇਸ ਚੁਣੌਤੀ ਨੂੰ ਸਵੀਕਾਰ ਕਰਕੇ ਸਾਂਝੇ ਇੱਕਜੁੱਟ ਸੰਘਰਸ਼ ਲਈ ਗੰਭੀਰ ਯਤਨ ਜੁਟਾਉਣੇ ਸਮੇਂ ਦੀ ਵੱਡੀ ਲੋੜ ਹੈ। ਐਸਕੇਐਮ ਨੇ ਜਿਸ ਗੰਭੀਰਤਾ ਨਾਲ ਕਿਸਾਨ ਲਹਿਰ ਨੂੰ ਇੱਕਜੁੱਟ ਕਰਨ ਦੇ ਸੰਜੀਦਾ ਯਤਨ ਆਰੰਭੇ ਹਨ, ਉਨ੍ਹਾਂ ਨੂੰ ਦੂਜੇ ਦੋਨਾਂ ਫੋਰਮਾਂ ਐਕੇਐਮ ਗੈਰ ਰਾਜਨੀਤਿਕ-ਕੇਐਮਐਮ) ਨੂੰ ਵੱਖੋ-ਵੱਖ ਵਿਚਾਰ ਰੱਖਦਿਆਂ ਹਉਮੈ ਅਤੇ ਤੰਗਨਜ਼ਰ ਪਹੁੰਚ ਨੂੰ ਤਿਆਗਕੇ ਸਾਂਝੇ/ਘੱਟੋ-ਘੱਟ ਸਾਂਝੇ/ਤਾਲਮੇਲਵੇਂ ਸੰਘਰਸ਼ ਲਈ ਹਾਂ ਪੱਖੀ ਹੁੰਗਾਰਾ ਭਰਨਾ ਚਾਹੀਦਾ ਹੈ। ਮੋਦੀ ਹਕੂਮਤ ਕਦਾਚਿੱਤ ਨਹੀਂ ਚਾਹੇਗੀ ਕਿ ਕਿਸਾਨ ਲਹਿਰ 2020-21 ਵਾਂਗ ਇੱਕਜੁੱਟ ਹੋਵੇ ਅਤੇ ਉਸ ਦੀਆਂ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਨੂੰ ਵਾਪਸ ਲੈਣ ਲਈ ਮਜ਼ਬੂਰ ਕਰੇ।

ਮੋਦੀ ਹਕੂਮਤ ਦੇ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਭੁਗਤਦੇ ਖੋਟੇ ਮਨਸੂਬਿਆਂ ਨੂੰ ਸਮਝਣ ਅਤੇ ਇਸ ਜਾਬਰ ਹੱਲੇ ਨੂੰ ਪਛਾੜਨ ਲਈ ਮਹਿਲਕਲਾਂ ਲੋਕ ਘੋਲ ਦੇ ਸਬਕ ਨੂੰ ਪੱਲੇ ਬੰਨ੍ਹਦੇ ਹੋਏ ਇੱਕ ਵਾਰ ਫਿਰ ਇੱਕਜੁੱਟ ਸਾਂਝੇ ਵਿਸ਼ਾਲ ਕਿਸਾਨ ਸੰਘਰਸ਼ ਦੀ ਸੁਣਾਉਣੀ ਕਰਨ ਲਈ ਦਿੱਲੀ ਦੇ ਤਖਤ ਨੂੰ ਵੱਲ ਸੇਧਤ ਹੋਣ ਦੀ ਲੋੜ ਹੈ।



# ਰਾਸ਼ਟਰਵਾਦ ਬਨਾਮ ਅੰਧ-ਰਾਸ਼ਟਰਵਾਦ ਅਤੇ ਫ਼ਾਸ਼ੀਵਾਦ ਦੀਆਂ ਜੜ੍ਹਾਂ

**ਅਤਰਜੀਤ**



ਜਦੋਂ ਤੋਂ ਮਨੁੱਖ ਨੇ ਹੋਸ਼ ਸੰਭਾਲੀ ਹੈ, ਇਤਿਹਾਸਕ ਨਜ਼ਰੀਏ ਤੋਂ ਵੇਖਿਆ ਜਾਵੇ ਤਾਂ ਉਸ ਦਾ ਰਾਸ਼ਟਰ ਹਮੇਸ਼ਾ ਹੀ ਪੇਟ ਰਿਹਾ ਹੈ। ਜੰਗਲੀ ਜੀਵਨ ਦੌਰਾਨ ਜਿੱਥੇ ਉਸ ਨੂੰ ਸ਼ਿਕਾਰ ਜਾਂ ਪੇਟ ਭਰਨ ਲਈ ਫਲ, ਜੜੀ-ਬੂਟੀਆਂ ਆਦਿ ਮਿਲਦੇ ਸਨ, ਉਸ ਦਾ ਦੇਸ਼ ਹੁੰਦਾ ਸੀ। ਕਾਲ ਆਦਿ ਦੀ ਸਥਿਤੀ ਵਿੱਚ ਉਸ ਨੂੰ ਇਕ ਥਾਂ ਤੋਂ ਦੂਜੀ ਥਾਂ ਹਿਜਰਤ ਵੀ ਕਰਨੀ ਪੈ ਜਾਂਦੀ ਸੀ। ਸ਼ਿਕਾਰੀ ਜਾਂ ਆਜੜੀ ਦੇ ਰੂਪ ਵਿਚ, ਥਾਂਵਾਂ ਬਦਲਦੇ ਰਹਿਣਾ ਉਸ ਘੁੰਮਤਰੀ ਕਬੀਲੇ ਦੀ ਮਜਬੂਰੀ ਸੀ। ਇੱਕ ਥਾਂ ਤੋਂ ਦੂਜੀ ਥਾਂ ਪਰਵਾਸ ਕਰਨ ਨਾਲ ਕਿਸੇ ਦੂਜੇ ਕਬੀਲੇ ਨਾਥ ਝੜਪਾਂ ਵੀ ਹੋ ਜਾਂਦੀਆਂ। ਤਾਕਤਵਰ ਕਬੀਲਾ ਮਾੜੇ ਕਬੀਲੇ ਦੇ ਲੋਕਾਂ ਨੂੰ ਗੁਲਾਮ ਬਣਾ ਕੇ ਨਿਮਨ ਦਰਜ਼ੇ ਦੇ ਕਿੱਤਿਆਂ ਵਿੱਚ ਪਾ ਦਿੰਦਾ ਰਿਹਾ ਹੈ। ਰਾਸ਼ਟਰਵਾਦ ਦੀ ਨਿਸ਼ਾਨਦੇਹੀ ਕਰਦਿਆਂ ਅਸੀਂ ਵੇਖਦੇ ਹਾਂ ਕਿ ਖੇਤੀ ਪ੍ਰਧਾਨ ਸਮਾਜ ਵਿਚ ਉਸ ਨੂੰ ਬਸਤੀਆਂ ਬਣਾ ਕੇ ਇਕ ਥਾਂ ਵਸਣਾ ਪਿਆ। ਇਹ ਛੋਟੀਆਂ ਬਸਤੀਆਂ ਹੀ ਉਸ ਕਬੀਲੇ ਦਾ ਮੁਲਕ ਹੁੰਦਾ ਸੀ। ਜਿੱਥੋਂ ਤੱਕ ਉਸ ਦਾ ਆਉਣਾ ਜਾਣਾ ਅਥਵਾ ਜਾਣ-ਪਛਾਣ ਦਾ ਘੇਰਾ ਸੀ, ਨਾਲਦੀਆਂ ਬਸਤੀਆਂ ਨਾਲ ਮੇਲ ਮਿਲਾਪ ਤੇ ਵਰਤ ਵਿਹਾਰ ਸਦਕਾ ਉਸਦੇ ਮੁਲਕ ਦਾ ਘੇਰਾ ਵੀ ਵਿਸ਼ਾਲ ਹੋਇਆ ਮੰਨਿਆ ਜਾ ਸਕਦਾ ਹੈ। ਸਾਮੰਤੀ ਖ਼ਾਸ ਕਰਕੇ ਰਜਵਾੜਾਸ਼ਾਹੀ ਦੌਰ ਵਿੱਚ ਰਿਆਸਤਾਂ ਰਾਜਿਆਂ ਦੇ ਮੁਲਕ ਤਾਂ ਸਨ ਪਰ ਆਮ ਲੋਕਾਈ ਦਾ ਮੁਲਕ ਉਸ ਦਾ ਪੇਟ ਹੀ ਰਿਹਾ। ਆਮ ਲੋਕਾਈ ਇਨ੍ਹਾਂ ਸਮਿਆਂ ਵਿੱਚ ਅਧੀਨਤਾ ਵਾਲਾ ਜੀਵਨ ਬਸਰ ਕਰਨ ਲਈ ਮਜਬੂਰ ਸੀ। ਮੁਲਕ ਹਮੇਸ਼ਾ ਹਾਕਮ ਜਮਾਤਾਂ ਦਾ ਰਿਹਾ। ਦੇਸੀ-ਵਿਦੇਸੀ ਹਮਲਾਵਰਾਂ ਦੇ ਹਮਲਿਆਂ ਨਾਲ, ਰਾਸ਼ਟਰਾਂ ਦੀਆਂ ਸੀਮਾਵਾਂ ਬਦਲਦੀਆਂ ਰਹੀਆਂ। ਵਿਦੇਸ਼ੀ ਸ਼ਾਸਕਾਂ ਵੱਲੋਂ ਮੁਲਕ ਦੇ ਕੁੱਝ ਹਿੱਸਿਆਂ ਜਾਂ ਪੂਰੇ ਭੂਗੋਲਕ ਖਿੱਤੇ ਉਪਰ ਆਪਣਾ ਸਾਮਰਾਜ ਸਥਾਪਤ ਕਰ ਲੈਣ ਨਾਲ ਰਾਜਨੀਤਕ ਨਕਸ਼ੇ ਤਾਂ ਬਦਲਦੇ ਰਹੇ, ਪਰ ਲੋਕਾਂ ਦਾ ਕਦੇ ਕੋਈ ਰਾਸ਼ਟਰ ਹੋਂਦ ਵਿੱਚ ਨਾ ਆਇਆ। ਅਜਿਹੇ ਦੌਰ ਵਿੱਚ ਵੱਖ-ਵੱਖ ਰਿਆਸਤਾਂ ਰਾਜਿਆਂ ਦਾ ਰਾਸ਼ਟਰ ਰਿਹਾ ਪਰ ਲੋਕਾਂ ਦਾ ਰਾਸ਼ਟਰ ਸਦਾ ਹੱਡ ਭੰਨਵੀਂ ਕਮਾਈ ਤੋਂ ਕਮਾਈ ਰੋਟੀ ਹੀ ਰਿਹਾ ਤੇ ਸਾਧਨ ਸੰਪੰਨ ਜਮਾਤਾਂ ਦੀ ਚਾਕਰੀ ਤੇ ਗੋਲਪੁਣਾ ਉਨ੍ਹਾਂ ਦੀ ਹੋਣੀ ਨਾਲ ਨੱਥੀ ਕਰ ਦਿੱਤਾ ਗਿਆ।

ਆਰੀਅਨ ਜਾਤੀ ਦੇ ਧਾੜਵੀ ਲੋਕਾ ਨੇ, ਖ਼ਾਸ ਕਰਕੇ ਰਮਾਇਣ ਮਹਾਂ ਭਾਰਤ ਦੇ ਦੌਰ ਵਿੱਚ ਇਥੋਂ ਦੇ ਮੂਲ ਵਾਸੀਆਂ ਨੂੰ ਮੌਤ ਦੇ ਘਾਟ ਉਤਾਰਿਆ, ਉਜਾੜਿਆ ਜਾਂ ਬੰਧੂਆ ਬਣਾ ਲਿਆ। ਇਉਂ ਇਨ੍ਹਾਂ ਉੱਪਰ ਥੋਪੀ ਗਈ ਮੁਥਾਜੀ ਦਾ ਅਤੇ ਗਲ਼ ਪਾਏ ਗਏ ਨਿਮਨ ਦਰਜ਼ੇ ਦੇ ਕਿੱਤੇ ਕਰਨ ਵਾਲੇ ਜਾਂ ਮਾਲਕਾਂ ਦੀਆਂ ਜਗੀਰਾਂ ਉੱਪਰ ਖੇਤੀ ਕਰਨ ਵਾਲੇ ਵਾਹੀਕਾਰ ਲੋਕਾਂ ਦਾ ਵੀ ਕੋਈ ਰਾਸ਼ਟਰ ਨਹੀਂ ਸੀ ਹੁੰਦਾ, ਕੇਵਲ ਸ਼ਾਸਕ ਵਰਗ ਦੇ ਰਾਸ਼ਟਰ ਵਿੱਚ ਹੀ ਜੂਨ ਬਸਰ ਕਰਨੀ ਹੁੰਦੀ ਸੀ, ਤੇ ਉਸ ਖਿੱਤੇ ਨੂੰ ਹੀ ਆਪਣਾ ਰਾਸ਼ਟਰ ਮੰਨਣਾ ਪੈਂਦਾ ਸੀ। ਇਸ ਸਭ ਕਾਸੇ ਦੇ ਬਾਵਜੂਦ ਜਿਸ ਖਿੱਤੇ ਵਿੱਚ ਸਭ ਵੰਨਗੀ ਦੇ ਲੋਕ, ਇੱਕ ਭਾਸ਼ਾ, ਵੇਸ-ਭੂਸ਼ਾ, ਰੀਤ-ਰਿਵਾਜ, ਖਾਣ-ਪੀਣ ਦੇ ਇੱਕੋ ਜਿਹੇ ਢੰਗਾਂ ਆਦਿ ਨਾਲ ਵਸਦੇ ਆ ਰਹੇ ਸਨ, ਉਸ ਖਿੱਤੇ ਨੂੰ ਕੋਈ ਨਾਂ ਜ਼ਰੂਰ ਦਿੱਤਾ ਗਿਆ। ਪੰਜਾਬ, ਰਾਜਸਥਾਨ, ਕਸ਼ਮੀਰ, ਹਿਮਾਚਲ ਆਦਿ ਨੂੰ ਇਸ ਸੰਕਲਪ ਅਧੀਨ ਹੀ ਵੇਖਿਆ ਵਾਚਿਆ ਜਾ ਸਕਦਾ ਹੈ। ਇਸ ਹਕੀਕਤ ਨੂੰ ਵੀ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਇਹ ਖਿੱਤਾ ਵਿਹਾਰਕ ਰੂਪ ਵਿੱਚ ਸਾਰੇ ਲੋਕਾਂ ਦਾ ਰਾਸ਼ਟਰ ਨਹੀਂ ਸੀ ਹੁੰਦਾ, ਸਿਰਫ਼ ਸਾਧਨ ਸੰਪੰਨ ਵਰਗ ਦਾ ਹੀ ਰਾਸ਼ਟਰ ਹੁੰਦਾ ਸੀ। ਸਾਧਨ ਵਿਹੂਣੇ ਲੋਕਾਂ ਦਾ ਰਾਸ਼ਟਰ ਤਾਂ ਸਦਾ ਤੋਂ ਹੀ ਢਿੱਡ ਰਿਹਾ ਹੈ।

ਗੱਲ ਨੂੰ ਸੰਖੇਪ ਰੱਖਣ ਦਾ ਖ਼ਿਆਲ ਕਰਦਿਆਂ ਕਿਹਾ ਜਾ ਸਕਦਾ ਹੈ ਮੁਗ਼ਲ ਸਾਮਰਾਜ ਤੋਂ ਬਾਅਦ ਅੰਗਰੇਜ਼ ਸਾਮਰਾਜ ਦੇ ਰਾਜ ਦੌਰਾਨ ਵੱਖ ਵੱਖ ਰਿਆਸਤੀ ਰਾਜਿਆਂ ਦਾ ਰਾਜ ਹੜੱਪਣ ਤੋਂ ਬਾਅਦ ਭਾਰਤ ਦੇ ਨਕਸ਼ੇ ਵਿੱਚ ਵੱਡੀਆਂ ਤਬਦੀਲੀਆਂ ਵੇਖਣ ਨੂੰ ਮਿਲੀਆਂ ਤੇ ਨਕਸ਼ੇ ਮੁਤਾਬਿਕ ਇਹ ਸ਼ੇਰ ਦੇ ਮੂੰਹ ਵਾਲਾ ਹਿੰਦੁਸਤਾਨ, ਭਾਰਤ ਬਨਾਮ ਇੰਡੀਆ ਦਾ ਰੂਪ ਅਖ਼ਤਿਆਰ ਕਰ ਗਿਆ। ਇਸ ਦੇ ਨਾਲ ਹੀ ਬਹੁਤ ਸਾਰੀਆਂ ਰਿਆਸਤਾਂ ਜਿਨ੍ਹਾਂ ਨੇ ਅੰਗਰੇਜ਼ ਸਾਮਰਾਜ ਦੀ ਗੁਲਾਮੀ ਪਰਵਾਨ ਕਰ ਲਈ ਕਾਇਮ ਰਹੀਆਂ।

ਅੰਗਰੇਜ਼ੀ ਸਾਮਰਾਜ ਵਿਰੁੱਧ ਮੁਲਕ ਨੂੰ ਆਜ਼ਾਦ ਕਰਾਉਣ ਸਮੇਂ 'ਭਾਰਤ ਮਾਤਾ' ਦਾ ਸੰਕਲਪ ਹੋਂਦ ਵਿੱਚ ਆਇਆ, ਜਿਸ ਮੁਤਾਬਿਕ ਆਜ਼ਾਦੀ ਦੇ ਪਰਵਾਨਿਆਂ ਨੇ ਨਾਅਰਾ ਬੁਲੰਦ ਕੀਤਾ-"ਭਾਰਤ ਮਾਤਾ ਦੇ ਗੁਲਾਮੀ ਦੇ ਸੰਗਲ ਤੋੜ ਦਿਉ।" ਹੁਣ ਭਾਰਤ ਮਾਤਾ ਇਕ ਰਾਸ਼ਟਰ ਦੇ ਰੂਪ ਵਿੱਚ ਹੋਂਦ ਅਖ਼ਤਿਆਰ ਕਰਦੀ ਹੈ ਤੇ ਹਰ ਵਰਗ ਦੇ ਲੋਕ ਅੰਗਰੇਜ਼ ਸਾਮਰਾਜ ਦੇ ਵਿਰੁੱਧ ਕਿਸੇ ਨਾ ਕਿਸੇ ਰੂਪ ਵਿੱਚ ਸੰਘਰਸ਼ ਦੇ ਮੈਦਾਨ ਵਿੱਚ ਕੁੱਦਦੇ ਹਨ। ਅਸੀਂ ਬੜੇ ਫ਼ਖ਼ਰ ਨਾਲ ਕਹਿ ਸਕਦੇ ਹਾਂ ਕਿ ਭਾਰਤ ਮਾਂ ਦੀ ਆਜ਼ਾਦੀ ਲਈ, ਇਸ ਦੇ ਸੱਚੇ ਸਪੂਤਾਂ ਨੇ ਬਗ਼ੈਰ ਜਾਤ-ਧਰਮ ਦੇ ਵਿਤਕਰੇ ਦੇ ਜਾਨ ਦੀ ਬਾਜ਼ੀ ਲਾ ਕੇ ਸ਼ਮੂਲੀਅਤ ਕੀਤੀ ਅਤੇ ਵੱਡੀਆਂ ਕੁਰਬਾਨੀਆਂ ਦਿੱਤੀਆਂ। ਇਤਿਹਾਸ ਗਵਾਹ ਹੈ ਕਿ ਨਾਮਧਾਰੀ ਅੰਦੋਲਨ ਦੀ ਚੜ੍ਹਤ ਤੇ ਪਤਨ ਉਪਰੰਤ, ਉੱਨੀਵੀਂ ਸਦੀ ਦੇ ਪਹਿਲੇ ਦਹਾਕਿਆਂ ਦੌਰਾਨ ਵਿਦੇਸ਼ਾਂ ਵਿੱਚ ਰੋਜ਼ੀ ਰੋਟੀ ਕਮਾਉਣ ਗਏ ਕਿਰਤੀਆਂ, ਵਿਦਿਆਰਥੀਆਂ ਅਤੇ ਬੁੱਧੀਜੀਵੀਆਂ ਨੇ ਗਦਰ ਪਾਰਟੀ ਦੀ ਸਥਾਪਨਾ ਕਰਕੇ ਆਜ਼ਾਦੀ ਦਾ ਬਿਗਲ ਵਜਾਇਆ। ਆਜ਼ਾਦੀ ਦੀ ਇਸ ਮਹਾਨ ਲਹਿਰ ਵਿੱਚ ਅਨੇਕਾਂ ਹਿੰਦੂ, ਸਿੱਖ, ਮੁਸਲਮਾਨ ਅਤੇ ਹੇਠਲੀਆਂ ਕਿਰਤੀ ਸ਼੍ਰੇਣੀਆਂ ਦੇ ਲੋਕ ਸ਼ਾਮਲ ਹੋਏ। ਗਦਰ ਪਾਰਟੀ ਦਾ ਇਤਿਹਾਸ ਬੋਲਦਾ ਹੈ ਕਿ ਇਸ ਪਾਰਟੀ ਦਾ ਵਿਧਾਨ ਹੀ ਜਾਤ-ਧਰਮ ਤੋਂ ਰਹਿਤ ਸੀ। 1857 ਦੀ ਆਜ਼ਾਦੀ ਦੀ ਪਹਿਲੀ ਜੰਗ ਤੋਂ ਬਾਅਦ ਉਠੀਆਂ ਇਨਕਲਾਬੀ ਲਹਿਰਾਂ-'ਨਾਮਧਾਰੀ ਲਹਿਰ, ਬਬਰ ਅਕਾਲੀ ਲਹਿਰ, ਭਗਤ ਸਿੰਘ ਹੁਰਾਂ ਦੀ ਇੰਡੀਅਨ ਸੋਸ਼ਲਿਸਟ ਰਿਬਲਿਕਿਨ ਆਰਮੀ ਆਦਿ ਅਤੇ ਹੋਰ ਵੀ ਬਹੁਤ ਸਾਰੀਆਂ ਸਮਾਜ ਸੁਧਾਰਕ ਲਹਿਰਾਂ ਦਾ ਖ਼ਾਸਾ ਧਰਮ ਨਿਰਪੱਖ ਰਾਸ਼ਟਰਵਾਦੀ ਹੀ ਸੀ। ਇਸ ਉੱਥਲ-ਪੁੱਥਲ ਦੇ ਸਮੇਂ ਵਿੱਚ ਲੋਕਾਂ ਦੇ ਮਨਾਂ ਵਿੱਚ ਦੇਸ਼ ਭਗਤੀ ਦਾ ਜਜ਼ਬਾ ਉਤਪੰਨ ਹੋਇਆ।

ਗਦਰੀ ਬਾਬਿਆਂ ਦੇ ਜੀਵਨ ਬਿਰਤਾਂਤ ਪੜ੍ਹਦਿਆਂ ਜਾਣਕਾਰੀ ਮਿਲਦੀ ਹੈ ਕਿ ਤਿੰਨ ਜੁਲਾਈ ਨੂੰ ਸਟਾਕਟਨ ਵਿਖੇ ਕਰਵਾਏ ਗਏ ਜਲਸੇ ਵਿੱਚ ਸੱਤ-ਅੱਠ ਸੌ ਹਿੰਦੀ (ਪਾਠਕ ਹਿੰਦੀ ਸ਼ਬਦ ਵੱਲ ਧਿਆਨ ਦੇਣ, ਸ਼ਬਦ ਹਿੰਦੀ ਵਰਤਿਆ ਗਿਆ ਹੈ ਨਾ ਕਿ ਹਿੰਦੂ) ਸ਼ਾਮਲ ਹੋਏ ਅਤੇ ਪੰਜ ਜੁਲਾਈ ਨੂੰ ਸਟਾਕਟਨ ਦੇ ਹਾਈ ਸਕੂਲ ਵਿਚ ਕਰਵਾਏ ਗਏ ਜਲਸੇ ਵਿੱਚ ਦੋ ਸੌ ਤੋਂ ਵੱਧ ਮੁਸਲਿਮ ਭਾਈਚਾਰੇ ਦੇ ਲੋਕ ਸ਼ਾਮਲ ਹੋਏ। ਇਸ ਸਮਾਗਮ ਦੇ ਭਾਵਨਾਤਮਿਕ ਮਾਹੌਲ ਬਾਰੇ 'ਗਦਰ' ਅਖ਼ਬਾਰ ਨੇ ਲਿਖਿਆ-"ਸਾਰੇ ਭਰਾ ਆਪਣੇ ਦੇਸ਼ ਦੀ ਬੁਰੀ ਦਸ਼ਾ ਦਾ ਹਾਲ ਸੁਣ ਕੇ ਜ਼ਾਰ ਜ਼ਾਰ ਰੋਏ"-ਤੇ ਉਨ੍ਹਾਂ ਨੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਜਾਨਾਂ ਕੁਰਬਾਨ ਕਰਨ ਦੀਆਂ ਸਹੁੰਆਂ ਖਾਧੀਆਂ। ਬਹੁਤ ਸਾਰੇ ਪਠਾਣ ਭਰਾ ਵੀ ਗਦਰ ਪਾਰਟੀ ਵਿੱਚ ਜਾਨਾਂ ਵਾਰਨ ਲਈ ਸ਼ਾਮਲ ਹੋਏ। ਇੱਥੇ ਇਕ ਗੱਲ ਸਪਸ਼ਟ ਕਰ ਦਿੱਤੀ ਜਾਣੀ ਚਾਹੀਦੀ ਹੈ ਕਿ ਗ਼ਦਰ ਲਹਿਰ ਵਿੱਚ ਸ਼ਾਮਲ ਹੋਇਆ ਵੀਰ ਸਾਵਰਕਰ ਅੰਡੇਮਾਨ ਦੀ ਸੈਲੂਲਰ ਜੇਲ੍ਹ ਦੇ ਤਸੀਹੇ ਸਹਿਨ ਨਾ ਕਰ ਸਕਿਆ। ਉਸ ਨੇ ਚਾਰ ਵਾਰ ਅੰਗਰੇਜ਼ ਸਰਕਾਰ ਨੂੰ ਮੁਆਫ਼ੀਨਾਮੇ ਲਿਖ ਕੇ ਸਜ਼ਾ ਮੁਆਫ਼ ਕਰਵਾਈ ਅਤੇ ਅੰਗਰੇਜ਼ ਸਾਮਰਾਜ ਦੀ ਸੇਵਾ ਵਿੱਚ ਹਿੰਦੂ ਮਹਾਂ ਸਭਾ ਦਾ ਗਠਨ ਕੀਤਾ ਜਿਸ ਦਾ ਪ੍ਰਯੋਜਨ ਹਿੰਦੁਸਤਾਨ ਦੇ ਲੋਕਾਂ ਵਿੱਚ ਧਾਰਮਿਕ ਕੱਟੜਤਾ ਦਾ ਬੀਜ ਬੀਜਣਾ ਸੀ। ਇਸ ਨਵੀਂ ਕੱਟੜ-ਪੰਥੀ ਸੰਸਥਾ ਦਾ ਹਿੰਦੀ ਦੇ ਵਿਸ਼ਾਲ ਅਰਥਾਂ ਵਾਲੇ ਸੰਕਲਪ ਨਾਲ ਮੁੱਢ ਤੋਂ ਹੀ ਵੈਰ ਰਿਹਾ ਹੈ। ਹਿੰਦੀ ਸ਼ਬਦ ਤੋਂ ਕੰਨੀ ਖਿਸਕਾ ਕੇ ਇਸ ਕੱਟੜ-ਪੰਥੀ ਸੰਸਥਾ ਨੇ ਇਸ ਸੰਕਲਪ ਨੂੰ ਖ਼ਾਸ ਧਰਮ ਦੇ ਲੋਕਾਂ ਨਾਲ ਨੱਥੀ ਕਰਕੇ ਮੁਲਕ ਵਿੱਚ ਪੈਦਾ ਹੋਏ ਸਦਭਾਵੀ ਮਾਹੌਲ ਵਿੱਚ ਕਾਂਜੀ ਘੋਲਣ ਦਾ ਯਤਨ ਕੀਤਾ। ਰਹਿੰਦੀ-ਖੂੰਹਦੀ ਕਸਰ ਅੰਕਰੇਜ਼ੀ ਹਾਕਮਾਂ ਨੇ ਹਿੰਦੂ, ਸਿੱਖ, ਮੁਸਲਮਾਨ ਆਦਿ ਭਾਈਚਾਰਿਆਂ ਵਿੱਚ ਵਿੱਥਾਂ ਸਿਰਜਣ ਲਈ ਨਫ਼ਰਤੀ ਵਾਤਾਵਰਨ ਉਸਾਰਨ ਵਿੱਚ ਵੱਡੀ ਭੂਮਿਕਾ ਅਦਾ ਕੀਤੀ, ਜੋ ਸੰਤਾਲ਼ੀ ਦੇ ਖ਼ੂਨੀ ਭਰਾ ਮਾਰ ਦੰਗਿਆਂ ਦੇ ਰੂਪ ਵਿੱਚ ਸਾਹਮਣੇ ਆਏ। ਇਸ ਤੋਂ ਅਗਲਾ ਕਦਮ ਚੁੱਕਦਿਆਂ ਕੇਸ਼ਵ ਬਾਲੀ ਰਾਮ ਹੈਡਗੇਵਾਰ ਨੇ ਆਰ. ਐੱਸ. ਐੱਸ. ਦਾ ਗਠਨ ਕੀਤਾ। ਪਾਠਕ ਅੰਦਾਜ਼ਾ ਲਾ ਸਕਦੇ ਹਨ ਕਿ ਆਰ. ਐੱਸ. ਐੱਸ. ਦੀ ਵਰਦੀ ਅੰਗਰੇਜ਼ੀ ਹਾਫ਼ ਪੈਂਟ ਅਤੇ ਸ਼ਰਟ ਹੀ ਹੈ। ਉਦੋਂ ਤੋਂ ਇਸ ਜਥੇਬੰਦੀ ਦਾ ਅੰਧ-ਰਾਸ਼ਟਰਵਾਦ ਦੇ ਨਾਂ 'ਤੇ ਕਾਰਜ ਖ਼ੇਤਰ ਜਾਤ-ਧਰਮ ਦੇ ਨਾਂ 'ਤੇ ਮੁਲਕ ਵਿੱਚ ਦੰਗੇ ਅਤੇ ਕਤਲੋ-ਗਾਰਤ ਕਰਵਾਉਣ ਤੋਂ ਛੁੱਟ ਹੋਰ ਕੁੱਝ ਨਹੀਂ ਰਿਹਾ। ਨੱਥੂ ਰਾਮ ਗੌਡਸੇ ਦੁਆਰਾ ਕੀਤੇ ਮਹਾਤਮਾ ਗਾਂਧੀ ਦੇ ਕਤਲ ਤੋਂ ਬਾਅਦ ਵਿੱਚ ਫ਼ਿਰਕੂ ਜੱਥੇਬੰਦੀ ਉੱਪਰ ਪਾਬੰਦੀ ਵੀ ਲੱਗੀ ਰਹੀ।

ਅੰਗਰੇਜ਼ਾਂ ਦੇ ਚਲੇ ਜਾਣ ਤੋਂ ਬਾਅਦ ਵੀ ਭਾਰਤ ਜਾਂ ਹਿੰਦੁਸਤਾਨ ਦਾ ਇਕ ਬੱਝਵੇਂ ਰਾਸ਼ਟਰ ਦਾ ਸਰੂਪ ਤਹਿ ਨਹੀਂ ਸੀ ਹੋਇਆ। ਬਹੁਤ ਸਾਰੀਆਂ ਰਿਆਸਤਾਂ ਅਜੇ ਵੀ ਕਾਇਮ ਸਨ। ਮਿਸਾਲ ਦੇ ਤੌਰ 'ਤੇ ਸਾਰਾ ਪੰਜਾਬ ਵੀ ਅੰਗਰੇਜ਼ਾਂ ਦੇ ਅਧੀਨ ਨਹੀਂ ਸੀ। ਜੋ ਰਿਆਸਤੀ ਰਾਜਾ ਅੰਗਰੇਜ਼ੀ ਸਾਮਰਾਜ ਦੀ ਅਧੀਨਗੀ ਕਬੂਲ ਲੈਂਦਾ ਸੀ, ਉਸ ਦੀ ਰਿਆਸਤ ਕਾਇਮ ਰਹਿੰਦੀ ਸੀ, ਨਹੀਂ ਤਾਂ ਰਾਜਾ ਰਿਪਦੁੱਮਨ ਸਿੰਘ ਵਾਂਗ ਜਲਾਵਤਨ ਕਰਕੇ ਖ਼ਤਮ ਕਰ ਦਿੱਤੀ ਜਾਂਦੀ ਸੀ।

ਆਉ ਰਾਸ਼ਟਰਵਾਦ ਦੇ ਸੰਕਲਪ ਉੱਪਰ ਥੋੜ੍ਹੀ ਹੋਰ ਵਿਚਾਰ ਕਰੀਏ। ਰਿਆਸਤਾਂ ਦੇ ਖ਼ਾਤਮੇ ਤੋਂ ਬਾਅਦ ਹੀ ਇਕ ਰਾਸ਼ਟਰ ਦਾ ਸੰਕਲਪ ਸਪਸ਼ਟ ਰੂਪ ਵਿੱਚ ਉੱਭਰ ਕੇ ਸਾਹਮਣੇ ਆਇਆ। ਚਾਹੇ ਕਿਹੋ ਜਿਹਾ ਵੀ ਸਹੀ, 25 ਜਨਵਰੀ 1950 ਨੂੰ ਇਕ ਸੰਵਿਧਾਨ ਹੋਂਦ ਵਿੱਚ ਆਇਆ, ਜਿਸ ਦਾ ਖ਼ਾਸਾ 'ਧਰਮ ਨਿਰਪੱਖ' ਹੀ ਐਲਾਨਿਆ ਗਿਆ। ਜਾਤ-ਧਰਮ ਤੋਂ ਉਪਰ ਉੱਠ ਕੇ ਹਰ ਨਾਗਰਿਕ ਨੂੰ ਬਰਾਬਰ ਅਧਿਕਾਰ ਦਿੱਤੇ ਗਏ ਹੋਣ ਦਾ ਵਿਚਾਰ ਉਭਾਰਿਆ ਗਿਆ। ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਨ, ਰੋਸ ਮੁਜ਼ਾਹਰੇ ਕਰਨ, ਲਿਖਣ-ਬੋਲਣ ਅਤੇ ਆਪਣੇ ਵੱਖਰੇ ਵਿਚਾਰ ਪਰਗਟ ਕਰਨ ਦੀ ਆਜ਼ਾਦੀ ਦੇ ਅਧਿਕਾਰ ਦਿੱਤੇ ਗਏ, ਇਹ ਸਮਾਂ ਸੀ ਜਦੋਂ ਮੁਲਕ ਵਿੱਚ ਇੱਥੋਂ ਤੱਕ ਕਿ ਫਿਲਮਾਂ ਵਿੱਚ ਵੀ ਦੇਸ਼ ਭਗਤੀ ਦੇ ਤਰਾਨੇ ਹੀ ਸੁਣਨ ਨੂੰ ਮਿਲਦੇ ਸਨ। ਅਵਾਮ ਵਿੱਚ 'ਆਜ਼ਾਦੀ' ਦਾ ਜੋਸ਼ ਅਤੇ 'ਦੇਸ਼ ਪਿਆਰ ਦਾ ਜਜ਼ਬਾ' ਭਾਰੂ ਰਿਹਾ। ਇਹ ਵੱਖਰੀ ਗੱਲ ਹੈ ਜਦ ਵੀ ਹਾਕਮ ਧਿਰ ਨੂੰ ਕੁਰਸੀ ਡੋਲਦੀ ਦਿਸੀ ਤਾਂ ਸੰਵਿਧਾਨ ਵਿੱਚ ਦਿੱਤੇ ਅਧਿਕਾਰਾਂ ਦੀ ਅਹੀ ਤਹੀ ਵੀ ਹੁੰਦੀ ਰਹੀ। ਪੰਡਿਤ ਨਹਿਰੂ ਦੇ ਸਮੇਂ ਤਿਲੰਗਾਨਾਂ ਦੇ ਕਿਸਾਨ ਘੋਲ਼ ਨੂੰ ਦਬਾਉਣਾ, 25 ਜੂਨ 1975 ਨੂੰ ਇੰਦਰਾ ਗਾਂਧੀ ਦੁਆਰਾ ਲਾਈ ਗਈ ਐਮਰਜੈਂਸੀ ਇਸ ਦੀਆਂ ਠੋਸ ਉਦਾਹਰਨਾਂ ਹਨ। ਅੱਸੀਵਿਆਂ ਵਿੱਚ ਸੱਤਾ ਦੀ ਭੁੱਖ ਨੇ ਕਾਂਗਰਸ ਨੂੰ ਹੱਕ ਦਿੱਤਾ ਕਿ ਉਹ ਪੰਜਾਬ ਨੂੰ ਬਲੀ ਦਾ ਬੱਕਰਾ ਬਣਾ ਕੇ ਹਿੰਦੂ ਵੋਟ ਆਪਣੀ ਝੋਲ਼ੀ ਵਿੱਚ ਪਾ ਲਵੇ। ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ 84 ਦੇ ਸਿੱਖਾਂ ਵਿਰੋਧੀ ਦੰਗੇ ਕਰਵਾਏ ਗਏ ਤੇ ਹਜ਼ਾਰਾਂ ਹੀ ਬੇਕਸੂਰ ਸਿੱਖਾਂ ਨੂੰ ਦਿੱਲੀ-ਕਾਨ੍ਹਪੁਰ ਤੇ ਹੋਰ ਥਾਂਵਾਂ 'ਤੇ ਇੱਕੋ ਤਰ੍ਹਾਂ ਦੇ ਢੰਗ ਵਰਤਿਆਂ ਗਲ਼ਾਂ ਵਿੱਚ ਟਾਇਰ ਪਾ ਕੇ ਜਿਉਂਦੇ ਸਾੜੇ ਗਏ ਤੇ ਅਨੇਕਾਂ ਹੀ ਬੀਬੀਆਂ ਨਾਲ ਸਮੂਹਕ ਬਲਾਤਕਾਰ ਕੀਤੇ ਗਏ।

ਇਕ ਮੁਹਾਵਰਾ ਸਥਾਪਤ ਕਰ ਦਿੱਤਾ ਗਿਆ-"ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਭਾਰਤ ਇਕ ਰਾਸ਼ਟਰ ਹੈ। ਇਸ ਨਾਹਰੇ ਦੀ ਪਿੱਠ-ਭੂਮੀ ਵਿੱਚ ਕਾਰਜਸ਼ੀਲ ਅੰਧ-ਰਾਸ਼ਟਰਵਾਦ ਦੇ ਜਿੰਨ ਦਾ ਉਭਾਰ ਹੀ ਦੇਖਿਆ ਜਾ ਸਕਦਾ ਹੈ। ਭਾਵੇਂ ਕਿ ਕਸ਼ਮੀਰ ਦੀ ਰਿਆਸਤ ਦਾ ਰਲੇਵਾਂ 47 ਤੋਂ ਲੈ ਕੇ ਜਾਣ ਬੁੱਝ ਅਣਸੁਲਝਿਆ ਰੱਖਿਆ ਗਿਆ। ਹੌਲ਼ੀ ਹੌਲ਼ੀ ਸਦਰ-ਏ-ਰਿਆਸਤ ਦਾ ਰੁਤਬਾ ਖ਼ਤਮ ਕਰਕੇ ਸਦਰ-ਏ-ਰਿਆਸਤ ਸ਼ੇਖ ਅਬਦੁੱਲਾ ਨੂੰ ਜੇਲ੍ਹ ਬੰਦ ਕਰ ਦਿੱਤਾ ਗਿਆ। ਕਸ਼ਮੀਰ ਜੋ ਕਦੇ ਵੀ ਭਾਰਤ ਦਾ ਹਿੱਸਾ ਨਹੀਂ ਸੀ ਤੇ ਨਾ ਹੈ, ਬਾਰੇ ਕਿਹਾ ਜਾ ਸਕਦਾ ਹੈ ਕਿ ਕਸ਼ਮੀਰ ਨਾ ਕਦੇ ਭਾਰਤ ਦਾ ਹਿੱਸਾ ਸੀ ਤੇ ਨਾ ਹੈ। ਤਾਂ ਵੀ ਇਸ ਵਿੱਚ ਇਕ ਹਾਂਦਰੂ ਪਹਿਲੂ ਮੌਜੂਦ ਸੀ-'ਅਨੇਕਤਾ ਵਿੱਚ ਏਕਤਾ'-ਦਾ। ਇਹ ਮੰਨ ਲਿਆ ਗਿਆ ਕਿ ਭਾਰਤ ਬਹੁਤ ਸਾਰੀਆਂ ਜੀਵਨ ਸ਼ੈਲੀਆਂ ਵਾਲਾ ਮੁਲਕ ਹੈ ਜਿਸ ਵਿੱਚ ਵੰਨ-ਸੁਵੰਨੇ ਸਭਿਆਚਾਰ, ਭਾਸ਼ਾਈ ਵਖਰੇਵੇਂ, ਖਾਣ-ਪਹਿਨਣ ਦੇ ਵਖਰੇਵੇਂ, ਧਰਮ, ਵਿਸ਼ਵਾਸ, ਰਸਮ-ਰਿਵਾਜ, ਤਿੱਥਾਂ-ਤਿਉਹਾਰਾਂ ਵਿਆਹਾਂ-ਸ਼ਾਦੀਆਂ ਅਤੇ ਮਰਨੇ ਪਰਨਿਆਂ ਆਦਿ ਦੇ ਵਖਰੇਵੇਂ ਮੌਜੂਦ ਹਨ ਪਰ ਇਸ ਦੇ ਬਾਵਜੂਦ ਹਿੰਦੁਸਤਾਨ ਇਕ ਰਾਸ਼ਟਰ ਹੈ। ਇਸ ਇੱਕ ਰਾਸ਼ਟਰ ਦੇ ਸੰਕਲਪ ਪਿੱਛੇ ਵੀ 'ਤਕੜੇ ਦੀ ਜ਼ੋਰੂ ਵਾਲਾ' ਮੁਹਾਵਰਾ ਹੀ ਲਾਗੂ ਹੁੰਦਾ ਜਾਪਦਾ ਹੈ। ਰਾਸ਼ਟਰ ਪਰ ਕੀਹਦੇ ਲਈ? ਗੁਜਰਾਤ ਵਿੱਚ ਮੁਸਲਿਮ ਭਾਈਚਾਰੇ ਵਿਰੁੱਧ ਖੇਡੀ ਗਈ ਖ਼ੂਨ ਦੀ ਹੋਲ਼ੀ ਦੇ ਆਧਾਰ 'ਤੇ ਗੁਜਰਾਤ ਮਾਡਲ ਸਥਾਪਤ ਕਰਨ ਨਾਲ ਨਵੇਂ ਕੱਟੜ ਹਿੰਦੂਤਵੀ ਰਾਸ਼ਟਰ ਦੀਆਂ ਨੀਹਾਂ ਪੱਕੀਆਂ ਕਰਨ ਦੇ ਯਤਨ ਹੋਣ ਲੱਗੇ ਹਨ। ਗਊ ਹੱਤਿਆ ਤੇ ਲਵ ਜਹਾਦ ਦੇ ਨਾਂ 'ਤੇ ਜੋ ਘਟਨਾਵਾਂ ਪਿਛਲੇ ਸਾਲਾਂ ਵਿੱਚ ਵਾਪਰਦੀਆਂ ਰਹੀਆਂ ਹਨ, ਕਿਸੇ ਤੋਂ ਭੁੱਲੀਆਂ ਹੋਈਆਂ ਨਹੀਂ। ਦਲਿਤ ਭਾਈਚਾਰੇ ਨਾਲ ਵੀ ਕੀ ਕੁੱਝ ਵਾਪਰਦਾ ਰਿਹਾ ਹੈ, ਅਸੀਂ ਅੱਖੀਂ ਵੇਖ ਲਿਆ ਹੈ। ਅਜੇ ਹੋਰ ਪਤਾ ਨਹੀਂ ਕੀ ਕੀ ਵੇਖਣਾ ਬਾਕੀ ਹੈ?

2014 ਦੀਆਂ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਹਮਾਇਤ ਨਾਲ ਭਾਰਤੀ ਜਨਤਾ ਪਾਰਟੀ ਚੰਗੇ ਦਿਨਾਂ ਦਾ ਲਾਰਾ ਲਾ ਕੇ 283 ਸੀਟਾਂ ਜਿੱਤੇ ਰਾਜ ਸਿੰਘਾਸਣ 'ਤੇ ਬਿਰਾਜਮਾਨ ਹੋਈ। ਹਿੰਦੂ ਕੱਟੜ ਪ੍ਰਸਤਾਂ ਦੁਆਰਾ 'ਰਾਮ' ਨੂੰ ਤੁਲ ਦੇ ਤੌਰ 'ਤੇ ਪਹਿਲਾਂ ਹੀ ਵਰਤਿਆ ਜਾ ਰਿਹਾ ਸੀ, ਜਿਸ ਵਿੱਚ ਭਾਜਪਾ ਦੇ ਤਾਕਤ ਵਿੱਚ ਆਉਣ ਨਾਲ 'ਰਾਮ' ਨੂੰ ਸ਼ਾਖਸ਼ਾਤ ਰੂਪ ਵਿੱਚ ਪਰਗਟ ਕਰ ਕੇ ਮੁਲਕ ਵਿੱਚ ਤਾਂਡਵ ਨਾਚ ਆਰੰਭ ਕੀਤਾ ਗਿਆ। " ਸਭ ਕਾ ਵਿਕਾਸ ਸਭ ਕੇ ਸਾਥ" ਦੀ ਭਾਵਨਾ ਨੂੰ ਲਾਗੂ ਕਰਨ ਲਈ ਮੁਸਲਿਮ ਭਾਈਚਾਰੇ ਨੂੰ ਬੇਗਾਨਗੀ ਦੇ ਆਲਮ ਵਿੱਚ ਧੱਕਾ ਦੇ ਕੇ ਨਾਗਰਕ ਸੋਧ ਕਾਨੂੰਨ ਪਾਸ ਕਰਕੇ ਅਤੇ 370 ਅਤੇ 35 ਏ ਧਾਰਵਾਂ ਖ਼ਤਮ ਕਰਕੇ "ਨਵੇਂ ਹਿੰਦੂਤਵੀ ਰਾਸ਼ਟਰ" ਦੇ ਨਿਰਮਾਣ ਦੀ ਨੀਂਹ ਰੱਖਣ ਦੇ ਤਾਬੜ-ਤੋੜ ਯਤਨ ਕੀਤੇ ਜਾਣ ਲੱਗੇ। ਇਸ ਨਾਲ ਖ਼ਾਸ ਕਰਕੇ ਮੁਸਲਮ ਭਾਈਚਾਰੇ ਨੂੰ ਬੇਗਾਨਗੀ ਦੀ ਹਾਲਤ ਵਿੱਚ ਹੀ ਨਹੀਂ ਧਕਿਆ ਗਿਆ, ਮਾਨਵੀ ਕਦਰਾਂ ਕੀਮਤਾਂ ਹੀ ਲਹੂ ਵਿੱਚ ਡੋਬ ਦਿੱਤੀਆਂ ਗਈਆਂ। ਜੋ ਮੁਸਲਿਮ ਆਗੂ ਭਾਰਤ ਦੇ ਵਿਧਾਨ ਅਤੇ 'ਜਮਹੂਰੀਅਤ' ਵਿੱਚ ਵਿਸ਼ਵਾਸ ਰੱਖਦੇ ਸਨ, ਵੀ ਜੇਲ੍ਹਾਂ ਦੀ ਹਵਾ ਖਾਣ ਲਈ ਮਜਬੂਰ ਕਰ ਦਿੱਤੇ ਗਏ ਹਨ। ਜਿਨ੍ਹਾਂ ਪ੍ਰਾਂਤਾਂ ਵਿਚ ਭਾਜਪਾ ਸਰਕਾਰਾਂ ਹਨ, ਮੁਸਲਿਮ ਅਤੇ ਹੋਰ ਘੱਟ ਗਿਣਤੀ ਭਾਈਚਾਰਿਆਂ ਲਈ ਮੌਤਾਂ ਦੀ ਫ਼ਸਲ ਬੀਜੀ ਜਾ ਰਹੀ ਹੈ। ਕਾਂਗਰਸ ਸਰਕਾਰਾਂ ਵੱਲੋਂ ਕੀਤੇ ਜ਼ੁਲਮਾਂ ਨੂੰ ਵੀ ਮਾਤ ਦਿੱਤੀ ਜਾ ਰਹੀ ਹੈ।

ਵਿਗਿਆਨਕ ਇਤਿਹਾਸਿਕ ਵਿਕਾਸ ਪ੍ਰਕਿਰਿਆ ਦੇ ਨਜ਼ਰੀਏ ਤੋਂ ਦਾਅਵਾ ਕਰ ਸਕਦੇ ਹਾਂ ਕਿ ਇਤਿਹਾਸ ਦੇ ਪਹੀਏ ਨੂੰ ਕਦੇ ਵੀ ਪੁੱਠਾ ਨਹੀਂ ਘੁਮਾਇਆ ਜਾ ਸਕਦਾ। ਇਤਿਹਾਸ ਨੂੰ ਦੁਹਰਾਇਆ ਜਾ ਸਕਦਾ ਹੈ ਜੋ ਹਮੇਸ਼ਾ ਹੀ ਉੱਚਾਈ ਵੱਲ ਜਾਂਦਾ ਹੈ, ਨਾ ਕਿ ਪਿਛਲ ਖੁਰੀ ਨਿਵਾਣ ਵੱਲ। ਉਦਾਹਰਣ ਵਜੋਂ ਮੁੱਢਲਾ ਸਮਾਜ ਸਾਂਝੀਵਾਲਤਾ ਦਾ ਯੁੱਗ ਸੀ। ਕਬੀਲੇ ਦੇ ਸਾਰੇ ਮਰਦ ਅਤੇ ਔਰਤਾਂ ਸਾਂਝੀ ਕਿਰਤ ਕਰਦੇ ਸਨ ਅਤੇ ਮਾਰ ਕੇ ਲਿਆਂਦਾ ਸ਼ਿਕਾਰ ਜਾਂ ਇੱਕਤਰ ਕੀਤੀਆਂ ਜੜੀ-ਬੂਟੀਆਂ ਕਬੀਲੇ ਦਾ ਸਾਂਝਾ ਹੁੰਦਾ ਸੀ ਜੋ ਸਾਰੇ ਲੋਕ ਰਲ਼ ਕੇ ਖਾਂਦੇ ਸਨ। ਸਾਡਾ ਕਹਿਣ ਦਾ ਮਤਲਬ ਹੈ ਕਿ ਭਵਿੱਖ ਇਸ ਕਿਸਮ ਦੇ ਸਮਾਜ ਲਈ ਤਾਂ ਬੂਹੇ ਖੋਲ੍ਹਦਾ ਹੈ ਜਿਸ ਵਿੱਚ ਜਾਤ ਜਨਮ ਜਾਂ ਕਿਸੇ ਵਿਤਕਰੇ ਨੂੰ ਥਾਂ ਨਹੀਂ ਹੋਵੇਗੀ, ਸਭ ਲੋਕ ਬਰਾਬਰੀ ਦਾ ਜੀਵਨ ਬਸਰ ਕਰ ਰਹੇ ਹੋਣਗੇ, ਜਿੱਥੇ ਹਰ ਇਕ ਆਪਣੀ ਕਿਰਤ ਦਾ ਫਲ਼ ਮਾਨਣ ਲਈ ਆਜ਼ਾਦ ਹੋਵੇਗਾ ਪਰ ਗਲ਼-ਸੜ ਚੁੱਕੇ ਗੈਰ ਵਿਗਿਆਨਕ ਵਰਤਾਰਿਆਂ ਨੂੰ ਪੁਨਰ ਸਰਜੀਤ ਨਹੀਂ ਕੀਤਾ ਜਾ ਸਕਦਾ। ਜੋ ਕੋਈ ਅਜਿਹਾ ਯਤਨ ਕਰਦਾ ਹੈ ਤਾਂ ਉਹ ਸਮਾਜ ਦੇ ਸਰਵ ਵਿਨਾਸ਼ ਦੇ ਨਰਕ ਦਾ ਬੂਹਾ ਖੋਲ੍ਹਦਾ ਹੈ ਅਤੇ ਆਪਣੀ ਵੀ ਕਬਰ ਤਿਆਰ ਕਰਦਾ ਹੈ।

ਜਿਵੇਂ ਕਿ ਅਸੀਂ ਪਹਿਲਾਂ ਹੀ ਲਿਖ ਆਏ ਕਿ ਭਾਜਪਾ ਅਤੇ ਉਸ ਦੀਆਂ ਸਹਿਯੋਗੀ ਜਥੇਬੰਦੀਆਂ ਜਿਨ੍ਹਾਂ ਨੇ ਜਨਮ ਹੀ ਅੰਗਰੇਜ਼ੀ ਸਾਮਰਾਜ ਦੀ ਛਤਰ-ਛਾਇਆ ਦੇ ਵਰਤਾਰੇ ਵਿੱਚੋਂ ਧਾਰਨ ਕੀਤਾ ਸੀ, ਹੁਣ ਇਤਿਹਾਸ ਨੂੰ ਪੁੱਠਾ ਗੇੜਨ ਲੱਗੀਆਂ ਹੋਈਆਂ ਹਨ। ਹਜ਼ਾਰਾਂ ਸਾਲ ਪੁਰਾਣੀਆਂ ਗੈਰ ਵਿਗਿਆਨਕ ਮਿੱਥਾਂ

ਨੂੰ ਇਤਿਹਾਸ ਵਜੋਂ ਸਥਾਪਤ ਕਰਨ 'ਤੇ ਲੱਗੀਆਂ ਹੋਈਆਂ ਹਨ ਤੇ ਇਸ ਨੂੰ ਨਵੇਂ ਰਾਸ਼ਟਰ ਦੇ ਨਿਰਮਾਣ ਦਾ ਨਾਂ ਦਿੱਤਾ ਜਾ ਰਿਹਾ ਹੈ। ਆਪਣੇ ਸਮੇਂ ਦੇ ਕਲਾਸੀਕਲ ਸਾਹਿਤ-ਰਮਾਇਣ, ਮਹਾਭਾਰਤ ਨੂੰ ਭਾਰਤ ਦਾ ਇਤਿਹਾਸ ਸਥਾਪਤ ਕਰਨ ਲੱਗੀਆਂ ਹੋਈਆਂ ਹਨ। ਇਹ ਕਰੂਰ ਰੂਪ ਵਿੱਚ ਫ਼ਾਸ਼ੀਵਾਦ ਵੱਲ ਵਧਦੇ ਕਦਮਾਂ ਦੀ ਆਹਟ ਸਮਝੀ ਜਾਣੀ ਚਾਹੀਦੀ ਹੈ।

ਇਸ ਤੋਂ ਵੀ ਅੱਗੇ ਵਧਦੇ ਹੋਏ ਭਾਜਪਾ ਆਰ. ਐੱਸ. ਐੱਸ. ਜੋੜੀ, ਰਾਸ਼ਟਰਵਾਦ ਦੇ ਨਾਂ ਦਾ ਪਾਖੰਡ ਧਾਰਨ ਕਰਕੇ ਭਾਰਤ ਨੂੰ ਇੱਕੋ ਭਗਵੇਂ ਰੰਗ ਵਿੱਚ ਰੰਗਣ ਲਈ ਬਜ਼ਿੱਦ ਦਿਖਾਈ ਦੇ ਰਹੀ ਹੈ। ਪੁੱਛਿਆ ਜਾਣਾ ਚਾਹੀਦਾ ਹੈ ਕਿ ਇਸ ਰਾਸ਼ਟਰ ਦੇ ਉਨ੍ਹਾਂ ਲੋਕਾਂ ਲਈ ਕੀ ਅਰਥ ਹਨ ਜਿਨ੍ਹਾਂ ਨੂੰ ਇਸ ਰਾਜ ਨੇ ਕੋਈ ਸੁਖ ਸਾਧਨ ਦਿੱਤਾ ਹੀ ਨਹੀਂ, ਹਾਸਲ ਸੁਖ ਸਾਧਨਾਂ ਨੂੰ ਵੀ ਇਕ ਪਾਸੜ ਧੌਂਸ ਦੇ ਜ਼ੋਰ ਲੁੱਟਿਆ ਜਾ ਰਿਹਾ ਹੇ। ਕਰੋੜਾਂ ਲੋਕਾਂ ਕੋਲ਼ ਰਹਿਣ ਲਈ ਮਕਾਨ ਨਹੀਂ, ਰੋਟੀ ਰੋਜ਼ੀ ਦਾ ਕੋਈ ਸਾਧਨ ਨਹੀਂ। ਲੋਕ ਦੋਖੀ ਨੀਤੀਆਂ ਦੁਆਰਾ ਕਿਸਾਨਾਂ ਮਜ਼ਦੂਰਾਂ ਵਿਹੜਿਆਂ ਵਿੱਚ ਖ਼ੁਦਕੁਸ਼ੀਆਂ ਦੀਆਂ ਫ਼ਸਲਾਂ ਬੀਜੀਆਂ ਜਾ ਰਹੀਆਂ ਹਨ। ਰਾਸ਼ਟਰਵਾਦ ਦੇ ਅਰਥਾਂ ਨੂੰ ਪੁੱਠੇ ਟੰਗ ਕੇ ਅਮਰੀਕਨ ਸਾਮਰਾਜ ਦੀ ਤਰਜ਼ 'ਤੇ- "ਜੋ ਸਾਡੇ (ਅਮਰੀਕਾ) ਨਾਲ਼ ਨਹੀਂ ਉਹ ਮੁਸਲਮਾਨ ਅਤਿਵਾਦੀਆ ਨਾਲ਼ ਹੈ"-ਨੂੰ ਲਾਗੂ ਕਰਨ ਲਈ ਉਹੀ ਬੋਲੀ ਬੋਲੀ ਜਾ ਰਹੀ ਹੈ -"ਜੋ ਭਾਜਪਾ ਨਾਲ਼ ਨਹੀਂ ਉਹ ਅਤਿਵਾਦੀ, ਮਾਓਵਾਦੀ, ਨਕਸਲੀ ਆਦਿ ਹੈ।"

ਦੇਸ਼ ਪਿਆਰ ਦਾ ਅਰਥ ਹੀ ਇਹ ਬਣਾ ਦਿੱਤਾ ਹੈ ਕਿ ਜੋ ਭਾਜਪਾ ਅਤੇ ਆਰ. ਐੱਸ. ਐੱਸ ਦਾ ਪੱਖੀ ਹੈ, ਦੇਸ਼ ਭਗਤ ਹੈ, ਜੋ ਵਿਰੋਧ ਕਰਦਾ ਹੈ, ਉਹ ਦੇਸ਼ ਦਾ ਗੱਦਾਰ ਹੈ ਤੇ ਉਸ ਨੂੰ ਪਾਕਿਸਤਾਨ ਚਲੇ ਜਾਣਾ ਚਾਹੀਦਾ ਹੈ। ਇਸ ਤਰ੍ਹਾਂ ਇਹ ਅੰਧ ਰਾਸ਼ਟਰਵਾਦ ਦਾ ਫ਼ਾਸ਼ੀਵਾਦੀ ਬੱਚਾ ਬੜੀ ਤੇਜ਼ੀ ਨਾਲ਼ ਕਦਮ ਦਰ ਕਦਮ ਅੱਗੇ ਵਧ ਰਿਹਾ ਹੈ। ਕੌਮੀ ਨਾਗਰਿਕਤਾ ਸੋਧ ਕਾਨੂੰਨ, ਕੌਮੀ ਨਾਗਰਿਕਤਾ ਰਜਿਸਟਰ, ਕੌਮੀ ਜਨਗਣਨਾ ਰਜਿਸਟਰ ਦਾ ਦਿਉ ਖੜ੍ਹਾ ਕਰਕੇ, ਭਾਰਤ ਵਿੱਚ ਸਦੀਆਂ ਤੋਂ ਕਰੋੜਾਂ ਦੀ ਗਿਣਤੀ ਵਿੱਚ ਵਸਦੇ ਆ ਰਹੇ ਸ਼ਰਨਾਰਥੀਆਂ ਨੂੰ ਘੁਸ ਪੈਠੀਏ ਅਤੇ ਆਤੰਕੀ ਕਹਿ ਕੇ ਮਿਹਨਤ ਮਜ਼ਦੂਰੀ ਕਰ ਕੇ ਚੁੱਲ੍ਹਾ ਤਪਦਾ ਰੱਖਣ ਵਾਲ਼ੀ ਗਰੀਬ ਜਨਤਾ ਨੂੰ ਉਜਾੜਨ, ਖ਼ਤਮ ਕਰਨ ਦੇ ਕਾਲ਼ੇ ਮਨਸੂਬਿਆਂ ਨੂੰ ਅੰਜਾਮ ਦਿੱਤਾ ਜਾ ਰਿਹਾ ਹੈ। ਧਰਮ ਦੇ ਨਾਂ 'ਤੇ ਭਰਾਵੀਂ ਖ਼ੂਨ ਵਹਾਉਣ ਲਈ ਤਹੂ ਨੇ ਇਹ ਅੰਧ-ਰਾਸ਼ਟਰਵਾਦੀ ਕੱਟੜ ਫ਼ਿਰਕੂ ਜਥੇਬੰਦੀਆਂ। ਇਸ ਨੀਂਹ ਉੱਪਰ ਉੱਸਾਰਿਆ ਜਾ ਰਿਹਾ ਹੈ ਅੰਧ-ਰਾਸ਼ਟਰਵਾਦ। ਅੰਧ-ਰਾਸ਼ਟਰਵਾਦ ਦੇ ਇਸ ਸ਼ੋਰ ਸ਼ਰਾਬੇ ਅਤੇ ਰੋਲ਼-ਘਚੋਲ਼ੇ ਵਿੱਚ ਭਗਵੀਂ ਸਰਕਾਰ ਨੇ ਆਪਣੇ ਪ੍ਰਭੂਆਂ ਸਾਮਰਾਜੀ ਸ਼ਕਤੀਆਂ ਅਤੇ ਉਨ੍ਹਾਂ ਦੀਆਂ ਰਖੇਲ ਬਹੁ ਕੌਮੀ ਕਾਰਪੋਰੇਸ਼ਨਾਂ, ਦੇਸੀ ਵਿਦੇਸ਼ੀ ਕੰਪਨੀਆਂ ਦੇ ਮੁਨਾਫ਼ਿਆਂ ਨੂੰ ਜ਼ਰਬਾਂ ਦੇਣ ਲਈ ਆਦਿ-ਵਾਸੀਆਂ ਅਤੇ ਹੋਰ ਮਿਹਨਤਕਸ਼ ਤਬਕਿਆਂ ਨੂੰ ਉਜਾੜਨ ਅਤੇ ਮੁਲਕ ਦੇ ਮਾਲ-ਖ਼ਜ਼ਾਨੇ ਪ੍ਰਾਈਵੇਟ ਧੜਵੈਲ ਦੇਸੀ-ਵਿਦੇਸੀ ਕੰਪਨੀਆਂ ਨੂੰ ਕੌਡੀਆਂ ਦੇ ਭਾਅ ਲੁਟਾਏ ਜਾ ਰਹੇ ਹਨ। ਆਰ. ਐੱਸ. ਐੱਸ. ਅਤੇ ਕੱਟੜ ਹਿੰਦੂਤਵੀ ਸੰਗਠਨ ਅੱਗ ਦੀ ਖੇਡ ਖੇਡਦੇ ਹੋਏ ਵੀ ਦੇਸ਼ ਭਗਤ ਅਖਵਾ ਰਹੇ ਹਨ। ਜ਼ੁਲਮ ਜਬਰ ਦਾ ਵਿਰੋਧ ਕਰਨ ਵਾਲ਼ੇ ਦੇਸ਼ ਦੇ ਗੱਦਾਰ ਹਨ। ਕਿੰਨੇ ਹੀ ਜਮਹੂਰੀ ਹੱਕਾਂ ਦੇ ਪਹਿਰੇਦਾਰ ਅਨੇਕਾਂ ਆਗੂ (ਨਰਿੰਦਰ ਦਬੋਲਕਰ, ਐਮ. ਐਮ ਕੁਲਬੁਰਗੀ, ਗੋਵਿੰਦ ਪੰਸਾਰੇ, ਗੌਰੀ ਲੰਕੇਸ਼ ਆਦਿ) ਕਤਲ ਕੀਤੇ ਜਾ ਚੁੱਕੇ ਹਨ ਵੱਡੇ ਵਿਦਵਾਨ, ਪ੍ਰੋਫ਼ੈਸਰ, ਚਿੰਤਕ, ਵਕੀਲ, ਇਤਿਹਾਸਕਾਰ, ਬੁੱਧੀਜੀਵੀ, ਪੱਤਰਕਾਰ 90 ਪ੍ਰਤੀਸ਼ਤ ਅਪਾਹਜ ਡਾ. ਸਾਈ ਬਾਬਾ, ਸੁਧਾ ਭਾਰਦਵਾਜ਼, ਰੋਨਾ ਵਿਲਸਨ, ਮਹੇਸ਼ ਰਾਊਤ, ਸੁਰਿੰਦਰ ਗੈਡਲਿੰਗ, ਸੋਮਾ ਸੇਨ, ਵਰਵਰਾ ਰਾਓ ਆਦਿ ਜੋ ਭਾਜਪਾ ਆਰ. ਐੱਸ. ਐੱਸ. ਸਰਕਾਰ ਦੀਆਂ ਰਾਸ਼ਟਰ ਵਿਰੋਧੀ ਨੀਤੀਆਂ ਦੀ ਆਲੋਚਨਾ ਕਰਦੇ ਸਨ, ਉੱਪਰ ਮਾਓਵਾਦੀ ਜਾਂ ਸ਼ਹਿਰੀ ਨਕਸਲੀ ਆਦਿ ਦਾ ਠੱਪਾ ਲਾ ਕ ਆਰ. ਐੱਸ. ਐੱਸ. ਦੇ ਕਾਲ਼ੇ ਮਨਸੂਬਿਆਂ ਦਾ ਵਿਰੋਧ ਕਰਦੇ ਸਨ, ਜ਼ੁਬਾਨ ਬੰਦੀ ਦੀ ਨੀਤੀ ਅਧੀਨ ਜੇਲ੍ਹਾਂ ਵਿੱਚ ਬੰਦ ਕੀਤੇ ਜਾ ਚੁੱਕੇ ਹਨ। ਪਿਛਲੇ ਸਾਲਾਂ ਦੀਆਂ ਘਟਨਾਵਾਂ ਗਵਾਹ ਹਨ ਇਸ ਵਰਤਾਰੇ ਦਾ। ਲੋਕ ਹਿਤੂ 83 ਸਾਲਾ ਪਾਦਰੀ ਸਟੈਨ ਸਵਾਮੀ ਦੀ ਜੇਲ੍ਹ ਵਿੱਚ ਇਲਾਜ਼ ਖੁਣੋ ਹੋਈ ਮੌਤ ਤੇ ਪਿੱਛਲੇ ਦਿਨੀਂ ਡਾ. ਸਾਈ ਬਾਬਾ ਦੀ ਜੇਲ੍ਹ ਵਿੱਚ ਦਿੱਤੇ ਗਏ ਤਸੀਹਿਆਂ ਕਾਰਨ ਰਿਹਾਈ ਉਪਰੰਤ ਹੋਈ ਮੌਤ ਬਾਰੇ ਕਾਨੂੰਨ ਚੁੱਪ ਹੈ।

ਕੌਮੀ ਨਾਗਰਿਕਤਾ ਸੋਧ ਕਾਨੂੰਨ, ਕੌਮੀ ਨਾਗਰਿਕ ਰਜਿਸਟਰ ਅਤੇ ਕੌਮੀ ਜਨ-ਸੰਖਿਆ ਰਜਿਸਟਰ ਆਦਿ ਦਾ, ਰਾਸ਼ਟਰਵਾਦ ਦੇ ਨਾਂ 'ਤੇ ਭਾਰਤ ਦੇ ਪਿੰਡੇ ਉੱਪਰ ਗੱਡਿਆ ਸੇਹ ਦਾ ਤੱਕਲ਼ਾ ਇਨ੍ਹਾਂ ਜਥੇਬੰਦੀਆਂ ਦੀ ਅਪਰਾਧੀ ਬਿਰਤੀ ਦਾ ਸਬੂਤ ਹੈ, ਜੋ ਬੇਸ਼ਰਮੀ ਦੀ ਹੱਦ ਤੱਕ ਬਹੁਤ ਹੀ ਘਾਤਕ ਹੈ ਤੇ ਇਸ ਨੇ ਮੁਲਕ ਭਰ ਵਿੱਚ ਨਵੇਂ ਗੁੱਲ ਖਿਲਾਉਣੇ ਆਰੰਭ ਕਰ ਦਿੱਤੇ ਹਨ। ਆਸਾਮ ਪਹਿਲਾ ਨਰਕੀ ਰਾਜ ਬਣ ਕੇ ਸਾਮ੍ਹਣੇ ਆਇਆ ਹੈ ਜਿੱਥੇ ਲੱਖਾਂ ਦੀ ਗਿਣਤੀ ਵਿੱਚ ਉਹ ਲੋਕ, ਜੋ ਸਦੀਆਂ ਤੋਂ ਮਿਹਨਤ ਮਜ਼ਦੂਰੀ ਕਰਕੇ ਜੀਵਨ ਬਤੀਤ ਕਰਦੇ ਆ ਰਹੇ ਸਨ, ਕੋਈ ਲਿਖਤੀ ਸਬੂਤ ਪੇਸ਼ ਨਾ ਕਰ ਸਕਣ ਕਰਕੇ ਬੰਦੀ ਕੈਂਪਾਂ ਵਿੱਚ ਰੁਲ਼ ਰਹੇ ਹਨ। ਭਾਜਪਾ-ਆਰ. ਐੱਸ. ਐੱਸ. ਸਰਕਾਰ ਇਹ ਤਲਵਾਰ ਸਾਰੇ ਮੁਲਕ ਦੀ ਗਰਦਨ 'ਤੇ ਚਲਾਉਣ ਲਈ ਬਜ਼ਿੱਦ ਹੈ। ਕਿਹੋ ਜਿਹਾ ਘਿਨੌਣਾ ਵਰਤਾਰਾ ਵਰਤਾਇਆ ਜਾ ਰਿਹਾ ਹੈ, ਇਸ ਕੱਟੜ ਫ਼ਿਰਕੂ ਜੋੜੀ ਵੱਲੋਂ? ਸਾਰਾ ਪਰਿਵਾਰ ਕੌਮੀ ਨਾਗਰਿਕ ਹੋਣ ਦਾ ਸਬੂਤ ਦੇਣ ਵਿੱਚ ਸਫ਼ਲ ਹੋ ਗਿਆ ਪਰ ਉਸ ਪਰਿਵਾਰ ਦੇ ਮੁਖੀ ਕੋਲ਼ ਅਣਪੜ੍ਹ ਰਹਿ ਗਿਆ ਹੋਣ ਕਰਕੇ ਕੋਈ ਲਿਖਤੀ ਸਬੂਤ ਨਹੀਂ- ਜਿਸ ਗੁਨਾਂਹ ਦੀ ਉਹ ਬੰਦੀ ਕੈਂਪ ਵਿੱਚ ਸਜ਼ਾ ਭੁਗਤਦਾ ਹੋਇਆ ਮੌਤ ਨੂੰ ਪਿਆਰਾ ਹੋ ਕੇ ਕੌਮੀ ਨਾਗਰਿਕ ਬਣ ਸਕਿਆ ਹੈ। ਇਉਂ ਬੰਦੀ ਕੈਂਪਾਂ ਵਿੱਚ ਮੌਤ ਦੇ ਮੂੰਹ ਪਏ ਤਿੰਨ ਵਿਅਕਤੀ ਹਿੰਦੂ ਭਾਈਚਾਰੇ ਨਾਲ਼ ਸਬੰਧਤ ਸਨ। ਪੜਤਾਲੀਆਂ ਗਰੁੱਪ ਜੋ ਆਸਾਮ ਦੇ ਬੰਦੀ ਕੈਂਪਾਂ 'ਚੋਂ ਅੰਕੜੇ ਇਕੱਤਰ ਕਰਕੇ ਲਿਆਏ ਹਨ, ਰੌਂਗਟੇ ਖੜ੍ਹੇ ਕਰਨ ਵਾਲ਼ੇ ਹਨ। ਇਹ ਕਿੱਡਾ ਅਨਰਥ ਹੈ ਕਿ ਇਕ ਦਿਹਾੜੀਦਾਰ ਗਰੀਬ ਪਰਿਵਾਰ ਦੀ ਲੜਕੀ, ਜਿਸ ਨੇ ਕਦੇ ਸਕੂਲ ਦਾ ਮੂੰਹ ਨਹੀਂ ਵੇਖਿਆ, ਕਿਸੇ ਦੂਜੇ ਪਿੰਡ ਵਿਆਹੀ ਗਈ। ਉਹ ਤਿੰਨ ਬੱਚਿਆਂ ਦੀ ਮਾਂ ਹੈ। ਉਸਦਾ ਪਤੀ ਭਾਰਤ ਦਾ ਨਾਗਰਿਕ ਹੈ, ਉਸ ਦੇ ਬੱਚੇ ਵੀ ਨਾਗਰਿਕ ਹਨ, ਪਰ ਉਹ ਕੋਈ ਲਿਖਤੀ ਸਬੂਤ ਪੇਸ਼ ਨਹੀਂ ਕਰ ਸਕੀ ਕਿ ਉਸ ਦਾ ਬਾਪ ਕੌਣ ਹੈ? ਕਿਸੇ ਦੀ ਪਤਨੀ ਹੋਣਾ ਜਾਂ ਬੱਚਿਆਂ ਦੀ ਮਾਂ ਹੋਣਾ ਸਬੂਤ ਨਹੀਂ, ਉਹ ਆਪਣੇ ਬਾਪ ਦਾ ਲਿਖਤੀ ਸਬੂਤ (ਯਾਨੀ ਕੋਈ ਸਰਟੀਫਿਕੇਟ) ਪੇਸ਼ ਨਾ ਕਰ ਸਕਣ ਦੀ ਸਜ਼ਾ ਭੁਗਤਦੀ ਹੋਈ ਮੌਤ ਦੇ ਮੂੰਹ ਜਾ ਪਈ ਹੈ ਤੇ ਉਸ ਦਾ ਪਤੀ ਸਦਮਾ ਨਾ ਸਹਾਰਦਾ ਹੋਇਆ, ਵੀ ਦਿਲ ਦਾ ਦੌਰਾ ਪੈਣ ਨਾਲ ਆਪਣੇ ਬੱਚਿਆਂ ਨੂੰ ਅਨਾਥ ਕਰ ਗਿਆ ਹੈ। ਇਨ੍ਹਾਂ ਬੇਸ਼ਰਮ ਕਾਨੂੰਨਾਂ ਦੀ ਹੋਰ ਕਰਤੂਤ ਦੇਖੋ, ਭਾਰਤ ਦਾ ਰਾਸ਼ਟਰਪਤੀ ਰਹਿ ਚੁੱਕੇ ਫ਼ਖ਼ਰਉਦੀਨ ਅਲੀ ਅਹਿਮਦ, ਕਾਰਗਿਲ ਦੀ ਜੰਗ ਵਿੱਚ ਬਹਾਦਰੀ ਦਿਖਾਉਣ ਕਰਕੇ ਰਾਸ਼ਟਰਪਤੀ ਤੋਂ ਪੁਰਸਕਾਰਤ ਮੁਹੰਮਦ ਸਨਾ ਉੱਲਾ ਖਾਂ, ਏਅਰ ਫੋਰਸ ਦਾ ਸਾਬਕਾ ਕਪਤਾਨ ਛਿਬੰਦਰ ਸਿੰਘ, ਆਸਾਮ ਦੀ ਸਾਬਕਾ ਮੁੱਖ ਮੰਤਰੀ ਸ੍ਰੀਮਤੀ ਸਇਅਦਾ ਤੈਮੂਰ -ਸੂਚੀ ਬਹੁਤ ਲੰਮੀ ਹੈ-ਭਾਰਤ ਦੇ ਨਾਗਰਿਕ ਨਹੀਂ ਹਨ। ਇਸ ਦਾ ਇਹੋ ਅਰਥ ਹੋਇਆ ਕਿ ਇਕ ਦਿਨ ਇਹ ਵੀ ਬੰਦੀ ਕੈਂਪਾਂ ਵਿੱਚ ਧੱਕ ਦਿੱਤੇ ਜਾਣਗੇ। ਸਰਕਾਰ ਦੇ ਜਮੂਰੇ ਬੋਲਦੇ ਹਨ ਕਿ ਇਹ ਕਾਨੂੰਨ ਨਾਗਰਿਕਤਾ ਦੇਣ ਲਈ ਹਨ, ਖੋਹਣ ਲਈ ਨਹੀਂ। ਕਿੰਨੀ ਬੇਸ਼ਰਮੀ ਨਾਲ਼ ਉਹ ਅਮਰੀਕਾ ਦੀ ਰੀਤ- 'ਜੋ ਅਮਰੀਕਾ ਨਾਲ ਨਹੀਂ ਮੁਸਲਮਾਨ ਅਤਿਵਾਦੀਆਂ ਨਾਲ਼ ਹੈ'-ਨਿਭਾਉਂਦੇ ਹੋਏ ਕਹਿ ਰਹੇ ਹਨ ਕਿ ਜੋ ਲੋਕ ਸਰਕਾਰ ਦੇ ਪ੍ਰੋਗਰਾਮ ਨਾਲ਼ ਸਹਿਮਤ ਨਹੀਂ ਹਨ ਪਾਕਿਸਤਾਨ ਚਲੇ ਜਾਣ। ਇਸ ਦਾ ਮਤਲਬ ਕੇਵਲ ਹਿੰਦੂ ਕੱਟੜ ਪੰਥੀਆਂ ਦਾ ਹੀ ਇਹ ਮੁਲਕ ਹੈ, ਬਾਕੀ ਸਭ ਭਾਈਚਾਰਿਆਂ ਤੇ ਖੁੱਲ੍ਹ ਖ਼ਿਆਲੀਏ ਹਿੰਦੂ ਭਾਈਚਾਰੇ ਨੂੰ ਪਾਕਿਸਤਾਨ ਚਲੇ ਜਾਣਾ ਚਾਹੀਦਾ ਹੈ। ਸੰਤਾਂ ਦੇ ਪਹਿਰਾਵੇ ਵਿੱਚ ਕੁਰਸੀ ਉੱਪਰ ਬੈਠਾ ਭਗਵਾਂ ਲੋਕ ਦੁਸ਼ਮਣ ਯੋਗੀ ਅਦਿੱਤਿਆ ਨਾਥ ਨੇ, ਪੁਲਿਸ ਦੀਆਂ ਲਗਾਮਾਂ ਖੁੱਲ੍ਹੀਆਂ ਛੱਡ ਕੇ 'ਬੋਲੀ ਨਹੀਂ ਗੋਲ਼ੀ' ਦੀ ਵਕਾਲਤ ਕਰਦਿਆਂ, ਯੂ.ਪੀ. ਦੇ ਮੁਸਲਿਮ ਇਲਾਕਿਆਂ ਵਿੱਚ ਗੁੰਡਾ ਗਰਦੀ ਵੱਡੀ ਪੱਧਰ 'ਤੇ ਸਰਕਾਰੀ ਅਤੇ ਗੈਰ ਸਾਰਕਾਰੀ ਜਾਇਦਾਦਾਂ ਦਾ ਨੁਕਸਾਨ ਕਰਵਾ ਕੇ, ਸਾਬਤ ਕਰ ਦਿੱਤਾ ਹੈ ਕਿ ਇਸ ਮੁੱਖ ਮੰਤਰੀ ਨੂੰ ਅਪਰਾਧ, ਗੁੰਡਾਗਰਦੀ ਅਤੇ ਇਖ਼ਲਾਕ ਅਤੇ ਸਦਾਚਾਰ ਵਿੱਚਲੇ ਅੰਤਰ ਦੀ ਵੀ ਤਮੀਜ਼ ਨਹੀਂ ਹੈ। ਵਰਦੀਧਾਰੀ ਪੁਲਿਸ ਨੇ ਮੁਸਲਿਮ ਭਾਈਚਾਰੇ ਦੇ ਘਰਾਂ ਵਿੱਚ ਜ਼ੁਲਮ ਦੀ ਹਨ੍ਹੇਰੀ ਝੁਲਾ ਦਿੱਤੀ ਤੇ ਯੋਗੀ ਨੇ ਜਾਇਦਾਦ ਦੇ ਨੁਕਸਾਨ ਦੀ ਭਰਪਾਈ ਕਰਨ ਲਈ ਮੁਸਲਿਮ ਪਰਿਵਾਰਾਂ ਨੂੰ, ਉਨ੍ਹਾਂ ਦੀਆਂ ਦੁਕਾਨਾਂ ਸੀਲ ਕਰਕੇ ਨੋਟਿਸ ਜਾਰੀ ਕੀਤੇ ਹਨ। ਪੜਤਾਲ਼ੀਆ ਟੀਮ ਨੇ ਦੱਸਿਆ ਕਿ ਇਕ ਸਤਾਸੀ ਸਾਲਾ ਮੁਸਲਿਮ ਬਜ਼ੁਰਗ, ਜੋ ਬਜ਼ੁਰਗੀ ਅਤੇ ਬਿਮਾਰੀ ਦੀ ਹਾਲਤ ਵਿੱਚ ਬਹੁਤ ਸਮੇਂ ਤੋਂ ਮੰਜੇ 'ਤੇ ਪਿਆ ਹੈ, ਨੂੰ ਵੀ ਇਕ ਲੱਖ ਹਰਜਾਨਾ ਭਰਨ ਦਾ ਨੋਟਿਸ ਜਾਰੀ ਹੋਇਆ ਹੈ ਕਿ ਉਹ ਕਿਸੇ ਇਲਾਕੇ ਵਿੱਚ ਭੀੜ ਨੂੰ ਭੜਕਾ ਰਿਹਾ ਸੀ, ਜਿੱਥੇ ਵੱਡੀ ਪੱਧਰ 'ਤੇ ਜਾਇਦਾਦ ਦਾ ਨੁਕਸਾਨ ਕੀਤਾ ਗਿਆ।


ਧੀਰਜ ਦੇਣ ਵਾਲ਼ੇ ਹਾਲਾਤ ਬਣੇ ਹਨ। ਲੋਕ ਹਿਤਾਂ ਨੂੰ ਪਰਣਾਈਆਂ ਕਿਸਾਨ-ਮਜ਼ਦੂਰ, ਵਿਦਿਆਰਥੀ-ਮੁਲਾਜ਼ਮ ਜਥੇਬੰਦੀਆਂ, ਲੇਖਕ, ਬੁੱਧੀਜੀਵੀ ਅਤੇ ਖੁਲ੍ਹ-ਖ਼ਿਆਲੀਏ ਹਿੰਦੂ ਭਾਈਚਾਰੇ ਦੇ ਲੋਕ ਜਾਗੇ ਹੋਏ ਹਨ। ਹੁਣ ਇਕ ਨਹੀਂ ਅਨਕਾਂ ਸ਼ਾਹੀਨ ਬਾਗ ਬਣਨਗੇ ਤੇ ਇਨ੍ਹਾਂ ਭੈਂਗ ਮਾਰਦੇ ਕਾਨੂੰਨਾਂ ਨੂੰ ਚੁਣੌਤੀ ਦੇਣਗੇ। ਅਸੀਂ ਇਹ ਸੰਭਾਵਨਾ ਮੰਨ ਕੇ ਚੱਲ ਰਹੇ ਹਾਂ ਕਿ ਸਰਕਾਰ ਆਪਣੀਆਂ ਗੁੰਡਾ ਏਜੰਸੀਆਂ ਤੋਂ ਹਰ ਤਰ੍ਹਾਂ ਦੇ ਹੱਥਕੰਡੇ ਵਰਤ ਕੇ ਲੋਕਾਂ ਵਿੱਚ ਪਾੜਾ ਪਾਉਣ ਦੀ ਹਰ ਕੋਝੀ ਚਾਲ ਚੱਲ ਕੇ ਹੇਠਲੀਆਂ ਗੈਰ ਚੇਤੰਨ ਸਫ਼ਾਂ ਵਿੱਚ ਭਰਮ ਭੁਲੇਖੇ ਖੜ੍ਹੇ ਕਰਕੇ ਅੱਗਾਂ ਲਾਉਣ ਦੀ ਖੇਡ ਖੇਡ ਸਕਦੀਆਂ ਹਨ।...ਮੁਲਕ ਦੇ ਇਹ ਆਗੂ ਇਸ ਗੱਲ ਦੀ ਸ਼ਰਮ ਨਹੀਂ ਮੰਨਦੇ ਕਿ ਆਪਣੇ ਲੋਕਾਂ ਦਾ ਇਹ ਕਿਹੋ ਜਿਹਾ ਚਰਿੱਤਰ ਪੈਦਾ ਕਰਨਾ ਚਾਹੁੰਦੇ ਹਨ। ਤਾਕਤ ਉਨ੍ਹਾਂ ਦੇ ਹੱਥ ਵਿੱਚ ਹੈ, ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਇਹ ਕਾਲ਼ੀਆਂ ਤਾਕਤਾਂ ਬੜੀ ਮੌਜ ਨਾਲ਼ ਮਨ ਆਈਆਂ ਕਰ ਸਕਣਗੀਆਂ। ਕਾਲ਼ੀ ਰਾਤ ਵਿੱਚ ਝੁਲਦੀ ਹਨ੍ਹੇਰੀ ਵਿੱਚ ਮੋਮਬੱਤੀਆਂ ਲੈ ਕੇ ਵੀ ਲੋਕ ਉੱਠ ਖੜ੍ਹੇ ਹੋਏ ਹਨ। ਕਲਮਾਂ ਵੀ ਜਾਗਦੀਆਂ ਹਨ ਤੇ ਐਲਾਨ ਕਰਦੀਆਂ ਹਨ ਕਿ ਇਹ ਲੜਾਈ ਹਿੰਦੂ-ਮੁਸਲਿਮ ਜਾਂ ਘੱਟ ਗਿਣਤੀ ਦੇ ਨਾਂ 'ਤੇ ਨਹੀਂ, ਇਸ ਅੰਧ-ਰਾਸ਼ਟਰ ਵਿਰੁੱਧ ਭਾਰਤੀ ਨਾਗਰਿਕ ਹੋਣ ਦੀ ਸਾਂਝੀ ਲੜਾਈ ਹੈ।

# 'ਜੇ ਮੈਂ ਚਿੜੀ ਬਣ ਜਾਵਾਂ' ਪੁਸਤਕ 'ਤੇ ਇਕ ਝਾਤ

ਨਿੱਕੀ ਪੁਨੀਤ ਪੁੱਤਰੀ ਦਿਲਜੀਤ ਬੰਗੀ ਦੀ ਕਾਵਿ ਪੁਸਤਕ -'ਜੇ ਮੈਂ ਚਿੜੀ ਬਣ ਜਾਵਾਂ' ਪੜ੍ਹਦਿਆਂ ਹੋਰ ਵੀ ਗਹਿਰਾ ਸੁਖਦ ਅਹਿਸਾਸ ਹੋਇਆ ਹੈ ਕਿ ਉਸ ਦੀ ਕਾਵਿ ਖ਼ਿਆਲੀ ਵੀ ਉਸਦੀ ਉਮਰ ਨਾਲੋਂ ਕਿਤੇ ਉੱਚੀ ਅਤੇ ਕੋਮਲ ਸੰਵੇਦਨਾਵਾਂ ਦੇ ਦਰਸ਼ਨ ਕਰਵਾਉਂਦੀ ਹੈ। ਉਸਦੀ ਕਾਵਿਕਿਤਾ ਵਿੱਚ ਉਸਦੇ ਆਲੇ ਦੁਆਲੇ ਦੀ ਪੇਸ਼ਕਾਰੀ ਤੇ ਪੇਸ਼ਕਾਰੀ ਕਰਦਿਆਂ ਉਸਦੀ ਕਮਾਲ ਦੀ ਕਲਪਣਾ ਉਡਾਰੀ ਦ੍ਰਿਸ਼ਟੀਗੋਚਰ ਹੁੰਦੀ ਹੈ। ਉਸ ਨੇ ਪੁਸਤਕ ਦਾ ਆਗਾਜ਼ ਹੀ ਮਾਂ ਬੋਲੀ ਪੰਜਾਬੀ ਨਜ਼ਮ ਨਾਲ ਕੀਤਾ ਹੈ। ਨੰਨ੍ਹੀ ਕਵਿੱਤਰੀ ਲਿਖਦੀ ਹੈ-

'ਪੰਜਾਬੀ ਮੇਰੀ ਮਾਂ ਬੋਲੀ, ਜਿਸ ਨੇ ਮੇਰੀ ਜ਼ਿੰਦਗੀ ਵਿੱਚ ਆ ਕੇ, ਖ਼ੁਸ਼ੀਆਂ ਦੀ ਕਿਤਾਬ ਖੋਲ੍ਹੀ, ਹੱਥ ਵਿੱਚ ਮੇਰੇ ਕਲਮ ਫੜਾਈ, ਸਫ਼ਲਤਾ ਦੀ ਪੌੜੀ ਚੜ੍ਹਾਈ। ਰੱਬਾ ਯੁੱਗ ਯੁੱਗ ਜੀਵੇ ਮੇਰੀ ਬੋਲੀ। ਮੇਰੇ ਜੀਵਨ ਦੇ ਵਿੱਚ ਆ ਕੇ ਜੀਹਨੇ ਮਿਸ਼ਰੀ ਘੋਲੀ ਕਿੰਨੀਆਂ ਰਸਮਈ ਸਤਰਾਂ ਹਨ, ਪਾਠਕ ਦੇ ਮਨ ਨੂੰ ਤੁਣਕਾ ਮਾਰਨ ਦੇ ਸਮਰੱਥ।

ਇਸੇ ਤਰ੍ਹਾਂ 'ਮੇਰੀ ਕਵਿਤਾ ਵਿੱਚ ਦੇਖੋ' 'ਮੇਰੀ ਕਵਿਤਾ' ਮੇਰੇ ਬਾਰੇ ਸਭ ਕੁੱਝ ਜਾਣਦੀ ਹੈ। ਮੈਂ ਸੱਚ ਦੱਸਾਂ ਉਹ ਬਿੱਲਕੁੱਲ ਮੇਰੇ ਹਾਣ ਦੀ ਹੈ। 'ਕਵਿਤਾ ਦਾ ਮੇਰੇ ਬਾਰੇ ਸਭ ਕੁੱਝ ਜਾਣਦੇ ਹੋਣਾ, ਕਿਉਂਕਿ ਉਹ ਮੇਰੇ ਹਾਣ ਦੀ ਹੈ, ਡੂੰਘੇ ਅਰਥ ਸੰਚਾਰ ਕਰ ਜਾਂਦੀ ਹੈ। ਇਸ ਦਾ ਮੈਂ ਜੋਂ ਅਰਥ ਲੈਂਦਾ ਹਾਂ, ਉਸ ਮੁਤਾਬਿਕ ਕਵਿੱਤਰੀ ਜ਼ਿੰਦਗੀ ਨਾਲ ਸੁਰਬੱਧ ਹੋ ਕੇ ਜ਼ਿੰਦਗੀ ਦੀ ਬਾਂਹ ਵਿੱਚ ਬਾਂਹ ਪਾ ਕੇ ਤੁਰਨ ਦੇ ਸੰਕਲਪ ਨਾਲ ਪ੍ਰਤੀਬੱਧ ਹੋ ਕੇ ਵਿਚਰਨ ਦਾ ਅਹਿਦ ਕਰਦੀ ਜਾਪਦੀ ਹੈ। ਇਹ ਕੁੱਝ ਭਾਵੇਂ ਉਹ ਸੁਤੇ ਸਿੱਧ ਹੀ ਲਿਖ ਗਈ ਹੋਵੇਗੀ ਪਰ ਮੈਂ ਉਸਦੀ ਬਾਲ ਦ੍ਰਿਸ਼ਟੀ ਵਿੱਚੋਂ ਇਸ ਸੱਚਾਈ ਪ੍ਰਗਟ ਹੁੰਦੀ ਵੇਖ ਰਿਹਾ ਹਾਂ। ਮੈਂ ਸੱਚ ਦੱਸਾਂ ਉਸਦਾ ਇਕਬਾਲ ਕਰਨਾ ਦਰਸਾਉਂਦਾ ਹੈ ਕਿ ਉਹ ਸੁਪਨਸਾਜ਼ ਕਵਿੱਤਰੀ ਨਹੀਂ ਬਣੇਗੀ ਹੁਣੇ ਤੋਂ ਉਸ ਨੇ ਸੱਚ ਨਾਲ ਖੜ੍ਹਨ ਦੀ ਤ੍ਰਿਵੈਣੀ ਵਿੱਚੋਂ ਕਾਵਿ ਸੁਗੰਧੀ ਵਿਹਾਜ ਲਈ ਹੈ।




'ਮੇਰੀ ਮਾਂ' ਕਵਿਤਾ ਵਿੱਚ ਉਹ ਆਪਣੀ ਜਣਨੀ ਬਾਰੇ ਆਪਣੀਆਂ ਸੰਵੇਦਨਾਵਾਂ ਪ੍ਰਗਟ ਕਰਦੀ ਹੈ। ਨਮੂਨਾ ਦੇਖੋ' ਮੈਂ ਮਾਂ ਆਪਣੀ ਦੇ ਕਦਮਾਂ ਵਿੱਚ ਬੈਠੀ ਕਿਸੇ ਜੰਨਤ ਦੀ ਲੋੜ ਨਹੀਂ। ਜੋ ਮਾਂ ਨਾ ਪਾਰ ਕਰਾਵੇ ਐਸਾ ਜ਼ਿੰਦਗੀ ਦਾ ਕੋਈ ਮੋੜ ਨਹੀਂ। ਇਸ ਤੋਂ ਇਲਾਵਾ ਪਾਠਕ ਅੰਦਾਜ਼ਾ ਲਗਾ ਸਕਦੇ ਹਨ ਕਿ ਪੁਨੀਤ ਭਵਿੱਖ ਵਿੱਚ ਤੁਕ ਬੱਧ ਕਵਿਤਾ ਲਿਖਣ ਦੇ ਰਾਹ ਪੈਂਦੀ ਵੀ ਜਾਪਦੀ ਹੈ। ਕੁੱਝ ਹੋਰ ਥਾਂਵਾਂ 'ਤੇ ਵੀ ਉਸਨੇ ਬੜੇ ਸ਼ਾਨਦਾਰ ਤੁਕਾਂਤ ਸਿਰਜੇ ਹਨ।

ਬੇਸ਼ੱਕ ਬਾਪ ਨੇ ਤਾਂ ਧੀਆਂ ਦੀਆਂ ਖੰਭੜੀਆ ਅਗਾਊਂ ਹੀ ਬਹੁਤ ਮਜ਼ਬੂਤ ਕੀਤੀਆਂ ਹੋਈਆਂ ਹਨ, ਪਰ ਮਸਲਾ ਇਕੱਲੀ ਪੁਨੀਤ ਦਾ ਨਹੀਂ, ਲੱਖਾਂ ਕਰੋੜਾਂ ਹੋਰ ਧੀਆਂ ਦਾ ਵੀ ਹੈ। ਧਿ ਦੀ ਪੁਕਾਰ ਕਵਿਤਾ ਦਾ ਰੰਗ ਵੇਖੋ। 'ਹੇ ਪਿਤਾ ਸੁਣ ਲਉ ਧੀ ਦੀ ਪੁਕਾਰ। ਤੁਹਾਡੀ ਧੀ ਹੀ ਲੈ ਕੇ ਆਵੇਗੀ ਤੁਹਾਡੀ ਜ਼ਿੰਦਗੀ ਵਿੱਚ ਬਹਾਰ।'

'ਜੇ ਮੈਂ ਚਿੜੀ ਬਣ ਜਾਵਾਂ' ਉਸਦੀ ਬਹੁਤ ਹੀ ਖ਼ੂਬਸੂਰਤ ਨਜ਼ਮ ਹੈ। ਏਨੇ ਸੂਖਮਭਾਵੀ ਅਹਿਸਾਸ, ਉਹ ਨਿੱਕੀ ਜਿੰਦ ਦੇ- ਨਮੂਨਾ ਮਾਤਰ - 'ਮੇਰਾ ਵੀ ਦਿਲ ਕਰਦਾ ਕਿ ਮੈਂ ਚਿੜੀ ਬਣ ਜਾਵਾਂ। ਬਣ ਕੇ ਚਿੜੀ ਮੈਂ ਅੰਬਰਾਂ ਉੱਤੇ ਇੱਕ ਉਡਾਰੀ ਲਾਵਾਂ। ਚਿੜੀ ਨਹੀਂ ਮੈਂ ਕਵਿੱਤਰੀ ਪੁਨੀਤ ਸਦਾਵਾਂ।' ਉਸ ਦੀ ਕਵਿਤਾ ਦੇ ਪੈਰਾਂ ਵਿੱਚ ਕੋਈ ਬੇੜੀਆਂ ਨਾ ਪਾਵੇ। ਇਸ ਤਰ੍ਹਾਂ ਉਹ ਬਾਲੜੀ-ਜਗਤ ਦੀ ਤਰਜਮਾਨੀ ਕਰ ਜਾਂਦੀ ਹੈ।

'ਚੰਨ, ਸੂਰਜ ਤੇ ਪਾਣੀ' ਨਜ਼ਮ ਵਿੱਚ ਉਸਦੀ ਖ਼ਿਆਲ ਉਡਾਰੀ ਵੀ ਕਮਾਲ ਦੀ ਹੈ- 'ਇੱਕ ਦਿਨ ਚੰਨ ਮੇਰੇ ਕੋਲ ਆਇਆ ਸੂਰਜ ਦਾ ਸੰਦੇਸ਼ ਪਹੁੰਚਾਇਆ। ਚੰਨ ਕਹਿੰਦਾ ਤੈਨੂੰ ਸੂਰਜ ਨੇ ਬੁਲਾਇਆ। ਸੂਰਜ ਦਾ ਬੁਲਾਵਾ ਆਪਣੇ ਆਪ ਹੀ ਪੁਨੀਤ ਦੇ ਭਵਿੱਖ ਦੀ ਨਿਸ਼ਾਨਦੇਹੀ ਕਰ ਜਾਂਦਾ ਹੈ।ਹੋਰ ਦੇਖੋ- ਲੋਕਾਂ ਦੀ ਜਾਨ ਤਾਂ ਸੂਰਜ ਵਿੱਚ ਵਸਦੀ ਹੈ। ਵੇਖ ਵੇਖ ਕੇ ਸੂਰਜ ਨੂੰ ਤਾਂ ਧਰਤੀ ਮਾਤਾ ਹੱਸਦੀ ਹੈ। ਉਹ ਵਿਗਿਆਨਕ ਸੱਚ ਵੱਲ ਵੀ ਇਸ਼ਾਰਾ ਕਰਦੀ ਜਾਪਦੀ ਹੈ।

ਅੰਦਰੇਟੇ ਦਾ ਟੂਰ ਵਿੱਚ ਵੀ ਉਸਨੇ ਆਪਣੀ ਖੁੱਲ੍ਹ ਮਾਣਨ ਦੀ ਵਕਾਲਤ ਕਰਦਿਆਂ ਆਪਣੇ ਅਹਿਸਾਸਾਂ ਦਾ ਇਜ਼ਹਾਰ ਕੀਤਾ ਹੈ।

ਰੁੱਤਾਂ ਦੀ ਤਬਦੀਲੀ ਨੂੰ ਕਲਾਤਮਿਕ ਛੂਹ ਦਿੰਦਿਆਂ ਪੁਨੀਤ ਆਪਣੀ 'ਗਰਮੀ ਰਾਣੀ' ਕਵਿਤਾ ਵਿੱਚ ਲਿਖਦੀ ਹੈ 'ਰਜਾਈ, ਕੰਬਲ ਸਾਂਭ ਦਿਉ ਹੁਣ ਆ ਗਈ ਗਰਮੀ ਰਾਣੀ। ਠੰਢੀ ਠੰਢੀ ਸਰਦੀ ਦੀ ਹੁਣ ਹੋਈ ਖ਼ਤਮ ਕਹਾਣੀ।' ਨਿੱਕੀ ਜਿਹੀ ਗੱਲ ਨੂੰ ਕਿੰਨੀ ਸੂਖਮਤਾ ਨਾਲ ਬਿਆਨ ਕੀਤਾ ਹੈ।

ਖਾਣ ਪੀਣ ਸਬੰਧੀ ਵੀ ਪੁਨੀਤ ਕਾਫ਼ੀ ਸੁਧ ਰੱਖਦੀ ਹੈ- 'ਦੋਸਤੋ ਜ਼ਿਆਦਾ ਤਲੀਆਂ ਪੂਰੀਆਂ ਚੰਗੀਆਂ ਨਹੀਂ ਲੱਗਦੀਆਂ। ਗੁੜ ਤੇ ਘਿਓ ਬਗੈਰ ਬਣੀਆਂ ਚੂਰੀਆਂ ਚੰਗੀਆਂ ਆ ਨਹੀਂ ਲੱਗਦੀਆਂ। ਰਿਸ਼ਤਿਆਂ ਦੇ ਵਿੱਚ ਤਲਖ਼ੀਆਂ ਦੂਰੀਆਂ ਚੰਗੀਆਂ ਨਹੀਂ ਲੱਗਦੀਆਂ। ਅਤੇ ਦੋਸਤੋ ਦੋਸਤੀ ਦੇ ਵਿੱਚ ਘੂਰੀਆਂ ਚੰਗੀਆਂ ਨਹੀਂ ਲੱਗਦੀਆਂ।' ਉਸਦੀ ਕਲਮ ਗ਼ਜ਼ਲਕਾਰੀ ਵੱਲ ਮੋੜਾ ਕੱਟਦੀ ਜਾਪਦੀ ਹੈ। ਜ਼ਰੂਰੀ ਨਹੀਂ ਕਿ ਉਹ ਗ਼ਜ਼ਲ ਦੀ ਸਿਨਫ਼ ਵਾਲੇ ਕਾਫ਼ੀਆ ਰਦੀਫ਼ ਬਾਰੇ ਵਾਕਫ਼ ਹੋਵੇ ਪਰ ਇਨ੍ਹਾਂ ਸ਼ੇਅਰਾਂ ਵਿੱਚ ਇਹ ਪੂਰੀ ਪੁਖਤਗੀ ਨਾਲ ਵਰਤਿਆ ਜਾਪਦਾ ਹੈ। ਉਸਦੀਆਂ ਨਜ਼ਮਾਂ ਵਿੱਚੋਂ ਕੁੱਝ ਹੋਰ ਵੰਨਗੀਆਂ ਦੇ ਅੰਸ਼ ਵੀ ਪੇਸ਼ ਕਰਦਾ ਹਾਂ, ਜਿਨ੍ਹਾਂ ਤੋਂ ਪਾਠਕ ਪੁਨੀਤ ਦੀ ਪ੍ਰਤਿਭਾ ਦਾ ਅੰਦਾਜ਼ਾ ਲਗਾ ਸਕਦੇ ਹਨ।

ਸਮੁੰਦਰ ਦੀਆਂ ਲਹਿਰਾਂ ਵੀ ਕਦੇ ਹੈਰਾਨ ਹੋਣਗੀਆਂ ਜਦੋਂ ਉਨ੍ਹਾਂ ਨੂੰ ਮਹਿਸੂਸ ਹੋਵੇਗਾ ਕਿ ਉਨ੍ਹਾਂ ਨੇ ਰੋ ਰੋ ਕੇ ਹੰਝੂਆਂ ਨਾਲ ਸਮੁੰਦਰ ਭਰ ਦਿੱਤਾ ਹੈ।

ਮੇਰੀ ਡਾਇਰੀ ਭਾਵੇਂ ਖਤਮ ਹੋਣ ਵਾਲੀ ਹੈਪਰ ਇਸ ਦੀ ਆਤਮਾਂ ਨਾ ਅਜੇ ਮਰੀ ਹੈ। ਮੇਰੀ ਕਵਿਤਾ ਦੇ ਨਾਲ? ਪੈ ਗਈ ਇਸ ਵਿੱਚ ਜਾਨ ਹੈ। ਸੱਚ ਦੱਸਾਂ ਕਵਿਤਾਵਾਂ ਹੀ ਇਸ ਡਾਇਰੀ ਦੀ ਸ਼ਾਨ ਹੈ।

ਕਿਸੇ ਹੋਰ ਦੇ ਲਈ ਕਿਸੇ ਹੋਰ ਦੇ ਲਈ ਰੋਣਾ ਸਿੱਖ ਲੈ ਕਦੋਂ ਤੱਕ ਖ਼ੁਦ ਲਈ ਅੱਥਰੂ ਵਹਾਏਂਗਾ?

ਸ਼ਰਾਰਤਾਂ ਕਰਨੀਆਂ ਸ਼ਰਾਰਤਾਂ ਸਾਡੀਆਂ ਨੇ ਆਦਤਾਂ ਕੋਈ ਰੋਕੇ ਨਾ ਸਾਨੂੰ ਕੋਈ ਟੋਕੇ ਨਾ ਸਾਨੂੰ 'ਬੱਚੀ' ਨਜ਼ਮ ਵਿੱਚ ਦੇਖੋ 'ਮੈਂ ਅਜੇ ਟਪੂਸੀਆਂ ਮਾਰਨ ਵਾਲੀ ਬੱਚੀ ਰਹਿਣਾ ਚਾਹੁੰਦੀ ਹਾਂ। ਮੈਂ ਬਚਪਨ ਦੀ ਨਦੀ ਵਿੱਚ ਅਜੇ ਹੋਰ ਵਹਿਣਾਂ ਚਾਹੁੰਦੀ ਹਾਂ'

ਮੈਂ ਕਾਮਨਾ ਕਰਦਾ ਹਾਂ ਕਿ ਪੁਨੀਤ ਇਸ ਪ੍ਰਾਪਤੀ ਉੱਪਰ ਹੀ ਤਸੱਲੀ ਨਾ ਕਰੇ, ਬੁਲੰਦੀਆਂ ਨੂੰ ਛੂਹਣ ਦੀਆਂ ਤਿਆਰੀਆਂ ਕਰੇ। ਮੇਰੀਆਂ ਦੁਆਵਾਂ ਉਹਦੇ ਲਈ। ਅਮੀਨ

# ਬਰੈਂਪਟਨ ਬਜਟ ਵਿੱਚ ਭਾਰੀ ਕਟੌਤੀਆਂ: ਟੈਕਸਦਾਤਾ ਨਿਰਾਸ਼

ਮੂਲ ਲੇਖਕ:
ਮੁਹੰਮਦ ਹਮਜ਼ਾ ਅਤੇ ਜੋਏਲ ਵਿਟਨੇਬੇਲ
ਅਨੁਵਾਦ
ਡਾ:ਹਰਦੀਪ ਸਿੰਘ ਅਟਵਾਲ

*(ਹਾਲ ਵਿੱਚ ਹੀ ਬਰੈਂਪਟਨ ਦੇ ਮੇਅਰ ਪੈਟ੍ਰਿਕ ਬ੍ਰਾਊਨ ਨੇ ਤੇਜ਼ੀ ਨਾਲ ਫੈਲ ਰਹੇ ਇਸ ਸ਼ਹਿਰ ਲਈ 2025 ਲਈ ਸਲਾਨਾ ਬਜ਼ਟ ਦਾ ਐਲਾਨ ਕੀਤਾ ਹੈ । ਇਸ ਬਜ਼ਟ ਵਿੱਚ ਭਾਰੀ ਕਟੌਤੀਆਂ ਕੀਤੀਆਂ ਗਈਆਂ ਹਨ ਅਤੇ ਮੌਜੂਦਾ ਵਿਕਾਸ ਪਲੈਨ ਲਈ ਲੋੜੀਂਦੇ ਧਨ ਲਈ ਹੱਥ ਤੰਗ ਹੀ ਰੱਖਿਆ ਹੈ । ਇਸ ਤੇ ਸ਼ਹਿਰ ਦੇ ਵਸਨੀਕਾਂ ਦੀਆਂ ਆਸਾਂ ਤੇ ਪਾਣੀ ਫਿਰ ਗਿਆ ਅਤੇ ਆਮ ਨਿਰਾਸ਼ਾ ਵਿਖਾਈ ਦੇ ਰਹੀ ਹੈ। ਚਾਹੇ ਪੈਟ੍ਰਿਕ ਬ੍ਰਾਊਨ ਹੁਣ ਤੱਕ ਲੁਭਾਵੇਂ ਵਾਅਦੇ ਕਰਦਾ ਆ ਰਿਹਾ ਹੈ ਪਰ ਹਕੀਕਤ ਇਸ ਤੋਂ ਕੀਤੇ ਦੂਰ ਹੈ। ਇਸ ਲੇਖ ਵਿੱਚ ਮਸ਼ਹੂਰ ਲੇਖਕ ਪੱਤਰਕਾਰ ਮੁਹੰਮਦ ਹਮਜ਼ਾ ਅਤੇ ਜੋਏਲ ਵਿਟਨੇਬੇਲ ਵੱਲੋਂ ਮੇਅਰ ਦੇ ਵਾਅਦੇ , ਪੂਰੇ ਵੇਰਵੇ ਸਹਿਤ ਬਜ਼ਟ ਦਾ ਵਿਸ਼ਲੇਸ਼ਣ ਅਤੇ ਇਸ ਪ੍ਰਤੀ ਲੋਕਾਂ ਦੇ ਪ੍ਰਤੀਕਰਮ ਕਲਮਬੰਦ ਕੀਤਾ ਹੈ (ਅੰਗਰੇਜ਼ੀ ਦੇ ਅਖ਼ਬਾਰ* thepointer.com *ਵਿੱਚ ਛਪੇ ਇਸ ਲੇਖ ਨੂੰ ਆਪਣੇ ਪਾਠਕਾਂ ਨਾਲ ਸਾਂਝੇ ਕਰ ਰਹੇ ਹਾਂ- ਸੰਪਾਦਕ)*

ਬਰੈਂਪਟਨ ਕਮਿਊਨਿਟੀ ਕਾਰਕੁਨ ਅਤੇ ਸਥਾਨਕ ਕਾਰੋਬਾਰੀ ਔਰਤ ਟ੍ਰੇਸੀ ਪੇਪੇ ਨੇ ਮੇਅਰ ਪੈਟ੍ਰਿਕ ਬ੍ਰਾਊਨ ਦੁਆਰਾ ਹਾਲ ਹੀ ਵਿੱਚ ਲਿਆਂਦੇ ਗਏ 2025 ਦੇ ਬਜਟ 'ਤੇ ਆਪਣੀਆਂ ਚਿੰਤਾਵਾਂ ਸਾਂਝੀਆਂ ਕਰਦਿਆਂ ਕਿਹਾ, "ਇੱਥੇ ਸਾਡੇ ਸ਼ਹਿਰ ਵਿੱਚ, ਸਾਨੂੰ ਬੁਨਿਆਦੀ ਜਾਇਦਾਦ ਦੇ ਮਿਆਰਾਂ ਵਰਗੀਆਂ ਚੀਜ਼ਾਂ ਨਾਲ ਕਈ ਸਮੱਸਿਆਵਾਂ ਹਨ ਜੋ ਸਾਡੇ ਭਾਈਚਾਰਿਆਂ ਨੂੰ ਹੌਲੀ ਹੌਲੀ ਟੁੱਟਣ ਦਾ ਕਾਰਨ ਬਣ ਰਹੀਆਂ ਹਨ। ਉਨ੍ਹਾਂ ਕਿਹਾ ਕਿ ਬਜਟ ਕੁਝ ਮੁੱਦਿਆਂ ਨੂੰ ਹੱਲ ਕਰਨ ਅਤੇ ਚੀਜ਼ਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾਉਣ ਲਈ ਸਰਗਰਮ ਪਹੁੰਚ ਨੂੰ ਨਹੀਂ ਦਰਸਾਉਂਦਾ। ਬਜਟ ਸੰਕਟਾਂ ਅਤੇ ਮੁੱਦਿਆਂ ਨਾਲ ਨਜਿੱਠਣ ਲਈ ਇਹ ਇੱਕ ਪ੍ਰਤੀਕਿਰਿਆ ਵਾਲੀ ਪਹੁੰਚ ਹੈ ਜਿਨ੍ਹਾਂ ਨੂੰ ਹੁਣ ਸੰਭਾਲਿਆ ਨਹੀਂ ਜਾ ਸਕਦਾ"। ਇਹ ਸ਼ਹਿਰ ਦੀ ਆਮ ਤੌਰ 'ਤੇ ਸਾਂਝੀ ਭਾਵਨਾ ਹੈ ਜੋ ਮੇਅਰ ਬ੍ਰਾਊਨ ਦੀ ਸਵੈ-ਸੇਵਾ ਵਾਲੀ ਲੀਡਰਸ਼ਿਪ ਹੇਠ ਛੇ ਸਾਲਾਂ ਤੋਂ ਵੱਧ ਸਮੇਂ ਤੋਂ ਟਿਕੀ ਹੋਈ ਹੈ।

ਯਾਦ ਰਹੇ ਕਿ ਦਸੰਬਰ 2018 ਵਿੱਚ, ਬ੍ਰਾਊਨ ਨੇ ਮੇਅਰ ਵਜੋਂ ਬਰੈਂਪਟਨ ਦੇ ਵਸਨੀਕਾਂ ਦੇ ਭਾਰੀ ਇਕੱਠ ਸਾਹਮਣੇ ਆਪਣਾ ਉਦਘਾਟਨੀ ਭਾਸ਼ਣ ਦੇਣ ਲਈ ਰੋਜ਼ ਥੀਏਟਰ ਦੀ ਸਟੇਜ 'ਤੇ ਗਏ ਸੀ, ਜਿਨ੍ਹਾਂ ਨੇ ਕੁਝ ਹਫ਼ਤੇ ਪਹਿਲਾਂ ਹੀ ਆਪਣੇ ਰਾਜਨੀਤਿਕ ਕੈਰੀਅਰ ਨੂੰ ਗਟਰ ਤੋਂ ਬਚਾਇਆ ਸੀ। ਬਰੈਂਪਟਨ ਦੇ ਲੋਕ ਸਾਬਕਾ ਮੇਅਰ ਸੁਸਾਨ ਫੇਨੇਲ ਦੇ ਲੰਬੇ ਕਾਰਜਕਾਲ ਦੌਰਾਨ ਸਾਲਾਂ ਦੇ ਖਰਚੇ ਦੇ ਘੁਟਾਲਿਆਂ ਅਤੇ ਲਿੰਡਾ ਜੈਫਰੀ ਦੇ ਅਧੀਨ ਕੌਂਸਲ ਦੀ ਅੰਦਰੂਨੀ ਲੜਾਈ ਤੋਂ ਬਾਅਦ ਭਾਰੀ ਤਬਦੀਲੀ ਲਈ ਬੇਤਾਬ ਸਨ। ਬ੍ਰਾਊਨ ਨੇ ਦਾਅਵਾ ਕੀਤਾ ਸੀ ਕਿ ਉਹ ਇਹ ਸਭ ਠੀਕ ਕਰ ਦੇਵੇਗਾ ਅਤੇ ਆਖਰਕਾਰ ਬਰੈਂਪਟਨ ਲਈ ਖੁਸ਼ਹਾਲੀ ਮੋੜ ਲਿਆਵੇਗਾ, ਇੱਕ ਚਾਲਾਕ ਪ੍ਰਚਾਰਕ ਜੋ ਹਰ ਕੀਮਤ 'ਤੇ ਜਿੱਤਣਾ ਜਾਣਦਾ ਹੈ। ਉਸ ਨੇ ਬਰੈਂਪਟਨ ਦੇ ਹੱਕ ਵਿੱਚ ਡਟੇ ਹੋਣ ਦਾ ਵਾਅਦਾ ਕੀਤਾ, ਸ਼ਹਿਰ ਵਿੱਚ ਨੌਕਰੀਆਂ ਅਤੇ ਇਨਵੈਸਟਮੈਂਟ ਲਿਆਉਣ ਦਾ ਵਾਅਦਾ ਕੀਤਾ ਅਤੇ ਸਮਾਰਟ ਵਿਕਾਸ ਅਤੇ ਨਗਰ ਪਾਲਿਕਾ ਵਿੱਚ ਲੋੜੀਂਦੀਆਂ ਚੀਜ਼ਾਂ ਲਈ ਖਰਚ ਕਰਨ 'ਤੇ ਧਿਆਨ ਕੇਂਦਰਤ ਕਰਣ ਦਾ ਵਾਅਦਾ ਕੀਤਾ, ਜਿਵੇਂ ਕਿ ਬਿਹਤਰ ਆਵਾਜਾਈ, ਇੱਕ ਜੀਵੰਤ ਡਾਊਨਟਾਊਨ, ਇੱਕ ਵਿਸ਼ਵ ਪੱਧਰੀ ਖੇਡ ਸਟੇਡੀਅਮ ਅਤੇ ਇੱਕ ਮੁੜ-ਸੁਰਜੀਤ ਕਲਾ ਦ੍ਰਿਸ਼ ਆਦਿ। "ਮੈਂ ਆਪਣੇ ਸ਼ਹਿਰ ਨੂੰ ਪਿਆਰ ਕਰਦਾ ਹਾਂ," ਉਸਨੇ ਕਿਹਾ "ਮੈਨੂੰ ਪਤਾ ਹੈ ਕਿ ਜੇ ਅਸੀਂ ਸਖਤ ਮਿਹਨਤ ਕਰਦੇ ਹਾਂ, ਜੇ ਅਸੀਂ ਮਿਲ ਕੇ ਕੰਮ ਕਰਦੇ ਹਾਂ, ਜੇ ਅਸੀਂ ਧਿਆਨ ਕੇਂਦਰਿਤ ਕਰਦੇ ਹਾਂ, ਤਾਂ ਅਸੀਂ ਬਰੈਂਪਟਨ ਨੂੰ ਮੁੜ ਲੀਹ 'ਤੇ ਲਿਆਵਾਂਗੇ"।

ਸਨ 2019 ਵਿੱਚ ਆਪਣੇ ਪਹਿਲੇ ਬਜਟ ਤੋਂ ਸ਼ੁਰੂਆਤ ਕਰਦਿਆਂ, ਬ੍ਰਾਊਨ ਨੇ ਖਰਚਿਆਂ ਵਿੱਚ ਗੰਭੀਰ ਕਟੌਤੀ ਕਰਕੇ ਬਜਟ ਫ੍ਰੀਜ਼ ਨੂੰ ਪ੍ਰਾਪਤ ਕੀਤਾ, ਜਿਸ ਬਾਰੇ ਉਸਨੇ ਚੋਣ ਪ੍ਰਚਾਰ ਦੌਰਾਨ ਵਾਅਦਾ ਕੀਤਾ ਸੀ, ਕਿ ਇਸ ਦੇ ਪ੍ਰਭਾਵ ਅੱਜ ਵੀ ਮਹਿਸੂਸ ਕੀਤੇ ਜਾ ਰਹੇ ਹਨ। ਇਸ ਸਾਲ ਦਾ ਬਜਟ ਉਸ ਖ਼ਾਲੀ ਵਿੱਤੀ ਰਣਨੀਤੀ ਦਾ ਤਾਜ਼ਾ ਦੁਹਰਾਓ ਜਿਸ ਨੂੰ ਬ੍ਰਾਊਨ ਕੋਲ ਪੂਰਾ ਕਰਨ ਦਾ ਕੋਈ ਮੈਂਡੇਟ ਨਹੀਂ ਸੀ, ਜਿਸ ਨੇ ਪ੍ਰਮੁੱਖ ਬੁਨਿਆਦੀ ਢਾਂਚੇ 'ਤੇ ਖਰਚ ਨੂੰ ਖਤਮ ਕਰ ਦਿੱਤਾ ਹੈ, ਡਾਊਨਟਾਊਨ ਕੋਰ ਵਿੱਚ ਨਿਵੇਸ਼ ਵਿੱਚ ਦੇਰੀ ਕੀਤੀ ਹੈ, ਜਿਸ ਨਾਲ ਕਾਰੋਬਾਰੀ ਮਾਲਕ ਆਪਣੇ ਭਵਿੱਖ 'ਤੇ ਸਵਾਲ ਉਠਾ ਰਹੇ ਹਨ ਅਤੇ ਬਰੈਂਪਟਨ ਟ੍ਰਾਂਜ਼ਿਟ ਹੁਣ ਜੀ.ਟੀ.ਏ ਵਿੱਚ ਸਭ ਤੋਂ ਵੱਧ ਬੋਝ ਵਾਲੇ ਜਨਤਕ ਪ੍ਰਣਾਲੀਆਂ ਵਿੱਚੋਂ ਇੱਕ ਬਣ ਗਿਆ ਹੈ।

ਵਿੱਤੀ ਕੁਪ੍ਰਬੰਧਨ ਅਤੇ ਘੁਟਾਲੇ ਵੀ ਰੁਕੇ ਨਹੀਂ ਹਨ। ਬ੍ਰਾਊਨ ਨੇ ਇੱਕ ਅਸਫ਼ਲ ਯੂਨੀਵਰਸਿਟੀ ਪ੍ਰੋਜੈਕਟ ਲਈ ਆਪਣੇ ਅਤੇ ਸਾਥੀ ਕੌਂਸਲਰ ਰੋਵੇਨਾ ਸੈਂਟੋਸ ਦੇ ਨਜ਼ਦੀਕੀ ਦੋਸਤਾਂ ਨੂੰ $630,000 ਸੌਂਪੇ; ਉਸ ਨੇ ਹੁਰਾਂਟਾਰੀਓ ਐਲ.ਆਰ.ਟੀ ਦੇ ਡਾਊਨਟਾਊਨ ਵਿੱਚ ਥੋੜ੍ਹੇ ਜਿਹੇ ਵਿਸਥਾਰ ਲਈ 2.8 ਬਿਲੀਅਨ ਡਾਲਰ ਦੀ ਅਨੁਮਾਨਿਤ ਲਾਗਤ ਨਾਲ ਇੱਕ ਸੁਰੰਗ ਮਾਰਗ ਜ਼ਿੱਦ ਨਾਲ ਪਾਸ ਕੀਤਾ ਹੈ, ਜਿਸ ਨੇ ਸਾਰੀ ਯੋਜਨਾ ਨੂੰ ਤਾਰਪੀਡੋ ਕਰ ਦਿੱਤਾ; ਤੀਸਰੇ ਹਸਪਤਾਲ ਦੇ ਵਾਅਦਿਆਂ ਸਮੇਤ ਮਹੱਤਵਪੂਰਨ ਮੁੱਦਿਆਂ 'ਤੇ ਆਪਣੇ ਵੋਟਰਾਂ ਨੂੰ ਵਾਰ-ਵਾਰ ਗੁੰਮਰਾਹ ਕੀਤਾ ਹੈ। ਮਹਾਂਮਾਰੀ ਦੌਰਾਨ ਕੋਵਿਡ -19 ਟੈਸਟਿੰਗ ਦੇ ਅੰਕੜੇ ਅਤੇ ਉਨ੍ਹਾਂ ਦੀਆਂ ਆਪਣੀਆਂ ਕਾਰਵਾਈਆਂ ਦੀ ਜਾਂਚ; 2022 ਵਿੱਚ ਫੈਡਰਲ ਕੰਜ਼ਰਵੇਟਿਵ ਪਾਰਟੀ ਦਾ ਨੇਤਾ ਬਣਨ ਦੀ ਆਪਣੀ ਕੋਸ਼ਿਸ਼ ਦੌਰਾਨ, ਟੈਕਸਦਾਤਾਵਾਂ ਦੇ ਪੈਸੇ ਵਿੱਚੋਂ $35,000 ਉਸਨੇ ਆਪਣੇ ਨਿੱਜੀ ਸੋਸ਼ਲ ਮੀਡੀਆ ਨੂੰ ਉਤਸ਼ਾਹਤ ਕਰਨ ਦਾ ਖਰਚ ਕੀਤੇ, ਆਪਣੀ ਮੁਹਿੰਮ ਵਿੱਚ ਸਿਟੀ ਸਟਾਫ ਦੀ ਵਰਤੋਂ ਬਿਨਾਂ ਮਨਜ਼ੂਰੀ ਦੇ ਕੀਤੀ ਅਤੇ ਪੀਲ ਮੈਮੋਰੀਅਲ ਦੇ ਪਹਿਲੇ ਪੜਾਅ ਲਈ ਭੁਗਤਾਨ ਕਰਨ ਵਿੱਚ ਮਦਦ ਕਰਨ ਲਈ ਹਸਪਤਾਲ ਟੈਕਸ ਲਾਗੂ ਕਰਨ ਦੀ ਕੋਸ਼ਿਸ਼ ਕੀਤੀ, ਕਿਉਂਕਿ ਉਹ ਇੱਕ ਹੋਰ ਬਜਟ ਫ੍ਰੀਜ਼ ਨੂੰ ਖਤਰੇ ਵਿੱਚ ਨਹੀਂ ਪਾਉਣਾ ਚਾਹੁੰਦਾ ਸੀ (ਤਾਂ ਜੋ ਉਹ ਲਾਗਤ ਘਟਾਉਣ ਵਾਲੇ ਮੇਅਰ ਵਜੋਂ ਫੈਡਰਲ ਤੌਰ 'ਤੇ ਮੁਹਿੰਮ ਚਲਾ ਸਕੇ); ਉਸਨੇ ਸਿਟੀ ਹਾਲ




ਵਿੱਚ ਚੋਟੀ ਦੇ ਅਹੁਦਿਆਂ ਲਈ ਰੱਖੇ ਗਏ ਦੋ ਆਦਮੀਆਂ, ਸੀ.ਈ.ਓ ਵਜੋਂ ਡੇਵਿਡ ਬੈਰਿਕ ਅਤੇ ਸੰਚਾਰ ਦੇ ਡਾਇਰੈਕਟਰ ਵਜੋਂ ਜੇਸਨ ਟੈਮਿੰਗ ਦੀਆਂ ਤਨਖਾਹਾਂ ਦਾ ਭੁਗਤਾਨ ਕਰਨ ਲਈ ਟੈਕਸਦਾਤਾ ਫੰਡਾਂ ਦੀ ਵਰਤੋਂ ਕੀਤੀ, ਹਾਲਾਂਕਿ ਦੋਵੇਂ ਨਿਆਗਰਾ ਖੇਤਰ ਵਿੱਚ ਇੱਕ ਹਾਈਪ੍ਰੋਫਾਈਲ ਭਰਤੀ ਘੁਟਾਲੇ ਵਿੱਚ ਫਸੇ ਹੋਏ ਸਨ (ਬੈਰਿਕ ਹੁਣ ਸ਼ਹਿਰ ਵਿੱਚ ਨਹੀਂ ਹੈ, ਟੈਮਿੰਗ ਨੂੰ ਬਰਖਾਸਤ ਕਰ ਦਿੱਤਾ ਗਿਆ ਸੀ ਅਤੇ ਫਿਰ ਦੁਬਾਰਾ ਨਿਯੁਕਤ ਕੀਤਾ ਗਿਆ ਸੀ); ਉਸਨੇ ਇੱਕ ਮਿਊਂਸਪਲ ਡਿਵੈਲਪਮੈਂਟ ਕਾਰਪੋਰੇਸ਼ਨ ਲਈ ਇੱਕ ਨਜ਼ਦੀਕੀ ਦੋਸਤ ਨੂੰ ਕੰਸਲਟੈਂਟ ਠੇਕਾ ਸੌਂਪਿਆ ਜਿਸ ਕੋਲ ਕੋਈ ਰਜਿਸਟਰਡ ਕੰਪਨੀ ਵੀ ਨਹੀਂ ਸੀ ਜਦੋਂ ਉਸਨੂੰ ਬ੍ਰਾਊਨ ਦੇ ਹੱਥੀਂ ਚੁਣੇ ਗਏ ਸੀ.ਈ.ਓ ਦੇ ਆਦੇਸ਼ਾਂ ਤਹਿਤ ਇਕਰਾਰਨਾਮੇ ਲਈ ਅੰਦਰਖ਼ਾਤੇ ਕੰਟੈਕਟ ਕੀਤਾ ਗਿਆ ਸੀ; ਉਸਨੇ 'ਡਾਊਨਟਾਊਨ ਰੀਈਮੈਜ਼ਨਡ ਪਲੈਨ' ਨੂੰ ਰੱਦ ਕਰ ਦਿੱਤਾ ਅਤੇ ਫਿਰ ਵਿਥਰਿੰਗਐਟੇ ਸੈਂਟਰ ਨੂੰ ਮੁੜ ਸੁਰਜੀਤ ਕਰਨ ਦੇ ਕੰਮ ਵਿੱਚ ਵਾਰ-ਵਾਰ ਦੇਰੀ ਕੀਤੀ; ਉਸਨੇ ਪੀਟਰ ਮੈਕਕੇ ਲਈ ਪ੍ਰਚਾਰ ਕੇਮਪੇਨ ਲਈ ਮਿਊਂਸਪਲ ਸਟਾਫ (ਟੈਕਸਦਾਤਾਵਾਂ ਦੁਆਰਾ ਭੁਗਤਾਨ ਕੀਤੇ ਗਏ) ਨੂੰ ਨਿਰਦੇਸ਼ ਦਿੱਤਾ ਕਿ ਜਦੋਂ ਉਹ 2020 ਵਿੱਚ ਕੰਜ਼ਰਵੇਟਿਵ ਪਾਰਟੀ ਦੀ ਲੀਡਰਸ਼ਿਪ ਲਈ ਚੋਣ ਲੜ ਰਿਹਾ ਸੀ; ਇੱਕ ਵਿਸ਼ਵ ਪੱਧਰੀ ਕ੍ਰਿਕਟ ਸਟੇਡੀਅਮ ਦਾ ਵਾਅਦਾ ਕੀਤਾ ਸੀ ਜੋ ਉਹ ਪੂਰਾ ਕਰਨ ਵਿੱਚ ਅਸਫਲ ਰਿਹਾ ਹੈ (ਇਸ ਸਾਲ ਦੇ ਬਜਟ ਵਿੱਚ ਇਸ ਲਈ ਕੋਈ ਫੰਡ ਨਹੀਂ ਹੈ); ਮਿਸੀਸਾਗਾ ਨੂੰ ਸ਼ਹਿਰ ਦੀਆਂ ਬੁਨਿਆਦੀ ਢਾਂਚੇ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਵਾਲੇ ਕਦਮ ਜਿਸ ਨੇ ਪੀਲ ਦੇ ਖੇਤਰ ਦੇ ਸਟਾਫ ਨੂੰ ਕਾਨੂੰਨ ਤੋੜਨ ਅਤੇ ਟੈਕਸਦਾਤਾਵਾਂ ਨੂੰ $11 ਬਿਲੀਅਨ ਦੇ ਕਰਜ਼ੇ ਦੇ ਬੋਝ ਹੇਠ ਦੱਸਣ ਲਈ ਮਜਬੂਰ ਕੀਤਾ ਹੁੰਦਾ; ਉਸਨੇ ਆਪਣੇ ਇੱਕ ਸਾਥੀ ਕੌਂਸਲ ਮੈਂਬਰ ਵਿਰੁੱਧ ਰਾਜਨੀਤਿਕ ਹਮਲੇ ਕੀਤੇ; 2021 ਵਿੱਚ ਬਰੈਂਪਟਨ ਬੋਰਡ ਆਫ ਟਰੇਡ ਦੁਆਰਾ ਸ਼ਹਿਰ ਦੇ ਬਜਟ ਦੀ ਆਲੋਚਨਾ ਕੀਤੀ ਗਈ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਕਾਰੋਬਾਰੀ "ਸ਼ਹਿਰ ਦੀ ਯੋਜਨਾ ਬਣਾਉਣ ਦੀ ਯੋਗਤਾ ਵਿੱਚ ਵਿਸ਼ਵਾਸ ਗੁਆ ਰਹੇ ਹਨ"।


ਪਿਛਲੇ ਕਾਰਜਕਾਲ ਦੇ ਕੌਂਸਲਰਾਂ ਨੇ ਆਖਰਕਾਰ ਐਲਾਨ ਕੀਤਾ ਕਿ ਬ੍ਰਾਊਨ ਦੀ ਤਾਨਾਸ਼ਾਹੀ ਲੀਡਰਸ਼ਿਪ ਕਾਰਨ, ਬਰੈਂਪਟਨ ਵਿੱਚ ਡੈਮੋਕਰੇਸੀ ਖ਼ਤਰੇ ਵਿੱਚ ਹੈ। ਜਦੋਂ ਉਸਨੇ ਆਪਣੀ ਕੌਂਸਲ 'ਤੇ ਕੰਟਰੋਲ ਗੁਆ ਦਿੱਤਾ, ਤਾਂ ਉਸਨੇ ਸਿਟੀ ਹਾਲ ਵਿੱਚ ਆਉਣਾ ਬੰਦ ਕਰ ਦਿੱਤਾ, ਜਿਸ ਨਾਲ ਨਗਰ ਨਿਗਮ ਦਾ ਕਾਰੋਬਾਰ ਠੱਪ ਹੋ ਗਿਆ। ਬਾਅਦ ਵਿੱਚ ਉਸਨੇ ਇੱਕ ਕੌਂਸਲਰ ਦੀ ਗੈਰਹਾਜ਼ਰੀ ਦਾ ਫ਼ਾਇਦਾ ਉਠਾਇਆ ਅਤੇ ਆਪਣੇ ਸ਼ੱਕੀ ਵਿਵਹਾਰ ਦੇ ਦੋਸ਼ ਲਈ ਚਲਣ ਵਾਲੀਆਂ, ਅੱਧੀ ਦਰਜਨ ਬਾਹਰੀ ਜਾਂਚਾਂ ਨੂੰ ਰੱਦ ਕਰਨ ਲਈ ਆਪਣੇ ਸਮਰਥਕ ਮੈਂਬਰਾਂ ਦੇ ਸਮੂਹ ਦੀ ਵਰਤੋਂ ਕੀਤੀ। ਉਨ੍ਹਾਂ ਦੇ ਇਕ ਸਾਥੀ ਕੌਂਸਲ ਮੈਂਬਰ ਨੇ ਇਸ ਨੂੰ 'ਉੱਚ ਪੱਧਰੀ ਕਵਰ ਅਪ' ਕਰਾਰ ਦਿੱਤਾ।

ਹਾਲ ਹੀ ਵਿੱਚ ਉਸਨੇ ਵਿਦੇਸ਼ੀ ਦਖਲਅੰਦਾਜ਼ੀ ਨੂੰ ਸਵੀਕਾਰ ਕੀਤਾ, ਭਾਰਤ ਸਰਕਾਰ (ਜਿਸ ਦੀ ਸੱਤਾਧਾਰੀ ਪਾਰਟੀ ਨੇ ਸਾਲਾਂ ਪਹਿਲਾਂ ਉਸਨੂੰ ਓਂਟਾਰੀਓ ਪੀਸੀ ਨੇਤਾ ਬਣਨ ਵਿੱਚ ਮਦਦ ਕੀਤੀ ਸੀ) ਦੀ ਮਨਮਰਜ਼ੀ ਅੱਗੇ ਝੁਕਦਿਆਂ ਜਿਸ ਨੇ ਉਸਨੂੰ 2022 ਵਿੱਚ ਫੈਡਰਲ ਕੰਜ਼ਰਵੇਟਿਵ ਨੇਤਾ ਬਣਨ ਲਈ ਪ੍ਰਚਾਰ ਦੌਰਾਨ ਵਰਤੀ ਜਾ ਰਹੀ ਭਾਸ਼ਾ ਨੂੰ ਬਦਲਣ ਦਾ ਆਦੇਸ਼ ਦਿੱਤਾ।

ਬ੍ਰਾਊਨ ਦੀ ਅਸਫ਼ਲ ਲੀਡਰਸ਼ਿਪ ਦੇ ਨਤੀਜੇ ਪੂਰੇ ਸ਼ਹਿਰ ਵਿੱਚ ਵੇਖੇ ਜਾ ਸਕਦੇ ਹਨ। ਡਾਊਨਟਾਊਨ ਵਿੱਚ ਹੁਰਾਂਟਾਰੀਓ ਐਲ.ਆਰ.ਟੀ ਦੇ ਬਹੁਤ ਲੋੜੀਂਦੇ ਵਿਸਥਾਰ ਲਈ ਕੋਈ ਫੰਡਿੰਗ ਸਰੋਤ ਨਜ਼ਰ ਨਹੀਂ ਆ ਰਿਹਾ ਹੈ; ਸਿਟੀ ਹਾਲ ਨੂੰ ਜਨਤਕ ਆਵਾਜਾਈ ਦੇ ਬਿਜਲੀਕਰਨ ਲਈ ਕਿਸੇ ਤਰ੍ਹਾਂ $9 ਬਿਲੀਅਨ ਲੱਭਣ ਦੀ ਜ਼ਰੂਰਤ ਹੈ; ਪ੍ਰਮੁੱਖ ਵਾਤਾਵਰਣ ਪਹਿਲ ਕਦਮੀਆਂ ਦੀ ਘੱਟ ਫੰਡਿੰਗ ਨੇ ਬਰੈਂਪਟਨ ਨੂੰ ਆਪਣੇ ਪ੍ਰਮੁੱਖ ਨਿਕਾਸ ਘਟਾਉਣ ਦੇ ਟੀਚਿਆਂ ਤੋਂ ਖੁੰਝਣ ਦਾ ਖਤਰਾ ਛੱਡ ਦਿੱਤਾ ਹੈ; ਬੁਨਿਆਦੀ ਢਾਂਚਾ ਢਹਿ-ਢੇਰੀ ਹੋ ਰਿਹਾ ਹੈ; ਕਾਰੋਬਾਰਾਂ ਨੂੰ ਬੋਰਡ-ਅਪ ਕੀਤੇ ਜਾ ਰਹੇ ਹੈ; ਅਤੇ ਵਸਨੀਕਾਂ ਨੂੰ ਵਧੇਰੇ ਪਾਰਕਲੈਂਡ ਸਪੇਸ ਦੀ ਸਖ਼ਤ ਲੋੜ ਹੈ।

ਬ੍ਰਾਊਨ ਨੇ 2025 ਵਿੱਤੀ ਯੋਜਨਾ ਰਾਹੀਂ, ਇਨ੍ਹਾਂ ਜ਼ਰੂਰਤਾਂ ਦਾ ਸਿਰਫ ਇੱਕ ਹਿੱਸਾ ਪੂਰਾ ਕੀਤਾ ਜਾ ਰਿਹਾ ਹੈ। ਬਜਟ ਵਿੱਚ ਰਿਵਰਵਾਕ ਹੜ੍ਹ ਘਟਾਉਣ ਦੇ ਪ੍ਰੋਜੈਕਟ (ਅੰਦਾਜ਼ਨ $300 ਮਿਲੀਅਨ) ਲਈ $15 ਮਿਲੀਅਨ ਅਲਾਟ ਕੀਤੇ ਗਏ ਹਨ, ਕੁਝ ਅਜਿਹਾ ਜੋ ਡਾਊਨਟਾਊਨ ਵਿੱਚ ਵਧੇਰੇ ਵਿਕਾਸ ਦੀ ਆਗਿਆ ਦੇਣ ਲਈ ਪੂਰਾ ਕਰਨ ਦੀ ਜ਼ਰੂਰਤ ਹੈ। ਡਾਊਨ-ਟਾਊਨ ਪੁਨਰ-ਸੁਰਜੀਤੀ ਲਈ ਬ੍ਰਾਊਨ 23.8 ਮਿਲੀਅਨ ਡਾਲਰ ਵੀ ਲਗਾ ਰਿਹਾ ਹੈ (ਲੋੜ ਦੇ ਇੱਕ ਚੌਥਾਈ ਤੋਂ ਵੀ ਘੱਟ, ਛੇ ਸਾਲ ਪਹਿਲਾਂ ਦੇ ਅੰਕੜਿਆਂ ਦੀ ਵਰਤੋਂ ਕਰਦਿਆਂ ਜਦੋਂ ਉਸਨੇ ਪਿਛਲੀ ਡਾਊਨਟਾਊਨ ਰੀਕਲਪਮੈਂਟਡ ਯੋਜਨਾ ਨੂੰ ਰੱਦ ਕਰ ਦਿੱਤਾ ਸੀ)। ਉਸ ਰਣਨੀਤੀ ਵਿੱਚ ਦੱਸੇ ਗਏ ਵਿਆਪਕ ਸੁਧਾਰ ਹੁਣ ਪੂਰੇ ਕੀਤੇ ਜਾਣਗੇ।

ਇਸ ਮਹੀਨੇ ਦੀ ਸ਼ੁਰੂਆਤ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ ਬ੍ਰਾਊਨ ਨੇ ਆਪਣੀ ਵਿੱਤੀ ਯੋਜਨਾ ਅਤੇ ਵਸਨੀਕਾਂ ਨੂੰ 2.9 ਪ੍ਰਤੀਸ਼ਤ ਟੈਕਸ ਵਾਧੇ ਨੂੰ ਪੇਸ਼ ਕਰਨ ਲਈ ਦਾਅਵਾ ਕੀਤਾ ਕਿ ਇਹ ਪ੍ਰਗਤੀ ਅਤੇ ਖੁਸ਼ਹਾਲੀ ਨੂੰ ਵਧਾਉਣ ਦੀ ਪਹਿਲ ਦਾ ਹਿੱਸਾ ਸੀ। ਪਰ ਇਹ ਉਨ੍ਹਾਂ ਖੇਤਰਾਂ ਵਿੱਚ ਖਰਚਿਆਂ ਵਿੱਚ ਕਟੌਤੀ ਕਰਦਾ ਹੈ ਜੋ ਸਿਰਫ ਇਹੀ ਪ੍ਰਦਾਨ ਕਰ ਸਕਦੇ ਹਨ। ਸਿਟੀ ਹਾਲ ਦੇ ਅੰਦਰ ਕਰਮਚਾਰੀਆਂ ਦੀ ਤਨਖਾਹ ਅਤੇ ਤਨਖਾਹ ਵਿੱਚ 8.2 ਪ੍ਰਤੀਸ਼ਤ ਦਾ ਉਦਾਰਵਾਦੀ ਵਾਧਾ ਪ੍ਰਦਾਨ ਕਰਦੇ ਹੋਏ ਜਦਕਿ ਇਹ ਪੂੰਜੀ ਬਜਟ ਤੋਂ 22.7 ਪ੍ਰਤੀਸ਼ਤ ਦੀ ਕਟੌਤੀ ਕਰਦਾ ਹੈ। ਇਸ ਦਾ ਮਤਲਬ ਇਹ ਹੈ ਕਿ ਸੀਨੀਅਰ ਮੈਨੇਜਰਾਂ ਅਤੇ ਕਮਿਸ਼ਨਰਾਂ ਨੂੰ ਵਧੇਰੇ ਪੈਸਾ ਦਿੱਤਾ ਜਾ ਰਿਹਾ ਹੈ, ਪਰ ਬਰੈਂਪਟਨ ਨੂੰ ਵਧਣ ਅਤੇ ਟੈਕਸਦਾਤਾਵਾਂ ਲਈ ਸੇਵਾਵਾਂ ਵਿੱਚ ਸੁਧਾਰ ਕਰਨ ਵਿੱਚ ਸਹਾਇਤਾ ਕਰਨ ਵਾਲੇ ਫਰੰਟਲਾਈਨ ਨਿਵੇਸ਼ਾਂ ਵਿੱਚ ਪਿਛਲੇ ਸਾਲ ਦੇ ਪ੍ਰਸਤਾਵ ਨਾਲੋਂ 83.5 ਮਿਲੀਅਨ




ਡਾਲਰ ਦੀ ਕਟੌਤੀ ਵੇਖੀ ਜਾ ਰਹੀ ਹੈ।

ਬਰੈਂਪਟਨ ਪਬਲਿਕ ਲਾਇਬ੍ਰੇਰੀ ਲਈ ਪੂੰਜੀ ਦੇ ਬਜਟ ਵਿਚੋਂ ਲਗਭਗ 10 ਲੱਖ ਡਾਲਰ ਦੀ ਕਟੌਤੀ ਕੀਤੀ ਗਈ ਹੈ, ਜਿਸ ਨਾਲ ਕੁਲੈਕਸ਼ਨ ਡਿਵੈਲਪਮੈਂਟ ਨੂੰ ਯੋਜਨਾਬੱਧ 1.5 ਮਿਲੀਅਨ ਡਾਲਰ ਤੋਂ ਘਟਾ ਕੇ 700,000 ਡਾਲਰ ਕਰ ਦਿੱਤਾ ਗਿਆ ਹੈ ਅਤੇ ਨਵੇਂ ਫਰਨੀਚਰ 'ਤੇ ਖਰਚ ਨੂੰ ਘਟਾ ਕੇ ਸਿਰਫ 50,000 ਡਾਲਰ ਕਰ ਦਿੱਤਾ ਗਿਆ ਹੈ। ਇਹ ਇੱਕ ਮਹੱਤਵਪੂਰਣ ਜਨਤਕ ਸੇਵਾ ਹੈ ਜੋ ਪਹਿਲਾਂ ਹੀ ਕੈਨੇਡਾ ਦੇ 10 ਸਭ ਤੋਂ ਵੱਡੇ ਸ਼ਹਿਰਾਂ ਵਿੱਚ ਪ੍ਰਤੀ ਵਿਅਕਤੀ ਲਾਇਬ੍ਰੇਰੀ ਦੀ ਸਭ ਤੋਂ ਘੱਟ ਜਗ੍ਹਾ ਪ੍ਰਦਾਨ ਕਰਦੀ ਹੈ। 'ਐਮਬਲਟਨ ਕਮਿਊਨਿਟੀ ਸੈਂਟਰ' ਵਿਖੇ ਨਵੀਂ ਲਾਇਬ੍ਰੇਰੀ ਲਈ ਇਸ ਸਾਲ ਪ੍ਰਸਤਾਵਿਤ 29 ਮਿਲੀਅਨ ਡਾਲਰ ਦਾ ਨਿਵੇਸ਼ ਬਰੈਂਪਟਨ ਨੂੰ ਔਸਤ ਦੇ ਨੇੜੇ ਲੈ ਜਾ ਸਕਦਾ ਹੈ।

ਇਹ ਗੈਰ-ਜ਼ਿੰਮੇਵਾਰਾਨਾ ਪਹੁੰਚ ਨੂੰ ਵਸਨੀਕਾਂ ਨੇ ਅੱਖੋ ਪੋਰੇਖੇ ਨਹੀਂ ਕੀਤਾ ਹੈ ਜੋ ਬਰੈਂਪਟਨ ਦੀਆਂ ਮੁੱਖ ਲੋੜਾਂ ਨੂੰ ਨਜ਼ਰਅੰਦਾਜ਼ ਕਰਦੀ ਹੈ। ਪੇਪੇ ਨੇ ਚੇਤਾਵਨੀ ਦਿੱਤੀ ਕਿ ਬਜਟ ਵਿੱਚ ਇਹ ਅਣਗਹਿਲੀ ਨਜ਼ਰ ਆ ਰਹੀ ਹੈ ਜਿਸ ਕਰਕੇ ਬਰੈਂਪਟਨ ਦਾ ਗ਼ਰਾਫ ਹੇਠਾਂ ਵੱਲ ਜਾ ਰਿਹਾ ਹੈ, ਜੋਕਿ ਵੱਡੀ ਪੱਧਰ ਦੇ ਜਾਇਦਾਦਾਂ ਦੇ ਵਿਗਾੜ ਅਤੇ ਅਪਰਾਧ ਵਰਗੇ ਡੂੰਘੇ ਮੁੱਦਿਆਂ ਵੱਲ ਲੈ ਜਾਂਦਾ ਹੈ।

"ਅਸੀਂ ਡਿਟ੍ਰਾਇਟ ਸ਼ਹਿਰ ਦੀ ਦਸ਼ਾ ਵੱਲ ਜਾ ਰਹੇ ਹਾਂ। ਅਸੀਂ ਲਗਾਤਾਰ ਡਿੱਗ ਰਹੇ ਹਾਂ" ਉਹ ਕਹਿੰਦੀ ਹਨ। "ਇਹ ਬਜਟ





ਬਰੈਂਪਟਨ ਸ਼ਹਿਰ ਨੂੰ ਬਿਲਕੁਲ ਵੀ ਸੁਧਾਰਨ ਵਾਲਾ ਨਹੀਂ ਹੈ। ਜਦੋਂ 2025 ਲਈ ਪ੍ਰਸਤਾਵਿਤ ਖਰਚੇ ਦੀ ਤੁਲਨਾ ਪਿਛਲੇ ਸਾਲ 2024 ਦੀ ਵਿੱਤੀ ਯੋਜਨਾ ਦੇ ਹਿੱਸੇ ਵਜੋਂ ਕੀਤੀ ਗਈ ਸੀ, ਤਾਂ ਬ੍ਰਾਊਨ ਦੁਆਰਾ ਪੇਸ਼ ਕੀਤੇ ਗਏ ਅਸਲ ਬਜਟ ਦੁਆਰਾ ਕੀਤੀਆਂ ਜਾ ਰਹੀਆਂ ਕਟੌਤੀਆਂ ਨੂੰ ਹਜ਼ਮ ਕਰਨਾ ਮੁਸ਼ਕਲ ਹੈ ।

'ਬਰੈਂਪਟਨ 2040 ਵਿਜ਼ਨ ਮਾਸਟਰ ਪਲਾਨ' ਵਰਗੇ, ਬਰੈਂਪਟਨ ਨੂੰ ਵਿਸ਼ਵ ਪੱਧਰੀ ਸ਼ਹਿਰ ਮਾਰਗ ਦਰਸ਼ਨ ਕਰਨ ਲਈ ਕੀਤੇ ਗਏ ਅਧਿਐਨਾਂ ਨੂੰ, ਜਿਨ੍ਹਾਂ ਨੂੰ ਬ੍ਰਾਊਨ ਪ੍ਰਾਪਤ ਕਰਨ ਲਈ 2018 ਵਿੱਚ ਵਾਅਦਾ ਕੀਤਾ ਸੀ, ਉਸ ਦੀ ਇਸ ਭਟਕਵੀਂ ਅਗਵਾਈ ਹੇਠ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੈ। ਉਸ ਦਾ ਤਾਜ਼ਾ ਬਜਟ ਭਵਿੱਖ ਦੀਆਂ ਯੋਜਨਾਵਾਂ ਅਤੇ ਪਹਿਲਾਂ ਤੋਂ ਮਨਜ਼ੂਰ ਰਣਨੀਤੀਆਂ ਵਿੱਚ ਦੱਸੇ ਗਏ ਨਿਵੇਸ਼ਾਂ ਵਿੱਚ ਹੋਰ ਕਟੌਤੀ ਕਰਦਾ ਹੈ। ਉਦਾਹਰਨ ਦੇ ਤੌਰ 'ਤੇ

•ਵਾਤਾਵਰਣ ਮੁਲਾਂਕਣ ਅਧਿਐਨਾਂ ਵਿੱਚ $3.5 ਮਿਲੀਅਨ ਨੂੰ 2026 ਤੱਕ ਮੁਲਤਵੀ ਕਰ ਦਿੱਤਾ ਗਿਆ ਹੈ।

•ਸ਼ਹਿਰ ਵਿੱਚ ਸਰਗਰਮ ਆਵਾਜਾਈ ਵਿਕਲਪਾਂ ਨੂੰ ਬਿਹਤਰ ਬਣਾਉਣ ਲਈ ਯੋਜਨਾਵਾਂ ਅਤੇ ਅਧਿਐਨਾਂ ਤੋਂ $460,000 ਕੱਟ ਦਿੱਤੇ ਗਏ ਹਨ।

•ਸ਼ਹਿਰ ਦੇ ਵਾਤਾਵਰਣ ਮਾਸਟਰ ਪਲਾਨ ਵਿੱਚ $300,000 ਦੀਆਂ ਪਹਿਲਕਦਮੀਆਂ ਨੂੰ ਹਟਾ ਦਿੱਤਾ ਗਿਆ ਹੈ।

• 450,000 ਡਾਲਰ ਦੀ ਅਧਿਕਾਰਤ ਯੋਜਨਾ ਸਮੀਖਿਆ ਨੂੰ ਹਟਾ ਦਿੱਤਾ ਗਿਆ ਹੈ, ਜਿਵੇਂ ਕਿ ਹੋਰ ਨੀਤੀ ਯੋਜਨਾਬੰਦੀ ਅਧਿਐਨਾਂ ਲਈ $600,000 ਹੈ ।

• ਟ੍ਰਾਂਸਪੋਰਟੇਸ਼ਨ ਮਾਸਟਰ ਪਲਾਨ ਤੋਂ $15,000, ਵਿੱਤੀ ਮਾਸਟਰ ਪਲਾਨ ਤੋਂ $100,000 ਅਤੇ ਇੰਜੀਨੀਅਰਿੰਗ ਅਤੇ ਪਾਰਕਲੈਂਡ ਸਟੱਡੀਜ਼ ਤੋਂ $50,000 ਦੀ ਕਟੌਤੀ ਕੀਤੀ ਗਈ ਹੈ।

ਸ਼ਹਿਰ ਦੀ ਆਵਾਜਾਈ ਪ੍ਰਣਾਲੀ, ਜਿਸ ਨੂੰ ਵਧਦੀ ਮੰਗ ਨੂੰ ਪੂਰਾ ਕਰਨ ਲਈ ਨਕਦੀ ਦੀ ਭਾਰੀ ਜ਼ਰੂਰਤ ਹੈ - ਸੇਵਾ ਨੇ 2023 ਵਿੱਚ 40 ਮਿਲੀਅਨ ਤੋਂ ਵੱਧ ਸਵਾਰੀਆਂ ਦਰਜ ਕੀਤੀਆਂ - ਪਰ ਇਹ ਆਪਣੇ ਬਜਟ ਵਿੱਚ ਵੀ ਕਟੌਤੀ ਵੇਖ ਰਿਹਾ ਹੈ:

ਬੱਸਾਂ ਦੀ ਖਰੀਦ ਨੂੰ ਯੋਜਨਾਬੱਧ $89.7 ਮਿਲੀਅਨ ਤੋਂ ਘਟਾ ਕੇ $55.3 ਮਿਲੀਅਨ ਤੋਂ $55.3 ਮਿਲੀਅਨ ਕਰ ਦਿੱਤਾ ਗਿਆ ਹੈ, ਬੱਸਾਂ ਦੇ ਨਵੀਨੀਕਰਨ ਵਿੱਚ $15.4 ਮਿਲੀਅਨ ਨੂੰ ਹਟਾ ਦਿੱਤਾ ਗਿਆ ਹੈ, ਨਾਲ ਹੀ ਬੱਸ ਸ਼ੈਲਟਰਾਂ, ਪੈਡਾਂ ਅਤੇ ਸਟਾਪਾਂ 'ਤੇ $300,000 ਦੇ ਕੰਮ ਨੂੰ ਹਟਾ ਦਿੱਤਾ ਗਿਆ ਹੈ, ਅਤੇ ਬੋਵੇਰਡ ਕੋਰੀਡੋਰ ਵਿੱਚ ਉੱਚ-ਆਰਡਰ ਟ੍ਰਾਂਜ਼ਿਟ ਲਿਆਉਣ ਲਈ $1.5 ਮਿਲੀਅਨ ਦੇ ਮਾਮੂਲੀ ਪੂੰਜੀ ਨਿਵੇਸ਼ ਵਿੱਚ $1.5 ਮਿਲੀਅਨ ਦੇ ਯੋਗਦਾਨ ਨੂੰ ਹਟਾ ਦਿੱਤਾ ਗਿਆ ਹੈ।

ਜ਼ੂਮ ਸੇਵਾ ਦੇ ਵਿਸਥਾਰ ਲਈ $17.8 ਮਿਲੀਅਨ ਬ੍ਰਾਮਾਲਿਆ ਲਾਂਘੇ ਨੂੰ ਕੱਟ ਦਿੱਤਾ ਗਿਆ ਹੈ। ਇਹ ਅਸਪਸ਼ਟ ਹੈ ਬਜਟ ਚਾਹੇ ਇਹ ਸ਼ਹਿਰ ਤੋਂ ਨਿਵੇਸ਼ ਦੀ ਘਾਟ ਦਾ ਨਤੀਜਾ ਹੈ, ਜਾਂ ਪ੍ਰੋਜੈਕਟ ਦਾ ਸਮਰਥਨ ਕਰਨ ਲਈ ਗ੍ਰਾਂਟਾਂ ਪ੍ਰਾਪਤ ਕਰਨ ਵਿੱਚ ਸ਼ਹਿਰ ਦੀ ਅਸਫਲਤਾ ਦਾ ਨਤੀਜਾ ਹੈ।

ਸੜਕਾਂ, ਪੁਲਾਂ ਅਤੇ ਹੋਰ ਸ਼ਹਿਰੀ ਜਾਇਦਾਦਾਂ ਦੀ ਲੰਬੀ ਉਮਰ ਵਧਾਉਣ ਲਈ ਬੁਢਾਪੇ ਦੇ ਬੁਨਿਆਦੀ ਢਾਂਚੇ ਦੀ ਰੋਕਥਾਮ ਦੀ ਦੇਖਭਾਲ ਇਕ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਨਿਵੇਸ਼ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਵਸਨੀਕਾਂ ਨੂੰ ਭਵਿੱਖ ਦੇ ਸਾਲਾਂ ਵਿਚ ਵਧੇਰੇ ਭੁਗਤਾਨ ਨਾ ਕਰਨਾ ਪਵੇ। ਇਹ ਨਾਜ਼ੁਕ ਅਸਫਲਤਾਵਾਂ ਤੋਂ ਵੀ ਬਚਾਅ ਕਰਦਾ ਹੈ। ਬ੍ਰਾਊਨ ਦੇ 2025 ਦੇ ਬਜਟ ਵਿੱਚ ਇਸ ਖੇਤਰ ਵਿੱਚ ਖਰਚਿਆਂ ਵਿੱਚ ਵੀ ਕਟੌਤੀ ਕੀਤੀ ਗਈ ਹੈ:

• ਪੁਲ ਦੀ ਮੁਰੰਮਤ ਵਿੱਚ $12.6 ਮਿਲੀਅਨ ਖਤਮ ਕਰ ਦਿੱਤੇ ਗਏ ਹਨ। 2024 ਦੇ ਬਜਟ ਦਸਤਾਵੇਜ਼ ਦੇ ਅਨੁਸਾਰ, ਇਸ ਫੰਡਿੰਗ ਵਿੱਚੋਂ 9 ਮਿਲੀਅਨ ਡਾਲਰ ਗ੍ਰਾਂਟਾਂ ਅਤੇ ਸਬਸਿਡੀਆਂ ਤੋਂ ਆਉਣੇ ਸਨ, ਇਹ ਸਪੱਸ਼ਟ ਨਹੀਂ ਹੈ ਕਿ ਇਸ ਨੂੰ 2025 ਦੇ ਬਜਟ ਤੋਂ ਕਿਉਂ ਹਟਾ ਦਿੱਤਾ ਗਿਆ ਹੈ

• 2025 ਲਈ ਵੱਖ-ਵੱਖ ਜਾਇਦਾਦਾਂ ਲਈ ਰੋਕਥਾਮ ਰੱਖ-ਰਖਾਅ ਦੇ 883,000 ਡਾਲਰ ਵਿੱਚ ਕਟੌਤੀ ਕੀਤੀ ਗਈ ਹੈ ਅਤੇ ਟ੍ਰੈਫਿਕ ਅਤੇ ਸੜਕਾਂ ਨਾਲ ਸਬੰਧਤ ਬੁਨਿਆਦੀ ਢਾਂਚੇ ਦੀ ਸਾਂਭ-ਸੰਭਾਲ ਲਈ ਖਰਚੇ ਨੂੰ ਯੋਜਨਾਬੱਧ $3.7 ਮਿਲੀਅਨ ਤੋਂ ਘਟਾ ਕੇ ਸਿਰਫ $364,000 ਕਰ ਦਿੱਤਾ ਗਿਆ ਹੈ ।ਬਰੈਂਪਟਨ ਰੋਡਵੇਜ਼, ਆਪਣੀ ਵਧਦੀ ਆਬਾਦੀ ਦੇ ਵਾਹਨਾਂ 'ਤੇ ਨਿਰਭਰਤਾ ਦੇ ਵਧਦੇ ਦਬਾਅ ਹੇਠ, ਇਸ ਸਾਲ ਖਰਚਿਆਂ ਵਿੱਚ ਕਟੌਤੀ ਵੀ ਵੇਖ ਰਹੀ ਹੈ:

•350,000 ਡਾਲਰ ਦੇ ਵੱਖ-ਵੱਖ ਸੜਕਾਂ ਦੇ ਕੰਮ ਨੂੰ 2027 ਤੱਕ ਮੁਲਤਵੀ ਕਰ ਦਿੱਤਾ ਗਿਆ ਹੈ।

• ਸੜਕਾਂ ਦੇ ਪੁਨਰ ਨਿਰਮਾਣ ਲਈ ਯੋਜਨਾਬੱਧ 25.8 ਮਿਲੀਅਨ ਡਾਲਰ ਨੂੰ ਅੱਧੇ ਤੋਂ ਵੱਧ ਘਟਾ ਕੇ 11 ਮਿਲੀਅਨ ਡਾਲਰ ਕਰ ਦਿੱਤਾ ਗਿਆ ਹੈ। ਇਸ ਵਿਚੋਂ 25 ਮਿਲੀਅਨ ਡਾਲਰ ਗ੍ਰਾਂਟਾਂ ਅਤੇ ਸਬਸਿਡੀਆਂ ਤੋਂ ਆਉਣੇ ਸਨ। ਇਹ ਸਪੱਸ਼ਟ ਨਹੀਂ ਹੈ ਕਿ ਇਹ 2025 ਦੇ ਬਜਟ ਦਾ ਹਿੱਸਾ ਕਿਉਂ ਨਹੀਂ ਹੈ

• ਫੁੱਟਪਾਥ ਦੇ ਕੰਮ ਵਿੱਚ $600,000 ਨੂੰ 2026 ਤੱਕ ਧੱਕ ਦਿੱਤਾ ਗਿਆ ਹੈ

• ਯੋਜਨਾਬੱਧ ਸੁਧਾਰਾਂ ਵਿੱਚ $20 ਮਿਲੀਅਨ ਟੋਰਬਰਾਮ ਰੋਡ ਨੂੰ ਖਤਮ ਕਰ ਦਿੱਤਾ ਗਿਆ ਹੈ

• ਕਿਰਿਆਸ਼ੀਲ ਆਵਾਜਾਈ ਨੂੰ ਅਨੁਕੂਲ ਬਣਾਉਣ ਲਈ ਸੜਕ ਦਾ ਕੰਮ $800,000 ਤੋਂ ਘਟਾ ਕੇ $293,000 ਕਰ ਦਿੱਤਾ ਗਿਆ ਹੈ

• ਨਿਯੰਤਰਿਤ ਪੈਦਲ ਯਾਤਰੀਆਂ ਦੇ ਕਰਾਸਵਾਕ ਲਈ $100,000 ਦੀ ਕਟੌਤੀ ਕੀਤੀ ਗਈ ਹੈ

• ਸੜਕਾਂ ਅਤੇ ਟ੍ਰੈਫਿਕ ਸੰਚਾਲਨ ਲਈ ਛੋਟੇ ਪੂੰਜੀ ਪ੍ਰੋਜੈਕਟਾਂ ਵਿੱਚ $35,000 ਖਤਮ ਹੋ ਗਏ ਹਨ, ਜੋ ਬਾਅਦ ਦੇ ਸਾਲਾਂ ਵਿੱਚ ਵੀ ਧੱਕ ਦਿੱਤੇ ਗਏ ਹਨ

• ਟ੍ਰੈਫਿਕ ਸ਼ਾਂਤ ਕਰਨ ਦੇ ਉਪਾਵਾਂ ਵਿੱਚ $4 ਮਿਲੀਅਨ ਨੂੰ ਖਤਮ ਕਰ ਦਿੱਤਾ ਗਿਆ ਹੈ, ਹੁਣ 2027 ਲਈ ਸਿਰਫ $200,000 ਦੀ ਯੋਜਨਾ ਬਣਾਈ ਗਈ ਹੈ।

• ਟ੍ਰੈਫਿਕ ਸਿਗਨਲਾਈਜ਼ੇਸ਼ਨ ਅਤੇ ਆਧੁਨਿਕੀਕਰਨ ਵਿੱਚ $2.7 ਮਿਲੀਅਨ ਖਤਮ ਹੋ ਗਏ ਹਨ

**ਸੂਚੀ ਜਾਰੀ ਹੈ:**

• ਸ਼ਹਿਰ ਦੀ 185 ਕਲਾਰਕ ਸੁਵਿਧਾ (1.2 ਮਿਲੀਅਨ ਡਾਲਰ ਤੱਕ) 'ਤੇ ਖਰਚ ਕਰਨ ਤੋਂ $205,000 ਦੀ ਕਟੌਤੀ ਕੀਤੀ ਗਈ ਹੈ; ਕੈਸੀ ਕੈਂਪਬੈਲ ਤੋਂ $378,000 ਦੀ ਕਟੌਤੀ

ਕਮਿਊਨਿਟੀ ਸੈਂਟਰ; ਐਲਡੋਰਾਡੋ ਪਾਰਕ ਅਤੇ ਆਊਟਡੋਰ ਪੂਲ ਤੋਂ $23,000; ਐਲਾਨ ਤੋਂ $77,000 ; ਮਿਸ਼ੇਲ ਮਨੋਰੰਜਨ ਕੇਂਦਰ; ਪਾਲ ਪਲੇਸਚੀ ਮਨੋਰੰਜਨ ਕੇਂਦਰ ਤੋਂ $30,000; ਅਤੇ ਕੇਂਦਰੀ ਸਟੋਰੇਜ ਸੁਵਿਧਾ ਲਈ $2 ਮਿਲੀਅਨ

• ਵਾਤਾਵਰਣ ਸਿੱਖਿਆ ਕੇਂਦਰ ਅਤੇ ਪਸ਼ੂ ਸ਼ੈਲਟਰ ਅਤੇ ਪੋਸਟ ਟ੍ਰਾਮੈਟਿਕ ਗ੍ਰੋਥ ਐਸੋਸੀਏਸ਼ਨ ਸਪੇਸ ਲਈ ਯੋਜਨਾਬੱਧ $23 ਮਿਲੀਅਨ ਨੂੰ 2027 ਤੱਕ ਅੱਗੇ ਵਧਾ ਦਿੱਤਾ ਗਿਆ ਹੈ; ਫਾਇਰ ਸਟੇਸ਼ਨ 216 ਲਈ $1.1 ਮਿਲੀਅਨ ਨੂੰ 2026 ਤੱਕ ਅੱਗੇ ਵਧਾ ਦਿੱਤਾ ਗਿਆ ਹੈ, ਫਾਇਰ ਸਟੇਸ਼ਨ 203 ਵਿਖੇ ਫਾਇਰ ਟ੍ਰੇਨਿੰਗ ਪ੍ਰੋਪਸ ਲਈ $3 ਮਿਲੀਅਨ ਲਈ ਅੱਗੇ ਵਧਾ ਦਿੱਤਾ ਗਿਆ ਹੈ।

• ਬੇਹੱਦ ਲੋੜੀਂਦੇ ਲਈ $25 ਮਿਲੀਅਨ ਬਰੈਂਪਟਨ ਆਰਟਸ ਐਂਡ ਕਲਚਰ ਹੱਬ ਨੂੰ 2027 ਤੱਕ ਦੇਰੀ ਨਾਲ ਲਾਂਚ ਕੀਤਾ ਗਿਆ ਹੈ।

• ਪੂਰਬੀ-ਪੱਛਮ ਧਮਣੀਆਂ ਵਾਲੀਆਂ ਸੜਕਾਂ 'ਤੇ 5 ਮਿਲੀਅਨ ਡਾਲਰ ਦੀ ਉਸਾਰੀ ਖਤਮ ਹੋ ਗਈ ਹੈ; ਲੇਗਰਫੀਲਡ ਰੋਡ ਐਕਸਟੈਂਸ਼ਨ ਦੇ ਵਿਸਥਾਰ ਲਈ $11 ਮਿਲੀਅਨ ਖਤਮ ਹੋ ਗਏ ਹਨ; 20 ਮਿਲੀਅਨ ਡਾਲਰ ਦੀ ਜ਼ਮੀਨ ਐਕੁਆਇਰ ਕੀਤੀ ਗਈ ਹੈ।

• ਇੰਜੀਨੀਅਰਿੰਗ ਵਿਭਾਗ ਵਿੱਚ ਛੋਟੇ ਪੂੰਜੀ ਪ੍ਰੋਜੈਕਟਾਂ ਵਿੱਚ $140,000, 2026 ਤੱਕ ਅੱਗੇ ਵਧਾਇਆ ਗਿਆ।

• ਯੂਟੀਲਿਟੀ ਰੀਲੋਕੇਸ਼ਨ ਵਿੱਚ $3 ਮਿਲੀਅਨ ਨੂੰ 2026 ਤੱਕ ਅੱਗੇ ਵਧਾ ਦਿੱਤਾ ਗਿਆ ਹੈ।

• 2.9 ਮਿਲੀਅਨ ਡਾਲਰ ਦੇ ਸੁਵਿਧਾ ਨਿਰੀਖਣ ਅਤੇ ਆਡਿਟ ਨੂੰ ਖਤਮ ਕਰ ਦਿੱਤਾ ਗਿਆ ਹੈ ਅਤੇ ਹੁਣ 2026 ਵਿੱਚ 1.2 ਮਿਲੀਅਨ ਡਾਲਰ ਪ੍ਰਸਤਾਵਿਤ ਕੀਤੇ ਗਏ ਹਨ

• ਸਟਰੀਟ ਲਾਈਟਿੰਗ ਐਲਈਡੀ ਰੈਟਰੋਫਿਟ ਲਈ $2 ਮਿਲੀਅਨ ਹਟਾ ਦਿੱਤੇ ਗਏ ਹਨ।

• ਡਾਊਨਟਾਊਨ ਵਿੱਚ ਇੱਕ ਨਵੀਂ ਸਹਿ-ਕਾਰਜਸ਼ੀਲ ਜਗ੍ਹਾ ਲਈ $1.2 ਮਿਲੀਅਨ ਹੁਣ 2026 ਤੱਕ ਅੱਗੇ ਵਧਾ ਦਿੱਤੇ ਗਏ ਹਨ।

• ਤੂਫਾਨ ਦੇ ਪਾਣੀ ਅਤੇ ਵਾਤਾਵਰਣ ਦੀ ਨਿਗਰਾਨੀ ਨੂੰ ਯੋਜਨਾਬੱਧ $400,000 ਤੋਂ ਘਟਾ ਕੇ $75,000 ਕਰ ਦਿੱਤਾ ਗਿਆ ਹੈ।

• ਸਟੌਰਮਵਾਟਰ ਸੰਪਤੀ ਪ੍ਰਬੰਧਨ ਲਈ $4.5 ਮਿਲੀਅਨ ਨੂੰ ਘਟਾ ਕੇ $0 ਕਰ ਦਿੱਤਾ ਗਿਆ ਹੈ।

• ਸਟਰਮਵਾਟਰ ਛੱਪੜ ਦੀ ਮੁਰੰਮਤ ਦੀ ਯੋਜਨਾ 3.5 ਮਿਲੀਅਨ ਡਾਲਰ ਤੋਂ ਘਟਾ ਕੇ $40,000 ਡਾਲਰ ਕਰ ਦਿੱਤੀ ਗਈ ਹੈ ਅਤੇ ਸਟਰਮਵਾਟਰ ਤਲਾਬ ਦੇ 7 ਮਿਲੀਅਨ ਡਾਲਰ ਨੂੰ ਪੂਰੀ ਤਰ੍ਹਾਂ ਹਟਾ ਦਿੱਤਾ ਗਿਆ ਹੈ।

ਕੋਲਿਸ ਨੇ ਵੀ ਬਜਟ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਵਿਗੜ ਰਹੇ ਜਾਇਦਾਦ ਦੇ ਮਿਆਰਾਂ ਅਤੇ ਬੁਨਿਆਦੀ ਢਾਂਚੇ ਨੂੰ ਹੱਲ ਕਰਨ ਲਈ ਇੱਕ ਸਰਗਰਮ ਯੋਜਨਾ ਦੀ ਬਜਾਏ, ਇਹ ਮੁੱਦਿਆਂ ਪ੍ਰਤੀ ਪ੍ਰਤੀ-ਕਿਰਿਆਵਾਦੀ ਪਹੁੰਚ ਨੂੰ ਦਰਸਾਉਂਦਾ ਹੈ। ਉਸਨੇ ਬਰੈਂਪਟਨ ਦੀ ਲੀਡਰਸ਼ਿਪ ਪ੍ਰਤੀ ਬੇਭਰੋਸਗੀ ਅਤੇ ਨਿਰਾਸ਼ਾ ਜ਼ਾਹਰ ਕੀਤੀ। ਸ਼ਹਿਰ ਵਿੱਚ ਸੜਕਾਂ ਅਤੇ ਕੂੜਾ ਇਕੱਠਾ ਕਰਨ ਦੀ ਵਿਗੜਦੀ ਸਥਿਤੀ ਨੂੰ ਉਜਾਗਰ ਕਰਦੇ ਹੋਏ ਕੋਲਿਸ ਨੇ ਕਿਹਾ, "ਮੈਂ ਬਹੁਤ ਨਿਰਾਸ਼ ਹਾਂ, ਅਤੇ ਮੈਨੂੰ ਆਪਣੇ ਸਥਾਨਕ ਸਿਆਸਤਦਾਨਾਂ ਬਾਰੇ ਸੱਚਮੁੱਚ ਵਿਸ਼ਵਾਸ ਦੀ ਘਾਟ ਹੈ।"

ਧੰਨਵਾਦ ਸਹਿਤ :
thepointer.com ਵਿੱਚ ਪ੍ਰਕਾਸ਼ਿਤ
ਇਸ ਅੰਗਰੇਜ਼ੀ ਲੇਖ ਦਾ ਅਨੁਵਾਦ

# 'ਸਕਾਰਾਤਮਕ ਸੋਚ ਨਾਲ ਜ਼ਿੰਦਗੀ ਨੂੰ ਰੌਸ਼ਨ ਕਰੀਏ'



ਰਜਿੰਦਰ ਸਿੰਘ
ਰਾਜਨ ਪਠਾਨਕੋਟ
9417427656

ਨਕਾਰਾਤਮਕ ਸੋਚ ਵਾਲਾ ਵਿਅਕਤੀ ਜੀਵਨ ਦੇ ਸੁੰਦਰ ਬਾਗ ਨੂੰ ਬੰਨ੍ਹੇ ਮੈਦਾਨ ਵਾਂਗ ਬਣਾ ਦਿੰਦਾ ਹੈ, ਜਿੱਥੇ ਸਿਰਫ ਨਿਰਾਸ਼ਾ ਦੇ ਕੰਡੇ ਹੀ ਕੰਡੇ ਹਨ। ਉਸ ਦੀ ਸੋਚ ਸਦਾ ਨਕਾਰਾਤਮਕ ਦ੍ਰਿਸ਼ਟੀਕੋਣ ਵਾਲੀ ਹੁੰਦੀ ਹੈ, ਜੋ ਹਰ ਚਮਕਦਾਰ ਚੀਜ਼ ਨੂੰ ਧੁੰਦਲਾ ਕਰ ਦਿੰਦੀ ਹੈ। ਉਸ ਦੀ ਦੁਨੀਆ ਵਿੱਚ ਚੰਗੇ ਕੰਮ ਦੀ ਕੀਮਤ ਨਹੀਂ ਹੁੰਦੀ। ਉਹ ਇੱਕ ਅਜਿਹੀ ਦੁਨੀਆ ਵਿੱਚ ਰਹਿੰਦਾ ਹੈ ਜਿੱਥੇ ਚੰਗੇ ਕੰਮ ਦੀ ਕੋਈ ਮਾਣਤਾ ਨਹੀਂ। ਜਦ ਵੀ ਕੋਈ ਭਲਾਈ ਕਰੇ, ਤਾਂ ਉਹ ਕਹਿੰਦਾ ਹੈ, 'ਇਹ ਸਿਰਫ ਲੋਕਾਂ ਨੂੰ ਖੁਸ਼ ਕਰਨ ਦਾ ਦਿਖਾਵਾ ਹੈ।' ਜੇ ਕੋਈ ਆਪਣੇ ਮਨ ਦੀ ਸੱਚਾਈ ਨਾਲ ਚੰਗਾ ਕੰਮ ਕਰਨ ਦੀ ਕੋਸ਼ਿਸ ਕਰੇ, ਤਾਂ ਉਸ ਨੂੰ ਇਹ ਦਿਸਦਾ ਹੈ ਕਿ 'ਇਹ ਤਾਂ ਸਿਰਫ ਪੱਖ ਬਣਾਉਣ ਲਈ ਕੀਤਾ ਜਾ ਰਿਹਾ ਹੈ।' ਮਿਹਨਤ ਦੀ ਗੱਲ ਹੋਵੇ ਤਾਂ ਵੀ ਉਹ ਕਹੇਗਾ, 'ਇਹ ਸਿਰਫ ਆਪਣੇ ਫਾਇਦੇ ਲਈ ਦੌੜ ਰਿਹਾ ਹੈ।' ਉਸ ਦੀਆਂ ਨਿਗਾਹਾਂ ਵਿੱਚ ਹਰ ਇਨਸਾਨ ਮਾਫੀਨਾਮੇ ਨਾਲ ਹੀ ਭਰਿਆ ਹੋਇਆ ਹੈ।

ਉਹ ਕਹਿੰਦਾ ਹੈ, ਇਹ ਵੀ ਕੰਮ ਦੇ ਨਹੀਂ, ਉਹ ਵੀ ਕਿਸੇ ਕੰਮ ਦੇ ਨਹੀਂ।÷ ਉਸ ਦੀ ਸੋਚ ਵਿੱਚ ਨਾ ਕੋਈ ਨੇਤਾ ਚੰਗਾ ਹੈ, ਨਾ ਅਧਿਕਾਰੀ। ਪੱਤਰਕਾਰਾਂ ਦੀ ਗੱਲ ਕਰੇ ਤਾਂ ਕਹਿੰਦਾ, 'ਪੱਤਰਕਾਰੀ ਦਾ ਮਿਆਰ ਤਾਂ ਡਿੱਗ ਚੁੱਕਾ ਹੈ। ਇਥੋ ਤੱਕ ਕੀ ਆਪਣੇ ਘਰ ਵਿੱਚ ਬੈਠੇ ਬਜ਼ੁਰਗਾ ਨੂੰ ਵੀ ਨਹੀ ਬਖਸ਼ਿਆ ਜਾਂਦਾ, ਇਹ ਕਹਿ ਦਿੱਤਾ ਜਾਂਦਾ ਹੈ ਕਿ ਬੁੱਢੀ ਦੀਆਂ ਲੱਤਾਂ ਕਬਰ ਵਿੱਚ ਨੇ, ਵੇਖੋ ਕਿਵੇਂ ਬੁੱਢੀ ਨੂੰ ਝੁਕ-ਝੁਕਕੇ ਮੱਥੇ ਟੇਕੇ ਜਾ ਰਹੇ ਨੇ, ਹੋਰ ਤਾਂ ਹੋਰ ਕਈ ਸੰਤ ਮਹਾਤਮਾ ਦੀ ਨਿੰਦਾ ਕਰਨ ਤੋਂ ਗੁਰੇਜ ਨਹੀ ਕਰੇਗਾ। ਕੋਈ ਵੀ ਖੇਤਰ ਹੋਵੇ, ਕੋਈ ਵੀ ਇਨਸਾਨ ਹੋਵੇ, ਉਸ ਦੇ ਮਨ ਵਿੱਚ ਇਕ ਪੱਕਾ ਫ਼ੈਸਲਾ ਸਦਾ ਤਿਆਰ ਰਹਿੰਦਾ ਹੈ। ਹਰ ਗੱਲ ਵਿੱਚ ਉਸਨੂੰ ਕੋਈ ਨਾ ਕੋਈ ਖ਼ਾਮੀ ਦਿਸਦੀ ਹੈ। ਸੰਸਾਰ ਦੀਆਂ ਚਮਕਦਾਰ ਚੀਜ਼ਾਂ ਵੀ ਉਸ ਦੀਆਂ ਨਿਗਾਹਾਂ ਵਿੱਚ ਮਲਿੰਦ ਬਣ ਜਾਂਦੀਆਂ ਹਨ। ਉਸ ਦੀ ਇਸ ਅਦਾਵਾ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਸੌਖਾ ਨਹੀਂ, ਪਰ ਉਸ ਦੀਆਂ ਗੱਲਾਂ ਹਮੇਸ਼ਾ ਇਹ ਦੱਸਦੀਆਂ ਹਨ ਕਿ ਉਹ ਸੰਸਾਰ ਦੀ ਹਾਰ ਨੂੰ ਆਪਣੇ ਅੰਦਰ ਹੀ ਕੈਦ ਕਰ ਰਿਹਾ ਹੈ। ਉਹ ਆਪਣੇ ਦਿਨ ਦਾ ਆਰੰਭ ਅਜਿਹੇ ਵਿਚਾਰਾਂ ਨਾਲ ਕਰਦਾ ਹੈ ਅਤੇ ਰਾਤ ਨੂੰ ਵੀ ਇਨਸਾਨੀ ਕੁਝੀਆਂ ਗਿਣਦਾ ਹੀ ਸੌਂਦਾ ਹੈ, ਪਰ ਉਹ ਇਹ ਸੱਚ ਪਛਾਣਨ ਨੂੰ ਕਦੇ ਤਿਆਰ ਨਹੀਂ ਹੁੰਦਾ ਕਿ ਨਕਾਰਾਤਮਕਤਾ ਇੱਕ ਵਿਆਪਕ ਰੋਗ ਹੈ, ਜੋ ਸਿਰਫ਼ ਉਸਦੇ ਆਪਣੇ ਜੀਵਨ ਨੂੰ ਹੀ ਨਹੀਂ, ਸਗੋਂ ਚਾਰੋਂ ਪਾਸੇ ਦੀ ਹਵਾ ਨੂੰ ਵੀ ਗੰਧਲਾ ਕਰ ਰਿਹਾ ਹੈ।

ਅਜੇਹੇ ਵਿਅਕਤੀ ਤੋਂ ਸਚਮੁਚ ਵਾਰੇ-ਵਾਰੇ ਜਾਣਾ ਚਾਹੀਦਾ ਹੈ। ਇਹ ਸਮਝਣਾ ਲਾਜ਼ਮੀ ਹੈ ਕਿ ਜੀਵਨ ਵਿੱਚ ਰੰਗ, ਰੌਸ਼ਨੀ, ਅਤੇ ਚਮਕ ਤਾਂ ਉਨ੍ਹਾਂ ਦੇ ਲਈ ਹੁੰਦੀ ਹੈ, ਜੋ ਚੰਗੇ ਵਿਚਾਰਾਂ ਨੂੰ ਆਪਣੀ ਨਿਗਾਹਾਂ 'ਚ ਪਾਉਣ ਦਾ ਹੁਨਰ ਰੱਖਦੇ ਹਨ। ਅਜਿਹਾ ਵਿਅਕਤੀ ਸਿਰਫ ਲੋਕਾਂ ਦੀਆਂ ਕਮਜ਼ੋਰੀਆਂ ਤੇ ਵਿਅਰਥ ਗੱਲਾਂ ਕਰਨ ਵਿੱਚ ਵਿਸ਼ਵਾਸ ਰੱਖਦਾ ਹੈ। ਅਜਿਹੇ ਇਨਸਾਨ ਨੂੰ ਸਿਰਫ ਆਪਣੇ ਮਨ ਦੀਆਂ ਐਨਕਾਂ ਨਾਲ ਦੇਖਣ ਦੀ ਆਦਤ ਹੁੰਦੀ ਹੈ, ਜੇ ਐਨਕਾਂ ਹੀ ਮੈਲੀਆਂ ਹੋਣਗੀਆ, ਤਾਂ ਜਾਹਿਰ ਹੈ ਕਿ ਉਸ ਨੂੰ ਹਰੇਕ ਚੀਜ਼ ਗੰਦਲੀ ਤਾਂ ਲੱਗੇਗੀ ਹੀ।

ਨਕਾਰਾਤਮਕਤਾ ਇੱਕ ਐਸਾ ਜ਼ਹਿਰ ਹੈ ਜੋ ਹੌਲੀ-ਹੌਲੀ ਇਨਸਾਨ ਦੇ ਜੀਵਨ ਦੇ ਸੁੰਦਰ ਪਲਾਂ ਨੂੰ ਖਾ ਜਾਂਦਾ ਹੈ। ਅਜਿਹੇ ਵਿਅਕਤੀ ਆਪਣੇ ਮਨ ਦੀ ਚਮਕ ਨੂੰ ਭੁਲਾ ਬੈਠਦੇ ਹਨ। ਉਹ ਦੂਜਿਆਂ ਦੀਆਂ ਗਲਤੀਆਂ ਤਾਂ ਲੱਭਦੇ ਹਨ, ਪਰ ਆਪਣੇ ਅੰਦਰ ਝਾਕਣ ਦੀ ਕਦੇ ਜ਼ਰੂਰਤ ਮਹਿਸੂਸ ਨਹੀਂ ਕਰਦੇ। ਉਹ ਸਦਾ ਦੁਨੀਆ ਦੇ ਮਿਆਰ ਨੂੰ ਮਾੜਾ ਕਹਿੰਦੇ ਹਨ, ਪਰ ਕਦੇ ਇਹ ਨਹੀਂ ਸੋਚਦੇ ਕਿ ਉਹ ਖੁਦ ਕਿੰਨਾ ਯੋਗਦਾਨ ਪਾ ਰਹੇ ਹਨ।

ਜੀਵਨ ਵਿੱਚ ਨਕਾਰਾਤਮਕਤਾ ਦਾ ਤੋੜ ਚੰਗੀ ਸੋਚ ਹੈ। ਜਦੋਂ ਅਸੀਂ ਦੂਜਿਆਂ ਦੀਆਂ ਚੰਗੀਆਂ ਗੁਣਵੱਤਾਵਾਂ ਨੂੰ ਸਵੀਕਾਰ ਕਰਦੇ ਹਾਂ ਅਤੇ ਆਪਣੇ ਜੀਵਨ ਦੀਆਂ ਛੋਟੀਆਂ-ਛੋਟੀਆਂ ਖੁਸ਼ੀਆਂ ਲਈ ਧੰਨਵਾਦੀ ਹੋਵਦੇ ਹਾਂ, ਤਦ ਹੀ ਅਸਲ ਅਰਥਾਂ ਵਿੱਚ ਜੀਵਨ ਦਾ ਅਨੰਦ ਲੈ ਸਕਦੇ ਹਾਂ। ਸਮੱਸਿਆਵਾਂ ਹਰ ਕੋਈ ਦੇਖਦਾ ਹੈ, ਪਰ ਹਲ ਖੋਜਣ ਵਾਲੇ ਹੀ ਅਸਲ ਸਫਲ ਹੁੰਦੇ ਹਨ।

ਹਰ ਵਿਅਕਤੀ ਵਿੱਚ ਚੰਗੇ ਤੇ ਮਾੜੇ ਪਹਿਲੂ ਹੁੰਦੇ ਹਨ। ਜੇ ਅਸੀਂ ਚਾਹੁੰਦੇ ਹਾਂ ਕਿ ਲੋਕ ਸਾਡੇ ਵਿੱਚੋਂ ਚੰਗਾਈ ਵੇਖਣ, ਤਾਂ ਇਸੇ ਤਰ੍ਹਾਂ ਸਾਨੂੰ ਵੀ ਹੋਰਾਂ ਵਿੱਚ ਚੰਗਾਈ ਵੇਖਣੀ ਚਾਹੀਦੀ ਹੈ। ਨਕਾਰਾਤਮਕਤਾ ਚਿੰਤਨ ਸਾਨੂੰ ਸਿਰਫ ਪਿੱਛੇ ਖਿੱਚਦੀ ਹੈ, ਜਦ ਕਿ ਸਕਾਰਾਤਮਿਕ ਸੋਚ ਸਾਨੂੰ ਅੱਗੇ ਵਧਾਉਂਦੀ ਹੈ ਸੋ ਸਮਾਜ ਦੇ ਹਰ ਪੱਖ ਨੂੰ ਨਿਰਪੱਖ ਤੌਰ 'ਤੇ ਦੇਖਣਾ ਸਾਡਾ ਮਕਸਦ ਹੋਣਾ ਚਾਹੀਦਾ ਹੈ। ਅਸੀਂ ਜੇਕਰ ਸਮਾਜ ਵਿੱਚ ਚੰਗੇ ਮਿਆਰ ਅਤੇ ਚੰਗੀ ਸੋਚ ਦਾ ਪ੍ਰਚਾਰ ਕਰੀਏ, ਤਾਂ ਦੁਨੀਆ ਨੂੰ ਬਿਹਤਰ ਬਣਾ ਸਕਦੇ ਹਾਂ। ਦੂਜਿਆਂ ਦੇ ਗੁਣਾਂ ਦੀ ਸਿਰਫ ਮਹਾਨਤਾ ਹੀ ਨਹੀਂ, ਸਗੋਂ ਆਪਣੇ ਆਪ ਵਿੱਚ ਉਸੇ ਤਰ੍ਹਾਂ ਦੀ ਸੋਚ ਦਾ ਨਿਰਮਾਣ ਕਰਨਾ ਵੀ ਜ਼ਰੂਰੀ ਹੈ। ਠੀਕ ਤਰਤੀਬ ਨਾਲ ਜੀਵਨ ਦੇ ਹਰ ਪੱਖ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਹਰ ਦਿਲ ਵਿੱਚ ਨਵੀਂ ਉਮੀਦ ਦਾ ਚਿਰਾਗ ਬਾਲਣ ਲਈ ਅਸੀਂ ਆਪ ਹੀ ਪਹਿਲ ਕਰੀਏ। ਸਿਰਫ ਸ਼ਬਦਾਂ ਨਾਲ ਨਹੀਂ, ਸੱਚੇ ਕਾਰਜਾਂ ਨਾਲ ਸਮਾਜ ਵਿੱਚ ਇੱਕ ਨਵੀਂ ਰਾਹ ਖੋਲ੍ਹੀਏ ਤੇ ਆਉਣ ਵਾਲੀ ਪੀੜ੍ਹੀ ਲਈ ਅਜਿਹੇ ਸੂਚਕ ਸੁਨੇਹੇ ਛੱਡੀਏ ਜੋ ਉਨ੍ਹਾਂ ਨੂੰ ਵੀ ਪ੍ਰੇਰਿਤ ਕਰਨ। ਉਹਨਾਂ ਨੂੰ ਸਿਖਾਓ ਕਿ ਜਿੰਦਗੀ ਦਾ ਮੂਲ ਮਕਸਦ ਸਿਰਫ ਆਪਣੇ ਲਈ ਜੀਣਾ ਨਹੀਂ, ਪਰ ਜਗਤ ਦੇ ਹਰੇਕ ਜੀਵਨ ਨੂੰ ਸੁੰਦਰ ਬਣਾਉਣ ਵਿੱਚ ਸਹਿਯੋਗ ਦੇਣਾ ਵੀ ਹੈ। ਅਸੀਂ ਸਿਰਫ ਦਾਅਵੇ ਕਰਨ ਵਾਲੇ ਨਹੀਂ, ਸੱਚਮੁੱਚ ਬਦਲਾਅ ਦੇ ਮਾਹਿਰ ਬਣੀਏ। ਹਰ ਦਿਲ ਵਿਚ ਨਵੀਂ ਲਹਿਰ ਜਗਾਉਣ ਲਈ ਆਪਣੀ ਸ਼ਕਤੀ, ਸਮਰੱਥਾ, ਤੇ ਸਮੇਂ ਨੂੰ ਸੇਵਾ ਅਤੇ ਚੰਗੇ ਕਾਰਜਾਂ ਲਈ ਸਮਰਪਿਤ ਕਰੀਏ। ਅਜੇਹੇ ਕੰਮ ਕਰੀਏ ਜੋ ਲੋਕਾਂ ਨੂੰ ਸਿਰਫ ਚਰਚਾ ਹੀ ਨਹੀਂ, ਪ੍ਰੇਰਨਾ ਨੂੰ ਸੁੰਦਰ ਬਣਕੇ, ਆਉਣ ਵਾਲੇ ਸਮੇਂ ਲਈ ਯਾਦਗਾਰ ਬਣਾ ਦੇਣ।

ਸੋ ਆਉ, 'ਡੱਡੂ ਵਾਂਗ ਛੜਪੀਆ ਮਾਰਨ ਤੋਂ ਬਚੀਏ, ਸਕਾਰਾਤਮਿਕ ਸੋਚ ਨਾਲ ਜਿੰਦਗੀ ਨੂੰ ਰੌਸ਼ਨ ਕਰੀਏ' ਤਾਂ ਜੋ ਅਸੀਂ ਆਪਣੇ ਜੀਵਨ ਨੂੰ ਸਿਰਫ ਅੱਗੇ ਵਧਣ ਅਤੇ ਚੰਗੇ ਕਾਰਜ ਕਰਨ ਲਈ ਸਮਰਪਿਤ ਕਰੀਏ ਜੋ ਬਦਲਾਅ ਦੀ ਆਵਾਜ਼ ਬਣ ਸਕਣ।

ਸ਼ਰਧਾਂਜਲੀ

### ਇੰਗਲੈਂਡ ਦੇ ਕਮਿਊਨਿਸਟ ਆਗੂ ਦਾ ਵਿਛੋੜਾ

# ਸੰਸਾਰ ਕਮਿਊਨਿਸਟ ਲਹਿਰ ਦਾ ਵਿਦਵਾਨ ਯੋਧਾ ਹਰਪਾਲ ਬਰਾੜ


-ਡਾ ਹਰਦੀਪ ਸਿੰਘ ਅਟਵਾਲ

ਇੰਗਲੈਂਡ ਯੂ.ਕੇ. ਵਸਦੇ ਅੰਤਰਰਾਸ਼ਟਰੀ ਪ੍ਰਸਿੱਧੀ ਦੇ ਕਮਿਊਨਿਸਟ ਆਗੂ, ਵਿਦਵਾਨ ਲਿਖ਼ਾਰੀ ਹਰਪਾਲ ਬਰਾੜ ਨੇ 25 ਜਨਵਰੀ, 2025 ਨੂੰ, ਭਾਰਤ ਦੇ ਸ਼ਹਿਰ ਚੰਡੀਗੜ, ਪੰਜਾਬ ਵਿੱਚ ਆਪਣੀ ਜ਼ਿੰਦਗੀ ਦੇ ਸਵਾਸ ਪੂਰੇ ਕੀਤੇ। ਪਿੰਡ ਫੱਤਣਵਾਲਾ, ਜ਼ਿਲ੍ਹਾ ਮੁਕਤਸਰ, ਪੰਜਾਬ ਵਿੱਚ ਜਨਮੇ ਇਸ ਸੰਘਰਸ਼ੀਲ ਯੋਧੇ ਦਾ 85 ਸਾਲ ਦੀ ਉਮਰ ਵਿੱਚ ਸ਼ਾਂਤੀਪੂਰਵਕ ਦੇਹਾਂਤ ਹੋ ਗਿਆ। ਉਨ੍ਹਾਂ ਦੇ ਇਸ ਅਚਾਨਕ ਵਿਛੋੜੇ ਕਾਰਣ ਪੂਰੀ ਦੁਨੀਆਂ ਦੀ ਕਮਿਊਨਿਸਟ ਹਮਦਰਦਾਂ ਵਿਚ ਸੋਗ ਦੀ ਲਹਿਰ ਫੈਲ ਗਈ ਹੈ।ਹਰਪਾਲ ਬਰਾੜ ਯੂ.ਕੇ. ਤੋਂ ਪ੍ਰਕਾਸ਼ਿਤ ਹੋ ਰਹੇ ਖੱਬੇ ਪੱਖੀ ਰਾਜਨੀਤਿਕ ਅੰਗਰੇਜ਼ੀ ਅਖਬਾਰ 'ਲਲ਼ਕਾਰ' ਦੇ ਸੰਪਾਦਕ ਸਨ। ਉਹ ਗ੍ਰੇਟ ਬ੍ਰਿਟੇਨ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਦੇ ਸੰਸਥਾਪਕ ਅਤੇ 2018 ਤਕ ਚੇਅਰਮੈਨ ਰਹੇ। ਉਹ 'ਹੈਂਡਸ ਆਫ ਚਾਈਨਾ' ਮੁਹਿੰਮ ਦਾ ਸਹਿ-ਸੰਸਥਾਪਕ ਵੀ ਸਨ। ਹਰਪਾਲ ਬਰਾੜ ਨੇ ਕਮਿਊਨਿਜ਼ਮ, ਭਾਰਤੀ ਗਣਤੰਤਰਵਾਦ, ਸਾਮਰਾਜਵਾਦ, ਜ਼ਾਇਓਨਵਾਦ ਵਿਰੋਧੀ, ਬਸਤੀਵਾਦ ਵਿਰੋਧੀ ਅਤੇ ਬ੍ਰਿਟਿਸ਼ ਜਨਰਲ ਸਟ੍ਰਾਈਕ ਵਰਗੇ ਵਿਸ਼ਿਆਂ 'ਤੇ ਕਈ ਕਿਤਾਬਾਂ ਲਿਖੀਆਂ ਹਨ। ਉਹ ਇਗਲੈਂਡ ਦੀ ਸਟਾਲਿਨ ਸੁਸਾਇਟੀ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ।

ਇਸ ਮਾਰਕਸਵਾਦੀ ਵਿਦਵਾਨ ਅਤੇ ਕਮਿਊਨਿਸਟ ਨੇਤਾ ਦਾ ਜਨਮ 5 ਅਕਤੂਬਰ 1939 ਨੂੰ ਪਿੰਡ ਫੱਤਣਵਾਲਾ, ਜ਼ਿਲ੍ਹਾ ਮੁਕਤਸਰ, ਪੰਜਾਬ ਵਿੱਚ ਹੋਇਆ ਸੀ। ਉਹ ਪਿਤਾ ਹਰਚੰਦ ਸਿੰਘ ਬਰਾੜ ਦੇ ਸਪੁੱਤਰ ਸਨ ਜੋ ਪੰਜਾਬ ਵਿਧਾਨ ਸਭਾ ਵਿੱਚ ਸਾਬਕਾ ਵਿਧਾਇਕ ਸਨ। ਸ੍ਰੀ ਮੁਕਤਸਰ ਸਾਹਿਬ ਦੇ ਖਾਲਸਾ ਹਾਈ ਸਕੂਲ ਅਤੇ ਖਾਲਸਾ ਕਾਲਜ ਤੋਂ ਪੜ੍ਹਾਈ ਕਰਨ ਤੋਂ ਬਾਅਦ, ਉਨ੍ਹਾਂ ਦਿੱਲੀ ਵਿਖੇ ਕਾਨੂੰਨ ਦੀ ਪੜ੍ਹਾਈ ਕੀਤੀ । ਫਿਰ 1962 ਵਿੱਚ ਯੂਨੀਵਰਸਿਟੀ ਕਾਲਜ ਲੰਡਨ ਵਿੱਚ ਉੱਚ-ਵਿਦਿਆ ਲਈ ਬ੍ਰਿਟੇਨ ਚਲੇ ਗਏ। ਬ੍ਰਿਟੇਨ ਵਿਖੇ ਵਿਦਿਆਰਥੀ ਕਾਲ ਦੌਰਾਨ, ਉਨ੍ਹਾਂ ਨੇ ਲੂਟਨ ਲਾਇਬ੍ਰੇਰੀ ਵਿੱਚ ਮਾਰਕਸਵਾਦ ਬਾਰੇ ਅਧਿਐਨ ਸ਼ੁਰੂ ਕੀਤਾ ਅਤੇ ਅੰਤਿਮ ਸਵਾਸਾਂ ਤੱਕ ਸਮਾਜਵਾਦੀ ਫ਼ਲਸਫ਼ੇ ਤੇ ਪਹਿਰਾ ਦੇਕੇ ਇਸ ਦੇ ਉਦੇਸ਼ ਲਈ ਜੂਝਦੇ ਰਹੇ। ਉਨ੍ਹਾਂ 1962 ਤੋਂ ਬ੍ਰਿਟੇਨ ਵਿੱਚ ਰਹਿ ਕੇ ਕੰਮ ਕੀਤਾ, ਪਹਿਲਾਂ ਇੱਕ ਵਿਦਿਆਰਥੀ ਵਜੋਂ, ਫਿਰ ਹੈਰੋ ਕਾਲਜ ਆਫ ਹਾਇਰ ਐਜੂਕੇਸ਼ਨ ਵਿੱਚ ਕਾਨੂੰਨ ਦੇ ਲੈਕਚਰਾਰ ਵਜੋਂ (ਜਿਸਨੂੰ ਬਾਅਦ ਵਿੱਚ ਵੈਸਟਮਿੰਸਟਰ ਯੂਨੀਵਰਸਿਟੀ ਵਿੱਚ ਮਿਲਾ ਦਿੱਤਾ ਗਿਆ), ਅਤੇ ਬਾਅਦ ਵਿੱਚ ਟੈਕਸਟਾਈਲ ਕਾਰੋਬਾਰ ਵੀ ਕੀਤਾ। ਪਰ ਸਮਾਜਵਾਦੀ ਉਦੇਸ਼ ਲਈ ਆਪਣਾ ਅਸਲ ਜਨੂੰਨ ਅਤੇ ਜ਼ੋਸ਼ ਕਾਇਮ ਰੱਖੀਆ।

ਉਨ੍ਹਾਂ ਇੰਡੀਅਨ ਵਰਕਰਜ਼ ਐਸੋਸੀਏਸ਼ਨ (ਆਈ.ਡਬਲਯੂ.ਏ-ਜੀ.ਬੀ) ਦੀ ਰਾਸ਼ਟਰੀ ਲੀਡਰਸ਼ਿਪ ਵਿੱਚ ਕਈ ਸਾਲਾਂ ਤੱਕ ਸੇਵਾ ਕੀਤੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧ ਸਾਮਰਾਜਵਾਦ ਵਿਰੋਧੀ ਰਸਾਲੇ 'ਲਲ਼ਕਾਰ' ਦੀ ਸਥਾਪਨਾ ਕੀਤੀ। ਫਿਰ ਕਾਮਰੇਡ ਬਰਾੜ, ਮਾਓਵਾਦੀ ਇਨਕਲਾਬੀ ਮਾਰਕਸਵਾਦੀ-ਲੈਨਿਨਵਾਦੀ ਲੀਗ ਵਿੱਚ ਸ਼ਾਮਲ ਹੋ ਗਏ, ਪਰ ਜਲਦੀ ਹੀ, 'ਐਸੋਸੀਏਸ਼ਨ ਆਫ ਕਮਿਊਨਿਸਟ ਵਰਕਰਜ਼' ਦਾ ਸੰਸਥਾਪਕ ਮੈਂਬਰ ਬਣਨ ਦੇ ਨਾਲ-ਨਾਲ, 'ਭਾਰਤੀ ਕਮਿਊਨਿਸਟਾਂ ਦੀ ਐਸੋਸੀਏਸ਼ਨ' ਦੇ ਮੈਂਬਰ ਵੀ ਬਣ ਗਏ। ਉਹ ਅਤੇ ਉਨ੍ਹਾਂ ਦੇ ਸਾਥੀ 1997 ਵਿੱਚ ਕਾਮਰੇਡ ਆਰਥਰ ਸਕਾਰਗਿਲ ਦੀ 'ਸੋਸ਼ਲਿਸਟ ਲੇਬਰ ਪਾਰਟੀ' ਵਿੱਚ ਸ਼ਾਮਲ ਹੋ ਗਏ। ਇਸ ਪਾਰਟੀ ਵੱਲੋਂ ਕਾਮਰੇਡ ਬਰਾੜ 1997 ਅਤੇ 2001 ਵਿੱਚ ਈਲਿੰਗ ਸਾਊਥਹਾਲ, ਇੰਗਲੈਂਡ ਤੋਂ ਸੰਸਦੀ ਉਮੀਦਵਾਰ ਦੇ ਤੌਰ 'ਤੇ ਆਮ ਚੋਣਾਂ 'ਚ ਹਿੱਸਾ ਵੀ ਲਿਆ। ਬਰਾੜ ਅਤੇ ਉਨ੍ਹਾਂ ਦੇ ਸਾਥੀਆਂ ਨੇ ਮਾਰਕਸਵਾਦੀ-ਲੈਨਿਨਵਾਦੀ ਸਿਧਾਂਤਾ ਤੇ ਐਸ.ਐਲ.ਪੀ ਵਿੱਚ ਵੀ ਸੋਧਵਾਦ ਦੇ ਖ਼ਿਲਾਫ ਲੜਾਈ ਨੂੰ ਜ਼ਾਰੀ ਰੱਖਿਆ। ਇਸ ਦੇ ਸੱਤ ਸਾਲ ਬਾਅਦ, ਜੁਲਾਈ 2004 ਵਿੱਚ ਜਦੋਂ ਗ੍ਰੇਟ ਬ੍ਰਿਟੇਨ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਦਾ ਗਠਨ ਕੀਤਾ ਗਿਆ ਅਤੇ ਹਰਪਾਲ ਬਰਾੜ ਇਸ ਦੇ ਪਹਿਲੇ ਚੇਅਰਮੈਨ ਬਣੇ ਸਨ। ਕਾਮਰੇਡ ਬਰਾੜ ਅਤੇ ਉਸ ਦੇ ਸਾਥੀਆਂ ਵਾਲੀ ਸੀ.ਪੀ.ਜੀ.ਬੀ-ਐਮ.ਐਲ ਦੇ ਗਠਨ ਦਾ ਉਦੇਸ਼, ਮਜ਼ਦੂਰ ਜਮਾਤ ਦੀ ਲਹਿਰ ਵਿੱਚ ਮੌਕਾਪ੍ਰਸਤੀ ਦਾ ਵਿਰੋਧ ਕਰਨਾ, 1920 ਦੇ ਦਹਾਕੇ ਦੌਰਾਨ ਗ੍ਰੇਟ ਬ੍ਰਿਟੇਨ ਦੀ ਕਮਿਊਨਿਸਟ ਪਾਰਟੀ ਦੇ "ਜਮਾਤ ਵਿਰੁੱਧ ਜਮਾਤ" ਪ੍ਰੋਗਰਾਮ ਨੂੰ ਮੁੜ ਸੁਰਜੀਤ ਕਰਨਾ ਅਤੇ ਬ੍ਰਿਟੇਨ ਵਿੱਚ ਸਮਾਜਵਾਦ ਦੀ ਸਥਾਪਨਾ ਲਈ ਜੱਦੋਜਹਿਦ ਕਰਨਾ ਸੀ। ਗ੍ਰੇਟ ਬ੍ਰਿਟੇਨ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨੂੰ 2008 ਵਿੱਚ "ਪ੍ਰੋਲੇਤਾਰੀ" ਨਾਮ ਨਾਲ ਚੋਣ ਕਮਿਸ਼ਨ ਕੋਲ ਰਜਿਸਟਰ ਕੀਤਾ ਗਿਆ ਸੀ, ਜੋ ਸੀ.ਪੀ.ਜੀ.ਬੀ-ਐਮ.ਐਲ ਦੇ ਦੋ-ਮਾਸਿਕ ਅਖ਼ਬਾਰਾਂ ਦਾ ਨਾਮ ਵੀ "ਪ੍ਰੋਲੇਤਾਰੀ" ਹੈ।

ਸਤੰਬਰ 2018 ਵਿੱਚ ਸੀ.ਪੀ.ਜੀ.ਬੀ-ਐਮ.ਐਲ ਦੀ ਅੱਠਵੀਂ ਕਾਂਗਰਸ ਵਿੱਚ, ਕਾਮਰੇਡ ਹਰਪਾਲ ਬਰਾੜ ਨੇ ਪਾਰਟੀ ਦੇ ਚੇਅਰਮੈਨ ਦੇ ਅਹੁਦੇ ਤੋਂ ਅਸਤੀਫੇ ਦਾ ਐਲਾਨ ਕੀਤਾ, ਜਿਸ ਦੀ ਥਾਂ ਔਰਤ ਕਾਮਰੇਡ ਏਲਾ ਰੂਲ ਪਾਰਟੀ ਦੇ ਆਗੂ ਬਣੇ। ਮਿਤੀ 19 ਜੁਲਾਈ 2008 ਨੂੰ, ਹਰਪਾਲ ਬਰਾੜ ਉਨ੍ਹਾਂ ਲੋਕਾਂ ਵਿੱਚੋਂ ਇੱਕ ਸਨ ਜਿਨ੍ਹਾਂ ਨੇ 'ਹੈਂਡਸ ਆਫ ਚਾਈਨਾ' ਮੁਹਿੰਮ ਦੀ ਸਥਾਪਨਾ ਕੀਤੀ, ਜੋ 'ਪੀਪਲਜ਼ ਰਿਪਬਲਿਕ ਆਫ ਚਾਈਨਾ' ਦੀ ਰੱਖਿਆ ਕਰਨ ਅਤੇ "ਚੀਨ ਦੀ ਪ੍ਰਭੂਸੱਤਾ ਅਤੇ ਖੇਤਰੀ ਅਖੰਡਤਾ" ਦੀ ਰੱਖਿਆ ਕਰਨ ਅਤੇ "ਤਾਈਵਾਨ ਅਤੇ ਤਿੱਬਤ ਵਰਗੇ ਮਹੱਤਵਪੂਰਨ ਰਾਸ਼ਟਰੀ ਹਿੱਤਾਂ ਦੇ ਮੁੱਦਿਆਂ 'ਤੇ ਦੇਸ਼ ਦੇ ਨਿਆਂਪੂਰਨ ਰੁਖ" ਦੀ ਰੱਖਿਆ ਕਰਨ ਲਈ ਸਮਰਪਿਤ ਸੀ।






ਕਾਮਰੇਡ ਹਰਪਾਲ ਨੇ ਜ਼ਿੰਬਾਬਵੇ ਅਤੇ ਦੱਖਣੀ ਅਫਰੀਕਾ, ਵੀਅਤਨਾਮ ਅਤੇ ਕੋਰੀਆ, ਫਲਸਤੀਨ ਅਤੇ ਮੱਧ ਪੂਰਬ ਤੋਂ ਲੈ ਕੇ ਆਇਰਿਸ਼ ਪੁਨਰ-ਏਕੀਕਰਨ ਅਤੇ ਰਾਸ਼ਟਰੀ ਮੁਕਤੀ ਦੇ ਮਹਾਨ ਸਾਮਰਾਜ ਵਿਰੋਧੀ ਕਾਰਨਾਂ ਤੱਕ, ਆਪਣੇ ਸਮੇਂ ਦੇ ਬਹੁਤ ਸਾਰੇ ਮਹਾਨ ਮੁਕਤੀ ਸੰਘਰਸ਼ਾਂ ਵਿੱਚ ਭੂਮਿਕਾ ਨਿਭਾਈ। ਅਤੇ ਬੇਸ਼ੱਕ ਉਨ੍ਹਾਂ ਪੂੰਜੀਵਾਦੀ ਸ਼ੋਸ਼ਣ ਅਤੇ ਸਾਮਰਾਜਵਾਦ ਤੋਂ ਮਜ਼ਦੂਰ ਜਮਾਤ ਦੀ ਮੁਕਤੀ ਦੇ ਕੇਂਦਰੀ ਸਵਾਲ ਨੂੰ ਹੱਲ ਕਰਨ ਲਈ ਅਣਥੱਕ ਸੰਘਰਸ਼ ਕੀਤਾ।

ਹਰਪਾਲ ਬਰਾੜ, ਭਾਰਤੀ ਸੁਤੰਤਰਤਾ ਅੰਦੋਲਨ ਬਾਰੇ, ਇਸ ਆਮ ਧਾਰਨਾ ਨਾਲ ਸਹਿਮਤ ਨਹੀਂ ਸਨ ਕਿ ਇਹ ਅੰਦੋਲਨ ਸ਼ਾਂਤੀਪੂਰਨ ਅਤੇ ਸ਼ਾਂਤੀਵਾਦੀ ਸੀ ਅਤੇ ਇਸ ਦੀ ਅਗਵਾਈ ਪੂਰੀ ਤਰ੍ਹਾਂ ਮਹਾਤਮਾ ਗਾਂਧੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਨੇ ਕੀਤੀ ਸੀ। ਆਪਣੀ ਕਿਤਾਬ 'ਇਨਕਲਾਬ ਜ਼ਿੰਦਾਬਾਦ: ਇੰਡੀਆਸ ਲਿਬਰੇਸ਼ਨ ਸਟ੍ਰਗਲ' ਵਿੱਚ ਉਹ ਦਲੀਲ ਦਿੰਦੇ ਹਨ ਕਿ ਇਹ ਜਨਤਾ ਨਾਲ ਜੁੜਿਆ, ਇੱਕ ਹਿੰਸਕ ਅਤੇ ਖ਼ੂਨੀ ਜਮਾਤੀ ਸੰਘਰਸ਼ ਹੋਇਆ ਸੀ। ਉਹ ਮਹਾਤਮਾ ਗਾਂਧੀ ਅਤੇ ਕਾਂਗਰਸ 'ਤੇ ਬ੍ਰਿਟਿਸ਼ ਸਾਮਰਾਜਵਾਦ ਦੀ ਹਮਾਇਤ ਕਰਨ ਦਾ ਦੋਸ਼ ਲਗਾਉਂਦੇ ਹਨ ਅਤੇ ਉਸ ਨੂੰ "ਭਾਰਤੀ ਬੁਰਜੂਆਜ਼ੀ ਦਾ ਸਭ ਤੋਂ ਸਮਝੌਤਾ ਪੂਰਨ, ਕਾਇਰ ਅਤੇ ਅੜੀਅਲ ਪ੍ਰਤੀਨਿਧ" ਦੱਸਦੇ ਹਨ।ਭਾਰਤ ਦੇ ਆਜ਼ਾਦੀ ਇਨਕਲ਼ਾਬੀ ਲ਼ਹਿਰ ਲਈ ਕਾਮਰੇਡ ਹਰਪਾਲ ਦਾ ਪੂਰਨ ਨਿਹਚਾ ਸੀ ।ਹਰਪਾਲ ਦੇ ਪ੍ਰੇਣਾ ਸਹਿਯੋਗ ਨਾਲ ਭਾਰਤੀ ਬਸਤੀਵਾਦੀ ਆਜ਼ਾਦੀ ਦੇ ਇਨਕਲ਼ਾਬੀ ਸ਼ਹੀਦ ਸੁਖਦੇਵ ਦਾ ਜਨਮ ਸਥਾਨ ਸਮਾਰਕ, ਸਨ 2004 ਵਿੱਚ ਲੁਧਿਆਣਾ ਸ਼ਹਿਰ ਵਿੱਚ ਸਥਾਪਤ ਹੋ ਸਕਿਆ। ਮਾਰਚ 1931 ਦੇ ਇਨਕਲ਼ਾਬੀ ਸ਼ਹੀਦ ਸੁਖਦੇਵ ਥਾਪਰ ਦਾ ਜਨਮ ਸਥਾਨ ਭਾਰਤੀ ਸਰਕਾਰਾਂ ਦੁਆਰਾ ਅਣਗੌਲਿਆ ਹੀ ਸੀ ਅਤੇ ਸ਼ਹਿਰ ਦੇ ਸੰਘਰਸ਼ਸ਼ੀਲ ਲੋਕਾਂ ਦੁਆਰਾ ਬਣੀ "ਸ਼ਹੀਦ ਸੁਖਦੇਵ ਯਾਦਗਾਰ ਕਮੇਟੀ, ਲੁਧਿਆਣਾ" ਅਤੇ 'ਇੰਡੀਅਨ ਵਰਕਰਜ਼ ਐਸੋਸੀਏਸ਼ਨ,ਇੰਗਲੈਂਡ' ਦੇ ਸਾਥੀਆਂ ਦੇ ਯਤਨਾਂ ਨਾਲ, ਇਸ ਜਨਮ ਸਥਾਨ ਦੀ ਇੱਕ ਸਮਾਰਕ ਦੇ ਰੂਪ ਵਿੱਚ ਸੰਭਾਲ ਸੰਭਵ ਹੋ ਸਕੀ।



ਕਾਮਰੇਡ ਬਰਾੜ ਨੇ ਮਾਰਕਸਵਾਦ, ਸਾਮਰਾਜਵਾਦ ਅਤੇ ਸੋਧਵਾਦ ਦੇ ਵੱਖ-ਵੱਖ ਪਹਿਲੂਆਂ 'ਤੇ ਚੌਦਾਂ ਦੇ ਕਰੀਬ

**ਹਰਪਾਲ ਬਰਾੜ ਨੇ ਮਾਰਕਸਵਾਦ, ਸਾਮਰਾਜਵਾਦ ਅਤੇ ਸੋਧਵਾਦ ਦੇ ਵੱਖ-ਵੱਖ ਪਹਿਲੂਆਂ 'ਤੇ ਚੌਦਾਂ ਦੇ ਕਰੀਬ ਕਿਤਾਬਾਂ ਸਵੈ-ਪ੍ਰਕਾਸ਼ਤ ਕੀਤੀਆਂ ਹਨ। ਇਹ ਰਚਨਾਵਾਂ ਮੂਲ ਸਮੱਗਰੀ ਅਤੇ ਲੇਖਾਂ ਦਾ ਸੁਮੇਲ ਹਨ ਜੋ ਵਿਸ਼ਵ ਭਰ ਦੀਆਂ ਬਹੁਤ ਸਾਰੀਆਂ ਕਮਿਊਨਿਸਟ ਪਾਰਟੀਆਂ ਦੁਆਰਾ ਅੰਤਰਰਾਸ਼ਟਰੀ ਪੱਧਰ 'ਤੇ ਅਨੁਵਾਦ ਅਤੇ ਵੰਡੀਆਂ ਗਈਆਂ ਹਨ। ਕਿਤਾਬਾਂ ਵਜੋਂ ਪ੍ਰਕਾਸ਼ਿਤ ਉਸ ਦੀਆਂ ਪ੍ਰਮੁੱਖ ਰਚਨਾਵਾਂ ਹਨ,**

- **ਇਨਕਲਾਬ ਜ਼ਿੰਦਾਬਾਦ, ਭਾਰਤ ਦਾ ਆਜ਼ਾਦੀ ਸੰਘਰਸ਼** (2014)
- **ਸੋਧਵਾਦ ਅਤੇ ਯੂਐਸਐਸਆਰ ਦੀ ਮੌਤ**
- **1926 ਬ੍ਰਿਟਿਸ਼ ਜਨਰਲ ਹੜਤਾਲ**
- **ਯੂਗੋਸਲਾਵੀਆ ਵਿਰੁੱਧ ਨਾਟੋ ਦੀ ਹਿੰਸਕ ਜੰਗ**
- **ਸਾਮਰਾਜਵਾਦ ਅਤੇ ਯੁੱਧ**
- **ਸਾਮਰਾਜਵਾਦ - ਪ੍ਰੋਲੇਤਾਰੀ ਦੇ ਸਮਾਜਿਕ ਇਨਕਲਾਬ ਦੀ ਪੂਰਵ ਸੰਧਿਆ**
- **ਚਿਮੁਰੇਂਗਾ ਜ਼ਿੰਬਾਬਵੇ ਵਿੱਚ ਆਜ਼ਾਦੀ ਸੰਘਰਸ਼**
- **ਸਾਮਰਾਜਵਾਦ - ਪਤਨਸ਼ੀਲ, ਪਰਜੀਵੀ, ਮਰਰਹੀ ਪੂੰਜੀਵਾਦ**
- **ਬੁਰਜੂਆ ਰਾਸ਼ਟਰਵਾਦ ਜਾਂ ਪ੍ਰੋਲੇਤਾਰੀ ਅੰਤਰਰਾਸ਼ਟਰੀਵਾਦ ?**
- **ਪੇਰੇਸਟ੍ਰੋਇਕਾ: ਸੋਧਵਾਦ ਦਾ ਪੂਰੀ ਤਰ੍ਹਾਂ ਪਤਨ** (1992)
- **ਟਰਾਟਸਕੀਵਾਦ ਜਾਂ ਲੈਨਿਨਵਾਦ** (1993)
- **ਸਮਾਜਿਕ ਲੋਕਤੰਤਰ: ਅੰਦਰੂਨੀ ਦੁਸ਼ਮਣ** (1995)

ਕਿਤਾਬਾਂ ਸਵੈ-ਪ੍ਰਕਾਸ਼ਤ ਕੀਤੀਆਂ ਹਨ।ਹਰਪਾਲ ਨੇ ਪ੍ਰੋਲੇਤਾਰੀ ਕ੍ਰਾਂਤੀ ਅਤੇ ਔਰਤ ਮੁਕਤੀ ਦੇ ਸਵਾਲ 'ਤੇ ਵਿਸਥਾਰ ਨਾਲ ਲਿਖਿਆ। ਹਰਪਾਲ ਵੱਲੋਂ, ਸੋਸ਼ਲ ਡੈਮੋਕਰੇਸੀ ਦੀ ਇੱਕ ਸਾਮਰਾਜਵਾਦੀ ਪਾਰਟੀ ਵਜੋਂ ਲੇਬਰ ਪਾਰਟੀ ਦੀ ਆਲੋਚਨਾ, ਸਾਰੇ ਬਰਤਾਨਵੀ ਮਜ਼ਦੂਰਾਂ ਲਈ ਪੜ੍ਹਨਾ ਜ਼ਰੂਰੀ ਹੈ। ਉਸਨੇ ਭਾਰਤੀ, ਜ਼ਿੰਬਾਬਵੇ, ਕੋਰੀਅਨ ਅਤੇ ਵੀਅਤਨਾਮੀ ਰਾਸ਼ਟਰੀ ਮੁਕਤੀ, ਬੁਰਜੂਆ ਰਾਸ਼ਟਰਵਾਦ, ਕਾਲੇ ਵੱਖਵਾਦ ਅਤੇ ਪਛਾਣ ਦੀ ਰਾਜਨੀਤੀ 'ਤੇ ਲਿਖਿਆ। ਉਸਨੇ ਬੇਸ਼ੱਕ ਸੋਵੀਅਤ ਲੋਕਾਂ ਅਤੇ ਚੀਨ ਦੀਆਂ ਮਹਾਨ ਕ੍ਰਾਂਤੀਕਾਰੀ ਲਹਿਰਾਂ 'ਤੇ ਵਿਸਤ੍ਰਿਤ ਤੌਰ 'ਤੇ ਲਿਖਿਆ ਅਤੇ ਉਨ੍ਹਾਂ ਨੇ ਮੱਧ ਪੂਰਬ ਵਿੱਚ ਜ਼ਾਇਓਨਿਜ਼ਮ ਅਤੇ ਸਾਮਰਾਜਵਾਦ ਦੀਆਂ ਇਤਿਹਾਸਕ ਜੜ੍ਹਾਂ 'ਤੇ ਰਾਸ਼ਟਰੀ ਮੁਕਤੀ ਅਤੇ ਸਵੈ-ਨਿਰਣੇ ਲਈ ਫਲਸਤੀਨੀ ਲੋਕਾਂ ਦੇ ਕਾਰਨਾਂ ਦੇ ਵਿਸ਼ੇਸ਼ ਸੰਦਰਭ ਵਿੱਚ ਲਿਖਿਆ।

ਹਰਪਾਲ ਬਰਾੜ ਮੰਨਦੇ ਸਨ ਕਿ 1956 ਵਿੱਚ ਸੋਵੀਅਤ ਯੂਨੀਅਨ ਦੀ ਕਮਿਊਨਿਸਟ ਪਾਰਟੀ ਦੀ 20 ਵੀਂ ਕਾਂਗਰਸ ਦੌਰਾਨ ਖਰੂਸ਼ਚੇਵ-ਸੋਧਵਾਦ ਦੇ ਪ੍ਰਗਟ ਹੋਇਆ ਅਤੇ ਉਹ ਉਸਤੋਂ ਪਹਿਲਾਂ ਵਾਲੀਆਂ ਯੂ.ਐਸ.ਐਸ.ਆਰ ਦੀਆਂ ਸਰਕਾਰਾਂ ਅਤੇ ਨੇਤਾਵਾਂ ਦਾ ਪੱਖ ਸਹੀ ਮੰਨਦੇ ਸਨ। ਬਰਾੜ ਦੁਆਰਾ ਸੰਪਾਦਿਤ ਅਖਬਾਰ 'ਲਲ਼ਕਾਰ' ਨੇ 1951 ਵੇਲੇ ਦੇ 'ਬ੍ਰਿਟਿਸ਼ ਰੋਡ ਟੂ ਸੋਸ਼ਲਿਜ਼ਮ' (ਗ੍ਰੇਟ ਬ੍ਰਿਟੇਨ ਦੀ ਮੂਲ ਕਮਿਊਨਿਸਟ ਪਾਰਟੀ ਦਾ ਪ੍ਰੋਗਰਾਮ) ਨੂੰ "ਗੈਰ-ਮਾਰਕਸਵਾਦੀ" ਕਰਾਰ ਦਿੱਤਾ ਅਤੇ ਇਸ ਦਾਅਵੇ ਦੀ ਆਲੋਚਨਾ ਕੀਤੀ ਕਿ ਜੋਸੇਫ ਸਟਾਲਿਨ ਨੇ ਇਸ ਨੂੰ "ਕਲਪਨਾ" ਵਜੋਂ ਮਨਜ਼ੂਰੀ ਦਿੱਤੀ ਸੀ। ਕਾਮਰੇਡ ਬਰਾੜ ਨੂੰ ਹਮੇਸ਼ਾ ਸਟਾਲਿਨ ਦੇ ਪ੍ਰਸ਼ੰਸਕ ਵਜੋਂ ਦੇਖਿਆ ਜਾਂਦਾ ਰਿਹਾ ਹੈ ।

"ਇੱਕ ਇਨਕਲਾਬੀ ਸਿਧਾਂਤ ਤੋਂ ਬਿਨਾਂ, ਕੋਈ ਇਨਕਲਾਬੀ ਲਹਿਰ ਨਹੀਂ ਹੋ ਸਕਦੀ।" ਇਹ ਉਹ ਨਾਅਰਾ ਸੀ ਜਿਸਨੂੰ ਉਨ੍ਹਾਂ ਨੇ 'ਲਲ਼ਕਾਰ' ਪਰਚੇ ਦੇ ਬੈਨਰ 'ਤੇ ਵੀ ਲਿਖਿਆ ਸੀ। ਇਸੇ ਲਈ ਉਸਨੇ ਮਾਰਕਸਵਾਦੀ ਅਧਿਐਨ ਨੂੰ ਆਪਣੀ ਇਨਕਲਾਬੀ ਪ੍ਰੈਕਟਿਸ ਦਾ ਇੱਕ ਜ਼ਰੂਰੀ ਹਿੱਸਾ ਬਣਾਇਆ। ਉਹ ਆਪਣੀ ਧੀ ਜੋਤੀ ਬਰਾੜ ਜੋਕਿ ਬ੍ਰਿਟੇਨ ਦੀ ਵਰਕਰਜ਼ ਪਾਰਟੀ ਦੇ ਉਪ ਨੇਤਾ ਹੈ, ਦੇ ਨਾਲ, ਸਟਾਲਿਨ ਸੁਸਾਇਟੀ ਦੇ ਪ੍ਰਧਾਨ ਵੀ ਰਹਿ ਚੁੱਕੇ ਹਨ ਅਤੇ ਇੱਕ ਸਰਗਰਮ ਮੈਂਬਰ ਸਨ। ਇਹ ਸੋਸਾਇਟੀ 'ਕੈਟਿਨ ਕਤਲੇਆਮ' ਵਿੱਚ ਸੋਵੀਅਤ ਸਰਕਾਰ ਦੀ ਗਲਤੀ ਤੋਂ ਇਨਕਾਰ ਕਰਦੀ ਹੈ ਜਿਸ ਲਈ ਉਹ ਨਾਜ਼ੀਆਂ ਨੂੰ ਜ਼ੁੰਮੇਵਾਰ ਮੰਨਦੇ ਹਨ, 1932-33 ਦੇ ਸੋਵੀਅਤ ਸੋਕੇ ਲਈ ਉਹ ਵਿਦੇਸ਼ੀ ਪਾਬੰਦੀਆਂ, ਕੁਲਕ ਭੰਨਤੋੜ ਅਤੇ ਮੌਸਮ ਦੇ ਤਰੀਕਿਆਂ; ਮਾਸਕੋ ਮੁਕੱਦਮਿਆਂ ਨੂੰ ਉਹ ਨਿਰਪੱਖ ਪ੍ਰਕਿਰਿਆ ਦੱਸਦੇ ਹਨ।

ਹਰਪਾਲ ਨੇ ਰਚਨਾਤਮਕ ਤੌਰ 'ਤੇ ਸੋਚਿਆ ਕਿ ਬ੍ਰਿਟਿਸ਼ ਮਜ਼ਦੂਰਾਂ ਦੇ ਸਮੂਹ ਨਾਲ ਇਨਕਲਾਬੀ ਰਾਜਨੀਤੀ ਨੂੰ ਕਿਵੇਂ ਜੋੜਿਆ ਜਾਵੇ। ਇਸ ਉਦੇਸ਼ ਲਈ ਉਸਨੇ ਆਪਣੇ ਸਮੇਂ ਦੇ ਮਹਾਨ ਇਨਕਲਾਬੀਆਂ ਅਤੇ ਬ੍ਰਿਟਿਸ਼ ਮਜ਼ਦੂਰ ਜਮਾਤ ਦੇ ਨੇਤਾਵਾਂ ਨਾਲ ਕੰਮ ਕੀਤਾ, ਜਿਨ੍ਹਾਂ ਵਿੱਚ ਕਲਾਉਡੀਆ ਜੋਨਸ ਅਤੇ ਮਨਚੰਦਾ, ਅਵਤਾਰ ਜੌਹਲ, ਜਗਮੋਹਨ ਜੋਸ਼ੀ, ਆਰਥਰ ਸਕਾਰਗਿਲ, ਫਰੈਂਕ ਕੇਵ ਅਤੇ ਬੌਬ ਕ੍ਰੋ ਸ਼ਾਮਲ ਹਨ। "ਵਿਗਿਆਨ ਦਾ ਕੋਈ ਸ਼ਾਹੀ ਰਸਤਾ ਨਹੀਂ ਹੈ, ਅਤੇ ਸਿਰਫ਼ ਉਹੀ ਲੋਕ ਜੋ ਇਸਦੇ ਸਿੱਧੀ ਚੜ੍ਹਾਈ ਵਾਲੇ ਰਸਤਿਆਂ ਦੀ ਥਕਾਵਟ ਵਾਲੀ ਚੜ੍ਹਾਈ ਤੋਂ ਨਹੀਂ ਡਰਦੇ, ਇਸਦੇ ਚਮਕਦਾਰ ਸਿਖਰਾਂ ਨੂੰ ਪ੍ਰਾਪਤ ਕਰਨ ਦਾ ਮੌਕਾ ਰੱਖਦੇ ਹਨ।" ਕਾਮਰੇਡ ਹਰਪਾਲ ਲਈ, ਅਧਿਐਨ ਰਾਜਨੀਤੀ ਦਾ ਇੱਕ ਵਿਹਾਰਕ ਹਿੱਸਾ ਸੀ ਜਿਸ ਤੋਂ ਬਿਨਾਂ ਅਸੀਂ ਮਿਹਨਤਕਸ਼ ਲੋਕਾਂ ਨੂੰ, ਉਨ੍ਹਾਂ ਦੀ ਮੌਜੂਦਾ ਗੁਲਾਮੀ ਦੀ ਸਥਿਤੀ, ਉਨ੍ਹਾਂ ਦੀ ਉਜਰਤੀ ਗੁਲਾਮੀ ਤੋਂ ਮੁਕਤ ਕਰਨ ਵਿੱਚ ਕਦੇ ਵੀ ਸਫ਼ਲ ਨਹੀਂ ਹੋ ਸਕਦੇ।

ਕਾਮਰੇਡ ਹਰਪਾਲ ਬਿਨਾਂ ਸ਼ੱਕ ਮਾਰਕਸ ਅਤੇ ਲੈਨਿਨ ਦਾ ਇੱਕ ਮਹਾਨ ਪੈਰੋਕਾਰ ਸਨ ਅਤੇ ਉਹ ਰੂਸ ਵਿੱਚ ਮਹਾਨ ਸਮਾਜਵਾਦੀ ਅਕਤੂਬਰ ਇਨਕਲਾਬ ਨੂੰ ਮਾਨਵਤਾ ਲਈ ਸੱਭਿਆਚਾਰਕ ਗਿਆਨ ਅਤੇ ਆਜ਼ਾਦੀ ਦੇ ਇੱਕ ਵਾਟਰਸ਼ੈਡ ਆਸਰੇ ਵਜੋਂ ਮੰਨਦੇ ਸਨ। ਹਰਪਾਲ ਦੀ ਟ੍ਰਾਟਸਕੀਵਾਦ ਦੀ ਆਲੋਚਨਾ, ਜੋਸੇਫ ਸਟਾਲਿਨ ਦੀ ਇਨਕਲਾਬੀ ਸਿੱਖਿਆ ਅਤੇ ਅਗਵਾਈ ਦਾ ਬਚਾਅ, ਅਤੇ ਸੋਵੀਅਤ ਸਮਾਜਵਾਦ ਦੇ ਪਤਨ ਦਾ ਕਾਰਨ ਬਣਨ ਵਾਲੇ ਖਰੁਸ਼ੇਚਵਾਦ ਅਤੇ ਸੋਧਵਾਦ ਦੀ ਉਸਦੀ ਵਿਸਥਾਰਤ ਆਲੋਚਨਾ ਉਨ੍ਹਾਂ ਦੇ ਸੰਸਾਰ ਕਮਿਊਨਿਸਟ ਲਹਿਰ ਨੂੰ ਦਿੱਤੇ, ਸਥਾਈ ਸਿਧਾਂਤਕ ਯੋਗਦਾਨਾਂ ਵਿੱਚੋਂ ਇੱਕ ਹੈ।ਅੱਜ ਇਸ ਅਣਥੱਕ ਸਿਰੜੀ ਕਮਿਊਨਿਸਟ ਆਗੂ ਦੇ ਵਿਛੋੜੇ ਨਾਲ ਸੰਸਾਰ ਪੱਧਰ ਦੀ ਸਮੁੱਚੀ ਮਿਹਨਤਕਸ਼ ਜਮਾਤ ਅਤੇ ਕਮਿਊਨਿਸਟ ਲਹਿਰ ਲਈ ਘਾਟਾ ਹੈ।

**ਕਾਮਰੇਡ ਹਰਪਾਲ ਬਰਾੜ ਜਿਨ੍ਹਾਂ ਤਾਉਮਰ ਕਮਿਊਨਿਸਟ ਲਹਿਰ ਦੇ ਲੇਖੇ ਲਾਏ ਉਨ੍ਹਾਂ ਦੀਆਂ ਦੇਣਾਂ ਜੋ ਵੱਖ-ਵੱਖ ਕੌਮਾਂਤਰੀ ਪੱਧਰ ਦੀਆਂ ਲਿਖਤਾਂ ਵਿਚ ਦਰਜ ਹਨ। ਉਨ੍ਹਾਂ ਦੀ ਵਿਚਾਰਧਾਰਾ ਅਤੇ ਪ੍ਰਤੀਬੱਧਤਾ ਉਪਰ ਸਾਨੂੰ ਨਾਜ਼ ਹੈ। ਉਨ੍ਹਾਂ ਦੇ ਵਿਛੋੜੇ 'ਤੇ ਵੱਖ-ਵੱਖ ਸੰਸਥਾਵਾਂ ਸ਼ਰਧਾ ਦੇ ਫੁੱਲ ਭੇਟ ਕਰਦੀਆਂ ਹਨ। ਜਿਨ੍ਹਾਂ ਵਿਚ ਕੌਮੀ ਤੇ ਕੌਮਾਂਤਰੀ ਪੱਧਰ ਦੀਆਂ ਵੱਖ-ਵੱਖ ਸੰਸਥਾਵਾਂ ਸ਼ਾਮਲ ਹਨ। (ਉਨ੍ਹਾਂ ਦਾ ਉਲੇਖ ਵੱਖਰੇ ਰੂਪ 'ਚ ਦਰਜ ਕੀਤਾ ਜਾਵੇਗਾ ਅਤੇ ਸ਼ੋਕ ਮਤੇ ਵੀ ਵਿਸਥਾਰ ਸਹਿਤ ਦਰਜ ਕੀਤੇ ਜਾਣਗੇ - ਸੰਪਾਦਕ)**

*ਔਖੇ ਪੈਂਡਿਆਂ ਦਾ ਰਾਹੀ...*

# ਕਾਮਰੇਡ ਜਗਮੋਹਣ ਸਿੰਘ ਨੂੰ ਸਲਾਮ

**ਪਾਵੇਲ ਕੁੱਸਾ**

70ਵਿਆਂ ਦਾ ਦਹਾਕਾ ਦੇਸ਼ ਤੇ ਪੰਜਾਬ ਅੰਦਰ ਇਨਕਲਾਬੀ ਤਰਥੱਲੀਆਂ ਦਾ ਦਹਾਕਾ ਸੀ। ਨਕਸਲਬਾੜੀ ਦੀ ਬਗਾਵਤ ਦੇ ਝੰਜੋੜੇ ਨਾਲ ਨੌਜਵਾਨ ਤੇ ਵਿਦਿਆਰਥੀ ਲਹਿਰ ਨੇ ਵੇਗ ਫੜਿਆ ਸੀ ਅਤੇ ਕਮਿਊਨਿਸਟ ਇਨਕਲਾਬੀ ਲਹਿਰ ਵਿੱਚ ਵੀ ਨੌਜਵਾਨ ਮੋਹਰੀ ਸਫਾਂ 'ਚ ਸਨ। ਲੁੱਟ ਤੇ ਵਿਤਕਰਿਆਂ ਅਧਾਰਿਤ ਇਸ ਰਾਜ ਤੇ ਸਮਾਜ ਨੂੰ ਬਦਲ ਕੇ ਇਨਕਲਾਬ ਲੈ ਆਉਣ ਦਾ ਸੁਪਨਾ ਲੱਖਾਂ ਨੌਜਵਾਨਾਂ ਦੀਆਂ ਅੱਖਾਂ ਚਮਕਿਆ ਸੀ ਤੇ ਇਸ ਆਦਰਸ਼ ਲਈ ਕਿੰਨਿ੍ਆਂ ਨੇ ਹੀ ਆਪਣੀਆਂ ਪੜ੍ਹਾਈਆਂ ਤੇ ਨੌਕਰੀਆਂ ਅਧਵਾਟੇ ਛੱਡ ਕੇ ਇਨਕਲਾਬੀ ਲਹਿਰ ਨੂੰ ਸਮਰਪਿਤ ਹੋ ਜਾਣ ਦੇ ਫੈਸਲੇ ਕੀਤੇ ਸਨ। ਲਹਿਰ ਦੇ ਉਤਰਾਵਾਂ ਚੜ੍ਹਾਵਾਂ ਤੇ ਸੰਕਟਾਂ ਦੇ ਹਾਲਾਤਾਂ 'ਚ ਕਿੰਨੇ ਹੀ ਉਹ ਸਨ ਜਿਹੜੇ ਇਹਨਾਂ ਫੈਸਲਿਆਂ 'ਤੇ ਪੁੱਗ ਨਾ ਸਕੇ ਪਰ ਉਹ ਵੀ ਸਨ ਜਿਹੜੇ ਪੰਜ ਪੰਜ ਦਹਾਕਿਆਂ ਤੋਂ ਉਹਨਾਂ ਸੁਪਨਿਆਂ ਨੂੰ ਹਕੀਕਤ ਬਦਲ ਦੇਣ ਲਈ ਉਸੇ ਸਮਰਪਣ ਦੀ ਭਾਵਨਾ ਨਾਲ ਜੁਟੇ ਰਹੇ ਹਨ। ਕਾਮਰੇਡ ਜਗਮੋਹਣ ਸਿੰਘ ਵੀ ਉਹਨਾਂ ਪੁਰਾਣੇ ਇਨਕਲਾਬੀਆਂ 'ਚ ਸ਼ੁਮਾਰ ਹੁੰਦੇ ਹਨ ਜਿਨ੍ਹਾਂ ਨੇ ਜਵਾਨੀ ਵੇਲੇ ਲੋਕ ਇਨਕਲਾਬ ਦੇ ਮਹਾਨ ਮਿਸ਼ਨ ਨੂੰ ਜ਼ਿੰਦਗੀ ਦਾ ਮਕਸਦ ਬਣਾਇਆ ਤੇ ਇਸ ਮਕਸਦ ਖਾਤਿਰ ਜ਼ਿੰਦਗੀ ਜਿਉਣ ਦਾ ਰਾਹ ਫੜਿਆ। ਕਮਿਊਨਿਸਟ ਇਨਕਲਾਬੀ ਲਹਿਰ ਦੇ ਉਤਰਾਅ ਚੜ੍ਹਾਅ ਤੇ ਸੰਕਟ ਦੇ ਦੌਰ ਵੀ ਉਹਨਾਂ ਨੂੰ ਇਸ ਮਕਸਦ ਖਾਤਰ ਜਿਉਣ ਦੇ ਰਾਹ ਤੋਂ ਥਿੜਕਾ ਨਹੀਂ ਸਕੇ।

1950 ਦੇ ਵਰ੍ਹੇ ਪਿੰਡ ਕੋਠਾਗੁਰੂ ਜ਼ਿਲ੍ਹਾ ਬਠਿੰਡਾ 'ਚ ਜਨਮੇ ਕਾਮਰੇਡ ਜਗਮੋਹਣ ਸਿੰਘ 70ਵਿਆਂ ਦੇ ਦਹਾਕੇ ਦੇ ਸ਼ੁਰੂਆਤੀ ਸਾਲਾਂ ਦੌਰਾਨ ਰਜਿੰਦਰਾ ਮੈਡੀਕਲ ਕਾਲਜ ਪਟਿਆਲਾ 'ਚ ਆਪਣੀ ਐਮਬੀਬੀਐਸ ਦੀ ਪੜ੍ਹਾਈ ਦੌਰਾਨ ਵਿਦਿਆਰਥੀ ਲਹਿਰ ਦੇ ਪ੍ਰਭਾਵ 'ਚ ਆਏ। 1972 ਦੇ ਮਹਾਨ ਮੋਗਾ ਘੋਲ ਦੌਰਾਨ ਹੋ ਰਹੇ ਐਕਸ਼ਨਾਂ ਚ ਉਹਨਾਂ ਨੇ ਜੋਸ਼ੀਲੀ ਸ਼ਮੂਲੀਅਤ ਕੀਤੀ। ਇਸ ਸ਼ੁਰੂਆਤੀ ਦੌਰ 'ਚ ਹੀ ਕਾਮਰੇਡ ਜਗਜੀਤ ਸੋਹਲ, ਸ਼ਹੀਦ ਦਇਆ ਸਿੰਘ ਤੇ ਮੁਖਤਿਆਰ ਪੂਹਲਾ ਵਰਗੇ ਕਮਿਊਨਿਸਟ ਇਨਕਲਾਬੀਆਂ ਨੇ ਉਹਨਾਂ ਦੀ ਜ਼ਿੰਦਗੀ ਦੀ ਸੇਧ ਉਲੀਕਣ 'ਚ ਅਹਿਮ ਰੋਲ ਨਿਭਾਇਆ। ਉਹ ਐਮਬੀਬੀਐਸ ਦੀ ਡਿਗਰੀ ਮੁਕੰਮਲ ਕਰਨ ਮਗਰੋਂ ਕੁਝ ਮਾਮੂਲੀ ਅਰਸਾ ਨੌਕਰੀ 'ਤੇ ਗਏ ਪਰ ਉਹਨਾਂ ਨੇ ਜਲਦੀ ਹੀ ਨੌਕਰੀ ਨੂੰ ਤਿਆਗ ਕੇ ਇਨਕਲਾਬ ਦੇ ਮਹਾਨ ਮਿਸ਼ਨ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਲਿਆ ਅਤੇ ਇੱਕ ਕੁਲਵਕਤੀ ਵਜੋਂ ਕਮਿਊਨਿਸਟ ਇਨਕਲਾਬੀ ਲਹਿਰ ਚ ਸ਼ਾਮਿਲ ਹੋ ਗਏ। ਡਾਕਟਰੀ ਪੇਸ਼ੇ 'ਚ ਜਾਣ ਦੀ ਥਾਂ ਉਹਨਾਂ ਨੇ ਪੇਸ਼ੇਵਰ ਇਨਕਲਾਬੀ ਵਾਲੀ ਕਠਿਨਾਈਆਂ ਭਰੀ ਜ਼ਿੰਦਗੀ ਦੀ ਚੋਣ ਕੀਤੀ। ਉਹ ਇਨਕਲਾਬੀ ਸਰਗਰਮੀ ਲਈ ਮਹਿਜ਼ 'ਜ਼ਿੰਦਗੀ ਦੀਆਂ ਵਿਹਲੀਆਂ ਸ਼ਾਮਾਂ' ਗੁਜ਼ਾਰਨ ਵਾਲਿਆਂ ਚੋਂ ਨਹੀਂ ਸਨ, ਉਹਨਾਂ ਲਈ ਇਨਕਲਾਬ ਇਕ ਮਹਾਨ ਮਿਸ਼ਨ ਸੀ ਤੇ ਇਸ ਮਿਸ਼ਨ ਲਈ ਸਮਰਪਤ ਹੋ ਕੇ ਜਿਉਣ ਦੀ ਭਾਵਨਾ ਸੀ। ਲਗਭਗ ਪੰਜ ਦਹਾਕੇ ਤੋਂ ਉਹ ਆਖਰੀ ਸਾਹਾਂ ਤੱਕ ਲਹਿਰ ਵਿੱਚ ਡਟੇ ਰਹੇ।

ਕਾਮਰੇਡ ਜਗਮੋਹਣ ਸਿੰਘ ਨੇ ਮਾਰਕਸਵਾਦ-ਲੈਨਿਨਵਾਦ ਤੇ ਮਾਓ ਵਿਚਾਰਧਾਰਾ ਦੇ ਫ਼ਲਸਫਾਨਾ ਸੱਚ ਦੇ ਮਾਰਗ ਨੂੰ ਮਨੁੱਖਤਾ ਦੀ ਮੁਕਤੀ ਦੇ ਮਾਰਗ ਵਜੋਂ ਦੇਖਿਆ ਅਤੇ ਇਸ ਰੌਸ਼ਨੀ ਵਿੱਚ ਭਾਰਤ ਅੰਦਰ ਨਵ-ਜਮਹੂਰੀ ਇਨਕਲਾਬ ਦੇ ਕਾਰਜ ਵਿੱਚ ਹਿੱਸਾ ਪਾਇਆ। ਉਹ ਮੁਲਕ ਅੰਦਰੋਂ ਸਾਮਰਾਜਵਾਦੀ ਦੇ ਚੋਰ-ਗੁਲਾਮੀ ਤੇ ਜਗੀਰਦਾਰੀ ਦੇ ਖਾਤਮੇ ਰਾਹੀਂ



ਲੋਕ ਇਨਕਲਾਬ ਦੇ ਟੀਚੇ ਨੂੰ ਪਰਨਾਏ ਰਹੇ। ਦਹਾਕਿਆਂ ਲੰਮੀ ਇਸ ਸਿਆਸੀ ਜ਼ਿੰਦਗੀ ਦੌਰਾਨ ਉਹਨਾਂ ਨੇ ਪੰਜਾਬ ਅੰਦਰ ਕਮਿਊਨਿਸਟ ਇਨਕਲਾਬੀ ਸਰਗਰਮੀ ਦੇ ਵੱਖ-ਵੱਖ ਖੇਤਰਾਂ 'ਚ ਤੇ ਵੱਖ-ਵੱਖ ਪੱਧਰਾਂ 'ਤੇ ਜਿੰਮੇਵਾਰੀਆਂ ਓਟੀਆਂ ਤੇ ਨਿਭਾਈਆਂ। ਹੁਣ ਉਹ ਲੰਮੇ ਅਰਸੇ ਤੋਂ ਸੁਰਖ ਲੀਹ ਪ੍ਰਕਾਸ਼ਨ ਨਾਲ ਜੁੜੇ ਹੋਏ ਸਨ। ਇਸ ਪ੍ਰਕਾਸ਼ਨ ਰਾਹੀਂ ਜਿੱਥੇ ਉਹਨਾਂ ਨੇ ਇਨਕਲਾਬੀ ਲਹਿਰ ਦੇ ਵੱਖ-ਵੱਖ ਖੇਤਰਾਂ ਨਾਲ ਸਬੰਧਿਤ ਲਿਖਤਾਂ ਦੀ ਛਪਾਈ ਤੇ ਵੰਡ-ਮੜਾਈ ਨੂੰ ਜਥੇਬੰਦ ਕਰਨ ਵਿੱਚ ਹਿੱਸਾ ਪਾਇਆ ਉੱਥੇ ਵੱਖ-ਵੱਖ ਮੌਕਿਆਂ 'ਤੇ ਕਮਿਊਨਿਸਟ ਇਨਕਲਾਬੀ ਲਹਿਰ ਅੰਦਰ ਉਠੇ ਗਲਤ ਰੁਝਾਨਾਂ ਵੇਲੇ ਵੀ ਉਹਨਾਂ ਨੇ ਠੀਕ ਵਿਚਾਰਾਂ ਦੇ ਪਸਾਰ ਲਈ ਪ੍ਰਕਾਸ਼ਨਾਵਾਂ ਜਥੇਬੰਦ ਕਰਨ ਵਿੱਚ ਯੋਗਦਾਨ ਪਾਇਆ। ਤਿੰਨ ਸੰਸਾਰਾਂ ਦੇ ਬਦਨਾਮ ਸੋਧਵਾਦੀ ਸਿਧਾਂਤ ਵੇਲੇ ਕੌਮਾਂਤਰੀ ਬਹਿਸ ਦੌਰਾਨ ਉਨ੍ਹਾਂ ਨੇ ਕਾ. ਹਰਭਜਨ ਸੋਹੀ ਦੀ ਦਸਤਾਵੇਜ਼ 'ਮਾਓ ਵਿਚਾਰਧਾਰਾ ਦੀ ਰਾਖੀ ਕਰੋ' ਦੇ ਹੱਕ ਵਿੱਚ ਪੁਜੀਸ਼ਨ ਲਈ। ਇਸ ਦਸਤਾਵੇਜ ਨੂੰ ਤੇ ਇਸ ਦੀ ਸਮਝ ਨੂੰ ਇਨਕਲਾਬੀ ਘੇਰਿਆਂ ਤੱਕ ਪਹੁੰਚਾਉਣ ਵਿੱਚ ਭੂਮਿਕਾ ਨਿਭਾਈ।

ਮੈਡੀਕਲ ਦੀ ਪੜ੍ਹਾਈ ਰਾਹੀਂ ਮਨੁੱਖਤਾ ਦੀ ਸੇਵਾ ਦੇ ਸੀਮਤ ਸੰਕਲਪ ਤੋਂ ਅੱਗੇ ਜਾਂਦਿਆਂ ਉਹਨਾਂ ਨੇ ਸਮੁੱਚੀ ਮਨੁੱਖਤਾ ਦੀ ਮੁਕਤੀ ਦੇ ਮਹਾਨ ਕਮਿਊਨਿਸਟ ਉਦੇਸ਼ ਨਾਲ ਆਪਣੇ ਆਪ ਨੂੰ ਜੋੜ ਲਿਆ ਸੀ। ਦੁਨੀਆ ਦੇ ਕਈ ਮੁਲਕਾਂ ਅੰਦਰ ਸਮਾਜਵਾਦੀ ਉਸਾਰੀ ਦੇ ਤਜਰਬਿਆਂ 'ਚੋਂ ਸਿਹਤ ਸੰਭਾਲ ਦੇ ਖੇਤਰ ਦੀਆਂ ਸਮਾਜਵਾਦੀ ਪ੍ਰਾਪਤੀਆਂ ਨੇ ਉਹਨਾਂ ਨੂੰ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਕੀਤਾ। ਇਸ ਨੂੰ ਉਹਨਾਂ ਨੇ ਸਮਾਜਵਾਦੀ ਪ੍ਰਬੰਧ ਦੀ ਉੱਤਮਤਾ ਅਤੇ ਮਨੁੱਖਤਾ ਮੁਖੀ ਹੋਣ ਦੇ ਇਕ ਅਹਿਮ ਸਬੂਤ ਵਜੋਂ ਲਿਆ। ਉਹਨਾਂ ਨੇ ਇਸ ਵਿਸ਼ੇ 'ਤੇ ਸੁਰਖ ਲੀਹ ਦੇ ਵਿਸ਼ੇਸ਼ ਕਾਲਮ 'ਮਨੁੱਖੀ ਸਿਹਤ ਤੇ ਸਮਾਜਵਾਦ' ਲਈ ਉਹਨਾਂ ਨੇ ਕਈ ਲਿਖਤਾਂ ਲਿਖੀਆਂ ਤੇ ਅਨੁਵਾਦ ਕੀਤੀਆਂ।

ਇੱਕ ਡਾਕਟਰ ਵਜੋਂ ਵੀ ਉਹਨਾਂ ਨੇ ਆਪਣੀ ਯੋਗਤਾ ਇਨਕਲਾਬੀ ਲਹਿਰ ਦੇ ਲੇਖੇ ਲਾਈ। ਲਹਿਰ ਵਿੱਚ ਹੋਰਨਾਂ ਜ਼ਿੰਮੇਵਾਰੀਆਂ ਦੇ ਨਾਲ ਨਾਲ ਉਹਨਾਂ ਨੇ ਸਾਥੀਆਂ ਦੀ ਸਿਹਤ ਸੰਭਾਲ ਦੇ ਕਾਰਜਾਂ ਵਿੱਚ ਮੋਹਰੀ ਯੋਗਦਾਨ ਪਾਇਆ। ਉਹ ਹਮੇਸ਼ਾ ਇਨਕਲਾਬੀ ਲਹਿਰ ਦੇ ਸਾਥੀਆਂ ਦੇ ਇਲਾਜ 'ਚ ਸਹਾਇਤਾ ਲਈ ਤਤਪਰ ਰਹੇ। ਕਿਸਾਨ ਮਜ਼ਦੂਰ ਲਹਿਰ ਦੇ ਕਾਰਕੁੰਨਾਂ ਦਾ ਅਜਿਹਾ ਕਾਫੀ ਵੱਡਾ ਘੇਰਾ ਹੈ ਜਿਨ੍ਹਾਂ ਨੂੰ ਇਲਾਜ ਦੌਰਾਨ ਉਹਨਾਂ ਦਾ ਸਹਿਯੋਗ ਤੇ ਸਾਥ ਹਾਸਲ ਹੋਇਆ। ਇਸ ਘੇਰੇ ਨੂੰ ਉਹਨਾਂ ਦੇ ਜਾਣ ਦੀ ਘਾਟ ਵਿਸ਼ੇਸ਼ ਤੌਰ 'ਤੇ ਰੜਕ ਰਹੀ ਹੈ। ਅਜੋਕੇ ਸਮੇਂ 'ਚ ਡਾਕਟਰੀ ਪੇਸ਼ੇ ਦੇ ਵਪਾਰੀਕਰਨ ਦੇ ਦੌਰ ਅੰਦਰ ਅਜਿਹੀ ਨਿਸ਼ਕਾਮ ਸੇਵਾ ਭਾਵਨਾ ਰਾਹੀਂ ਡਾਕਟਰ ਜਗਮੋਹਣ ਸਿੰਘ ਦੇ ਕੰਮ ਨੇ ਸਾਬਤ ਕੀਤਾ ਕਿ ਲੁੱਟ ਰਹਿਤ ਸਮਾਜ ਉਸਾਰਨ 'ਚ ਜੁਟੇ ਇਨਕਲਾਬੀਆਂ ਦਾ ਲੋਕਾਂ ਨਾਲ ਕਿਹੋ ਜਿਹਾ ਰਿਸ਼ਤਾ ਹੈ। ਇਸ ਭੂਮਿਕਾ ਨੇ ਦਰਸਾਇਆ ਕਿ ਇਹ ਇਨਕਲਾਬੀ ਹਨ ਜਿਹੜੇ ਪੂੰਜੀਵਾਦੀ ਵਪਾਰੀਕਰਨ ਦੇ ਇਸ ਦੌਰ ਅੰਦਰ ਹਰ ਪੱਖੋਂ ਮਨੁੱਖਤਾ ਦੀ ਸੇਵਾ ਦੀ ਭਾਵਨਾ ਨੂੰ ਬੁਲੰਦ ਰੱਖ ਰਹੇ ਹਨ।

ਜਦੋਂ ਉਹ ਪ੍ਰਕਾਸ਼ਨ ਦੀਆਂ ਜ਼ਿੰਮੇਵਾਰੀਆਂ 'ਚ ਖੁੱਭੇ ਹੋਏ ਸਨ ਤਾਂ ਅਚਾਨਕ ਤਿੰਨ ਮਹੀਨੇ ਪਹਿਲਾਂ ਉਹਨਾਂ ਨੂੰ ਕੈਂਸਰ ਦੀ ਗੰਭੀਰ ਬਿਮਾਰੀ ਬਾਰੇ ਪਤਾ ਲੱਗਿਆ। ਜਦੋਂ ਤੱਕ ਲੱਛਣ ਸਾਹਮਣੇ ਆਏ ਉਦੋਂ ਤੱਕ ਬਿਮਾਰੀ ਗੰਭੀਰ ਰੂਪ ਵਿੱਚ ਸਰੀਰ ਅੰਦਰ ਫੈਲ ਚੁੱਕੀ ਸੀ। ਅਦਾਰਾ ਸੁਰਖ ਲੀਹ ਅਤੇ ਇਨਕਲਾਬੀ ਜਮਹੂਰੀ ਲਹਿਰ ਵੱਲੋਂ ਇਲਾਜ ਲਈ ਕੀਤੀਆਂ ਸਿਰ ਤੋੜ ਕੋਸ਼ਿਸ਼ਾਂ ਸਫ਼ਲ ਨਾ ਹੋ ਸਕੀਆਂ ਤੇ ਉਹ 5 ਜਨਵਰੀ 2024 ਨੂੰ ਕਾਫਲੇ ਚੋਂ ਵਿਛੜ ਗਏ?। ਲਾਲ ਝੰਡੇ ਵਿੱਚ ਲਪੇਟੀ ਤੇ ਫੁੱਲਾਂ ਲੱਦੀ ਉਹਨਾਂ ਦੀ ਮ੍ਰਿਤਕ ਦੇਹ ਨੂੰ ਇਨਕਲਾਬੀ ਲਹਿਰ ਦੇ ਰਾਹੀਆਂ ਨੇ ਇਨਕਲਾਬੀ ਨਾਅਰਿਆਂ ਨਾਲ ਉਹਨਾਂ ਨੂੰ ਅੰਤਿਮ ਵਿਦਾਇਗੀ ਦਿੱਤੀ ਅਤੇ ਇਨਕਲਾਬ ਦੇ ਅਧੂਰੇ ਕਾਰਜ ਪੂਰੇ ਕਰਨ ਲਈ ਹੋਰ ਤਨਦੇਹੀ ਨਾਲ ਜੁਟਣ ਦੇ ਅਹਿਦ ਕੀਤੇ।

ਅਜੋਕੇ ਸਮੇਂ ਅੰਦਰ ਜਦੋਂ ਲੋਕਾਂ ਦੀ ਇਨਕਲਾਬੀ ਲਹਿਰ ਨੂੰ ਵੱਡੀਆਂ ਚੁਣੌਤੀਆਂ ਦਰਪੇਸ਼ ਹਨ ਤਾਂ ਇਹ ਲੋਕਾਂ ਲੇਖੇ ਜ਼ਿੰਦਗੀ ਲਾਉਣ ਦੀ ਨਿਹਚਾ ਦੀ ਪਰਖ ਦਾ ਸਮਾਂ ਹੈ। ਅਜਿਹੇ ਸਮੇਂ ਕਾ. ਜਗਮੋਹਣ ਸਿੰਘ ਵਰਗੇ ਸਾਥੀਆਂ ਦੀ ਘਾਲਣਾ ਤੇ ਯੋਗਦਾਨ ਨੂੰ ਸਿਜਦਾ ਕਰਦਿਆਂ ਉਸ ਸਮਰਪਣ ਭਾਵਨਾ ਨੂੰ ਮਨਾਂ 'ਚ ਡੂੰਘੇ ਵਸਾਉਣ ਦੀ ਲੋੜ ਹੈ ਜਿਸ ਭਾਵਨਾ ਨਾਲ ਇਨਕਲਾਬੀ ਲਹਿਰ ਦੇ ਔਖੇ ਪੈਂਡਿਆਂ 'ਤੇ ਪੁੱਗਿਆ ਜਾ ਸਕਦਾ ਹੈ। ਉਤਰਾਵਾਂ ਚੜ੍ਹਾਵਾਂ ਤੇ ਸੰਕਟਾਂ ਦੇ ਸਮਿਆਂ 'ਚ ਅਡੋਲ ਖੜ੍ਹਿਆ ਜਾ ਸਕਦਾ ਹੈ। ਇਸ ਸਮਾਜ ਅੰਦਰ ਇਨਕਲਾਬੀ ਤਬਦੀਲੀ ਲਿਆਂਦੇ ਜਾ ਸਕਣ ਦੇ ਵਿਚਾਰ ਅੰਦਰ ਡੂੰਘਾ ਭਰੋਸਾ ਅਜਿਹੀ ਅਡੋਲਤਾ ਦਿੰਦਾ ਹੈ।

ਕਾਮਰੇਡ ਜਗਮੋਹਣ ਸਿੰਘ ਨੇ ਬਹੁਤ ਅਰਥ ਭਰਪੂਰ ਜ਼ਿੰਦਗੀ ਗੁਜ਼ਾਰੀ। ਉਹ ਜ਼ਿੰਦਗੀ ਦੇ ਸਾਹਾਂ ਚ ਰਚ ਕੇ ਜਿਉਂਏ ਤੇ ਉਹਨਾਂ ਦੀ ਇਹ ਕਰਨੀ ਸਦਾ ਜਿਉਂਦੀ ਰਹੇਗੀ। ਉਹਨਾਂ ਦੀ ਜ਼ਿੰਦਗੀ ਨਵੀਂ ਪੀੜ੍ਹੀ ਦੇ ਸਾਥੀਆਂ ਨੂੰ ਇਨਕਲਾਬੀ ਸਮਾਜਿਕ ਤਬਦੀਲੀ ਲਈ ਸੰਘਰਸ਼ ਦੇ ਰਾਹ 'ਤੇ ਅਜਿਹੀ ਅਰਥ ਭਰਪੂਰ ਤੇ ਸਾਰਥਕ ਜ਼ਿੰਦਗੀ ਗੁਜ਼ਾਰਨ ਦੀ ਪ੍ਰੇਰਨਾ ਦਿੰਦੀ ਹੈ। ਉਹਨਾਂ ਨੂੰ ਸ਼ਰਧਾਂਜਲੀ ਦੇਣ ਲਈ ਅੱਜ ਬਠਿੰਡੇ ਵਿਖੇ ਲੋਕ ਲਹਿਰ ਦੇ ਕਾਫ਼ਲੇ ਦੇ ਰਾਹੀ ਜੁੜਨਗੇ।

# ਕੈਨੇਡਾ ਰਹਿੰਦਿਆਂ ਮਨ ਦੇ ਵਲਵਲੇ

**- ਨਵਦੀਪ ਸਿਮਰ**

ਮੈਨੂੰ ਅੱਜ ਕੈਨੇਡਾ ਵਿੱਚ ਚੌਥਾ ਸਾਲ ਹੈ। ਇਸ ਲਿਖਤ ਨੂੰ ਲਿਖਣ ਦਾ ਮੁਢਲਾ ਵਿਚਾਰ ਅੰਤਰ-ਰਾਸ਼ਟਰੀ ਵਿਦਿਆਰਥੀਆਂ ਖਿਲਾਫ ਵਧਦੇ ਵਿਚਾਰਾਂ ਬਾਰੇ ਸੀ, ਫਿਰ ਇਸ ਸਮੇਂ ਦੌਰਾਨ ਜੋ ਸਿੱਖ-ਹਿੰਦੂ ਵਿਵਾਦ ਹੋਇਆ, ਉਸ ਪਿੱਛੇ ਮੇਰਾ ਮਨ ਅਨੇਕਾਂ ਸਾਵਲਾਂ ਨਾਲ ਭਰ ਗਿਆ। ਕਿ ਇਹ ਅਸਲ ਵਿੱਚ ਲੜਾਈ ਹੈ ਕੀ? ਅੰਤਰ-ਰਾਸ਼ਟਰੀ ਵਿਦਿਆਰਥੀਆਂ ਦੀ? ਬੇਰੁਜ਼ਗਾਰੀ ਖਿਲਾਫ? ਹੱਕ ਮਾਰਨ ਵਾਲੇ employers ਖਿਲਾਫ? ਅੰਤ ਮੈਂ ਇਸ ਸਿੱਟੇ ਤੇ ਪਹੁੰਚੀ ਕਿ ਅਸਲੋਂ ਇਹ ਲੜਾਈ ਹੱਕ ਸੱਚ ਦੀ ਹੈ, ਕਿਰਤੀ ਜਮਾਤ ਦੀ ਹੈ, ਸਰਮਾਏਦਾਰਾਂ ਖਿਲਾਫ਼। ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦੇ ਖਿਲਾਫ਼। ਸਾਨੂੰ 6-7ਵੀਂ ਜਮਾਤ ਤੋਂ ਪੜ੍ਹਾਇਆ ਜਾਂਦਾ ਆ ਰਿਹਾ ਹੈ ਕਿ ਮਨੁੱਖ ਇੱਕ ਸਮਾਜਿਕ ਪ੍ਰਾਣੀ ਹੈ। ਅਸੀਂ ਕੁਦਰਤ ਅਤੇ ਕਾਇਨਾਤ ਦੁਆਰਾ ਇੱਕ ਦੂਜੇ ਨਾਲ ਬੱਝੇ ਹੋਏ ਹਾਂ ਅਤੇ ਇੱਕ ਦੂਜੇ ਤੇ ਨਿਰਭਰ ਹਾਂ। ਇੱਕ ਆਮ ਆਦਮੀ ਜੋ ਦਿਨ ਵੇਲੇ ਰੋਜ਼ੀ ਕਮਾਉਣ ਵਿੱਚ ਰੁੱਝਿਆ ਹੁੰਦਾ ਹੈ ਅਤੇ ਸ਼ਾਮ ਦਾ ਸਮਾਂ ਪਰਿਵਾਰ ਨਾਲ ਬਤੀਤ ਕਰਦਾ ਹੈ, ਉਹ ਇਸ ਸਕੂਨ ਨੂੰ ਛੱਡ ਕੇ ਲੜਾਈ ਝਗੜੇ ਜਾਂ ਫਿਰਕੂ ਨਫਰਤ ਵਿੱਚ ਆਪਣਾ ਸਮਾਂ ਕਿਉਂ ਬਰਬਾਦ ਕਰੇਗਾ? ਸੋਚਣ ਵਾਲੀ ਗੱਲ ਹੈ ਕਿ ਇਸ ਨਫਰਤ ਦਾ ਹਕੀਕੀ ਲਾਭ ਕਿਸਨੂੰ ਹੁੰਦਾ ਹੈ? ਕਿਸ ਤਰ੍ਹਾਂ ਕੁਝ ਚੰਦ ਲੋਕਾਂ ਨੇ ਸਾਰੀ ਧਰਤੀ ਤੇ ਕਬਜ਼ਾ ਕਰ ਲਿਆ ਹੈ ਅਤੇ ਸਾਨੂੰ ਇਸ ਕੈਦ ਦਾ ਇੰਨਾ ਕੁ ਆਦੀ ਬਣਾ ਦਿੱਤਾ ਗਿਆ ਹੈ ਕਿ ਇਸਦੇ ਉਲਟ ਸੋਚਣਾ ਤੱਕ ਵੀ ਬਹੁਤ ਔਖਾ ਲਗਦਾ ਹੈ।

ਅਸੀਂ ਸਾਰਿਆਂ ਨੇ ਹੀ ਬਨ-ਮਾਨਸਾ ਤੋਂ ਅੱਜ ਤੱਕ ਦਾ ਸਫ਼ਰ ਤੈਅ ਕੀਤਾ ਹੈ। ਫਿਰ ਇਹ ਨਿਯਮ ਕਿਸ ਤਰ੍ਹਾਂ ਬਣ ਗਏ ਕਿ ਧਰਤੀ ਦੇ ਇੱਕ ਟੁਕੜੇ ਤੇ ਕਿਸੇ ਦਾ ਅਧਿਕਾਰ ਹੈ ਅਤੇ ਦੂਜੇ ਟੁਕੜੇ ਤੇ ਕਿਸੇ ਹੋਰ ਦਾ। ਇਹ ਠੀਕ ਹੈ ਕਿ ਇਸ ਦੁਨੀਆ ਨੂੰ ਇਕ ਸੰਚਾਲਨ ਵਿਚ ਰੱਖਣ ਲਈ ਕੁਝ ਨਿਯਮਾਂ ਦਾ ਹੋਣਾ ਜ਼ਰੂਰੀ ਹੈ। ਪਰ ਇਹ ਨਿਯਮ ਸਿਰਫ਼ ਆਮ ਘਰੇ ਦੇ ਲੋਕਾਂ ਜਾਂ ਗਰੀਬਾਂ 'ਤੇ ਹੀ ਕਿਉਂ ਲਾਗੂ ਹੁੰਦੇ ਹਨ। ਇਹ ਵੰਡੀਆਂ ਨਿਸ਼ਚਿਤ ਕਰਨ ਵਾਲੀ ਹਕੂਮਤ ਤੇ ਕਿਉਂ ਨਹੀਂ? ਕਿਉਂ ਨੀਰਵ ਮੋਦੀ ਵਰਗੇ ਲੋਕ, ਜੋ ਦੇਸ਼ ਨਾਲ ਧੋਖਾ ਕਰਦੇ ਹਨ, ਉਨ੍ਹਾਂ ਦੇ ਕਰਜ਼ੇ ਤੱਕ ਮਾਫ਼ ਹੋ ਜਾਂਦੇ ਹਨ ਅਤੇ vise ਵੀ ਬੜੀ ਅਸਾਨੀ ਨਾਲ ਮਿਲ ਜਾਂਦੇ ਹਨ। ਪਰ ਇਹੀ vise ਇਕ ਆਮ ਇਨਸਾਨ ਲਈ ਵਧੇਰੇ ਗੁੰਝਲਦਾਰ ਢੰਗ ਅਤੇ ਫੀਸਾਂ ਦੇ ਨਾਲ ਆਉਂਦਾ ਹੈ। ਜੇਕਰ ਇਨ੍ਹਾਂ ਗੱਲਾਂ ਤੋਂ ਕਿਸੇ ਦੇ ਮਨ ਅੰਦਰ ਅਜਿਹੀ ਵਿਆਖਿਆ ਆ ਰਹੀ ਹੈ ਜੋ ਕਿ ਉਸਦੇ ਨਹੀਂ ਸਗੋਂ ਇਸ ਸਰਕਾਰ ਜਾ ਇਸ system ਦੇ ਹੱਕ ਵਿੱਚ ਹੈ ਤਾਂ ਇਹ ਬੜੀ ਹੀ ਦੁੱਖ ਦੀ ਗੱਲ ਹੈ, ਕਿਉਂਕਿ ਤੁਸੀਂ ਆਪ ਸੋਚੋ, ਇਕ ਜੁਰਮ ਕਰਨ ਵਾਲੇ ਲਈ ਇਸ ਤੋਂ ਵੱਧ ਕੇ ਹੋਰ ਕੀ ਲਾਭਦਾਇਕ ਹੋ ਸਕਦਾ ਹੈ ਜੇਕਰ ਉਸਦਾ ਪੀੜਿਤ ਹੀ ਉਸਦੇ ਜੁਰਮਾਂ, ਅਨਿਆ ਅਤੇ ਅਤਿਆਚਾਰਾਂ ਨੂੰ ਦੁਨੀਆ ਅੱਗੇ justify ਕਰੇ ਅਤੇ ਇਸਨੂੰ ਰੱਬ ਦੀ ਮਰਜ਼ੀ ਦੱਸੇ। ਕਿਸੇ ਨੂੰ ਹਮੇਸ਼ਾ ਹੀ ਜੇਲ ਵਿਚ ਰੱਖਣ ਦਾ ਇਕ ਚੰਗਾ ਤੇ ਸੌਖਾ ਤਰੀਕਾ ਹੈ ਕੇ ਉਸਨੂੰ ਪਤਾ ਹੀ ਨਾ ਲੱਗਣ ਦਿੱਤਾ ਜਾਵੇ ਕਿ ਉਹ ਕੈਦ ਵਿੱਚ ਹੈ।

ਸਰਕਾਰਾਂ 'ਰਾਜ' ਕਰਦੀਆਂ ਹਨ। 'ਰਾਜ' ਸ਼ਬਦ-ਜਦੋਂ ਕਿਸੇ ਤੇ ਰਾਜ ਹੁੰਦਾ ਹੈ ਤਾਂ ਉਹ ਇਸ ਗੱਲ ਨਾਲ ਵੱਧ ਜੁੜਿਆ ਹੋਇਆ ਹੁੰਦਾ ਹੈ ਕਿ ਇਹ ਹੋਣਾ ਕਿਸਤੇ ਹੈ। ਦੁੱਖ ਦੀ ਗੱਲ ਇਹ ਹੈ ਕਿ ਸਾਡੇ 'ਚੋਂ ਵਧੇਰੇ ਗਿਣਤੀ ਇਸੇ ਰਾਜ ਕਰਨ ਅਤੇ ਇਸੇ ਤਰੀਕੇਕਾਰ ਨਾਲ ਖੁਸ਼ ਹੈ। ਉਹ ਸਵਾਲ ਕਰਨੇ ਭੁੱਲ ਚੁੱਕੇ ਹਨ। ਉਹ ਇਸ ਵਿਸ਼ੇ ਬਾਰੇ ਸੋਚਦੇ ਤੱਕ ਨਹੀਂ ਕਿ ਸਮਾਜ ਦੀ ਦਸ਼ਾ ਕਿਧਰ ਨੂੰ ਜਾ ਰਹੀ ਹੈ। ਸਾਨੂੰ ਇਹ ਭੁੱਲਣਾ ਨਹੀਂ ਚਾਹੀਦਾ ਕਿ ਹਰ ਇਨਸਾਨ ਦੀ ਸਮਾਜ ਪ੍ਰਤੀ ਕੋਈ ਜ਼ਿੰਮੇਵਾਰੀ ਬਣਾਦੀ ਹੈ। ਇਸ ਤੋਂ ਮੂੰਹ ਮੋੜਨ ਨਾਲ ਜਾ ਕੋਈ ਵਿਚਾਰ ਨਾ ਬਣਾਉਣ ਨਾਲ, ਉਹ ਸਮਾਜ ਤੋਂ ਵੱਖ ਨਹੀਂ ਹੋ ਜਾਂਦੇ ਅਤੇ ਨਾ ਹੀ ਇਹ ਸੰਭਵ ਹੈ। ਸਗੋਂ ਕੋਈ ਵਿਚਾਰਧਾਰਾ ਨਾ ਰੱਖਣਾ ਵੀ ਹਕੂਮਤ ਦੇ ਹੱਕ ਵਿੱਚ ਹੀ ਭੁਗਤਦਾ ਹੈ। ਕਹਿੰਦੇ ਹਨ ਕਿ ਜੁਰਮ ਸਹਿਣ ਵਾਲਾ ਜਾ ਜੁਰਮ ਹੁੰਦਾ ਦੇਖ ਕਿ ਇਸਨੂੰ ਅਣਦੇਖਾ ਕਰਨ ਵਾਲਾ ਵੀ ਉਸ ਵਿਅਕਤੀ ਦੇ ਬਰਾਬਰ ਦਾ ਦੋਸ਼ੀ ਹੁੰਦਾ ਹੈ ਜੋ ਜੁਰਮ ਕਰ ਰਿਹਾ ਹੁੰਦਾ ਹੈ।

ਸਰਮਾਏਦਾਰੀ ਰਾਜ ਵਿੱਚ 19-21 ਦੇ ਫਰਕ ਨਾਲ ਅਸੀਂ ਆਮ ਲੋਕ ਲਗਭਗ ਇਕੋ ਜਿਹੀ ਜ਼ਿੰਦਗੀ ਬਤੀਤ ਕਰਦੇ ਹਾਂ। ਇਕੋ ਜਿਹੀਆਂ ਫ਼ਿਕਰਾਂ ਅਤੇ ਬੋਝ ਹੰਢਾਉਂਦੇ ਹਾਂ। ਪਰ ਜਿਨ੍ਹਾਂ ਨੇ ਇਹ ਸਾਰਾ system ਸਿਰਜਿਆ ਉਹ ਕਿਓਂ ਨਹੀਂ?

18-19ਵੀਂ ਸਦੀ ਵਿੱਚ ਜਦੋਂ ਅੰਗਰੇਜ਼ੀ ਹਕੂਮਤ ਨੇ ਸਾਡੇ ਲੋਕਾਂ ਤੇ ਸ਼ਰੇਆਮ ਧੱਕਾ/ਅੱਤਿਆਚਾਰ ਕੀਤਾ ਤਦ ਵੀ ਸਾਨੂੰ ਕੋਈ ਦੋ ਸੌ ਸਾਲ ਲੱਗ ਗਏ ਅਜ਼ਾਦੀ ਪ੍ਰਾਪਤ ਕਰਦਿਆਂ। ਇਸ ਸਦੀ ਵਿੱਚ ਅੱਤਿਆਚਾਰ ਵੀ ਸ਼ਰੇਆਮ ਨਹੀਂ ਹੈ ਅਤੇ ਦੁਸ਼ਮਣ ਵੀ ਸਾਡੇ ਆਪਣੇ ਲੋਕਾਂ ਵਿੱਚੋਂ ਹਨ। ਨੀਤੀ ਓਹੀ ਹੈ 'ਵੰਡੋ ਅਤੇ ਰਾਜ ਕਰੋ', ਬੱਸ ਰਾਹ ਵਧੇਰੇ ਚਲਾਕੀ ਵਾਲਾ ਅਪਣਾਇਆ ਗਿਆ ਹੈ- ਨਸ਼ਿਆਂ, ਫੋਨਾਂ, individual culture ਭਾਰੂ ਕਰਕੇ; ਮਾਨਸਿਕ ਹੇਰਾਫੇਰੀ ਦੁਆਰਾ ਦਿਮਾਗ ਨੂੰ ਖੁੰਢਿਆਂ ਕਰਨ ਦੀ ਯੋਜਨਾ ਨਾਲ, ਆਪਸੀ ਵੰਡੀਆਂ/ਲੜਾਈਆਂ ਕਰਵਾ ਕੇ; ਅਸਲੀ ਮੁੱਦਿਆਂ ਤੋਂ ਧਿਆਨ ਭਟਕਾਉਣ ਦਾ ਰਾਹ। ਭਲਾ ਆਪ ਸੋਚੋ ਜੇਕਰ ਸਰਕਾਰ ਰਾਤੋ ਰਾਤ 500/1000 ਦੇ ਨੋਟ ਬੰਦ ਕਰ ਸਕਦੀ ਹੈ ਤਾਂ ਨਸ਼ਾ ਕਿਓਂ ਨਹੀਂ। ਇਸ ਤੋਂ ਇਲਾਵਾ ਜੇਕਰ ਅਸੀਂ ਇਕ ਝਾਤ ਇਤਿਹਾਸ ਵੱਲ ਮਾਰੀਏ ਜਿਵੇਂਕਿ ਕਿਸ ਤਰ੍ਹਾਂ ਸਾਡੇ ਗੁਰੂਆਂ ਨੇ ਬਿਨਾ ਕੋਈ ਧਰਮ ਜਾਂ ਜਾਤ ਦੇਖੇ, ਲੋਕਾਂ ਲਈ ਕੁਰਬਾਨੀਆਂ ਦਿੱਤੀਆਂ। ਕਿਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਦੁਨੀਆ ਦਾ ਪੈਦਲ ਦੌਰਾ ਕੀਤਾ ਅਤੇ ਵੱਧ ਤੋਂ ਵੱਧ ਨਵੀਂ ਸੋਚ ਲੋਕਾਂ ਤੱਕ ਪਹੁਚਾਉਣ ਦਾ ਯਤਨ ਕੀਤਾ। ਕਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਬਿਨਾ ਜਾਤ ਦੇਖੇ ਪੰਜ ਪਿਆਰੇ ਚੁਣੇ। ਕਿਸ ਤਰ੍ਹਾਂ ਬਾਬਾ ਬੰਦਾ ਸਿੰਘ ਬਾਹਦਰ ਜੀ ਜੋ ਕਿ ਇਕ ਦੱਖਣ ਭਾਰਤ ਦੇ ਵਾਸੀ ਸਨ, ਨੇ ਪੰਜਾਬ ਵਿਚ ਸਹਿਬਜ਼ਾਦਿਆਂ ਦੇ ਬਦਲੇ ਲਈ ਉਸ ਸਮੇਂ ਦੀ ਹਕੂਮ ਦੀ ਇੱਟ ਨਾਲ ਇੱਟ ਖੜਕਾ ਦਿੱਤੀ ਸੀ। ਇਸ ਤੋਂ ਪਤਾ ਲਗਦਾ ਹੈ ਕਿ ਸਿੱਖ ਧਰਮ ਸਿਰਫ਼ ਪੰਜਾਬੀਆਂ ਦਾ ਨਹੀਂ, ਸਾਡੇ ਭਾਰਤ ਦਾ ਇਤਿਹਾਸ ਹੈ। ਇਸ ਉੱਪਰ ਸਭ ਦਾ ਸਾਂਝਾ ਬਰਾਬਰ ਦਾ ਹੱਕ ਹੈ। ਜੇਕਰ ਸਾਡੇ ਇਤਿਹਾਸਕ ਨਾਇਕਾਂ ਅਤੇ ਗੁਰੂਆਂ ਨੇ ਇੰਨੇ ਪੁਰਾਣੇ ਸਮੇਂ ਵਿੱਚ ਏਨੀ ਅਗਾਂਹਵਧੂ ਸੋਚ ਨੂੰ ਅਪਣਾਇਆ ਤਾਂ ਅਸੀਂ, ਜੋ ਓਹਨਾਂ ਦੀ ਬਾਣੀ ਨੂੰ ਪੜ੍ਹਦੇ ਹਾਂ, ਕਿਓਂ ਇਸ ਦੁਨੀਆ ਤੋਂ ਮੂੰਹ ਮੋੜ ਲੈਂਦੇ ਹਾਂ? ਸਾਨੂੰ ਇਹ ਗੱਲ ਠੀਕ ਕਿਵੇਂ ਲੱਗ ਸਕਦੀ ਹੈ ਕਿ ਜੇਕਰ ਧਰਤੀ ਦੇ ਕਿਸੇ ਕੋਨੇ ਵਿੱਚ ਜੁਰਮ ਹੋ ਰਿਹਾ ਹੈ ਤਾ ਸਾਡੇ ਨਾਲ ਇਸਦਾ ਕੋਈ ਵਾਸਤਾ ਨਹੀਂ। ਜਦੋਂਕਿ ਸਾਨੂੰ ਇਹ ਠੀਕ ਲੱਗਣਾ ਚਾਹੀਦਾ ਹੈ ਕਿ ਇੰਨੇ ਬੱਚਿਆਂ ਨੂੰ ਸ਼ਰੇਆਮ ਬੰਬਾਂ ਨਾਲ ਉਡਾਇਆ ਜਾ ਰਿਹਾ ਹੈ ਤਾ ਕਿਸ ਤਰ੍ਹਾਂ ਇਸ ਨੂੰ ਸੰਬੋਧਿਤ ਹੋਇਆ ਜਾ ਸਕਦਾ ਹੈ (ਮੇਰਾ ਇਸ਼ਾਰਾ ਮੌਜੂਦਾ ਗਾਜ਼ਾ ਵੱਲ ਹੈ)।

ਸੁਝਾਅ ਪੱਖੋਂ ਬੱਸ ਇਨੀ ਮੈਂ ਆਪਣੇ ਲੋਕਾਂ ਨੂੰ ਅਪੀਲ ਜ਼ਰੂਰ ਕਰਨੀ ਚਾਹੂੰਗੀ ਕਿ ਜੋ ਵੀ ਤੁਹਾਨੂੰ ਜ਼ਿੰਦਗੀ ਜਾ ਸੋਸ਼ਲ ਮੀਡੀਆ ਤੇ ਦਿਖਦਾ/ਸੁਣਦਾ ਹੈ, ਉਸਤੇ ਸਵਾਲ ਕਰਨੇ ਨਾ ਛੱਡੋ। ਆਪਣੇ ਮਨ ਅੰਦਰ ਜ਼ਰੂਰ ਸੋਚੋ ਕਿ ਇਸਦਾ ਦੂਸਰਾ ਪੱਖ ਕੀ ਹੈ? ਤੁਹਾਡੇ ਕਿਸ ਤਰ੍ਹਾਂ ਸੋਚਣ ਨਾਲ ਸਰਮਾਏਦਾਰਾਂ ਨੂੰ ਫਾਇਦਾ ਹੈ ਅਤੇ ਕਿਸ ਤਰ੍ਹਾਂ ਦੀ ਸੋਚ ਇਕ ਗੁਲਾਮ ਦੀ ਸੋਚ ਹੈ! ਅੱਜ ਦੇ ਦੌਰ ਵਿਚ ਵੱਧ ਰਹੇ ਡਿਪਰੈਸ਼ਨ ਅਤੇ ਫਰਸਟ੍ਰੇਸ਼ਨ ਦਾ ਰਾਜ ਇਸ ਗੱਲ ਵਿੱਚ ਵੀ ਛੁਪਿਆ ਹੈ ਕਿ ਅਸੀਂ ਸਮਾਜਿਕ ਭਾਈਚਾਰੇ ਨੂੰ ਪਿਛਾਂਹ ਛੱਡ ਕੇ ਨਿੱਜੀ ਲਾਭ ਨੂੰ ਪ੍ਰਮੁੱਖ ਰੱਖਦੇ ਹਾਂ।

ਇਤਿਆਹਾਸ ਇਸ ਦਾ ਵੀ ਗਵਾਹ ਹੈ ਕਿ ਜੁਰਮ/ਰਾਜ ਕਰਨ ਵਾਲੀ ਹਰ ਸੱਤਾ; ਕਿਰਤੀ ਅਤੇ ਦਸਾਂ ਨਹੁੰਆਂ ਦੀ ਖਾਨ ਵਾਲੇ ਲੋਕਾ ਦੁਆਰਾ, ਪਲਟਾਈ ਜਾਂਦੀ ਹੈ। ਮੈਨੂੰ ਆਪਣੇ ਦੇਸ਼ ਦੇ ਲੋਕਾਂ ਨਾਲ ਮੋਹ ਹੈ ਅਤੇ ਭਰੋਸਾ ਹੈ ਕਿ ਸਾਡੀ ਜਮਾਤ ਦੇ ਲੋਕਾਂ ਨੇ ਆਉਣ ਵਾਲੇ ਸਮੇਂ ਵਿਚ ਇਸ ਹਕੀਕਤ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਲੈਣਾ ਹੈ। ਅਖੀਰ ਵਿਚ ਮੈਂ ਬੱਸ ਇਹੀ ਕਹੂੰਗੀ ਕਿ-

**ਬੁਰਾਈ ਤਦ ਨਹੀਂ ਵਧਦੀ ਜਦੋਂ ਬੁਰਾਈ ਕਰਨ ਵਾਲੇ ਵੱਧ ਜਾਂਦੇ ਹਨ,**
**ਬੁਰਾਈ ਉਦੋਂ ਵਧਦੀ ਹੈ ਜਦੋਂ ਬੁਰਾਈ ਸਹਿਣ ਵਾਲੇ ਵੱਧ ਜਾਂਦੇ ਹਨ।**

**'ਮਿਹਨਤਕਸ਼ ਅਤੇ ਕਿਰਤੀ ਲੋਕਾਂ ਦੀ ਜਿੱਤ!!'**

# ਸਿੱਖ-ਮੁਸਲਿਮ, ਦਲਿਤ, ਕਾਮਰੇਡ ਏਕਤਾ ਦਾ ਪ੍ਰਤੀਕ ਇਕ ਗੁਰਦੁਆਰਾ

**ਸਰਬਜੀਤ ਸੋਹੀ, ਆਸਟਰੇਲੀਆ**

ਤਹਿਸੀਲ ਸੁਨਾਮ ਦਾ ਪਿੰਡ ਬਖ਼ਸ਼ੀਵਾਲਾ ਵੀਰਾਂਗਣਾ ਗਦਰੀ ਬੀਬੀ ਗੁਲਾਬ ਕੌਰ ਦੀ ਲਾਮਿਸਾਲ ਕੁਰਬਾਨੀ ਨਾਲ ਸਦਾ ਹੀ ਭਾਰਤ ਦੇ ਨਕਸ਼ੇ ਤੇ ਜਗਮਗਾਉਂਦਾ ਰਹੇਗਾ। ਗ਼ਦਰ ਲਹਿਰ ਵਿੱਚ ਬੀਬੀ ਗੁਲਾਬ ਕੌਰ ਜੀ ਦਾ ਇਕ ਔਰਤ ਹੋ ਕੇ ਪਾਇਆ ਗਿਆ ਯੋਗਦਾਨ ਅਤੇ ਤਿਆਗਮਈ ਜੀਵਨ ਦਾ ਕੋਈ ਸਾਨੀ ਨਹੀਂ ਹੈ। ਇਸੇ ਹੀ ਪਿੰਡ ਦੇ ਮਸ਼ਹੂਰ ਕਾਮਰੇਡ ਗਿਆਨੀ ਬਚਨ ਸਿੰਘ ਬਖ਼ਸ਼ੀਵਾਲਾ ਚੀਫ਼ ਕਮਾਂਡਰ ਆਫ਼ ਮੁਜ਼ਾਰਾ ਵਾਰ ਕੌਂਸਲ ਵੀ ਲੋਕ ਲਹਿਰਾਂ ਦੇ ਨਿਧੜਕ ਜਰਨੈਲ ਸਨ, ਜੋ ਜ਼ੇਲ੍ਹ ਵਿਚੋਂ ਹੀ ਹਲਕਾ ਸੁਨਾਮ ਦੇ ਐਮ ਐਲ ਏ ਚੁਣੇ ਗਏ ਸਨ। ਪਿੰਡ ਬਖ਼ਸ਼ੀਵਾਲਾ ਦੇ ਕਾਮਰੇਡ ਕੇਹਰ ਸਿੰਘ ਬਖ਼ਸ਼ੀਵਾਲਾ ਨਾਇਕ (ਰਾਮ ਨਗਰ ਬੈਂਕ ਡਕੈਤੀ ਕਾਂਡ) ਦਾ ਨਾਮ ਵੀ ਇਤਿਹਾਸ ਵਿੱਚ ਸਤਿਕਾਰ ਸਹਿਤ ਦਰਜ ਹੈ। ਜ਼ਿਕਰਯੋਗ ਹੈ ਕਿ ਕਾਮਰੇਡ ਕੇਹਰ ਸਿੰਘ ਨੇ ਦੂਜੀ ਸੰਸਾਰ ਜੰਗ ਵਿਚ ਹਿੱਸਾ ਲਿਆ ਸੀ ਅਤੇ ਇਟਲੀ ਵਿਖੇ ਪੱਟ ਵਿਚ ਗੋਲੀ ਲੱਗਣ ਤੋਂ ਜ਼ਖ਼ਮੀ ਹੋਣ ਤੋਂ ਬਾਅਦ ਉਸ ਨੂੰ ਅੰਗਰੇਜ਼ਾਂ ਨਾਲ ਨਫ਼ਰਤ ਹੋ ਗਈ ਸੀ। ਭਾਰਤ ਆ ਕੇ ਉਹ ਆਜ਼ਾਦੀ ਦੀ ਲੜਾਈ ਵਿੱਚ ਸ਼ਾਮਲ ਹੋ ਗਿਆ ਸੀ। ਗਦਾਰ 'ਮੂਲਾ ਸਿੰਘ' ਅਤੇ ਧਰਮਗੜ੍ਹ ਵਾਲੇ ਜਗੀਰਦਾਰ ਨੂੰ ਵੀ ਕਾਮਰੇਡ ਕੇਹਰ ਸਿੰਘ ਨੇ ਹੀ ਮਾਰਿਆ ਸੀ। ਇਤਿਹਾਸ ਦੇ ਵਰਕੇ ਫੋਲਦਿਆਂ ਬਖ਼ਸ਼ੀਵਾਲਾ ਦੇ ਹੀ ਲੋਕ ਸੰਘਰਸ਼ਾਂ ਨੂੰ ਪ੍ਰਣਾਏ ਹੋਏ ਕਾਮਰੇਡ ਅਮਰ ਸਿੰਘ ਬਰਮਾਵਾਲਾ ਦਾ ਨਾਮ ਵੀ ਅਮਰ ਹਰਫ਼ਾਂ ਵਿੱਚ ਲਿਖਿਆ ਮਿਲਦਾ ਹੈ, ਜੋ ਸਭ ਤੋਂ ਲੰਬਾ ਸਮਾਂ ਵਾਰੰਟਿਡ ਇਨਕਲਾਬੀ ਰਹੇ ਸਨ। ਕਾਮਰੇਡ ਹਰੀ ਸਿੰਘ ਬਖ਼ਸ਼ੀਵਾਲਾ ਵੀ ਨਾਮਵਰ ਇਨਕਲਾਬੀ ਸਨ, ਜੋ ਬੀ ਡੀ ਪੀ ਓ ਦੀ ਨੌਕਰੀ ਛੱਡ ਕੇ ਲਹਿਰ ਵਿੱਚ ਸ਼ਾਮਲ ਹੋਏ ਸਨ।

ਪਿੰਡ ਬਖ਼ਸ਼ੀਵਾਲਾ ਦੀ ਇਨਕਲਾਬੀ ਧਰਤੀ ਤੇ ਮੁਜ਼ਾਰਾ ਲਹਿਰ ਦੀ ਚੜ੍ਹਤ ਵੇਲੇ ਬਣਾਇਆ ਗਿਆ ਇਕ ਗੁਰਦੁਆਰਾ ਵੀ ਸਥਾਪਤੀ ਖਿਲਾਫ਼ ਲੋਕ-ਏਕਤਾ ਦਾ ਇਕ ਸਦੀਵੀ ਆਈਕੋਨ ਹੈ। ਪਿੰਡਾਂ ਦੇ ਗੁਰਦੁਆਰੇ ਧਰਮ ਦੇ ਸੰਸਥਾਗਤ ਰੂਪੀ ਮੱਕੜੀ-ਜ਼ਾਲ ਦੀ ਬਜਾਏ ਭਾਈਚਾਰਕ ਸਾਂਝ ਵਿਚੋਂ ਉਸਰੇ ਹਨ। ਵੈਸੇ ਵੀ 'ਧਰਮ' ਸ਼ਬਦ ਜੋ ਸੰਸਕ੍ਰਿਤ ਦੇ ਸ਼ਬਦ 'ਦਰਮ ?ਹ' ਤੋਂ ਬਣਿਆ ਹੈ। ਪਾਲੀ ਵਿੱਚ ਇਸ ਨੂੰ 'ਧੰਮ੍ਹ' ਕਹਿੰਦੇ ਹਨ। ਇਸ ਦਾ ਅਰਥ 'ਮੇਰਾ ਰਾਹ' ਹੈ। ਪਰ ਜਦੋਂ 'ਮੇਰਾ ਰਾਹ' ਆਪੋ ਆਪਣੀਆਂ ਛੱਤਰੀਆਂ ਤੋਂ ਉੱਪਰ ਉੱਠ ਕੇ 'ਸਾਡਾ ਰਾਹ' ਬਣਦਾ ਹੈ ਤਾਂ ਹੀ ਇਹ ਸਮਾਜ ਵਿੱਚ ਸਾਂਝੀਵਾਲਤਾ ਦਾ ਸਾਰਥੀ ਬਣਦਾ ਹੈ। ਮੁਜ਼ਾਰਾ ਲਹਿਰ ਗ਼ਦਰ ਪਾਰਟੀ ਅਤੇ ਨਕਸਲਬਾੜੀ ਲਹਿਰ ਦੇ ਦਰਮਿਆਨ ਇਕ ਮਾਣ ਕਰਨ ਯੋਗ ਸ਼ਾਨਮੱਤਾ ਦੌਰ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਦੀਆਂ ਪੁਰਾਣੀਆਂ ਸਿੱਖ ਰਿਆਸਤਾਂ ਨੇ ਮਿਲ ਕੇ ਆਪਣੇ ਜਗੀਰਦਾਰੀ ਢਾਂਚੇ ਅਤੇ ਰਾਜਾਸ਼ਾਹੀ ਨੂੰ ਕਾਇਮ ਰੱਖਣ ਲਈ ਪੈਪਸੂ ਨਾਮ ਦੀ ਸਟੇਟ ਬਣਾ ਲਈ ਸੀ। 1948 ਵਿੱਚ ਪੈਪਸੂ ਬਣਨ ਤੋਂ ਬਾਅਦ ਸੰਗਰੂਰ ਨੂੰ ਜ਼ਿਲ੍ਹੇ ਦਾ ਦਰਜਾ ਦਿੱਤਾ ਗਿਆ। ਤਹਿਸੀਲ ਸੁਨਾਮ ਦਾ ਪਿੰਡ ਬਖ਼ਸ਼ੀਵਾਲਾ ਇਸ ਦੇ ਅੰਤਰਗਤ ਆਉਂਦਾ ਸੀ। ਦੇਸ਼ ਨੂੰ ਚਾਹੇ 1947 ਵਿੱਚ ਗੋਰਿਆਂ ਤੋਂ ਆਜ਼ਾਦੀ ਮਿਲ ਗਈ ਸੀ, ਪਰ ਪੈਪਸੂ ਦੇ ਅਧੀਨ ਆਉਂਦੇ ਪਿੰਡ ਅਜੇ ਵੀ ਜਗੀਰਦਾਰਾਂ ਦੇ ਅਧੀਨ ਸਨ। ਇਸ ਕਬਜ਼ੇ ਨੂੰ ਤੋੜਦਿਆਂ ਕਾਸ਼ਤਕਾਰਾਂ ਨੇ ਅਨੇਕਾਂ ਹੀ ਪਿੰਡਾਂ ਵਿੱਚ ਜਾਗੀਰਦਾਰਾਂ ਨਾਲ ਸੰਘਰਸ਼ ਕਰਕੇ ਜ਼ਮੀਨਾਂ ਦੇ ਕਬਜ਼ੇ ਲਏ ਸਨ। ਸੰਨ੍ਹ 1956 ਵਿੱਚ ਪੈਪਸੂ ਦਾ ਖ਼ਾਤਮਾ ਹੋਣ ਤੱਕ ਰਜਵਾੜਸ਼ਾਹੀ ਦੀ ਇਸ ਰਹਿੰਦ-ਖੂੰਹਦ ਖਿਲਾਫ਼ ਕਮਿਊਨਿਸਟ ਧਿਰਾਂ ਦੀ ਅਗਵਾਈ ਵਿੱਚ ਲੜਿਆ ਗਿਆ ਲਹੂਵੀਟਵਾਂ ਸੰਘਰਸ਼ ਇਤਿਹਾਸ ਦੇ ਪੰਨਿਆਂ ਵਿੱਚ ਸੁਨਹਿਰੀ ਅੱਖ਼ਰਾਂ ਵਿੱਚ ਲਿਖਿਆ ਹੋਇਆ ਹੈ। ਇਸ ਲਹਿਰ ਦੀਆਂ ਪ੍ਰਾਪਤੀਆਂ ਅਤੇ ਲੋਕ ਏਕਤਾ ਦੀਆਂ ਉਦਹਾਰਨਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਦਾ ਹੀ ਪ੍ਰੇਰਨਾ ਦਾ ਸੋਮਾ ਬਣੀਆਂ ਰਹਿਣਗੀਆਂ।

ਇਕ ਸੱਚੇ ਕਮਿਊਨਿਸਟ ਲਈ ਸਥਾਪਤੀ ਨਾਲ ਭੇੜ ਵਿੱਚ ਰਹਿਣਾ ਉਹਨਾਂ ਹੀ ਜ਼ਰੂਰੀ ਹੈ, ਜਿਨ੍ਹਾ ਸਿਧਾਂਤਿਕ ਲੜਾਈ ਲੜਦਿਆਂ ਮਾਰਕਸੀ ਚਿੰਤਨ ਵਿਚ ਆਪਣੀ ਸੋਚ ਨੂੰ ਉਮਰ ਭਰ ਰੰਗਦੇ ਰਹਿਣਾ। ਜਦੋਂ ਸਵਾਲ ਸੱਤਾ ਦੇ ਵਿਰੋਧ ਦਾ ਹੋਵੇ ਤਾਂ ਕਾਮਰੇਡ ਲਈ ਦੂਸਰਾ ਕੋਈ ਵਿਕਲਪ ਨਹੀਂ ਹੁੰਦਾ। ਆਪੋ ਆਪਣੇ ਖ਼ਿੱਤੇ ਦੀਆਂ ਭਾਈਚਾਰਕ ਤੰਦਾਂ ਹੀ ਕਾਮਰੇਡ ਦੇ ਨਾਇਕਤਵ ਨੂੰ ਹਨੇਰੀਆਂ ਵਿੱਚ ਜ਼ਮੀਨ ਅਤੇ ਜ਼ਮੀਰ ਨਾਲ ਜੋੜੀ ਰੱਖਦੀਆਂ ਹਨ। ਪਿੰਡ ਬਖ਼ਸ਼ੀਵਾਲਾ ਦਾ ਜਗੀਰਦਾਰ ਨਾਜ਼ਮ ਬਸੰਤ ਸਿੰਘ ਸਰਕਾਰੀ ਸਰਪ੍ਰਸਤੀ ਹੇਠ ਪੂਰਾ ਵਿਉਂ ਰੱਖਦਾ ਸੀ। ਬਖ਼ਸ਼ੀਵਾਲਾ ਦਾ ਸਿੱਖ ਭਾਈਚਾਰਾ ਪਿੰਡ ਵਿੱਚ ਗੁਰਦੁਆਰਾ ਬਣਾਉਣਾ ਚਾਹੁੰਦਾ ਸੀ। ਪਰ ਜਗੀਰਦਾਰ ਬਸੰਤ ਸਿੰਘ ਗੁਰਦੁਆਰਾ ਬਣਾਉਣ ਦੇ ਵਿਰੁੱਧ ਸੀ। ਗੁਰਦੁਆਰੇ ਦੀ ਉਸਾਰੀ ਕਰਨੀ ਪਿੰਡ ਦੇ ਸਿੱਖਾਂ ਅਤੇ ਕਾਮਰੇਡਾਂ ਲਈ ਅਣਖ ਦਾ ਸਵਾਲ ਬਣ ਗਿਆ। ਇਸ ਕਸ਼ਮਕਸ਼ ਦੇ ਚੱਲਦਿਆਂ ਆਖ਼ਰ ਕਾਮਰੇਡ ਤੇਜਾ ਸਿੰਘ ਸੁਤੰਤਰ ਸਾਬਕਾ ਐਮ ਪੀ ਸੰਗਰੂਰ, ਗਿਆਨੀ ਬਚਨ ਸਿੰਘ ਕਮਾਂਡਰ ਇਨ ਚੀਫ ਮੁਜਾਰਾ ਵਾਰ ਕੌਂਸਲ ਸਾਬਕਾ ਐਮ ਐਲ ਏ ਸੁਨਾਮ ਅਤੇ ਕਾਮਰੇਡ ਕੇਹਰ ਸਿੰਘ ਬਖ਼ਸ਼ੀਵਾਲਾ ਦੀ ਅਗਵਾਈ ਵਿੱਚ ਪਿੰਡ ਵਾਸੀਆਂ ਵੱਲੋਂ ਰਾਤੋ-ਰਾਤ ਗੁਰਦੁਆਰੇ ਦੀ ਉਸਾਰੀ ਕਰ ਦਿੱਤੀ ਗਈ। ਜਿਸ ਪਹਿਲੇ ਕਮਰੇ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ ਸੀ, ਉਸ ਲਈ ਇਕ ਦਲਿਤ 'ਪੰਜਾਬ ਸਿੰਘ' ਨੇ ਆਪਣਾ ਯੋਗਦਾਨ ਪਾਉਂਦਿਆਂ ਮੋਢਿਆਂ ਤੇ ਗਾਡਰ ਲਿਜਾ ਕੇ ਦੀਵਾਰਾਂ ਤੇ ਰੱਖੇ ਸਨ। ਇਕ ਨਿਸ਼ਾਨ ਸਾਬ ਵੀ ਰਾਤ ਨੂੰ ਹੀ ਸਥਾਪਿਤ ਕਰ ਦਿੱਤਾ ਗਿਆ। ਇਹ ਨਿਸ਼ਾਨ ਸਾਬ ਜ਼ਮੀਨ ਵਿਚ ਨਹੀਂ, ਇਕ ਤਰ੍ਹਾਂ ਨਾਲ ਜਗੀਰਦਾਰ ਦੀ ਹਿੱਕ ਵਿੱਚ ਗੱਡਿਆ ਗਿਆ ਸੀ। ਜਗੀਰਦਾਰ ਮੁਜ਼ਾਰਾ ਲਹਿਰ ਦੇ ਯੋਧਿਆਂ ਤੋਂ ਡਰਦਾ ਵੀ ਸੀ, ਪਰ ਉਸ ਦੇ ਮਨ ਵਿੱਚ ਗ਼ੁੱਸਾ ਵੀ ਬਹੁਤ ਸੀ। ਜੋ ਲੋਕ ਸਦੀਆਂ ਤੋਂ ਉਹਨਾਂ ਦੇ ਅੱਗੇ ਸਿਰ ਚੁੱਕ ਕੇ ਗੱਲ ਨਹੀਂ ਕਰਦੇ ਸਨ, ਉਹਨਾਂ ਦਾ ਐਨਾ ਜੇਰਾ ਕਿ ਉਹ ਜਗੀਰਦਾਰ ਦੀ ਮਰਜ਼ੀ ਤੋਂ ਬਿਨਾ ਪਿੰਡ ਵਿੱਚ ਗੁਰਦੁਆਰਾ ਬਣਾਉਣ ਲਈ ਇਕੱਠੇ ਕਿਵੇਂ ਹੋ ਗਏ। ਉਹ ਕਮਿਊਨਿਸਟ ਪਾਰਟੀ ਖਿਲਾਫ਼ ਤਾਂ ਚੁੱਪ ਰਿਹਾ ਪਰ ਉਸ ਨੇ ਗੁਰਦੁਆਰੇ ਦੀ ਉਸਾਰੀ ਲਈ ਮੋਹਰੀ ਭੂਮਿਕਾ ਨਿਭਾਉਣ ਵਾਲੇ ਪਿੰਡ ਦੇ ਵਸਨੀਕ ਇਕ ਸਿੱਖ 'ਦੁਨੀ ਸਿੰਘ' ਅਤੇ ਇਕ ਮੁਸਲਮਾਨ 'ਰੂੜਾ ਖ਼ਾਨ ਤੇਲੀ' ਖਿਲਾਫ਼ ਥਾਣਾ ਸੁਨਾਮ ਵਿਖੇ ਲੱਕੜਾਂ ਚੋਰੀ ਕਰਨ ਦਾ ਕੇਸ ਦਰਜ ਕਰਵਾ ਦਿੱਤਾ। ਹਿਰਾਸਤ ਵਿੱਚ ਹੀ ਪੁਲਸ ਨਾਲ ਮਿਲੀਭੁਗਤ ਕਰਕੇ ਉਹਨਾਂ ਦੋਵਾਂ ਪਿੰਡ ਵਾਸੀਆਂ ਨੂੰ ਜ਼ਹਿਰ ਖੁਆ ਕੇ ਮਰਵਾ ਦਿੱਤਾ ਗਿਆ। ਪਰ ਜਗੀਰਦਾਰ ਉਸ ਗੁਰਦੁਆਰੇ ਦੀ ਹੋਂਦ ਨੂੰ ਖਤਮ ਨਾ ਸਕਿਆ। ਇਹ ਪਿੰਡ ਵਾਸੀਆਂ, ਸਿੱਖ-ਮੁਸਲਿਮ, ਦਲਿਤਾਂ ਅਤੇ ਕਾਮਰੇਡਾਂ ਦੀ ਸਾਂਝੀ ਜਿੱਤ ਸੀ। ਮੁਜ਼ਾਰਾ ਲਹਿਰ ਨੇ ਆਖ਼ਰ ਰਿਆਸਤ ਦੇ ਦਮਨਕਾਰੀ ਪ੍ਰਬੰਧ ਦਾ ਅੰਤ ਕਰਦਿਆਂ ਜਗੀਰਦਾਰਾਂ ਦੀਆਂ ਸਰਦਾਰੀਆਂ ਬੀਤੇ ਸਮੇਂ ਦੀ ਕਹਾਣੀਆਂ ਬਣਾ ਦਿੱਤੀਆਂ। ਖ਼ੁਸ਼ਕਿਸਮਤੀ ਨਾਲ ਸੰਘਰਸ਼ ਅਤੇ ਸ਼ਹਾਦਤਾਂ ਦੀ ਗਵਾਹ ਉਹ ਗੁਰਦੁਆਰੇ ਦੀ ਇਮਾਰਤ ਹਾਲੇ ਵੀ ਪਿੰਡ ਵਿੱਚ ਉਵੇਂ ਹੀ ਮੌਜੂਦ ਹੈ। ਧਾਰਮਿਕ ਹਾਸ਼ੀਏ ਤੋਂ ਮੁਕਤ ਹੋ ਕੇ ਗੁਰਦੁਆਰੇ ਦੀ ਸਥਾਪਨਾ ਕਰਨ ਵਾਲੇ ਯੋਧਿਆਂ ਅਤੇ ਇਸ ਵਿਦਰੋਹੀ ਉਪਰਾਲੇ ਕਾਰਨ ਹਿਰਾਸਤ ਵਿੱਚ ਸ਼ਹੀਦ ਹੋਏ ਦੋਵੇਂ ਸੂਰਬੀਰਾਂ ਨੂੰ ਲਾਲ ਸਲਾਮ ਕਰਦੇ ਹੋਏ, ਆਓ ਵਰਤਮਾਨ ਵਿੱਚ ਅਜਿਹੀ ਏਕਤਾ ਨਾਲ ਭਾਰਤ ਵਿੱਚ ਗਾਹੜੀ ਹੋ ਰਹੀ ਫਾਸੀਵਾਦ ਦੀ ਧੁੰਦ ਨੂੰ ਚੀਰ ਕੇ ਅੱਗੇ ਵਧੀਏ। ਅੱਜ ਵੀ ਘੱਟ ਗਿਣਤੀਆਂ ਨੂੰ ਧਰਮਾਂ/ਵਰਗਾਂ ਅਤੇ ਜਾਤੀਗਤ ਦਾਇਰਿਆਂ ਤੋਂ ਉੱਪਰ ਉੱਠ ਕੇ ਜਬਰੀ ਥੋਪੇ ਜਾ ਰਹੇ ਹਿੰਦੂਤਵੀ ਰਾਸ਼ਟਰਵਾਦ ਖਿਲਾਫ਼ ਅਜਿਹੇ ਏਕੇ ਦੀ ਹੀ ਜ਼ਰੂਰਤ ਹੈ।

ਤਸਵੀਰ ਅਤੇ ਹਵਾਲੇ ਲਈ ਮਿੱਤਰ ਪਿਆਰੇ ਜਗਤਾਰ ਸਿੰਘ ਬਖ਼ਸ਼ੀਵਾਲਾ ਦਾ ਬਹੁਤ ਬਹੁਤ ਧੰਨਵਾਦ।

## ਕਵਿਤਾ

ਬਾਪੂ ਵੇਖਦਾ ਰਹੀਂ ਤੂੰ ਬੈਠ ਕੰਢੇ,
ਕਿਵੇਂ ਤਰਨਗੇ ਜੁਝਾਰ ਅਜੀਤ ਤੇਰੇ।
ਟੁੱਭੀ ਮਾਰ ਕੇ 'ਸਰਸਾ' ਦੇ ਰੋੜ੍ਹ ਅੰਦਰ,
ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ ।

ਏਸ ਕੱਚੀ ਚਮਕੌਰ ਦੀ ਗੜ੍ਹੀ ਮੂਹਰੇ,
ਕਿਲ੍ਹਾ ਦਿੱਲੀ ਦਾ ਅਸੀਂ ਝੁਕਾ ਦਿਆਂਗੇ।
ਝੋਰਾ ਕਰੀਂ ਨਾ ਕਿਲ੍ਹੇ ਅਨੰਦਪੁਰ ਦਾ,
ਕੁੱਲੀ ਕੁੱਲੀ ਨੂੰ ਕਿਲ੍ਹਾ ਬਣਾ ਦਿਆਂਗੇ।

ਮਾਛੀਵਾੜੇ ਦੇ ਸੱਥਰ ਦੇ ਗੀਤ ਵਿੱਚੋਂ,
ਅਸੀ ਉਠਾਂਗੇ ਚੰਡੀ ਦੀ ਵਾਰ ਬਣ ਕੇ।
ਜਿਨ੍ਹਾਂ ਸੂਲਾਂ ਨੇ ਦਿੱਤਾ ਨਾ ਸੌਣ ਤੈਨੂੰ,
ਛਾਂਗ ਦਿਆਗੇ ਖੰਡੇ ਦੀ ਧਾਰ ਬਣ ਕੇ।

ਬਾਪੂ! ਸੱਚੇ ਇਕ ਕੌਮੀ ਸਰਦਾਰ ਤਾਈਂ,
ਪੀਰ ਉੱਚ ਦਾ ਵੀ ਬਣਨਾ ਪੈ ਸਕਦੈ।
ਖ਼ੂਨ ਜਿਗਰ ਦੇ ਨਾਲ ਤਾਂ ਜ਼ਫਰਨਾਮਾ,
ਤੇਰੀ ਕਲਮ ਨੂੰ ਵੀ ਘੜਨਾ ਪੈ ਸਕਦੈ।

(ਪਰ) ਜਿਨ੍ਹਾਂ ਕੰਧ ਸਰਹੰਦ ਦੀ ਤੋੜਨੀ ਏਂ,
ਅਜੇ ਤੱਕ ਉਹ ਸਾਡੇ ਹਥਿਆਰ ਜਿਉਂਦੇ।
ਗੂਠਾ ਲਾਇਆ ਨਹੀ ਜਿਨ੍ਹਾਂ ਬੇਦਾਵਿਆਂ 'ਤੇ,
ਸਿੰਘ ਅਜੇ ਵੀ ਲੱਖ ਹਜ਼ਾਰ ਜਿਉਂਦੇ।

ਆਪਣੇ ਛੋਟਿਆਂ ਪੁੱਤਾਂ ਦੀ ਵੇਲ ਤਾਈਂ,
ਜੇਕਰ ਅੱਗ 'ਤੇ ਚੜ੍ਹੇ ਤਾਂ ਚੜ੍ਹਨ ਦੇਵੀ।
ਸਾਡੀ ਮੜ੍ਹੀ 'ਤੇ ਉੱਗੇ ਹੋਏ ਘਾਹ ਅੰਦਰ,
ਠਾਹਰ ਸਿੰਘਾਂ ਦੀ ਬਣੇ ਤਾਂ ਬਣਨ ਦੇਵੀਂ।

ਐਪਰ ਜਬਰ ਅੱਗੇ ਕਿੱਦਾਂ ਸਬਰ ਕਰੀਏ,
ਅਸੀ ਇਹੋ ਜੀ ਜ਼ਹਿਰ ਨਾ ਪੀ ਸਕਦੇ।
ਨੱਕ ਮਾਰ ਕੇ ਡੰਗਰ ਵੀ ਜਿਉਣ ਜਿਸਨੂੰ,
ਅਸੀ ਜੂਨ ਅਜਿਹੀ ਨਾ ਜੀ ਸਕਦੇ

-ਸੰਤ ਰਾਮ ਉਦਾਸੀ

## ਕਿਰਦਾਰ

ਰਾਹਾਂ ਦੀ ਹਰ ਪੈੜ ਦੇ ਹੇਠਾਂ,
ਸੱਧਰਾਂ ਕਈ ਹਜ਼ਾਰ ਨੇ।
ਮਜ਼ਲੂਮਾਂ ਦੇ ਦਿਲ ਦੀਆਂ ਰੀਝਾਂ,
ਕਈ ਲੁੱਟ-ਪੁੱਟੇ ਬਾਜ਼ਾਰ ਨੇ।


ਵਿਚ ਫਿੱਜ਼ਾ ਦੇ ਲੱਟਕਦੀਆਂ,
ਕਈ ਅਬਲਾ ਚੀਕ-ਪੁਕਾਰਾਂ ਨੇ।
ਕਈ ਸੱਧਰਾਂ ਅਣ-ਸੰਜੋਈਆਂ,
ਅੱਧ-ਵਾਟੇ ਰਹੇ ਪਿਆਰ ਨੇ।

ਇਹ ਚਕਾਚੌਂਧ ਇਹ ਰੌਸ਼ਨੀ,
ਕਿਲਕਾਰੀਆਂ ਥੋਥੇ ਹਾਸੇ ਨੇ।
ਬੇਦੋਸ਼ੇ ਸੂਲੀ ਚੜ੍ਹ ਗਏ ਨੇ,
ਅਣ-ਗਿਣਤ ਹੋਏ ਖ਼ਵਾਰ ਨੇ।

ਜੋ ਮਹਿਲ-ਮੁਨਾਰੇ ਬੰਗਲੇ ਨੇ,
ਜਿਨ੍ਹਾਂ ਡਾਹੇ ਪੀੜ੍ਹੇ ਰੰਗਲੇ ਨੇ।
ਇਨ੍ਹਾ ਕੁੱਲੀਆਂ ਢਾਰੇ ਢਾਹੇ ਨੇ,
ਅਖ਼ਵਾਉਂਦੇ ਜੋ ਸਰਦਾਰ ਨੇ।

ਗੱਲ ਹੱਕਾਂ ਦੀ ਜੋ ਕਰਦੇ ਨੇ,
ਜੋ ਜ਼ੁੱਲਮ ਦੇ ਮੂਹਰੇ ਖ਼ੜਦੇ ਨੇ।
ਫ਼ੱੜ ਡੱਕਣ ਵਿਚ ਸਲਾਖਾਂ ਦੇ,
ਉਨ੍ਹਾਂ ਆਖ਼ਣ ਇਹ 'ਗੱਦਾਰ' ਨੇ।

ਝੂੱਠ ਵਿਕਦਾ ਵਿਚ ਬਾਜ਼ਾਰਾਂ ਦੇ,
ਸੱਚ ਦਿਲਾਂ ਵਿਚ ਦਿਲਦਾਰਾਂ ਦੇ।
'ਮਝੈਲ' ਝੂੱਠ ਨੂੰ ਸੱਚ ਦਰਸਉਂਦੇ ਨੇ,
ਇਹ ਹਾਕਮਾਂ ਦੇ ਕਿਰਦਾਰ ਨੇ।
ਇਹ ਹਾਕਮਾਂ ਦੇ ਕਿਰਦਾਰ ਨੇ।



ਡਾ. ਮਨਜੀਤ ਸਿੰਘ 'ਮਝੈਲ'
9814407940
437 755 3776

## ਪੱਖੀ

ਗਰਮੀ ਦੀ ਦੁਪਿਹਰ ਸੀ, 'ਤੇ ਚਿਲਕਦੀ ਧੁੱਪ ਸੀ,
ਪੱਤਾ ਵੀ ਨਾ ਹਿੱਲਦਾ ਸੀ, ਹੋਇਆ ਡਾਢਾ ਹੁੱਟ ਸੀ।

ਸੜਕ ਦੇ ਦੋਨੋਂ ਪਾਸੇ, ਸੰਘਣੇ ਬੜੇ ਰੁੱਖ ਸੀ,
ਗਰਮੀ ਤੋਂ ਬਚਣ ਦਾ, ਵਧੀਆ ਇਹ ਢੁੱਕ ਸੀ।

ਮੈਂ ਆਪਣੇ ਧਿਆਨ ਵਿੱਚ, ਛਾਵੇਂ ਟਹਿਲ ਰਿਹਾ ਸਾਂ,
ਕੁਦਰਤੀ ਇਕੱਲਤਾ ਦਾ, ਆਨੰਦ ਮਾਣ ਰਿਹਾ ਸਾਂ।

ਅਚਾਨਕ ਹੀ ਪਿੱਛੋਂ ਇੱਕ, ਯੁਵਤੀ ਜੋ ਆਈ ਸੀ,
ਹੱਥ ਵਿੱਚ ਪੱਖੀ, ਜਿਸ 'ਤੇ ਸੁੰਦਰ ਕਢਾਈ ਸੀ।

ਮੇਰੇ ਕੋਲ ਆਕੇ ਉਹਨੇ, ਬਾਂਹ 'ਚ ਬਾਂਹ ਪਾ ਲਈ,
ਤਸੱਲੀ ਵਾਲਾ ਹੌਕਾ ਲੈਕੇ, ਪੱਖੀ ਝੱਲ ਲਾ ਲਈ।

ਕਹਿਣ ਲੱਗੀ ਮੈਂ ਤੈਨੂੰ, ਸਾਲਾਂ ਤੋਂ ਹਾਂ ਜਾਣਦੀ,
ਮੰਨੇ ਤੂੰ ਭਾਵੇਂ ਨਾ, ਤੇਰੀ ਆਵਾਜ਼ ਹਾਂ ਪਛਾਣਦੀ।

ਰੇਡੀਓ 'ਤੇ ਤੇਰੇ ਮੈਂ, ਪ੍ਰੋਗਰਾਮ ਸਾਰੇ ਸੁਣੇ ਨੇ,
ਵਿਚਾਰ ਤੇਰੇ ਸੁਣ ਮੇਰੇ, ਸਿੱਧੇ ਪਏ ਗੁਣੇ ਨੇ।

ਮੇਰੀ ਸਾਰੀ ਜਿੰਦੜੀ ਹੀ, ਪਹਿਲਾਂ ਡਾਵਾਂ ਡੋਲ ਸੀ,
ਕਈ ਪੁੱਠੇ ਸਿੱਧੇ ਮੇਰੀ, ਜ਼ਿੰਦਗੀ ਦੇ ਘੋਲ ਸੀ।

ਅਚਾਨਕ ਇੱਕ ਦਿਨ ਤੇਰਾ, ਸੁਣਿਆ ਵਿਚਾਰ ਸੀ,
ਜਿਸ ਤੋਂ ਹੌਲੀ ਹੌਲੀ, ਮੇਰਾ ਬਦਲਿਆ ਆਚਾਰ ਸੀ।

ਸੱਚ ਪੁੱਛੇਂ ਮੇਰੇ ਲਈ ਤੂੰ, ਬਣਿਆ ਮਸੀਹਾ ਸੀ,
'ਤੇ ਮੇਰੀ ਜ਼ਿੰਦਗੀ ਚੋਂ ਮੁੱਕ, ਗਿਆ ਹਰ ਤਸੀਹਾ ਸੀ।

ਚਾਹੁੰਦੀ ਸਾਂ ਮੈਂ ਤੈਨੂੰ ਮਿਲ, ਦੱਸ ਦੇਵਾਂ ਗੱਲ ਸਾਰੀ,
ਖੁਸ਼ੀ ਮੈਨੂੰ ਹੋਰ ਮਿਲੇ, ਜਾਵਾਂ ਤੈਥੋਂ ਬਲਿਹਾਰੀ।

ਮੇਰੇ ਧੰਨ ਭਾਗ ਅੱਜ, ਤੂੰ ਹੈਂ ਮੈਨੂੰ ਮਿਲ ਗਿਆ,
ਮੇਰੀ ਹਰ ਘਾਲਣਾ ਦਾ, ਫਲ ਅੱਜ ਪੱਲੇ ਪਿਆ।

ਤੇਰੇ ਅਹਿਸਾਨਾਂ ਦਾ, ਬਦਲਾ ਚੁਕਾਉਣ ਲਈ,
ਮੇਰੀ ਇਹ ਨਿਸ਼ਾਨੀ ਰੱਖ, ਮੇਰੀ ਯਾਦ ਆਉਣ ਲਈ।

ਫੜ ਲੈ ਇਹ ਪੱਖੀ, ਅਤੇ ਝੱਲੇਂਗਾ ਤੂੰ ਜਦੋਂ ਕਦੀ,
ਠੰਢੀ ਹਵਾ ਮੇਰੇ ਵਲੋਂ, ਆਏਗੀ ਫਿਰ ਬਦੋ ਬਦੀ।

ਇੰਨਾਂ ਕਹਿ ਕੇ ਸੁੰਦਰੀ ਉਹ, ਸੜਕ ਪਾਰ ਕਰ ਗਈ,
ਗੱਲਾਂ ਗੱਲਾਂ ਵਿੱਚ ਮੈਨੂੰ, ਠੰਢਾ ਠਾਰ ਕਰ ਗਈ।

ਪੱਖੀ ਹੱਥ ਫੜੀ ਖੜ੍ਹਾ, ਰਹਿ ਗਿਆ ਅਵਾਕ ਮੈਂ,
ਨਾ ਕੋਈ ਸਵਾਲ ਕੀਤਾ, ਨਾ ਦਿੱਤਾ ਕੋਈ ਜਵਾਬ ਮੈਂ।

ਸਕਤੇ ਵਿੱਚ ਆ ਕੇ ਮੈਂ, ਸੁੰਨ ਹੋਇਆ ਖੜ੍ਹਾ ਸੀ,
ਸੱਚਮੁੱਚ ਉਸ 'ਤੇ ਮੈਨੂੰ, ਤਰਸ ਆਇਆ ਬੜਾ ਸੀ।

ਤਰਸਵਾਨ ਅੱਖਾਂ ਤੋਂ, ਉਹ ਅਲੋਪ ਝੱਟ ਹੋ ਗਈ,
ਸੁਪਨੇ ਦੇ ਵਾਂਗ ਉਹ ਵੀ, ਸੁਪਨਾ ਹੀ ਹੋ ਗਈ।
ਸੁਪਨੇ ਦੇ ਵਾਂਗ ਉਹ ਵੀ, ਸੁਪਨਾ ਹੀ ਹੋ ਗਈ।

ਰਵਿੰਦਰ ਸਿੰਘ ਕੁੰਦਰਾ
ਕੌਂਵੈਂਟਰੀ ਯੂ ਕੇ

## ਨਾ ਸਾਡੇ ਗੀਤ ਵਿਕਦੇ ਨੇ, ਨਾ ਅਸੀਂ ਆਪ ਵਿਕਦੇ ਹਾਂ

ਜੋ ਵੀ ਗੁਜ਼ਰਦਾ ਤਨ 'ਤੇ ਉਹ ਸੰਤਾਪ ਲਿਖਦੇ ਹਾਂ
ਨਾ ਸਾਡੇ ਗੀਤ ਵਿਕਦੇ ਨੇ, ਨਾ ਅਸੀਂ ਆਪ ਵਿਕਦੇ ਹਾਂ

ਹੋ ਮੁਸ਼ੱਕਤਾਂ ਦੇ ਥਲ ਚੋਂ ਰਿਜ਼ਕਾਂ ਤੀਕ ਪੁੱਜੇ ਹਾਂ
ਮੁਸ਼ੱਕਤਾਂ ਵਾਲਿਆਂ ਦੀ ਤਾਹੀਂਓ ਸਦਾ ਹੀ ਬਾਤ ਲਿਖਦੇ ਹਾਂ

ਅਸਾਡੇ ਸੀਨੇ ਮਾਰੂਥਲ ਅਸਾਡੇ ਨੈਣਾਂ ਵਿੱਚ ਦਰਿਆ
ਅਸੀਂ ਕਵਿਤਾ ਦੇ ਵਰਕੇ 'ਤੇ ਬਿੱਖੜੀ ਵਾਟ ਲਿਖ਼ਦੇ ਹਾਂ

ਅਨਿਆਂ ਦਾ ਗ਼ਮ ਹੈ ਬੱਸ ਨਹੀਂ ਯਕੀਨ ਕਰਮਾਂ ਦਾ
ਜੋ ਲਿਆਕਤ ਦਾ ਸੂਰਜ ਉਹਦਾ ਪਰਤਾਪ ਲਿਖਦੇ ਹਾਂ

ਕਾਇਨਾਤ ਦਾ ਜ਼ਰਰਾ ਜ਼ਰਰਾ ਉਪਜਾਉਂਦੀਆਂ ਕਿਰਤਾਂ
ਨਹੀਂ ਕੋਈ ਹੋਰ ਸਿਰਜਣਹਾਰ ਬਿੱਲਕੁੱਲ ਸਾਫ਼ ਲਿਖਦੇ ਹਾਂ

ਹੋ ਮਿੱਟੀ ਨਾਲ ਮਿੱਟੀ ਆਖ਼ਰ ਮਿੱਟੀ ਬਣ ਜਾਂਦੇ
ਕਰੇ ਜੋ ਕਾਲਜਾ ਛੱਲਣੀ ਉਹ ਵਿਰਲਾਪ ਲਿਖ਼ਦੇ ਹਾਂ

ਜੋ ਪਹਿਨੀ ਤਾਜ਼ ਫ਼ਿਰਦੇ ਨੇ ਉਹਨਾਂ ਦਾ ਤਾਜ਼ ਚੋਰੀ ਦਾ
ਉਹ ਕਰਦੇ 'ਦੇਸ਼ ਭਗਤੀ' ਦਾ ਝੂਠਾ ਜਾਪ ਲਿਖਦੇ ਹਾਂ

ਬਦਲ ਕੇ ਰੰਗ ਆਉਂਦੇ ਨੇ ਪਛਾਣੇ ਫ਼ਿਰ ਵੀ ਜਾਂਦੇ ਨੇ
ਇਹ ਸਾਰਾ ਕੁਫ਼ਰ ਦਾ ਟੋਲਾ ਅਸੀਂ ਬੇਬਾਕ ਲਿਖ਼ਦੇ ਹਾਂ

ਜਿੱਤਣਾ ਅੰਤ ਨੇਕੀ ਨੇ ਬਦੀ ਦਾ ਖ਼ੰਜਰ ਟੁੱਟੇਗਾ
ਆਲਮ ਲੁੱਟ ਵਾਲਾ ਇੱਕ ਦਿਨ ਹੋਣਾ ਖ਼ਾਕ ਲਿਖਦੇ ਹਾਂ।

ਗੁਰਮੇਲ ਸਿੰਘ ਭੁਟਾਲ
9417759042

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਨਾਟਕ 'ਜ਼ੁਲਮ ਦੀ ਦੀਵਾਰ ਕਿਵੇਂ ਟੁੱਟੇਗੀ' ਦਾ ਮੰਚਨ









**ਬਲਜਿੰਦਰ ਸਿੰਘ ਪਟਿਆਲਾ**

'ਜੁਲਮ ਦੀ ਦੀਵਾਰ ਕਿਵੇਂ ਟੁੱਟੇ ਗੀ।' ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਆਯੋਜਿਤ ਗੁਰਸ਼ਰਨ ਕਲਾ ਭਵਨ ਵਿਖੇ ਮਹੀਨੇ ਦੇ ਅਖੀਰਲੇ ਸ਼ਨੀਵਾਰ ਦੇ ਸਮਾਗਮ ਨੂੰ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਸਮਾਗਮ ਵਜੋਂ ਕੀਤਾ ਗਿਆ। ਪਲਸ ਮੰਚ ਦੇ ਫਾਉਂਡਰ ਪ੍ਰਧਾਨ ਸ. ਗੁਰਸ਼ਰਨ ਸਿੰਘ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਸਮਾਗਮ ਦਾ ਰਸਮੀ ਉਦਘਾਟਨ ਕਰਨ ਲਈ ਅਮੋਲਕ ਸਿੰਘ ਪ੍ਰਧਾਨ ਪੰਜਾਬ ਲੋਕ ਸਭਿਆਚਾਰਕ ਮੰਚ, ਕਸਤੂਰੀ ਲਾਲ, ਜੋਗਿੰਦਰ ਅਜਾਦ, ਮਾ. ਭਜਨ ਸਿੰਘ, ਮਾ. ਲਖਿੰਦਰ ਸਿੰਘ, ਪਰਮਜੀਤ ਪੰਮੀ, ਸਰਦਾਰ ਰਣਧੀਰ ਸਿੰਘ ਸੇਖੋ ਪ੍ਰਧਾਨ ਜੀ. ਟੀ. ਬੀ.ਨੈਸ਼ਨਲ ਕਾਲਜ ਦਾਖਾ, ਹਰਕੇਸ਼ ਚੌਧਰੀ, ਦੀਪਕ ਰਾਏ ਨੇ ਸਾਂਝੇ ਰੂਪ ਵਿੱਚ ਕੀਤਾ। ਅਮੋਲਕ ਸਿੰਘ ਨੇ ਇਸ ਮੌਕੇ ਤੇ ਬੋਲਦਿਆਂ ਕਿਹਾ ਕਿ ਰੰਗਮੰਚ ਤੇ ਲੋਕ ਯੁੱਧ ਦੀ ਇੱਕਸੁਰਤਾ ਨਾਲ ਹੀ ਦੇਸ਼ ਨੂੰ ਗ਼ਦਰੀ ਬਾਬਿਆਂ ਦੇ ਸੁਪਨਿਆਂ ਦਾ ਦੇਸ਼ ਬਣਾਇਆ ਜਾ ਸਕਦਾ ਹੈ। ਇਸ ਉਪਰੰਤ ਗੁਰਸ਼ਰਨ ਭਾਅ ਜੀ ਦਾ ਲਿਖਿਆ ਅਤੇ ਰਾਜਵਿੰਦਰ ਸਮਰਾਲਾ ਦਾ ਨਿਰਦੇਸ਼ਿਤ ਨਾਟਕ 'ਚਾਂਦਨੀ ਚੌਂਕ ਤੋਂ ਸਰਹੰਦ ਤੱਕ' ਅਕਸ ਰੰਗਮੰਚ ਸਮਰਾਲਾ ਦੀ ਟੀਮ ਵੱਲੋਂ ਖੇਡਿਆ ਗਿਆ। ਨਾਟਕ ਨੇ ਬੜੇ ਸਵਾਲ ਖੜੇ ਕੀਤੇ ਕਿ ਜਦੋਂ ਜਾਲਮ ਹਾਕਮ ਜੁਲਮ ਕਰ ਰਿਹਾ ਹੁੰਦਾ ਹੈ। ਜੇ ਉਸ ਸਮੇਂ ਲੋਕ ਚੁੱਪ ਵੱਟ ਕੇ ਦਿਨ ਕੱਟੀ ਕਰਦੇ ਰਹਿੰਦੇ ਹਨ। ਤਾਂ ਉਹਨਾਂ ਲੋਕਾਂ ਨੂੰ ਇੱਸ ਚੁੱਪ ਦੀ ਕੀਮਤ ਤਾਰਨੀ ਪੈ ਜਾਂਦੀ ਹੈ। ਸਹਿਮ ਤੇ ਡਰ ਭਰੀ ਚੁੱਪ ਬੜੀ ਖਤਰਨਾਕ ਹੁੰਦੀ ਹੈ। ਨਾਟਕ ਹਰ ਪੱਖੋਂ ਸਫ਼ਲ ਰਿਹਾ। ਇਸ ਮੌਕੇ ਤੇ ਟੀਮ ਦੀ ਸਨਮਾਨ ਕੀਤਾ ਗਿਆ। ਰਣਧੀਰ ਸਿੰਘ ਸੇਖੋਂ ਨੇ ਆਪਣੇ ਵਿਚਾਰ ਪੇਸ਼ ਕੀਤੇ। ਉਹਨਾਂ ਦਾ ਸਨਮਾਨ ਕੀਤਾ ਗਿਆ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੀ ਟੀਮ ਵੱਲੋਂ ਇਕਬਾਲ ਸਿੰਘ ਲੋਪੋਂ ਜੀ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਡਾਕਟਰ ਅਮਰਪ੍ਰੀਤ ਦਿਉਲ, ਡਾਕਟਰ ਰੂਹੀ ਦਿਉਲ, ਪ੍ਰਿੰਸੀਪਲ ਕ੍ਰਿਸ਼ਨ ਦੱਤ, ਪ੍ਰਿੰਸੀਪਲ ਰਾਜਿੰਦਰ ਸਿੰਘ, ਸੁਰਿੰਦਰ ਕੌਰ, ਐਡਵੋਕੇਟ ਸੰਦੀਪ ਕੌੜਾ, ਮੈਡਮ ਰਮਨਦੀਪ ਕੌਰ, ਮੈਡਮ ਹਰਮੀਤ ਕੌਰ ਮੈਡਮ ਬਲਜੀਤ ਕੌਰ, ਅੰਜੂ ਚੌਧਰੀ, ਲੈਕ. ਦਲਜੀਤ ਸਿੰਘ, ਨੀਰਜਾ ਬਾਂਸਲ, ਕਮਲਜੀਤ ਮੋਹੀ, ਅਨਿਲ ਸੇਠੀ, ਆਦਿ ਮੌਜੂਦ ਸਨ।















# ਜਮਹੂਰੀ ਅਧਿਕਾਰ ਸਭਾ ਵੱਲੋਂ 'ਭਾਰਤੀ ਸੰਵਿਧਾਨ ਦਾ ਇਤਿਹਾਸਕ ਪਿਛੋਕੜ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ











ਲੁਧਿਆਣਾ, (ਜਸਵੰਤ ਜ਼ੀਰਖ) : ਜਮਹੂਰੀ ਅਧਿਕਾਰ ਸਭਾ, ਪੰਜਾਬ (ਜ਼ਿਲ੍ਹਾ ਲੁਧਿਆਣਾ) ਵੱਲੋਂ ਗਣਤੰਤਰ ਦਿਵਸ ਮੌਕੇ ਦੇਸ਼ ਵਿੱਚ ਕੁਚਲੇ ਜਾ ਰਹੇ ਸੰਵਿਧਾਨਕ, ਮਨੁੱਖੀ ਅਤੇ ਜਮਹੂਰੀ ਅਧਿਕਾਰਾਂ ਨੂੰ ਬਚਾਉਣ ਵਾਸਤੇ ਆਵਾਜ਼ ਉਠਾਉਣ ਲਈ ਅਤੇ ਲੋਕਾਂ ਦੇ ਸੰਵਿਧਾਨਕ ਹੱਕਾਂ ਨੂੰ ਸਮਝਣ ਲਈ 'ਭਾਰਤੀ ਸੰਵਿਧਾਨ ਦਾ ਇਤਿਹਾਸਕ ਪਿਛੋਕੜ' ਵਿਸ਼ੇ ਤੇ ਗ਼ਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ, ਸੁਨੇਤ (ਲੁਧਿਆਣਾ) ਵਿਖੇ ਵਿਸ਼ੇਸ਼ ਸੈਮੀਨਾਰ ਕਰਵਾਇਆ ਗਿਆ। ਇਸ ਵਿੱਚ ਪ੍ਰੋ. ਜਗਮੋਹਨ ਸਿੰਘ (ਸੂਬਾ ਪ੍ਰਧਾਨ, ਜਮਹੂਰੀ ਅਧਿਕਾਰ ਸਭਾ ਪੰਜਾਬ) ਨੇ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ।

ਸੰਵਿਧਾਨ ਦੀ ਇਤਿਹਾਸਿਕ ਪਿਛੋਕੜ ਤੇ ਗੱਲ ਕਰਦਿਆਂ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਸੰਵਿਧਾਨ ਦੇ ਬਣਨ ਵਿੱਚ 1857 ਦੇ ਵਿਦਰੋਹ ਤੋਂ ਚਲਦੇ ਹੋਏ ਗਦਰ ਲਹਿਰ ਸਮੇਤ, ਭਗਤ ਸਿੰਘ ਤੇ ਸਾਥੀਆਂ ਵੱਲੋਂ ਅੰਗਰੇਜ਼ੀ ਸਾਮਰਾਜ ਖਿਲਾਫ ਕੀਤੇ ਸੰਘਰਸ਼ਾਂ ਅਤੇ ਗੁਲਾਮ ਭਾਰਤ ਦੌਰਾਨ ਹੋਏ ਮਜ਼ਦੂਰ ਅਤੇ ਕਿਸਾਨ ਸੰਘਰਸ਼ਾਂ ਦਾ ਅਹਿਮ ਰੋਲ ਰਿਹਾ। ਸੰਵਿਧਾਨ ਬਣਾਉਣ ਵੇਲੇ ਇਸ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਉ ਅੰਬੇਦਕਰ ਹੋਰਾਂ ਨੇ ਸੰਵਿਧਾਨ ਦੀ ਧਰਮ ਨਿਰਪੱਖਤਾ ਅਤੇ ਹਰ ਵਰਗ ਦੀ ਬਰਾਬਰੀ ਦਾ ਧਿਆਨ ਰੱਖਿਆ। ਉਨ੍ਹਾਂ ਅੱਗੇ ਕਿਹਾ ਕਿ ਮੌਜੂਦਾ ਸਮੇਂ ਵਿੱਚ ਮੋਦੀ ਸਰਕਾਰ ਲਗਾਤਾਰ ਲੋਕਾਂ ਦੇ ਸੰਵਿਧਾਨਕ ਹੱਕਾਂ ਨੂੰ ਕੁਚਲਕੇ ਮਨੁੱਖੀ ਨਾ ਬਰਾਬਰੀ ਨੂੰ ਹੋਰ ਵਧਾਕੇ ਸੰਵਿਧਾਨਿਕ ਉਲੰਘਣਾ ਕਰ ਰਹੀ ਹੈ। ਸੰਵਿਧਾਨ ਵਿੱਚ ਦਿੱਤੇ ਲਿਖਣ ਬੋਲਣ ਦੇ ਅਧਿਕਾਰ ਨੂੰ ਛਿੱਕੇ ਟੰਗ ਕੇ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਨ ਵਾਲੇ ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ, ਕਲਾਕਾਰਾਂ, ਵਕੀਲਾਂ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ। ਉਨ੍ਹਾਂ ਨੇ ਸਮਾਜ ਦੇ ਦੱਬੇ ਕੁਚਲੇ ਅਤੇ ਕਿਸਾਨਾਂ-ਮਜ਼ਦੂਰਾਂ ਸਮੇਤ ਸਮੁੱਚੇ ਕਿਰਤੀ ਵਰਗ ਦੇ ਸਾਰੇ ਤਬਕਿਆਂ ਨੂੰ ਸੰਵਿਧਾਨਕ ਅਧਿਕਾਰਾਂ ਦੀ ਰਾਖੀ ਲਈ ਸੰਘਰਸ਼ ਕਰਨ ਦਾ ਸੱਦਾ ਦਿੱਤਾ। ਸੰਵਿਧਾਨ ਅਨੁਸਾਰ ਹਰ ਮਨੁੱਖ ਲਈ ਰੋਜ਼ਗਾਰ ਸਮੇਤ ਅੱਗੇ ਵਧਣ ਦੇ ਬਰਾਬਰ ਮੌਕੇ ਮਿਲਣ ਦੇ ਸੰਕਲਪ ਨੂੰ ਅਮਲ ਵਿੱਚ ਲਾਗੂ ਕਰਨ ਲਈ ਨੌਜਵਾਨ ਵਰਗ ਦਾ ਸਿੱਖਿਅਤ ਹੋ ਕੇ ਆਵਾਜ਼ ਉਠਾਉਣਾ ਸਮੇਂ ਦੀ ਵੱਡੀ ਲੋੜ ਹੈ। ਸੰਵਿਧਾਨ ਦੀ ਸੌਂਹ ਚੁੱਕ ਕੇ ਸਰਕਾਰੀ ਗੱਦੀਆਂ ਤਾਂ ਸਾਂਭ ਲਈਆਂ ਜਾਂਦੀਆਂ ਹਨ, ਪਰ ਉਸ ਲਈ ਜ਼ੁੰਮੇਵਾਰ ਬਣਨ ਤੋਂ ਪਾਸਾ ਵੱਟ ਕੇ ਅਕਸਰ ਹੀ ਸੰਵਿਧਾਨਿਕ ਨਿਯਮਾਂ ਦੇ ਉਲਟ ਭੁਗਤਿਆ ਜਾਂਦਾ ਹੈ। ਉਹਨਾਂ ਇਸ ਸਬੰਧੀ ਹਰ ਨਾਗਰਿਕ ਨੂੰ ਹਰ ਗਲਤ ਕਾਰਗੁਜ਼ਾਰੀ ਦੇ ਵਿਰੋਧ ਵਿੱਚ ਅੱਗੇ ਆਣ ਦੀ ਲੋੜ ਤੇ ਜ਼ੋਰ ਦਿੱਤਾ। ਇਸ ਦੌਰਾਨ ਸੈਮੀਨਾਰ ਵਿੱਚ ਭਰਵੀਂ ਚਰਚਾ ਹੋਈ ਜਿਸ ਵਿੱਚ ਕਸਤੂਰੀ ਲਾਲ, ਵਰੁਣ ਕੁਮਾਰ ਅਤੇ ਰਾਕੇਸ਼ ਆਜ਼ਾਦ ਨੇ ਸਵਾਲ ਕੀਤੇ।

ਇਸ ਮੌਕੇ ਪੰਜਾਬ ਲੋਕ ਸੱਭਿਅਚਾਰ ਮੰਚ ਦੇ ਆਗੂ ਕਸਤੂਰੀ ਲਾਲ ਨੇ ਪਲਸ ਮੰਚ ਵੱਲੋਂ ਪੰਜਾਬ ਵਿੱਚ ਨਾਟਕਾਂ, ਗੀਤਾਂ ਅਤੇ ਵੱਖ-ਵੱਖ ਸਭਿਆਚਾਰਿਕ ਗਤੀਵਿਧੀਆਂ ਰਾਹੀਂ ਲੋਕਾਂ ਵਿੱਚ 25 ਤੋਂ 31 ਜਨਵਰੀ ਤੱਕ ਚਲਾਈ ਜਾ ਰਹੀ ਮੁਹਿੰਮ ਬਾਰੇ ਜਾਣਕਾਰੀ ਦਿੱਤੀ। ਇਸ ਸੈਮੀਨਾਰ ਵਿੱਚ ਜਗਜੀਤ ਗੁੜੇ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ ਅਤੇ ਐਡਵੋਕੇਟ ਹਰਪ੍ਰੀਤ ਜ਼ੀਰਖ ਨੇ ਆਏ ਸਰੋਤਿਆਂ ਦਾ ਧੰਨਵਾਦ ਕੀਤਾ। ਸੈਮੀਨਾਰ ਵਿੱਚ ਪ੍ਰਤਾਪ ਸਿੰਘ, ਸਵਰਨ ਜੀਤ ਸਿੰਘ, ਡਾਕਟਰ ਦਰਸ਼ਨ ਖੇੜੀ, ਡਾਕਟਰ ਮੋਹਨ ਸਿੰਘ ਮਾਸਟਰ ਜਰਨੈਲ ਸਿੰਘ, ਪਰਮਜੀਤ ਸਿੰਘ, ਮੀਨੂੰ ਸ਼ਰਮਾਂ, ਤੇਜਿੰਦਰ ਕੁਮਾਰ, ਅਜਮੇਰ ਦਾਖਾ ਐਡਵੋਕੇਟ ਗੁਰਵਿੰਦਰ ਸਿੰਘ ਮਾਨ ਸਿੰਘ ਆਦਿ ਵੀ ਹਾਜ਼ਰ ਸਨ।

# ਕਾਫ਼ਲੇ ਵੱਲੋਂ ਲੇਖਿਕਾ ਬਲਬੀਰ ਕੌਰ ਸੰਘੇੜਾ ਨਾਲ ਵਿਸ਼ੇਸ਼ ਗੱਲਬਾਤ ਅਤੇ ਕਵੀ ਦਰਬਾਰ





ਬਰੈਂਪਟਨ, (ਰਛਪਾਲ ਕੌਰ ਗਿੱਲ) 'ਪੰਜਾਬੀ ਕਲਮਾਂ ਦਾ ਕਾਫ਼ਲਾ ਟੋਰਾਂਟੋ' ਦੀ ਮਹੀਨੇਵਾਰ ਮੀਟਿੰਗ ਦੌਰਾਨ ਪੰਜਾਬੀ ਦੀ ਜਾਣੀ ਪਛਾਣੀ ਲੇਖਿਕਾ ਬਲਬੀਰ ਕੌਰ ਸੰਘੇੜਾ ਨਾਲ ਵਿਸ਼ੇਸ਼ ਗੱਲਬਾਤ ਹੋਈ ਤੇ ਕਵੀ ਦਰਬਾਰ ਵਿੱਚ ਬਹੁਤ ਸਾਰੇ ਕਵੀਆਂ ਨੇ ਕਵਿਤਾਵਾਂ ਸਾਂਝੀਆਂ ਕੀਤੀਆਂ। ਕਾਫ਼ਲੇ ਦੇ ਮੁੱਖ ਸੰਚਾਲਕ ਕੁਲਵਿੰਦਰ ਖਹਿਰਾ ਨੇ ਸਟੇਜ ਦੱਸਿਆ ਕਿ ਕੁਝ ਸਮਾਂ ਪਹਿਲਾਂ ਕਾਫ਼ਲੇ ਵੱਲੋਂ ਉਨ੍ਹਾਂ ਸਾਹਿਤਕਾਰਾਂ ਨਾਲ ਗੱਲਬਾਤ ਦਾ ਸਿਲਸਿਲਾ ਸ਼ੁਰੂ ਕੀਤਾ ਗਿਆ ਹੈ ਜਿਨ੍ਹਾਂ ਨੇ ਕਾਫ਼ਲੇ ਦੀ ਪਰਫੁਲਤਾ ਲਈ ਮਿਹਨਤ ਅਤੇ ਸੁਹਿਰਦਤਾ ਨਾਲ ਕੰਮ ਕੀਤਾ ਹੈ ਤਾਂ ਕਿ ਕਾਫ਼ਲੇ ਨਾਲ ਜੁੜੇ ਨਵੇਂ ਲੋਕਾਂ ਨੂੰ ਉਨ੍ਹਾਂ ਬਾਰੇ ਪਤਾ ਲੱਗ ਸਕੇ। ਬਲਬੀਰ ਕੌਰ ਸੰਘੇੜਾ ਵੀ ਉਨ੍ਹਾਂ ਮੁਢਲੇ ਮੈਂਬਰਾਂ ਵਿੱਚੋਂ ਇੱਕ ਹਨ। ਨਾਲ ਹੀ ਬਲਬੀਰ ਕੌਰ ਸੰਘੇੜਾ, ਕੁਲਜੀਤ ਮਾਨ ਤੇ ਕਹਾਣੀਕਾਰ ਜਰਨੈਲ ਸਿੰਘ ਨੂੰ ਸਟੇਜ ਤੇ ਬਿਰਾਜਮਾਨ ਹੋਣ ਦਾ ਸੱਦਾ ਦਿੱਤਾ।

ਜਰਨੈਲ ਸਿੰਘ ਕਹਾਣੀਕਾਰ ਨੇ ਬਲਬੀਰ ਕੌਰ ਬਾਰੇ ਜਾਣਕਾਰੀ ਦੇਂਦਿਆ ਕਿਹਾ ਕਿ ਇੰਗਲੈਂਡ, ਕੈਨੇਡਾ, ਅਮਰੀਕਾ ਦੇ ਪ੍ਰਵਾਸੀ ਸਾਹਿਤਕਾਰਾਂ ਨੇ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ ਹੈ। ਬਲਬੀਰ ਕੌਰ ਨੇ ਇੰਗਲੈਂਡ ਹੁੰਦਿਆਂ ਹੋਇਆਂ ਕਹਾਣੀਆਂ ਲਿਖ ਕੇ ਸਾਹਿਤ ਵਿੱਚ ਯੋਗਦਾਨ ਪਾਇਆ ਹੈ। ਬਲਬੀਰ ਕੌਰ ਦੀ ਬਹੁਚਰਚਿਤ ਕਹਾਣੀ "ਚੱਪਾ ਕੁ ਸੂਰਜ" ਬਾਰੇ ਅਤੇ ਉਨ੍ਹਾਂ ਵੱਲੋਂ ਲੰਮਾਂ ਸਮਾਂ ਕੈਨੇਡਾ ਤੋਂ ਚਲਾਏ ਗਏ ਮੈਗਜ਼ੀਨ "ਆਰ ਪਾਰ" ਬਾਰੇ ਵੀ ਗੱਲਬਾਤ ਕੀਤੀ।

ਬਲਬੀਰ ਕੌਰ ਸੰਘੇੜਾ ਨੇ ਆਪਣੇ ਜੀਵਨ ਤੇ ਸਾਹਿਤਕ ਸਫ਼ਰ ਬਾਰੇ ਬਹੁਤ ਹੀ ਵਿਸਤਾਰ ਨਾਲ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਜਨਮ ਜਲੰਧਰ ਜ਼ਿਲੇ ਦੇ ਪਿੰਡ ਮੁਕੰਦਪੁਰ ਵਿੱਚ ਪੈਦਾ ਹੋਈ ਮਾਪਿਆਂ ਦੀ ਲਾਡਲੀ ਧੀ ਸੀ, ਜਿਸ ਨੂੰ ਕੋਈ ਬੰਦਿਸ਼ ਨਹੀਂ ਸੀ। 18 ਸਾਲ ਦੀ ਉਮਰ ਵਿੱਚ ਇੰਗਲੈਂਡ ਆ ਗਈ ਸੀ। ਜਿੱਥੇ ਆ ਕੇ ਬਹੁਤ ਸੰਘਰਸ਼ ਕਰਨਾ ਪਿਆ। ਉਨ੍ਹਾਂ ਦੱਸਿਆ ਕਿ 1968 ਵਿੱਚ ਉਨ੍ਹਾਂ ਦਾ ਲਿਖਿਆ ਆਰਟੀਕਲ "ਪਿੰਡ ਦੇ ਚੜ੍ਹਦੇ ਪਾਸੇ" 'ਦੇਸ ਪ੍ਰਦੇਸ' ਤੇ 'ਸੰਦੇਸ਼' ਵਿੱਚ ਛਪਿਆ ਜਿਸ ਨਾਲ ਉਨ੍ਹਾਂ ਦੀ ਪਛਾਣ ਬਣੀ। ਉਸ ਤੋਂ ਬਾਅਦ "ਸਹੁੰ ਰੱਬ ਦੀ" ਇੰਗਲੈਂਡ ਵਿੱਚ ਬਹੁਤ ਮਸ਼ਹੂਰ ਹੋਈ। ਗੁੱਡੋਂ ਕਹਾਣੀ ਬਾਰੇ ਬਲਬੀਰ ਮੋਮੀ ਨੇ ਬਹੁਤ ਵਧੀਆ ਲਿਖਿਆ। ਇੰਗਲੈਂਡ ਰਹਿੰਦਿਆਂ ਸੱਤ ਸਾਲ ਬਜ਼ੁਰਗਾਂ ਨੂੰ ਅੰਗ੍ਰੇਜ਼ੀ ਪੜ੍ਹਾਈ। 1987 ਵਿੱਚ ਕੈਨੇਡਾ ਆ ਕੇ ਸਾਹਿਤਕ ਸਫ਼ਰ ਜਾਰੀ ਰਿਹਾ। ਕਾਫ਼ਲੇ ਨਾਲ ਮਿਲ ਕੰਮ ਕੀਤਾ। 1993 ਵਿੱਚ "ਆਰ ਪਾਰ" ਮੈਗਜ਼ੀਨ ਕੱਢਿਆ ਜੋ ਕੁਝ ਸਿਹਤ ਸਮੱਸਿਆਵਾਂ ਕਰਕੇ 2003 ਵਿੱਚ ਬੰਦ ਕਰਨਾ ਪਿਆ। ਬਲਬੀਰ ਕੌਰ ਸੰਘੇੜਾ ਦੀਆਂ ਸਾਹਿਤਕ ਰਚਨਾਵਾਂ ਦਾ ਵੇਰਵਾ ਕੁਝ ਇਸ ਤਰਾਂ ਹੈ:

ਨਾਵਲ: ਹੱਕ ਦੀ ਮੰਗ,ਇੱਕ ਖ਼ਤ ਸੱਜਣਾਂ ਦੇ ਨਾਂ, ਜਾਲ- (ਪੰਜਾਬੀ, ਹਿੰਦੀ, ਸ਼ਾਹਮੁਖੀ), ਅਤੇ ਚਿੱਕੜ।

ਕਹਾਣੀ ਸੰਗ੍ਰਹਿ: ਆਪਣੇ ਹੀ ਓਹਲੇ, ਖੰਭੇ, ਠੰਡੀ ਹਵਾ, ਖੰਡਰ (ਪੰਜਾਬੀ, ਹਿੰਦੀ)।

ਯਾਦਾਂ: ਪ੍ਰਛਾਈਆਂ ਦੇ ਓਹਲੇ ਪ੍ਰਕਰਮਾ। ਸੰਪਾਦਿਤ: ਉੱਤਰੀ ਅਮਰੀਕਾ ਦੀਆਂ ਕਹਾਣੀਆਂ ਔਰਤਾਂ ਦੀਆਂ ਕਲਮਾਂ ਤੋਂ। ਸਾਹਿਤਕ ਸਵੈ-ਜੀਵਨੀ: ਤੁਰਦਿਆਂ - ਤੁਰਦਿਆਂ। ਵਾਰਤਕ: ਮੇਰੀਆਂ ਸੋਚਾਂ - ਮੇਰੇ ਸ਼ਬਦ।

ਭੁਪਿੰਦਰ ਦੂਲੇ, ਕੁਲਜੀਤ ਮਾਨ ਤੇ ਰਛਪਾਲ ਕੌਰ ਗਿੱਲ ਨੇ ਵੀ ਬਲਬੀਰ ਕੌਰ ਸੰਘੇੜਾ ਦੇ ਸਾਹਿਤਕ ਸਫ਼ਰ ਨਾਲ ਸੰਬੰਧਤ ਕੁਝ ਯਾਦਾਂ ਸਾਂਝੀਆਂ ਕੀਤੀਆਂ।

ਲਾਲ ਸਿੰਘ ਬੈਂਸ ਨੇ ਗਿਆਨ ਸਿੰਘ ਸੰਘਾ, ਜਿਨ੍ਹਾਂ ਦਾ ਖਾੜਕੂ ਲਹਿਰ ਸਮੇਂ ਕਤਲ ਹੋ ਗਿਆ ਸੀ, ਉਨ੍ਹਾਂ ਦੀ ਪਤਨੀ ਗੁਰਬਖਸ਼ ਕੌਰ ਸੰਘਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਹੋਇਆਂ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਵੀ ਗੱਲਬਾਤ ਕੀਤੀ। ਅਤੇ ਸਮਾਜਵਾਦੀ ਸਫਾਂ 'ਚ ਸਰਗਰਮ ਰਹੇ ਹਰਬੰਸ ਸਿੰਘ ਨੂੰ ਵੀ ਸ਼ਰਧਾਂਜਲੀ ਦਿੱਤੀ।

ਕਵੀ ਦਰਬਾਰ ਵਿੱਚ ਗੁਰਦੇਵ ਚੌਹਾਨ, ਬਾਬਰ ਨਸਰੂਲਾ ਖ਼ਾਨ, ਬਲਰਾਜ ਧਾਲੀਵਾਲ, ਮੇਜਰ ਸਿੰਘ ਬਦੇਸ਼ਾ, ਜਤਿੰਦਰ ਰੰਧਾਵਾ, ਰਸ਼ੀਦ ਨਦੀਮ, ਨਾਟਕਕਾਰ ਕਿਰਪਾਲ ਕੰਵਲ, ਭੁਪਿੰਦਰ ਦੂਲੇ ਅਤੇ ਹਜ਼ਰਤ ਸ਼ਾਮ ਨੇ ਆਪਣੀਆਂ ਆਪਣੀਆਂ ਕਵਿਤਾਵਾਂ ਪੇਸ਼ ਕੀਤੀਆਂ।

ਇਸ ਤੋਂ ਇਲਾਵਾ ਲਾਲ ਸਿੰਘ ਸੰਘੇੜਾ, ਬਲਜੀਤ ਧਾਲੀਵਾਲ, ਪ੍ਰਵੀਨ ਕੌਰ, ਭਗਵੰਤ ਸਿੰਘ, ਸੁਧੀਰ ਘਈ, ਤਾਰਾ ਸਿੰਘ, ਜਗਤਾਰ ਸਿੰਘ ਮੱਲ੍ਹੀ, ਜੀਤ ਸਿੰਘ, ਗੁਰਪ੍ਰੀਤ ਬਟਾਲਵੀ, ਰਿੰਟੂ ਭਾਟੀਆ, ਪਰਮਜੀਤ ਕੌਰ ਦਿਓਲ, ਮਲਵਿੰਦਰ ਸਿੰਘ, ਬਲਜਿੰਦਰ ਕੌਰ ਦੂਲੇ, ਬਲਦੇਵ ਦੂਹੜੇ, ਗੁਰਦਿਆਲ ਸਿੰਘ ਬੱਲ, ਹੀਰਾ ਲਾਲ ਅਗਨੀਹੋਤਰੀ, ਗੁਰਕੀਰਤ ਸਿੰਘ, ਕੁਲਵੰਤ ਕੌਰ, ਡਾ. ਨਾਹਰ ਸਿੰਘ, ਪ੍ਰਭਜੋਤ ਰਠੌਰ ਅਤੇ ਪ੍ਰਤੀਕ ਸਿੰਘ ਨੇ ਵੀ ਮੀਟਿੰਗ ਵਿੱਚ ਹਾਜ਼ਰੀ ਲਵਾਈ। ਅਖੀਰ ਤੇ ਕਾਫ਼ਲਾ ਸੰਚਾਲਕ ਰਛਪਾਲ ਕੌਰ ਗਿੱਲ ਨੇ ਸਭ ਦਾ ਧੰਨਵਾਦ ਕੀਤਾ।




Galaxy Kitchen Cabinets Ltd.
Residential & Commercial



• Custom Cabinets • Countertops
• Vanities Bars • Entertainment Units

Call for Free Estimate :
Sarbjit S. Mangat
778-549-4740

# 12-13325 - 76 Ave. Surrey BC V2W 2V8 | F: 604-503-0058

Hans
Demolition & Excavating





* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract

Ph : 604-240-8002
or : 604-250-3834


Free Estimates
3822 Marine Way
Burnaby, B.C. V5J 3H4



THE HARP GREWAL ਹਰਪ ਗਰੇਵਾਲ REAL ESTATE TEAM

416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca

HOMELIFE SILVERCITY
REALTY INC., BROKERAGE
HIGHER STANDARDS



Baljinder Singh
Graphic Designer

All types of Newspaper Advts. Newspaper Planning, Designing of Catalogues, Brochures etc.

ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ,
ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ
ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ

+91-92167-29598

E-mail : akashdeep.1064@gmail.com | baljinderpta1@gmail.com

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.



We can Also Arrange
Decoration
Party Rentals
Customer satisfaction is our pride!

| VIDEO | PHOTOGRAPHY | MUSIC |
|---|---|---|
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762 or 29 DREAM(37326)
Special Packages Available For All Occasions in Calgary



Punjabi Rang Radio
CHLO AM530
(TORONTO)
11PM-12AM
(SATURDAY)



Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com



202-895 Lawrence Ave E, North York, ON M3C 3L2

GALAXY Frightline inc.

Hiring Drivers/Owners/Operators

We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time

We Require:
* 2 Years Experience
* Clean Current Abstract
* Ability to Cross Border
* Positive, Professional Attitude

For:
* GTA
* ON-QC
* ON-MB-AB-BC
* USA


SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com

www.galaxyfreightline.com
*1580 Britannia Road East *Mississauga *ON *L4W 1J2

# ਫ਼ਲਸਤੀਨੀ ਸੰਘਰਸ਼ ਵਿਚ ਜੁਝਾਰੂ ਔਰਤਾਂ

ਬੂਟਾ ਸਿੰਘ
ਮਹਿਮੂਦਪੁਰ
94634-74342

ਇਜ਼ਰਾਇਲ–ਹਮਾਸ ਜੰਗਬੰਦੀ ਸਮਝੌਤੇ ਦੇ ਪਹਿਲੇ ਪੜਾਅ ’ਚ 21 ਬੱਚਿਆਂ ਅਤੇ 69 ਔਰਤਾਂ ਸਮੇਤ ਜੋ 90 ਫ਼ਲਸਤੀਨੀ ਰਿਹਾਅ ਕੀਤੇ ਗਏ ਉਨ੍ਹਾਂ ਵਿਚ ਤਿੰਨ ਜੁਝਾਰੂ ਸ਼ਖ਼ਸੀਅਤਾਂ ਖ਼ਾਲਿਦਾ ਜਰਾਰ, ਰੂਲਾ ਹਸਨੇਨ ਅਤੇ ਅਬਲਾ ਸਾਅਦਤ ਵੀ ਹਨ। ਇਸ ਮੌਕੇ ਉਨ੍ਹਾਂ ਨੂੰ ਜੀ ਆਇਆਂ ਨੂੰ ਕਹਿਣ ਲਈ ਪਰਿਵਾਰਾਂ ਦੇ ਨਾਲ ਆਮ ਫ਼ਲਸਤੀਨੀ ਵੀ ਉਨ੍ਹਾਂ ਨੂੰ ਆਪਣੇ ਸਮਝਕੇ ਇਜ਼ਰਾਇਲੀ ਜੇਲ੍ਹ ਵੱਲ ਧਾਅ ਪਏ। ਹਜੂਮ ਨੂੰ ਖਦੇੜਨ ਲਈ ਇਜ਼ਰਾਇਲੀ ਫ਼ੌਜ ਵੱਲੋਂ ਕੀਤੀਆਂ ਅੱਥਰੂ ਗੈਸ ਦੇ ਗੋਲਿਆਂ ਦੀਆਂ ਬੌਛਾੜਾਂ



ਵੀ ਉਨ੍ਹਾਂ ਦੀਆਂ ਭਾਵਨਾਵਾਂ ਦੇ ਹੜ੍ਹ ਨੂੰ ਰੋਕ ਨਾ ਸਕੀਆਂ। ਕੁਝ ਫ਼ਲਸਤੀਨੀਆਂ ਨੇ ਹਮਾਸ, ਫਾਤਾਹ, ਫ਼ਲਸਤੀਨ ਇਸਲਾਮਿਕ ਜਹਾਦ ਅਤੇ ਹੋਰ ਹਥਿਆਰਬੰਦ ਗਰੁੱਪਾਂ ਦੇ ਝੰਡੇ ਵੀ ਚੁੱਕੇ ਹੋਏ ਸਨ। ਹਜ਼ਾਰਾਂ ਫ਼ਲਸਤੀਨੀਆਂ ਦੇ ਇਕੱਠ ਨੇ ਰਿਹਾਈ ਦੇ ਜਸ਼ਨ ਮਨਾਏ ਅਤੇ ਹਮਾਸ ਦੇ ਹਥਿਆਰਬੰਦ ਵਿੰਗ, ਅਲ–ਕਾਸਮ ਬਰਗੇਡ ਦੀ ਹਮਾਇਤ ’ਚ ਜ਼ੈਕਾਰੇ ਗੁੰਜਾਏ।

ਖ਼ਾਲਿਦਾ (61) ਪੀ.ਐੱਫ.ਐੱਲ.ਪੀ. (ਪਾਪੂਲਰ ਫਰੰਟ ਫਾਰ ਦ ਲਿਬਰੇਸ਼ਨ ਆਫ ਫ਼ਲਸਤੀਨ) ਦੀ ਆਗੂ ਅਤੇ ਔਰਤ ਹੱਕਾਂ ਦੀ ਕਾਰਕੁਨ ਹੈ, ਅਬਲਾ ਸਾਅਦਤ ਯੂਨੀਅਨ ਆਫ ਫ਼ਲਸਤੀਨੀਅਨ ਵੂਮੈਨ ਕਮੇਟੀ (ਜਿਸ ਨੂੰ ਇਜ਼ਰਾਇਲ ਨੇ ‘ਦਹਿਸ਼ਤਗਰਦ ਜਥੇਬੰਦੀ’ ਕਰਾਰ ਦਿੱਤਾ ਹੋਇਆ ਹੈ) ਦੀ ਆਗੂ ਤੇ ਫਰੰਟ ਦੇ ਜਨਰਲ ਸਕੱਤਰ ਅਹਿਮਦ ਸਾਅਦਤ ਦੀ ਜੀਵਨ–ਸਾਥੀ ਹੈ ਜਦਕਿ 30 ਸਾਲਾ ਨਿਧੜਕ ਪੱਤਰਕਾਰ ਹਸਨੇਨ ਰਮੱਲਾ ਆਧਾਰਤ ਵਤਨ ਮੀਡੀਆ ਨੈੱਟਵਰਕ ਦੀ ਸੰਪਾਦਕ ਹੈ। ਅਹਿਮਦ ਇਜ਼ਰਾਇਲੀ ਸੈਰਸਪਾਟਾ ਮੰਤਰੀ ਦੇ ਕਤਲ ਦੇ ਹੁਕਮ ਦੇਣ ਦੇ ਦੋਸ਼ ’ਚ 2002 ਤੋਂ ਜੇਲ੍ਹ ਵਿਚ ਕੈਦ ਹੈ ਅਤੇ ਅਬਲਾ ਨੂੰ ਹਰ ਵਾਰ ਸਿਰਫ਼ ਇਸ ਕਾਰਨ ਗਿ ?ਰਫ਼ਤਾਰ ਕਰ ਲਿਆ ਜਾਂਦਾ ਹੈ ਕਿ ਉਹ ਅਹਿਮਦ ਦੀ ਪਤਨੀ ਹੈ।

ਇਹ ਗ੍ਰਿਫ਼ਤਾਰੀਆਂ ਉਸ ਵਿਆਪਕ ਦਹਿਸ਼ਤਵਾਦੀ ਹਮਲੇ ਦੇ ਹਿੱਸੇ ਵਜੋਂ ਕੀਤੀਆਂ ਗਈਆਂ ਸਨ ਜੋ ਇਜ਼ਰਾਇਲੀ ਸਟੇਟ ਵੱਲੋਂ ਫ਼ਲਸਤੀਨ ਦੀ ਸਰਜ਼ਮੀਨ ਉੱਪਰ ਇਜ਼ਰਾਇਲੀ ਕਬਜ਼ੇ ਦਾ ਵਿਰੋਧ ਕਰਨ ਵਾਲੀ ਹਰ ਜਮਹੂਰੀ ਆਵਾਜ਼ ਨੂੰ ਕੁਚਲਣ ਲਈ ਵਿੱਢਿਆ ਗਿਆ। ਇਜ਼ਰਾਇਲੀ ਹਕੂਮਤ ਦਾ ਫ਼ਲਸਤੀਨੀਆਂ ਨੂੰ ਦਬਾਉਣ ਦਾ ਇਕ ਵੱਡਾ ਹਥਿਆਰ ‘ਪ੍ਰਸ਼ਾਸਨਿਕ ਨਜ਼ਰਬੰਦੀ’ ਹੈ ਜੋ ਅੰਗਰੇਜ਼ ਹਕੂਮਤ ਵੱਲੋਂ ਭਾਰਤ ਵਿਚ ਲਾਗੂ ਕੀਤੀ ਇਹਤਿਹਾਤੀ ਨਜ਼ਰਬੰਦੀ ਨਾਲ ਮਿਲਦਾ–ਜੁਲਦਾ ਜਾਬਰ ਕਾਨੂੰਨ ਹੈ ਜਿਸ ਤਹਿਤ ਹਕੂਮਤ ਜਿਸ ਨੂੰ ਵੀ ਚਾਹੇ ‘ਸਟੇਟ ਦੀ ਸੁਰੱਖਿਆ ਲਈ ਖ਼ਤਰਾ’ ਕਰਾਰ ਦੇ ਕੇ, ਬਿਨਾਂ ਕੋਈ ਦੋਸ਼ ਲਾਏ ਅਤੇ ਬਿਨਾਂ ਕੋਈ ਮੁਕੱਦਮਾ ਚਲਾਏ ਅਣਮਿੱਥੇ ਸਮੇਂ ਲਈ ਜੇਲ੍ਹ ਵਿਚ ਬੰਦ ਰੱਖ ਸਕਦੀ ਹੈ।

ਹਸਨੇਨ ਨੂੰ ਇਜ਼ਰਾਇਲੀ ਫ਼ੌਜ ਵੱਲੋਂ ਫ਼ਲਸਤੀਨੀਆਂ ਦੀ ਵਿਆਪਕ ਪੈਮਾਨੇ ’ਤੇ ਫੜੋਫੜੀ ਦੇ ਹਿੱਸੇ ਵਜੋਂ 19 ਮਾਰਚ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਉੱਪਰ ਦੋਸ਼ ਇਹ ਲਾਇਆ ਗਿਆ ਕਿ ਉਹ ਸੋਸ਼ਲ ਮੀਡੀਆ ਪਲੈਟਫਾਰਮ ਐਕਸ ਉੱਪਰ ਪੋਸਟਾਂ ਪਾ ਕੇ ਫ਼ਲਸਤੀਨੀਆਂ ਨੂੰ ਭੜਕਾਉਂਦੀ ਹੈ ਅਤੇ ਗਾਜ਼ਾ ਵਿਚ ਫ਼ਲਸਤੀਨੀ ਲੋਕਾਂ ਦੇ ਦੁੱਖ–ਤਕਲੀਫ਼ਾਂ ਬਾਰੇ ਵਾਰ–ਵਾਰ ਟਵੀਟ ਕਰਕੇ ਵਿਰੋਧ ਪ੍ਰਗਟਾਉਂਦੀ ਹੈ। ਉਸ ਵਿਰੁੱਧ ਇਜ਼ਰਾਇਲ ਦੀ ਓਫਰ ਜੇਲ੍ਹ ਵਿਖੇ ਇਜ਼ਰਾਇਲੀ ਫ਼ੌਜੀ ਅਦਾਲਤ ਵਿਚ ਮੁਕੱਦਮਾ ਚਲਾਇਆ ਗਿਆ। ਗਿ ?ਰਫ਼ਤਾਰੀ ਸਮੇਂ ਉਸ ਨੂੰ ਆਪਣੀ ਨਵ–ਜੰਮੀ ਨਿੱਕੀ ਜਹੀ ਬੱਚੀ ਨੂੰ ਇਕੱਲੀ ਛੱਡ ਕੇ ਜੇਲ੍ਹ ਜਾਣਾ ਪਿਆ।

ਖ਼ਾਲਿਦਾ ਵਿਦਿਆਰਥੀ ਜੀਵਨ ਦੇ ਸਮੇਂ ਤੋਂ ਹੀ ਹੱਕਾਂ ਲਈ ਸੰਘਰਸ਼ ਵਿਚ ਸ਼ਾਮਲ ਹੈ। ਉਸ ਦੀ ਪਹਿਲੀ ਗ੍ਰਿਫ਼ਤਾਰੀ ਮਾਰਚ 1989 ’ਚ ਹੋਈ ਸੀ ਜਦੋਂ ਉਹ ਬਿਰਜ਼ੇਟ ਯੂਨੀਵਰਸਿਟੀ ਵਿਚ ਮਾਸਟਰ ਡਿਗਰੀ ਕਰ ਰਹੀ ਸੀ ਜਿੱਥੇ ਉਹ ਕੌਮਾਂਤਰੀ ਔਰਤ ਦਿਵਸ ਦੇ ਮੌਕੇ ਕੀਤੇ ਗਏ ਮੁਜ਼ਾਹਰੇ ਵਿਚ ਮੌਜੂਦ ਸੀ ਅਤੇ ਉਹ ਆਪਣੀ ਇਕ ਭੈਣ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ ਬਚਾਉਣ ਦੀ ਕੋਸ਼ਿਸ਼ ਕਰਦਿਆਂ ਫੜ ਲਈ ਗਈ ਸੀ। ਹੁਣ ਉਸ ਨੂੰ 26 ਦਸੰਬਰ 2023 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਓਦੋਂ ਤੋਂ ਹੀ ਉਹ ਜੇਲ੍ਹ ਵਿਚ ਸੀ।

ਆਪਣੀ ਸਰਗਰਮ ਭੂਮਿਕਾ ਦੀ ਬਦੌਲਤ ਖ਼ਾਲਿਦਾ ਪੱਛਮੀ ਕੰਢੇ ਵਿਚ ਮਕਬੂਲ ਆਗੂ ਬਣਕੇ ਉੱਭਰੀ ਅਤੇ ਉਸਨੇ ਔਰਤਾਂ ਦੇ ਹੱਕਾਂ ਲਈ ਜੂਝਦਿਆਂ ਔਰਤ ਵਿਰੋਧੀ ਰੂੜ੍ਹੀਵਾਦੀ ਵਿਚਾਰਾਂ ਵਿਰੁੱਧ ਵੀ ਡੱਟ ਕੇ ਸੰਘਰਸ਼ ਕੀਤਾ। ਉਹ ਜਨਤਕ ਥਾਵਾਂ ਦੀ ਸਾਫ਼–ਸਫ਼ਾਈ ਅਤੇ ਸਰਕਾਰੀ ਸਕੂਲਾਂ ਦੀ ਹਾਲਤ ਸੁਧਾਰਨ ਜਹੇ ਕਮਿਊਨਿਟੀ ਕੰਮਾਂ ਵਿਚ ਵੀ ਬਰਾਬਰ ਸਰਗਰਮ ਰਹਿੰਦੀ ਸੀ। ਇਸ ਮਕਬੂਲੀਅਤ ਕਾਰਨ ਉਹ ਫ਼ਲਸਤੀਨ ਦੀ ਸੰਵਿਧਾਨਕ ਤੌਰ ’ਤੇ ਚੁਣੀ ਹੋਈ ਫ਼ਲਸਤੀਨ ਵਿਧਾਨਸਾਜ਼ ਕੌਂਸਲ, ਫ਼ਲਸਤੀਨੀ ਅਥਾਰਟੀ, ਲਈ ਐੱਮ.ਪੀ. ਚੁਣੀ ਗਈ ਅਤੇ ਉਸ ਨੂੰ ਕੈਦੀਆਂ ਦੀ ਸਹਾਇਤਾ ਲਈ ਕਮੇਟੀ ਨੂੰ ਅਗਵਾਈ ਦੇਣ ਦੀ ਜ਼ਿੰਮੇਵਾਰੀ ਸੌਂਪੀ ਗਈ। 2015 ’ਚ ਫ਼ਲਸਤੀਨ ਨੂੰ ਇੰਟਰਨੈਸ਼ਨਲ ਕ੍ਰਿਮੀਨਲ ਕੋਰਟ (ਆਈਸੀਸੀ) ਨਾਲ ਮਜ਼ਬੂਤੀ ਨਾਲ ਜੋੜਨ ਦੀ ਅਗਵਾਈ ਉਸੇ ਨੇ ਕੀਤੀ। 1994 ਤੋਂ ਲੈ ਕੇ 2006 ਤੱਕ ਉਸਨੇ ਅਦਾਮੀਰ ਪ੍ਰਿਜ਼ਨਰਜ਼ ਸੁਪੋਰਟ ਅਤੇ ਹਿਊਮਨ ਰਾਈਟਸ ਐਸੋਸੀਏਸ਼ਨ ਦੀ ਡਾਇਰੈਕਟਰ ਅਤੇ ਬਾਅਦ ਵਿਚ ਫਾਊਂਡੇਸ਼ਨ ਦੇ ਬੋਰਡ ਆਫ ਡਾਇਰੈਕਟਰਜ਼ ਦੇ ਵਾਈਸ–ਚੇਅਰਪਰਸਨ ਦੀ ਜ਼ਿੰਮੇਵਾਰੀ ਨਿਭਾਈ। ਫ਼ਲਸਤੀਨੀ ਕੈਦੀਆਂ ਦੀ ਸਹਾਇਤਾ ਕਰਨ ਤੋਂ ਇਲਾਵਾ ਉਹ ਬਹੁਤ ਸਾਲਾਂ ਤੋਂ ਮਨੁੱਖੀ ਹੱਕਾਂ ਲਈ ਵੀ ਧੜੱਲੇ ਨਾਲ ਕੰਮ ਕਰ ਰਹੀ ਹੈ। ਜੇਲ੍ਹਬੰਦੀ ਦੌਰਾਨ ਉਸਨੇ ਸਾਥੀ ਕੈਦੀਆਂ ਨਾਲ ਮਿਲਕੇ ਨੌਜਵਾਨ ਕੁੜੀਆਂ ਲਈ ਸਕੂਲ ਬਣਾਇਆ ਤਾਂ ਜੋ ਰਿਹਾਈ ਤੋਂ ਬਾਅਦ ਇਹ ਪੜ੍ਹਾਈ ਉਨ੍ਹਾਂ ਦੇ ਕੰਮ ਆਵੇ। ਖ਼ਾਲਿਦਾ ਉਨ੍ਹਾਂ ਨੂੰ ਅੰਗਰੇਜ਼ੀ ਪੜ੍ਹਾਉਂਦੀ ਸੀ।

ਫ਼ਲਸਤੀਨੀ ਕੌਮਪ੍ਰਸਤ ਅਤੇ ਮਾਰਕਸਵਾਦੀ–ਲੈਨਿਨਵਾਦੀ ਜਥੇਬੰਦੀ ਪੀ.ਐੱਫ.ਐੱਲ.ਪੀ. ਨੂੰ ਇਜ਼ਰਾਇਲ, ਅਮਰੀਕਾ ਅਤੇ ਯੂਰਪੀ ਯੂਨੀਅਨ ਨੇ ‘ਦਹਿਸ਼ਤਗਰਦ’ ਗਰੁੱਪ ਕਰਾਰ ਦਿੱਤਾ ਹੋਇਆ ਹੈ ਅਤੇ ਖ਼ਾਲਿਦਾ ਫਰੰਟ ਦੀ ਪੋਲਿਟ ਬਿਊਰੋ ਮੈਂਬਰ ਰਹੀ ਹੈ। ਉਸ ਨੂੰ “ਗ਼ੈਰਕਾਨੂੰਨੀ” ਪਾਰਟੀ ਨਾਲ ਸੰਬੰਧਤ ਹੋਣ ਅਤੇ ਫ਼ਲਸਤੀਨੀ ਕੈਦੀਆਂ ਦੇ ਹੱਕਾਂ ਲਈ ਆਵਾਜ਼ ਉਠਾਉਣ ਦਾ ਮੁੱਲ ਵਾਰ–ਵਾਰ ਜੇਲ੍ਹ ਵਿਚ ਡੱਕੇ ਜਾਣ ਦੇ ਰੂਪ ’ਚ ਚੁਕਾਉਣਾ ਪਿਆ ਹੈ। 1989 ਤੋਂ ਲੈ ਕੇ ਉਸ ਨੂੰ ਬਹੁਤ ਵਾਰ ਜੇਲ੍ਹ ਜਾਣਾ ਪਿਆ ਹੈ। 2015 ’ਚ ਉਸ ਨੂੰ ਪਾਬੰਦੀਸ਼ੁਦਾ ਜਥੇਬੰਦੀ ਨਾਲ ਸੰਬੰਧਤ ਹੋਣ ਦੇ ਦੋਸ਼ ’ਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਜੂਨ 2016 ਤੱਕ 15 ਮਹੀਨੇ ਨਜ਼ਰਬੰਦ ਰੱਖਿਆ ਗਿਆ। ਫ਼ੌਜੀ ਅਦਾਲਤ ਨੇ ਉਸ ਉੱਪਰ ਇੰਟਰਵਿਊਆਂ ਅਤੇ ਭਾਸ਼ਣ ਦੇਣ, ਮੁਜ਼ਾਹਰਿਆਂ ਵਿਚ ਹਿੱਸਾ ਲੈਣ ਅਤੇ ਫ਼ਲਸਤੀਨੀ ਕੈਦੀਆਂ ਦੀ ਰਿਹਾਈ ਦੀ ਮੰਗ ਕਰਨ ਸਮੇਤ 15 ਦੋਸ਼ ਲਗਾਏ ਸਨ। ਦਸੰਬਰ 2023 ਦੀ ਗ੍ਰਿਫ਼ਤਾਰੀ ਤੋਂ ਪਹਿਲਾਂ ਉਹ 2017 ਤੋਂ ਲੈ ਕੇ 2021 ਤੱਕ ਜੇਲ੍ਹ ’ਚ ਬੰਦ ਰਹਿ ਚੁੱਕੀ ਸੀ। ਜੇਲ੍ਹਬੰਦੀ ਦੌਰਾਨ ਖ਼ਾਲਿਦਾ ਦੇ ਪਿਤਾ, ਉਸ ਦੀ ਧੀ ਅਤੇ ਭਤੀਜੇ ਦੀ ਮੌਤ ਹੋ ਗਈ ਪਰ ਇਜ਼ਰਾਇਲੀ ਅਧਿਕਾਰੀਆਂ ਨੇ ਉਸ ਨੂੰ ਕਿਸੇ ਦੀਆਂ ਵੀ ਅੰਤਮ ਰਸਮਾਂ ਵਿਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੱਤੀ।

ਜੇਲ੍ਹਾਂ ਵਿਚ ਫ਼ਲਸਤੀਨੀਆਂ ਨੂੰ ਇਜ਼ਰਾਇਲੀ ਰਾਜ ਮਸ਼ੀਨਰੀ ਵੱਲੋਂ ਕਰੂਰਤਾ ਨਾਲ ਸਰੀਰਕ ਤੇ ਮਾਨਸਿਕ ਤਸੀਹੇ ਦਿੱਤੇ ਜਾਂਦੇ ਹਨ। ਹਿੰਸਕ ਹਮਲੇ, ਅੱਥਰੂ ਗੈਸ ਦੇ ਗੋਲੇ ਸੁੱਟਣਾ ਅਤੇ ਤਰ੍ਹਾਂ–ਤਰ੍ਹਾਂ ਦਾ ਤਸ਼ੱਦਦ ਆਮ ਹੈ। ਖ਼ਾਲਿਦਾ ਦਾ ਮਨੋਬਲ ਤੋੜਨ ਲਈ ਜੇਲ੍ਹ ਵਿਚ ਉਸ ਨੂੰ ਬਹੁਤ ਹੀ ਭੈੜੇ ਹਾਲਾਤ ਵਿਚ ਕੈਦ ਰੱਖਿਆ ਗਿਆ। ਜੇਲ੍ਹ ਜਾਣ ਤੋਂ ਪਹਿਲੀਆਂ ਅਤੇ ਰਿਹਾਅ ਹੋਣ ਸਮੇਂ ਦੀਆਂ ਤਸਵੀਰਾਂ ਦੇ ਫ਼ਰਕ ਤੋਂ ਸਾਫ਼ ਨਜ਼ਰ







ਆਉਂਦਾ ਹੈ ਕਿ ਕੈਦੀਆਂ ਨੂੰ ਕਿਸ ਤਰ੍ਹਾਂ ਖ਼ੌਫ਼ਨਾਕ ਅਣਮਨੁੱਖੀ ਹਾਲਾਤ ਵਿਚ ਬੰਦ ਰੱਖਿਆ ਜਾਂਦਾ ਹੈ। ਅਗਸਤ ਵਿਚ ਉਸ ਨੂੰ ਵੱਖਰੀ ਕੋਠੜੀ ਵਿਚ ਇਕੱਲੀ ਨੂੰ ਬੰਦ ਕਰ ਦਿੱਤਾ ਗਿਆ। ਰਾਮਲਾ ਜੇਲ੍ਹ ਦੀ ਇਹ ਕਾਲ ਕੋਠੜੀ ਸਿਰਫ਼ ਡੇਢ ਮੀਟਰ ਚੌੜੀ ਅਤੇ ਇਕ ਮੀਟਰ ਲੰਮੀ ਸੀ ਜਿਸ ਵਿਚ ਮੁਸ਼ਕਲ ਨਾਲ ਹੀ ਗੱਦਾ ਵਿਛਾਇਆ ਜਾ ਸਕਦਾ ਹੈ। ਸਾਹ ਲੈਣ ਲਈ ਉਸ ਨੂੰ ਕੋਠੜੀ ਦੇ ਦਰਵਾਜ਼ੇ ਨੇੜੇ ਲੇਟਣਾ ਪੈਂਦਾ ਸੀ। ਇਜ਼ਰਾਇਲੀ ਜੇਲ੍ਹ ਅਧਿਕਾਰੀਆਂ ਨੇ ਬੇਹੱਦ ਸਖ਼ਤੀ ਵਰਤਦਿਆਂ ਇਹ ਯਕੀਨੀਂ ਬਣਾਇਆ ਕਿ ਉਸ ਨੂੰ ਪਾਣੀ, ਭੋਜਨ, ਸਾਫ਼–ਸਫ਼ਾਈ, ਕੱਪੜੇ ਅਤੇ ਮਨੁੱਖੀ ਜ਼ਿੰਦਗੀ ਲਈ ਜ਼ਰੂਰੀ ਹੋਰ ਚੀਜ਼ਾਂ ਤੋਂ ਵਾਂਝੇ ਰੱਖਿਆ ਜਾਵੇ ਅਤੇ ਉਸਦਾ ਮਨੋਬਲ ਤੋੜਿਆ ਜਾਵੇ। ਕਿਸੇ ਨੂੰ ਵੀ ਜੇਲ੍ਹ ਵਿਚ ਉਸ ਨਾਲ ਮੁਲਾਕਾਤ ਨਹੀਂ ਕਰਨ ਦਿੱਤੀ ਗਈ। ਬਕੌਲ ਖ਼ਾਲਿਦਾ, “1967 ’ਚ ਪੱਛਮੀ ਕੰਢੇ ਉੱਪਰ ਕਬਜ਼ਾ ਕੀਤੇ ਜਾਣ ਦੇ ਸਮੇਂ ਤੋਂ ਲੈ ਕੇ ਹੁਣ ਜੇਲ੍ਹਾਂ ਦੇ ਹਾਲਾਤ ਸਭ ਤੋਂ ਭੈੜੇ ਅਤੇ ਸਭ ਤੋਂ ਮੁਸ਼ਕਲ ਹਨ।

ਫ਼ਲਸਤੀਨੀ ਰਾਜਨੀਤਕ ਕੈਦੀਆਂ ਨੂੰ ਕਾਨੂੰਨੀ ਸਹਾਇਤਾ ਦੇਣ ਵਾਲੀ ਸੰਸਥਾ ਦੇ ਅੰਕੜਿਆਂ ਅਨੁਸਾਰ ਇਜ਼ਰਾਇਲੀ ਜੇਲ੍ਹਾਂ ਵਿਚ ਦਸ ਹਜ਼ਾਰ ਫ਼ਲਸਤੀਨੀ ਰਾਜਨੀਤਕ ਕੈਦੀ ਬੰਦ ਹਨ। ਹਮਾਸ ਦੇ ਅਕਤੂਬਰ 2023 ਦੇ ਹਮਲੇ ਤੋਂ ਬਾਅਦ ਇਜ਼ਰਾਇਲੀ ਸਟੇਟ ਨੇ ਫ਼ਲਸਤੀਨੀ ਕੈਦੀਆਂ ਨੂੰ ਕਿਸੇ ਵੀ ਤਰ੍ਹਾਂ ਦੀ ਮੈਡੀਕਲ ਸਹਾਇਤਾ ਦੇਣੀ ਵੀ ਬੰਦ ਕੀਤੀ ਹੋਈ ਹੈ। ਇਸ ਲਈ, ਜਿੰਨੇ ਵੀ ਫ਼ਲਸਤੀਨੀ ਜੇਲ੍ਹਾਂ ’ਚੋਂ ਰਿਹਾਅ ਹੋ ਰਹੇ ਹਨ ਉਹ ਸਮੇਂ ਸਿਰ ਮੈਡੀਕਲ ਸਹਾਇਤਾ ਨਾ ਮਿਲਣ ਕਾਰਨ ਗੰਭੀਰ ਬੀਮਾਰੀਆਂ ਤੋਂ ਪੀੜਤ ਹਨ। ਖ਼ਾਲਿਦਾ ਅਤੇ ਰੂਲਾ ਵੀ ਗੰਭੀਰ ਬੀਮਾਰੀਆਂ ਲੈ ਕੇ ਜੇਲ੍ਹ ’ਚੋਂ ਪਰਤੀਆਂ ਹਨ ਅਤੇ ਉਨ੍ਹਾਂ ਨੂੰ ਤੁਰੰਤ ਇਲਾਜ ਲਈ ਹਸਪਤਾਲ ਭੇਜਣਾ ਪਿਆ। ਰਿਹਾਈ ਸਮੇਂ ਵੀ ਉਨ੍ਹਾਂ ਨੂੰ ਬੇਹੱਦ ਜ਼ਲੀਲ ਕੀਤਾ ਗਿਆ। ਜੇਲ੍ਹ ’ਚੋਂ ਬਾਹਰ ਲਿਆਉਣ ਸਮੇਂ ਔਰਤ ਕੈਦੀਆਂ ਨੂੰ ਕੇਸਾਂ ਤੋਂ ਫੜਕੇ ਜ਼ਮੀਨ ’ਤੇ ਸੁੱਟਿਆ ਗਿਆ, ਗਾਲ੍ਹਾਂ ਕੱਢੀਆਂ ਗਈਆਂ ਅਤੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਗਈ। ਤਲਾਸ਼ੀ ਦੇ ਨਾਂ ਹੇਠ ਉਨ੍ਹਾਂ ਨੂੰ ਭੈੜੀ ਤਰ੍ਹਾਂ ਜ਼ਲੀਲ ਕੀਤਾ ਗਿਆ ਅਤੇ ਰਿਹਾਈ ਨੂੰ ਲਮਕਾਉਣ ਦੀ ਵੱਧ ਤੋਂ ਵੱਧ ਕੋਸ਼ਿਸ਼ ਕੀਤੀ ਗਈ।

ਖ਼ਾਲਿਦਾ ਨੇ ਦੱਸਿਆ, “ਮੈਂ ਤਨਹਾ ਕੈਦ ’ਚੋਂ ਆ ਰਹੀ ਹਾਂ। ਮੈਨੂੰ ਅਜੇ ਵੀ ਯਕੀਨ ਨਹੀਂ ਆ ਰਿਹਾ। ਮੈਂ ਥੋੜ੍ਹਾ ਥੱਕ ਗਈ ਹਾਂ ।ਅਸੀਂ ਦੋਹਰੀ ਭਾਵਨਾ ’ਚ ਜੀ ਰਹੇ ਹਾਂ। ਇਕ ਪਾਸੇ ਇਹ ਆਜ਼ਾਦੀ ਦੀ ਭਾਵਨਾ, ਅਤੇ ਦੂਜੇ ਪਾਸੇ ਇਹ ਪੀੜ, ਐਨੇ ਫ਼ਲਸਤੀਨੀਆਂ ਦੇ ਸ਼ਹੀਦ ਹੋਣ ਦੀ।”ਉਸ ਉੱਪਰ ਜੇਲ੍ਹ ਦੇ ਤਸੀਹਿਆਂ ਦਾ ਅਸਰ ਜ਼ਰੂਰ ਹੈ, ਪਰ ਉਹ ਬਹੁਤ ਹੀ ਮਜ਼ਬੂਤ ਇਰਾਦੇ ਵਾਲੀ ਔਰਤ ਹੈ। ਪਹਿਲਾਂ ਵੀ ਆਪਣੀ ਧੀ ਦੀ ਮੌਤ ਦੇ ਸਦਮੇ ਦੇ ਬਾਵਜੂਦ ਜੇਲ੍ਹ ਵਿੱਚੋਂ ਬਾਹਰ ਆ ਕੇ ਉਹ ਮੁੜ ਸੰਘਰਸ਼ ਵਿਚ ਡੱਟ ਗਈ ਸੀ ਅਤੇ ਫ਼ਲਸਤੀਨੀ ਮੁਕਤੀ ਸੰਘਰਸ਼ ਵਿਚ ਪਹਿਲਾਂ ਦੀ ਤਰ੍ਹਾਂ ਸਰਗਰਮ ਹੋ ਗਈ ਸੀ। ਉਹ ਕਹਿੰਦੀ ਹੈ, “ਅਸੀਂ ਸਬਰ ਰੱਖੀਏ, ਉਮੀਦ ਨਾ ਛੱਡੀਏ, ਰਾਹ ਤੋਂ ਨਾ ਭਟਕੀਏ। ਕੋਸ਼ਿਸ਼ਾਂ ਜੁੜਦੇ ਜਾਣ ਨਾਲ ਤਬਦੀਲੀ ਆਏਗੀ। ਸਾਨੂੰ ਉਮੀਦ ਰੱਖਣੀ ਚਾਹੀਦੀ ਹੈ ਕਿ ਅਸੀਂ ਜਿੱਤਾਂਗੇ।

ਇਕ ਹੋਰ ਕੈਦੀ ਸਾਲਾਹ ਕਹਿੰਦੀ ਹੈ, “ਜੇ ਗਾਜ਼ਾ ਦੇ ਲੋਕਾਂ ’ਚ ਸਿਰੜ ਨਾ ਹੁੰਦਾ ਤਾਂ ਅਸੀਂ ਆਪਣੇ ਪਰਿਵਾਰਾਂ ਨੂੰ ਨਹੀਂ ਸੀ ਮਿਲ ਸਕਣਾ। ਜੇ ਉਨ੍ਹਾਂ ’ਚ ਸਬਰ ਨਾ ਹੁੰਦਾ ਤਾਂ ਅਸੀਂ ਜੇਲ੍ਹ ’ਚੋਂ ਬਾਹਰ ਨਹੀਂ ਸੀ ਆ ਸਕਣਾ। ਅਸੀਂ ਸਾਰੀ ਜ਼ਿੰਦਗੀ ਉਨ੍ਹਾਂ ਦੇ ਰਿਣੀ ਰਹਾਂਗੇ।

ਅਜਿਹੀ ਸਿਦਕ ਅਤੇ ਸਿਰੜ ਵਾਲੀ ਫ਼ਲਸਤੀਨੀ ਕੌਮ ਨੂੰ ਕੌਣ ਹਰਾ ਸਕਦਾ ਹੈ।

Advice from
someone you trust.
Sun Life
Life’s brighter under the sun
Life & Health Insurance • Critical Illness Insurance • Disability Insurance
Employee Benefits • RESP • TFSA• RRSP • Mutual Funds

Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.


Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ ’ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ ’ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਦੇਸ਼ ਭਗਤ ਯਾਦਗਾਰ ਹਾਲ 'ਚ ਵਿਚਾਰ ਚਰਚਾ

## • ਨਿਊਜ਼ੀਲੈਂਡ ਤੋਂ ਆਏ ਅਵਤਾਰ, ਧਰਮਪਾਲ ਰਾਣਾ ਅਤੇ ਇੰਗਲੈਂਡ ਤੋਂ ਆਏ ਕੁਲਵੰਤ ਕਮਲ ਦਾ ਸਨਮਾਨ
## • ਫ਼ਲਸਤੀਨ ਦੀ ਦਰਦੀਲੀ ਗਾਥਾ ਪੇਸ਼ ਕਰਦੀ ਪੀਪਲਜ਼ ਵਾਇਸ ਨੇ ਦਿਖਾਈ ਫ਼ਿਲਮ



**ਅਵਤਾਰ, ਧਰਮਪਾਲ ਨਿਊਜ਼ੀਲੈਂਡ ਅਤੇ ਕੁਲਵੰਤ ਕਮਲ ਯੂ ਕੇ ਦਾ ਸਨਮਾਨ**

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ, ਸਮੂਹ ਸਬ ਕਮੇਟੀਆਂ ਦੀ ਹਰ ਵਰ੍ਹੇ ਦੀ ਤਰ੍ਹਾਂ ਨਵੇਂ ਵਰ੍ਹੇ ਦੀ ਆਮਦ ਮੌਕੇ ਅਗਲੇ ਮਹੀਨਿਆਂ ਦੇ ਅਹਿਮ ਕਾਰਜ਼ ਹੱਥ ਲੈਣ ਲਈ ਮਹੱਤਵਪੂਰਣ ਮਿਲਣੀ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ ਹੋਈ।

ਮੀਟਿੰਗ ਦੇ ਪ੍ਰਧਾਨਗੀ ਮੰਡਲ ਵਿੱਚ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸ਼ਮੂਲੀਅਤ ਕੀਤੀ।

ਜਿਕਰਯੋਗ ਹੈ ਕਿ ਮੰਚ 'ਤੇ ਨਿਊਜ਼ੀਲੈਂਡ ਤੋਂ ਆਏ ਅਵਤਾਰ ਸਿੰਘ, (ਵਾਸੀ ਖੁਰਦਪੁਰ), ਧਰਮਪਾਲ ਰਾਣਾ (ਵਾਸੀ ਰਾਏਪੁਰ ਡੱਬਾ) ਅਤੇ ਬਰਮਿੰਘਮ (ਯੂ.ਕੇ.) ਤੋਂ ਆਏ ਕੁਲਵੰਤ ਕਮਲ ਨੂੰ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕਿਤਾਬਾਂ ਦੇ ਸੈੱਟ ਭੇਂਟ ਕਰਕੇ ਸਨਮਾਨਤ ਕਰਦਿਆਂ ਸੁਸ਼ੋਭਤ ਕੀਤਾ ਗਿਆ।

ਇਸ ਨਿੱਘੀ ਅਤੇ ਪ੍ਰਭਾਵਸ਼ਾਲੀ ਮਿਲਣੀ ਮੌਕੇ ਕਮੇਟੀ ਦੇ ਜਨਰਲ ਸਕੱਤਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਬੀਤੇ ਦਸੰਬਰ ਤੇ ਜਨਵਰੀ ਮਹੀਨੇ ਦੀਆਂ ਮਹੱਤਵਪੂਰਣ ਇਤਿਹਾਸਕ ਘਟਨਾਵਾਂ ਅਤੇ ਨਾਇਕਾਂ ਦਾ ਸੰਖੇਪ ਚਿਤਰਣ ਕਰਦਿਆਂ ਆਜ਼ਾਦੀ ਸੰਗਰਾਮ ਵਿੱਚ ਉਹਨਾਂ ਦੀ ਅਮਿੱਟ ਦੇਣ ਨੂੰ ਹਾਜ਼ਰੀਨ ਤਰਫ਼ੋਂ ਸਿਜਦਾ ਕੀਤਾ। ਉਹਨਾਂ ਕਿਹਾ ਕਿ ਜਿਹੜੀ ਮੰਜ਼ਲ ਸਰ ਕਰਨ ਦੇ ਉਹਨਾਂ ਆਜ਼ਾਦੀ ਸੰਗਰਾਮੀਆਂ ਦੇ ਟੀਚੇ ਸਨ ਉਹ ਅਜੇ ਪੂਰੇ ਨਹੀਂ ਹੋਏ। ਉਹਨਾਂ ਦੀ ਪੂਰਤੀ ਨਾ ਹੋਣ ਕਾਰਨ ਹੀ ਮਹਿੰਗਾਈ, ਬੇਰੁਜ਼ਗਾਰੀ, ਜਾਤ-ਪਾਤ, ਫਿਰਕਾਪ੍ਰਸਤੀ, ਫਾਸ਼ੀ ਅਤੇ ਕਾਰਪੋਰੇਟ ਜਗਤ ਦੇ ਹੱਲੇ ਜਾਰੀ ਹਨ। ਜਮਹੂਰੀ ਹੱਕਾਂ ਉਪਰ ਬੇਤਹਾਸ਼ਾ ਜਾਬਰਾਨਾ ਹੱਲੇ ਜਾਰੀ ਰੀ ਹਨ ਇਸ ਲਈ ਗ਼ਦਰੀਆਂ ਅਤੇ ਹੋਰ ਸਮੂਹ ਲੋਕ-ਪੱਖੀ ਲਹਿਰਾਂ ਦੀ ਅਮੀਰ ਵਿਰਾਸਤ ਦਾ ਝੰਡਾ ਬੁਲੰਦ ਰੱਖਣ ਦੀ ਲੋੜ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਫਰਵਰੀ ਮਹੀਨੇ ਉਚੇਚੇ ਤੌਰ 'ਤੇ ਬੱਬਰ ਅਕਾਲੀ ਲਹਿਰ, ਮਾਰਚ ਵਿੱਚ ਕੌਮਾਂਤਰੀ ਔਰਤ ਦਿਹਾੜਾ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਮਾਰਚ ਮਹੀਨੇ ਦੇ ਸਮੂਹ ਸੰਗਰਾਮੀਆਂ ਨੂੰ ਵਿਸ਼ਵ ਰੰਗ ਮੰਚ ਦਿਹਾੜੇ ਮੌਕੇ ਯਾਦ ਕਰਨ ਦੀ ਕੋਸ਼ਿਸ਼ ਹੋਏਗੀ। ਇਉਂ ਹੀ ਸਮੇਂ ਸਮੇਂ ਪੁਸਤਕ ਵਿਚਾਰ ਗੋਸ਼ਟੀ, ਗੀਤ-ਸੰਗੀਤ, ਨਾਟਕ, ਫ਼ਿਲਮ ਸ਼ੋਅ, ਢੁਕਵੇਂ ਮੁੱਦਿਆਂ 'ਤੇ ਵਿਚਾਰ-ਚਰਚਾ, ਸਥਾਨਕ ਅਤੇ ਵਿਦੇਸ਼ਾਂ 'ਚ ਦੇਸ਼ ਭਗਤਾਂ ਦੇ ਸਰੋਕਾਰਾਂ ਨਾਲ ਜੁੜੀਆਂ ਸ਼ਖ਼ਸੀਅਤਾਂ ਨਾਲ ਰੂ ਬ ਰੂ ਕਰਵਾਉਣ, ਮਿਊਜ਼ੀਅਮ, ਥੀਏਟਰ ਅਤੇ ਲਾਇਬਰੇਰੀ ਵਿੱਚ ਵਿੱਦਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਨੂੰ ਬੁਲਾਵਾ ਭੇਜਣ ਉਪਰ ਜੋਰ ਦਿੱਤਾ ਜਾਵੇਗਾ।

ਉਹਨਾਂ ਦੱਸਿਆ ਕਿ 2025 ਦਾ ਵਰ੍ਹਾ, ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੇ ਸਦੀਵੀ ਵਿਛੋੜੇ ਦਾ 100ਵਾਂ ਵਰ੍ਹਾ ਹੈ ਸੁਭਾਵਿਕ ਹੈ ਕਿ ਕਿਸੇ ਨਾ ਕਿਸੇ ਢੁਕਵੇਂ ਰੂਪ ਵਿੱਚ ਗੁਲਾਬ ਕੌਰ ਨੂੰ ਯਾਦ ਕਰਨਾ ਚਾਹੀਦਾ ਹੈ।

ਇਕੱਤਰਤਾ 'ਚ ਜੁੜੇ ਕਮੇਟੀ ਮੈਂਬਰ ਅਤੇ ਲਾਇਬਰੇਰੀ ਕਮੇਟੀ ਦੇ ਕਨਵੀਨਰ ਪ੍ਰੋ. ਗੋਪਾਲ ਸਿੰਘ ਬੁੱਟਰ, ਮੇਲਾ ਗਾਇਨ ਕਮੇਟੀ ਇੰਚਾਰਜ ਅਤੇ ਕਮੇਟੀ ਮੈਂਬਰ ਡਾ. ਤੇਜਿੰਦਰ ਵਿਰਲੀ, ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੁਰਮੀਤ ਸਿੰਘ, ਮੇਲੇ ਦੀਆਂ ਵੰਨ-ਸੁਵੰਨੀਆਂ ਵੰਨਗੀਆਂ ਦੇ ਵਿਦਵਾਨ ਕਾਮੇ ਡਾ. ਹਰਜਿੰਦਰ ਸਿੰਘ ਅਟਵਾਲ, ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਨਸੀਬ ਚੰਦ ਬੱਬੀ ਨੇ ਅਗਲੇ ਮਹੀਨਿਆਂ ਦੀਆਂ ਸਰਗਰਮੀਆਂ ਦੀ ਤਜਵੀਜ਼ਤ ਰੂਪ ਰੇਖਾ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਉਪਰੰਤ ਇਸ ਇਕੱਤਰਤਾ ਨੇ ਇਸ ਨੂੰ ਨੇਪਰੇ ਚਾੜ੍ਹਨ ਵਿੱਚ ਸਹਿਯੋਗ ਕਰਨ ਦਾ ਵਾਅਦਾ ਕੀਤਾ।

ਅਵਤਾਰ ਨਿਊਜ਼ੀਲੈਂਡ ਨੇ ਆਪਣੇ ਪਿੰਡ ਦੇ ਗ਼ਦਰੀ ਸੂਰਬੀਰਾਂ ਦਾ ਮਾਣ ਨਾਲ਼ ਜ਼ਿਕਰ ਕਰਦਿਆਂ ਆਪਣੇ ਪਰਿਵਾਰ ਦੀ ਆਰਥਿਕ-ਸਮਾਜਿਕ ਦਸ਼ਾ ਦਾ ਭਾਵਪੂਰਤ ਵਰਨਣ ਕਰਦੇ ਹੋਏ ਨਿਊਜ਼ੀਲੈਂਡ ਜਾ ਕੇ ਅਥਾਹ ਮਿਹਨਤ ਕਰਨ ਅਤੇ ਨਾਲ਼ ਦੀ ਨਾਲ਼ ਤਰਕਸ਼ੀਲ, ਜਮਹੂਰੀ, ਲਹਿਰ, ਸਾਹਿਤ ਸਭਿਆਚਾਰਕ ਸਰਗਰਮੀਆਂ ਅਤੇ ਪੁਸਤਕ ਸਿਰਜਣਾਂ ਦਾ ਸਫ਼ਰਨਾਮਾ ਸਾਂਝਾ ਕੀਤਾ।

ਬਰਮਿੰਘਮ (ਯੂ.ਕੇ.) ਤੋਂ ਆਏ ਕੁਲਵੰਤ ਕਮਲ ਨੇ ਆਪਣੇ ਪਿੰਡ ਮੌਅ ਸਾਹਿਬ (ਨੇੜੇ ਫਿਲੌਰ) ਅਤੇ ਇੰਗਲੈਂਡ ਵਿੱਚ ਨਿਰੰਤਰ ਸਰਗਰਮੀਆਂ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਸਾਨੂੰ ਬਹੁਤ ਹੀ ਸੂਝ ਬੂਝ, ਠਰ੍ਹੰਮੇ ਅਤੇ ਦੂਰ-ਅੰਦੇਸ਼ੀ ਨਾਲ਼ ਆਪਣੀ ਇਤਿਹਾਸਕ ਵਿਰਾਸਤ ਅਤੇ ਸਮਕਾਲੀ ਸਰੋਕਾਰਾਂ ਨੂੰ ਨਾਲ਼ ਲੈ ਕੇ ਵਿਗਿਆਨਕ ਅਤੇ ਜਮਾਤੀ ਦ੍ਰਿਸ਼ਟੀਕੋਣ ਅਪਣਾਉਂਦਿਆਂ ਸਫ਼ਰ ਜਾਰੀ ਰੱਖਣ ਦੀ ਲੋੜ ਹੈ।

ਨਿਊਜ਼ੀਲੈਂਡ ਤੋਂ ਹੀ ਆਏ ਧਰਮਪਾਲ ਰਾਣਾ ਨੇ ਆਪਣੇ ਪਿੰਡ ਰਾਏਪੁਰ ਡੱਬਾ ਅਤੇ ਨਿਊਜ਼ੀਲੈਂਡ ਵਿੱਚ ਤਰਕਸ਼ੀਲ ਲਹਿਰ ਤੋਂ ਸ਼ੁਰੂ ਕਰਕੇ ਮੇਘ ਰਾਜ ਮਿੱਤਰ, ਸੁਖਦੇਵ ਸਿੰਘ ਰਾਏਪੁਰ ਡੱਬਾ ਹੋਰਾਂ ਤੋਂ ਵਿਗਿਆਨਕ ਚੇਤਨਾ ਦੀ ਜਾਗ ਲੱਗਣ ਦਾ ਅਤੇ ਕਹਿਣੀ ਤੇ ਕਰਨੀ ਵਿੱਚ ਸੁਮੇਲ ਕਰਨ ਦਾ ਜ਼ਿਕਰ ਕੀਤਾ।

ਇਸ ਇਕੱਤਰਤਾ ਵਿੱਚ ਪੀਪਲਜ਼ ਵਾਇਸ ਵੱਲੋਂ ਫ਼ਲਸਤੀਨ ਅੰਦਰ ਅਮਰੀਕੀ ਸਾਮਰਾਜ ਅਤੇ ਉਸਦੇ ਇਸ਼ਾਰਿਆਂ ਤੇ ਇਜਰਾਈਲ ਹਕੂਮਤ ਵੱਲੋਂ ਨਸਲ ਘਾਤ ਕਰਨ ਲਈ ਬੋਲੇ ਘਿਨੌਣੀ ਹੱਲੇ ਦੀ ਪ੍ਰਭਾਵਸ਼ਾਲੀ ਫ਼ਿਲਮ 'ਦਾ ਪ੍ਰੈਜ਼ੈਂਟ' ਵਿਖਾਈ ਜਿਸਨੇ ਦਰਸ਼ਕਾਂ ਨੂੰ ਆਪਣੇ ਫ਼ਰਜਾਂ ਪ੍ਰਤੀ ਜਾਗਰੂਕ ਹੋਣ ਲਈ ਚੇਤਨਾ ਦੀਆਂ ਨਰੋਈਆਂ ਤਰੰਗਾਂ ਛੇੜੀਆਂ।

**- ਅਮੋਲਕ ਸਿੰਘ**
98778 68710




**ਫ਼ਲਸਤੀਨ ਸੰਬੰਧੀ ਵਿਖਾਈ ਫ਼ਿਲਮ 'ਦਾ ਪ੍ਰੈਜ਼ੈਂਟ' ਦੀ ਝਲਕ**

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN CERTIFIED
BBB ACCREDITED BUSINESS
www.kraftsmanelectric.ca
kelectric17@gmail.com
778-883-1313

DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator

Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਅੰਬੇਡਕਰ ਅਤੇ ਹਿੰਦੂਤਵ ਦਰਮਿਆਨ ਸਮਝੌਤਾ ਰਹਿਤ ਵਿਚਾਰਧਾਰਕ ਖਾਈ

-ਆਨੰਦ ਤੇਲਤੁੰਬੜੇ
ਅਨੁ.: ਬੂਟਾ ਸਿੰਘ ਮਹਿਮੂਦਪੁਰ


*[ਉੱਘੇ ਵਿਦਵਾਨ, ਲੇਖਕ ਅਤੇ ਮਨੁੱਖੀ ਅਧਿਕਾਰ ਕਾਰਕੁਨ ਆਨੰਦ ਤੇਲਤੁੰਬੜੇ ਦਾ ਇਹ ਲੇਖ ਆਰਐੱਸਐੱਸ ਤੇ ਭਾਜਪਾ ਵੱਲੋਂ ਰਾਜਨੀਤਕ ਲਾਹਾ ਲੈਣ ਲਈ ਅੰਬੇਡਕਰ ਦੀ ਵਿਰਾਸਤ ਨੂੰ ਹਥਿਆਉਣ ਦੀਆਂ ਚਾਲਾਂ ਦਾ ਬਖ਼ੂਬੀ ਪਰਦਾਫਾਸ਼ ਕਰਦਾ ਹੈ। ਜਿਸਦੇ ਮਹੱਤਵ ਦੇ ਮੱਦੇਨਜ਼ਰ ਲੇਖ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। - ਸੰਪਾਦਕ]*

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੰਵਿਧਾਨ ਦੀ 75ਵੀਂ ਵਰ੍ਹੇਗੰਢ ਮੌਕੇ ਰਾਜ ਸਭਾ ਵਿੱਚ ਬੋਲਦਿਆਂ ਟਿੱਪਣੀ ਕੀਤੀ, 'ਅਭੀ ਏਕ ਫੈਸ਼ਨ ਹੋ ਗਿਆ ਹੈ - ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ, ਅੰਬੇਡਕਰ। ਇਤਨਾ ਨਾਮ ਅਗਰ ਭਗਵਾਨ ਕਾ ਲੇਤੇ ਤੋ ਸਾਤ ਜਨਮੋਂ ਤਕ ਸਵਰਗ ਮਿਲ ਜਾਤਾ'। ਡਾ. ਭੀਮਰਾਓ ਰਾਮਜੀ ਅੰਬੇਡਕਰ ਦਾ ਨਾਮ ਲੈਣ ਨੂੰ ਤੁੱਛ ਬਣਾਉਣਾ, ਜੋ ਸੰਵਿਧਾਨ ਅਤੇ ਨਿਆਂ ਉੱਪਰ ਚਰਚਾ ਦਾ ਕੇਂਦਰ ਹਨ, ਸਿਰਫ਼ ਅੰਬੇਡਕਰ ਦੀ ਵਿਰਾਸਤ ਲਈ ਹੀ ਨਹੀਂ ਸਗੋਂ ਉਨ੍ਹਾਂ ਦਾ ਸਤਿਕਾਰ ਕਰਦੇ ਭਾਰਤ ਦੇ ਲੋਕਾਂ ਲਈ ਵੀ ਹਰਜਾ ਹੈ।

ਅਜਿਹੀ ਟਿੱਪਣੀ ਆਧੁਨਿਕ ਭਾਰਤ ਨੂੰ ਬਣਾਉਣ ਵਿਚ ਅੰਬੇਡਕਰ ਦੀ ਮਹੱਤਵਪੂਰਨ ਭੂਮਿਕਾ ਲਈ ਡੂੰਘੀ ਨਫ਼ਰਤ ਅਤੇ ਘਿਰਣਾ ਨੂੰ ਦਰਸਾਉਂਦੀ ਹੈ। ਸ਼ਾਹ ਦਾ ਇਹ ਦਾਅਵਾ ਖੋਖਲਾ ਹੈ ਕਿ ਉਨ੍ਹਾਂ ਦੇ ਬਿਆਨ ਨੂੰ ਕਾਂਗਰਸ ਨੇ ਤੋੜ-ਮਰੋੜ ਕੇ ਪੇਸ਼ ਕੀਤਾ ਹੈ - ਭਾਰਤੀ ਜਨਤਾ ਪਾਰਟੀ ਦੇ ਕਾਰਿਆਂ ਲਈ ਅਕਸਰ ਇਸੇ ਨੂੰ ਬਲੀ ਦਾ ਬੱਕਰਾ ਬਣਾਇਆ ਜਾਂਦਾ ਹੈ। ਇਸੇ ਤਰ੍ਹਾਂ, ਕਾਂਗਰਸ ਨੂੰ 'ਅੰਬੇਡਕਰ ਵਿਰੋਧੀ, ਸੰਵਿਧਾਨ ਵਿਰੋਧੀ ਅਤੇ ਰਾਖਵਾਂਕਰਨ ਵਿਰੋਧੀ÷ ਕਰਾਰ ਦੇਣ ਦਾ ਉਸ ਦਾ ਜਵਾਬੀ ਇਲਜ਼ਾਮ ਮੰਨਣਯੋਗ ਨਹੀਂ ਹੈ ਅਤੇ ਇਹ ਧਿਆਨ ਭਟਕਾਊ ਰਾਜਨੀਤਕ ਚਾਲ ਹੈ। ਕੁਝ ਵੀ ਇਸ ਪੱਖੋਂ ਤਸੱਲੀ ਨਹੀਂ ਕਰਵਾ ਸਕਦਾ ਕਿ ਸ਼ਾਹ ਵਰਗਾ ਇਕ ਹੰਢਿਆ ਹੋਇਆ ਯੁੱਧਨੀਤੀ ਘਾੜਾ ਭਾਰਤ ਦੇ ਸਾਢੇ ਬਾਈ ਕਰੋੜ ਦਲਿਤਾਂ ਨੂੰ ਅਲੱਗ-ਥਲੱਗ ਕਰਨ ਦਾ ਜ਼ੋਖਮ ਕਿਉਂ ਲਵੇਗਾ, ਜੋ ਅੰਬੇਡਕਰ ਨੂੰ ਆਪਣਾ ਪ੍ਰਮੁੱਖ ਚਿੰਨ੍ਹ ਮੰਨਦੇ ਹਨ।

ਇਸ ਦਾ ਜਵਾਬ ਅਣਜਾਣੇ 'ਚ ਅੰਬੇਡਕਰ ਪ੍ਰਤੀ ਸੰਘ ਦੀ ਵਿਚਾਰਧਾਰਕ ਨਫ਼ਰਤ ਪ੍ਰਗਟਾਉਣ 'ਚ ਪਿਆ ਹੈ। ਚੋਣ ਲਾਹੇ ਲਈ ਬਾਬਾ ਸਾਹਿਬ ਦੀ ਵਿਰਾਸਤ ਨੂੰ ਅਪਣਾਉਣ ਦੀਆਂ ਉਨ੍ਹਾਂ ਦੀਆਂ ਗਿਣੀਆਂ ਮਿਥੀਆਂ ਕੋਸ਼ਿਸ਼ਾਂ ਦੇ ਬਾਵਜੂਦ, ਅੰਬੇਡਕਰ ਦੇ ਸਮਾਨਤਾਵਾਦੀ ਦ੍ਰਿਸ਼ਟੀਕੋਣ ਅਤੇ ਰਾਸ਼ਟਰੀ ਸੋਇਮਸੇਵਕ ਸੰਘ-ਭਾਜਪਾ ਦੇ ਹਿੰਦੂਤਵ ਵਿਸ਼ਵ ਦ੍ਰਿਸ਼ਟੀਕੋਣ ਦਰਮਿਆਨ ਵਿਚਾਰਧਾਰਕ ਖਾਈ ਸਮਝੌਤਾਰਹਿਤ ਹੈ। ਸ਼ਾਹ ਦੀ ਟਿੱਪਣੀ ਅਣਜਾਣੇ 'ਚ ਉਨ੍ਹਾਂ ਦੇ ਅੰਦਰ ਦੱਬੀ ਪਈ ਵੈਰ-ਭਾਵਨਾ ਦਾ ਉੱਘੜਵਾਂ ਖ਼ੁਲਾਸਾ ਸੀ ਜੋ ਅੰਬੇਡਕਰ ਦੀ ਜਾਤੀ ਅਤੇ ਹਿੰਦੂਤਵ ਦੀ ਆਲੋਚਨਾ ਦੇ ਵਿਰੁੱਧ ਸੰਘ ਦੇ ਬਹੁਤ ਸਾਰੇ ਲੋਕਾਂ ਦੇ ਅੰਦਰ ਪਈ ਹੈ। ਜੇਕਰ ਅੰਬੇਡਕਰ ਦਾ ਨਾਮ ਜਪਣਾ ਸੱਚਮੁੱਚ 'ਫੈਸ਼ਨ' ਬਣ ਗਿਆ ਹੈ ਜਿਵੇਂ ਕਿ ਸ਼ਾਹ ਨੇ ਦਾਅਵਾ ਕੀਤਾ ਹੈ, ਤਾਂ ਇਹ 'ਸਨਕ' ਕਿਸੇ ਵੀ ਹੋਰ ਪਾਰਟੀ ਨਾਲੋਂ ਜ਼ਿਆਦਾ ਖ਼ੁਦ ਭਾਜਪਾ ਨੇ ਅਪਣਾਈ ਹੈ। ਉਨ੍ਹਾਂ ਦਾ ਅੰਬੇਡਕਰ ਦਾ ਜਾਪ ਇਕ ਚੋਣ ਜ਼ਰੂਰਤ ਹੈ, ਨਾ ਕਿ ਇਕ ਵਿਚਾਰਧਾਰਕ ਤਾਲਮੇਲ, ਜੋ ਉਨ੍ਹਾਂ ਵੱਲੋਂ ਰਾਜਨੀਤਿਕ ਦਬਦਬੇ ਲਈ ਦਲਿਤ ਵੋਟਾਂ ਨੂੰ ਮਹੱਤਵ ਦੇਣ ਤੋਂ ਪ੍ਰੇਰਿਤ ਹੈ। ਹਾਲਾਂਕਿ, ਅਜਿਹੀਆਂ ਭੁੱਲਾਂ ਅੰਬੇਡਕਰ ਪ੍ਰਤੀ ਉਨ੍ਹਾਂ ਦੀ ਕਥਿਤ ਸ਼ਰਧਾ ਦੇ ਕਮਜ਼ੋਰ ਮਖੌਟੇ ਨੂੰ ਬੇਨਕਾਬ ਕਰਦੀਆਂ ਹਨ ਅਤੇ ਦਲਿਤ ਭਾਈਚਾਰਿਆਂ ਪ੍ਰਤੀ ਭਾਜਪਾ ਦੀ ਸਾਵਧਾਨੀ ਨਾਲ ਤਿਆਰ ਕੀਤੀ ਪਹੁੰਚ ਨੂੰ ਬੇਅਸਰ ਬਣਾਉਣ ਦਾ ਜ਼ੋਖਮ ਲੈਂਦੀਆਂ ਹਨ।

ਸਮਝੌਤਾ ਰਹਿਤ ਵਿਰੋਧ : ਅੰਬੇਡਕਰ ਅਤੇ ਆਰ.ਐੱਸ.ਐੱਸ. ਦਰਮਿਆਨ ਵਿਚਾਰਧਾਰਕ ਅਤੇ ਦਾਰਸ਼ਨਿਕ ਅੰਤਰ ਉੱਘੜਵੇਂ ਹਨ। ਇਨ੍ਹਾਂ ਵਿਚ ਜਾਤੀ, ਧਰਮ ਅਤੇ ਰਾਸ਼ਟਰਵਾਦ ਤੋਂ ਲੈ ਕੇ ਸੰਵਿਧਾਨਕ ਕਦਰਾਂ-ਕੀਮਤਾਂ ਤੱਕ ਦੇ ਕਈ ਖੇਤਰ ਸ਼ਾਮਲ ਹਨ। ਅੰਬੇਡਕਰ ਜਾਤੀ ਪ੍ਰਣਾਲੀ ਦੇ ਤਿੱਖੇ ਆਲੋਚਕ ਸਨ ਅਤੇ ਇਸ ਨੂੰ ਹਿੰਦੂ ਸਮਾਜ ਦੀ ਨਬਰਾਬਰੀ ਦੀ ਨੀਂਹ ਮੰਨਦੇ ਸਨ। ਉਨ੍ਹਾਂ ਨੇ ਇਸ ਦੇ ਮੁਕੰਮਲ ਖਾਤਮੇ ਦੀ ਵਕਾਲਤ ਕੀਤੀ ਅਤੇ ਹਿੰਦੂ ਰੂੜ੍ਹੀਵਾਦ ਨੂੰ ਰੱਦ ਕਰਨ ਲਈ ਬੁੱਧ ਧਰਮ ਨੂੰ ਅਪਣਾਇਆ। ਇਸ ਦੇ ਉਲਟ ਆਰ.ਐੱਸ.ਐੱਸ. ਨੇ ਇਤਿਹਾਸਕ ਤੌਰ 'ਤੇ ਵਰਣ ਵਿਵਸਥਾ ਨੂੰ ਸਮਾਜ ਨੂੰ ਸੰਗਠਿਤ ਕਰਨ ਵਾਲੇ ਸਿਧਾਂਤ ਵਜੋਂ ਬੁਲੰਦ ਕੀਤਾ ਹੈ। ਆਪਣੀ ਪੁਸਤਕ 'ਬੰਚ ਆਫ਼ ਥਾਟਸ' ਵਿਚ ਐੱਮ.ਐੱਸ. ਗੋਲਵਲਕਰ ਨੇ ਪ੍ਰਾਚੀਨ ਹਿੰਦੂ ਸਮਾਜਿਕ ਢਾਂਚਿਆਂ ਨੂੰ



ਵਡਿਆਇਆ, ਜਾਤੀ ਪ੍ਰਣਾਲੀ ਨੂੰ ਭਾਰਤ ਦੀ ਸੱਭਿਆਚਾਰਕ ਪਛਾਣ ਦਾ ਅਟੁੱਟ ਹਿੱਸਾ ਮੰਨਿਆ। ਅੰਬੇਡਕਰ ਨੇ ਤਾਂ ਜਾਤੀ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕੀਤੀ, ਜਦਕਿ ਆਰ.ਐੱਸ.ਐੱਸ. ਇਸ ਨੂੰ ਤਬਾਹ ਨਹੀਂ ਕਰਦਾ ਸਗੋਂ 'ਸੁਧਾਰ' ਕਰਕੇ ਬਰਕਰਾਰ ਰੱਖੇ ਜਾਣੀ ਵਾਲੀ ਵਿਸ਼ੇਸ਼ਤਾ ਦੇ ਰੂਪ ਵਿਚ ਵੇਖਦਾ ਹੈ।

ਅੰਬੇਡਕਰ ਨੇ ਹਿੰਦੂ ਰਾਸ਼ਟਰਵਾਦ ਨੂੰ ਰੱਦ ਕੀਤਾ, ਹਿੰਦੂ ਧਰਮ ਨੂੰ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਨਾਲ ਸੁਭਾਵਿਕ ਤੌਰ' ਤੇ ਪੱਖਪਾਤ ਕਰਨ ਵਾਲਾ ਮੰਨਿਆ। ਉਹ ਇਕ ਸਮਾਵੇਸ਼ੀ, ਧਰਮ ਨਿਰਪੱਖ ਰਾਸ਼ਟਰ ਵਿਚ ਵਿਸ਼ਵਾਸ ਰੱਖਦੇ ਸਨ ਜਿੱਥੇ ਸਾਰੇ ਧਰਮਾਂ ਨਾਲ ਬਰਾਬਰ ਦਾ ਵਿਹਾਰ ਕੀਤਾ ਜਾਣਾ ਸੀ। ਉਨ੍ਹਾਂ ਕਿਹਾ, "ਹਿੰਦੂਆਂ ਦਾ ਇਹ ਦਾਅਵਾ ਕਿ ਭਾਰਤ ਉਨ੍ਹਾਂ ਦਾ ਦੇਸ਼ ਹੈ, ਮੰਨਣਯੋਗ ਨਹੀਂ ਹੈ। ਭਾਰਤ ਉਨ੍ਹਾਂ ਸਾਰੇ ਭਾਰਤੀਆਂ ਦਾ ਹੈ ਜੋ ਇੱਥੇ ਰਹਿੰਦੇ ਹਨ।" ਇਸ ਦੇ ਉਲਟ, ਆਰਐੱਸਐੱਸ ਹਿੰਦੂ ਰਾਸ਼ਟਰ ਨੂੰ ਉਤਸ਼ਾਹਤ ਕਰਦਾ ਹੈ - ਭਾਰਤ ਦੀ ਇਕ ਹਿੰਦੂ ਰਾਸ਼ਟਰ ਦੇ ਰੂਪ ਵਿਚ ਦ੍ਰਿਸ਼ਟੀ, ਜਿਸ ਦੀ ਨੀਂਹ ਹਿੰਦੂ ਸੱਭਿਆਚਾਰ ਹੈ। ਇਹ ਦ੍ਰਿਸ਼ਟੀ ਘੱਟ ਗਿਣਤੀਆਂ ਅਤੇ ਦਲਿਤਾਂ ਨੂੰ ਬਾਹਰ ਰੱਖਦੀ ਹੈ, ਜੋ ਅਕਸਰ ਉਨ੍ਹਾਂ ਦੇ ਸੰਘਰਸ਼ਾਂ ਨੂੰ ਦਰਕਿਨਾਰ ਕਰਦੀ ਹੈ। ਅੰਬੇਡਕਰ ਨੇ ਦਲਿਤਾਂ ਦੀ ਬੁੱਧ ਧਰਮ ਵਿਚ ਵੱਡੇ ਪੱਧਰ 'ਤੇ ਧਰਮ-ਬਦਲੀ ਦੀ ਅਗਵਾਈ ਕੀਤੀ, ਹਿੰਦੂ ਧਰਮ ਨੂੰ ਇਕ ਐਸਾ ਧਰਮ ਦੱਸਿਆ ਜੋ ਜਾਤਪਾਤੀ ਜ਼ੁਲਮਾਂ ਨੂੰ ਕਾਇਮ ਰੱਖਦਾ ਹੈ। ਉਨ੍ਹਾਂ ਦਾ ਪ੍ਰਸਿੱਧ ਕਥਨ ਹੈ, 'ਮੈਂ ਇਕ ਹਿੰਦੂ ਪੈਦਾ ਹੋਇਆ ਸੀ, ਪਰ ਮੈਂ ਇਕ ਹਿੰਦੂ ਦੇ ਰੂਪ ਵਿਚ ਨਹੀਂ ਮਰਾਂਗਾ।' ਆਰਐੱਸਐੱਸ ਹਿੰਦੂ ਧਰਮ ਨੂੰ ਤਿਆਗ ਕੇ ਕਿਸੇ ਹੋਰ ਧਰਮ ਨੂੰ ਅਪਣਾਉਣ ਦਾ ਵਿਰੋਧ ਕਰਦਾ ਹੈ ਅਤੇ ਦਲਿਤਾਂ ਤੇ ਹੋਰਾਂ ਉੱਤੇ ਹਿੰਦੂ ਧਰਮ ਵਿਚ ਵਾਪਸ ਆਉਣ ਲਈ ਦਬਾਅ ਪਾਉਣ ਵਾਲੀਆਂ ਪੁਨਰ-ਪਰਿਵਰਤਨ ਮੁਹਿੰਮਾਂ (ਘਰ ਵਾਪਸੀ) ਵਿਚ ਜੁਟਿਆ ਹੋਇਆ ਹੈ। ਇਹ ਵਿਰੋਧ ਬਿਲਕੁਲ ਸਪੱਸ਼ਟ ਹੈ: ਅੰਬੇਡਕਰ ਵੱਲੋਂ ਬੁੱਧ ਧਰਮ ਨੂੰ ਮੁਕਤੀ ਵਜੋਂ ਅਪਣਾਉਣਾ ਬਨਾਮ ਆਰਐੱਸਐੱਸ ਵੱਲੋਂ ਦਲਿਤਾਂ ਨੂੰ ਹਿੰਦੂ ਭਾਈਚਾਰੇ ਦੇ ਅੰਦਰ ਹੀ ਰਹਿਣ 'ਤੇ ਜ਼ੋਰ ਦੇਣਾ।

ਭਾਰਤੀ ਸੰਵਿਧਾਨ ਦੇ ਪ੍ਰਮੁੱਖ ਨਿਰਮਾਤਾ ਵਜੋਂ, ਅੰਬੇਡਕਰ ਨੇ ਵਿਅਕਤੀਗਤ ਅਧਿਕਾਰਾਂ, ਧਰਮ ਨਿਰਪੱਖਤਾ ਅਤੇ ਸਮਾਜਿਕ ਨਿਆਂ ਦੀ ਵਕਾਲਤ ਕੀਤੀ। ਉਹ ਬਰਾਬਰੀ ਹਾਸਲ ਕਰਨ ਦੇ ਸਾਧਨ ਵਜੋਂ ਲੋਕਤੰਤਰ ਵਿਚ ਪੱਕਾ ਵਿਸ਼ਵਾਸ ਰੱਖਦੇ ਸਨ। ਦੂਜੇ ਪਾਸੇ, ਆਰਐੱਸਐੱਸ ਨੇ ਸੰਵਿਧਾਨ ਪ੍ਰਤੀ ਦੋਗਲਾਪਣ ਦਿਖਾਇਆ ਹੈ, ਕਈ ਵਾਰ ਮਨੂਸਮ੍ਰਿਤੀ ਵਰਗੇ ਹਿੰਦੂ ਗ੍ਰੰਥਾਂ ਵੱਲ ਮੁੜਨ ਦੀ ਵਕਾਲਤ ਕੀਤੀ ਹੈ। ਗੋਲਵਲਕਰ ਨੇ ਪੱਛਮੀ ਤਰਜ਼ ਦੇ ਲੋਕਤੰਤਰ ਬਾਰੇ ਸ਼ੱਕ ਪ੍ਰਗਟ ਕੀਤਾ। ਅੰਬੇਡਕਰ ਦਾ ਸੰਵਿਧਾਨ ਵਿਚ ਤਬਦੀਲੀ ਦੇ ਸਾਧਨ ਦੇ ਰੂਪ ਵਿਚ ਭਰੋਸਾ ਬਨਾਮ ਆਰਐੱਸਐੱਸ ਦੀ ਇਕ ਸੱਭਿਆਚਾਰਕ-ਰਾਸ਼ਟਰਵਾਦੀ ਢਾਂਚੇ ਨੂੰ ਤਰਜੀਹ ਇਸ ਵਿਰੋਧ ਨੂੰ ਦਰਸਾਉਂਦੀ ਹੈ।

ਅੰਬੇਡਕਰ ਨੇ ਔਰਤਾਂ ਲਈ ਵਿਰਾਸਤ ਦੇ ਅਧਿਕਾਰਾਂ ਸਮੇਤ ਹਿੰਦੂ ਨਿੱਜੀ ਕਾਨੂੰਨਾਂ ਵਿਚ ਸੁਧਾਰ ਲਈ ਹਿੰਦੂ ਕੋਡ ਬਿੱਲ ਦਾ ਖਰੜਾ ਤਿਆਰ ਕਰਕੇ ਲਿੰਗਕ ਬਰਾਬਰੀ ਦੀ ਹਮਾਇਤ ਕੀਤੀ। ਉਨ੍ਹਾਂ ਕਿਹਾ, 'ਮੈਂ ਕਿਸੇ ਭਾਈਚਾਰੇ ਦੀ ਤਰੱਕੀ ਨੂੰ ਔਰਤਾਂ ਦੁਆਰਾ ਹਾਸਲ ਕੀਤੀ ਤਰੱਕੀ ਦੇ ਪੱਧਰ ਨਾਲ ਮਾਪਦਾ ਹਾਂ।' ਇਸ ਦੇ ਉਲਟ, ਔਰਤਾਂ ਬਾਰੇ ਆਰਐੱਸਐੱਸ ਦਾ ਨਜ਼ਰੀਆ ਦੇਖਭਾਲ ਕਰਨ ਵਾਲੀਆਂ ਅਤੇ ਮਾਵਾਂ ਵਜੋਂ ਰਵਾਇਤੀ ਭੂਮਿਕਾਵਾਂ ਵਿਚ ਨਿਹਿਤ ਹੈ, ਜੋ ਉਨ੍ਹਾਂ ਦੀ ਅਧੀਨਗੀ ਅਤੇ ਘਰੇਲੂ ਭੂਮਿਕਾ ਤੱਕ ਸਿਮਟੇ ਰਹਿਣ 'ਤੇ ਜ਼ੋਰ ਦਿੰਦਾ ਹੈ। ਅੰਬੇਡਕਰ ਦਾ ਜ਼ੋਰ ਲਿੰਗਕ ਬਰਾਬਰੀ ਉੱਪਰ ਹੈ, ਜਦਕਿ ਲਿੰਗ ਭੂਮਿਕਾਵਾਂ ਬਾਰੇ ਆਰਐੱਸਐੱਸ ਦਾ ਰੂੜ੍ਹੀਵਾਦੀ ਨਜ਼ਰੀਆ ਹੈ।

ਅੰਬੇਡਕਰ ਨੇ ਸਵੈ-ਮਾਣ, ਸਿੱਖਿਆ ਅਤੇ ਰਾਜਨੀਤਿਕ ਹੱਕ-ਜਤਾਈ ਦੀ ਵਕਾਲਤ ਕਰਦਿਆਂ ਦਲਿਤਾਂ ਨੂੰ ਇਕ ਵੱਖਰੀ ਰਾਜਨੀਤਕ ਅਤੇ ਸਮਾਜਿਕ ਪਛਾਣ ਦੇ ਰੂਪ 'ਚ ਦੇਖਿਆ। ਉਨ੍ਹਾਂ ਕਿਹਾ, ÷ਰਾਜਨੀਤਕ ਸੱਤਾ ਕੁੱਲ ਸਮਾਜਿਕ ਤਰੱਕੀ ਦੀ ਕੁੰਜੀ ਹੈ।÷ ਆਰਐੱਸਐੱਸ ਦਲਿਤਾਂ ਦੀ ਸੁਤੰਤਰ ਦਾਅਵੇਦਾਰੀ ਦੇ ਸੱਦਿਆਂ ਨੂੰ ਸੱਟ ਮਾਰਦਿਆਂ ਇਕ ਏਕੀਕ੍ਰਿਤ ਹਿੰਦੂ ਪਛਾਣ ਦੇ ਅੰਦਰ ਦਲਿਤ ਪਛਾਣ ਨੂੰ ਸ਼ਾਮਲ ਕਰਨਾ ਚਾਹੁੰਦਾ ਹੈ। ਵਿਰੋਧ ਬਿਲਕੁਲ ਸਪੱਸ਼ਟ ਹੈ: ਅੰਬੇਡਕਰ ਦਾ ਜ਼ੋਰ ਦਲਿਤਾਂ ਦੇ ਸਸ਼ਕਤੀਕਰਨ ਉੱਪਰ ਹੈ, ਆਰਐੱਸਐੱਸ ਦੀ ਕੋਸ਼ਿਸ਼ ਹਿੰਦੂ ਰਾਸ਼ਟਰਵਾਦ ਦੇ ਅੰਦਰ ਦਲਿਤ ਪਛਾਣ ਨੂੰ ਪੇਤਲਾ ਪਾਉਣ ਦੀ ਹੈ।

ਇਹ ਮਸ਼ਹੂਰ ਹੈ ਕਿ ਦਲਿਤ ਚਿੰਨ੍ਹ ਅੰਬੇਡਕਰ ਨੇ ਜਾਤੀ ਅਧਾਰਤ ਦਾਬੇ ਦੀ ਨੀਂਹ ਵਜੋਂ ਮਨੁਸਮ੍ਰਿਤੀ ਦੀ ਨਿੰਦਾ ਕਰਦਿਆਂ ਇਸ ਨੂੰ ਸਾੜਿਆ। ਉਨ੍ਹਾਂ ਕਿਹਾ, 'ਮਨੂਸਮ੍ਰਿਤੀ ਅਨਿਆਂ ਅਤੇ ਨਬਰਾਬਰੀ ਦਾ ਚਿੰਨ੍ਹ ਹੈ।' ਆਰਐੱਸਐੱਸ ਪ੍ਰਾਚੀਨ ਹਿੰਦੂ ਗ੍ਰੰਥ ਵਜੋਂ ਮਨੁਸਮ੍ਰਿਤੀ ਦੀ ਮਹਿਮਾ ਗਾਉਂਦਾ ਹੈ, ਕਈ ਵਾਰ ਤਾਂ ਇਹ ਸਮਾਜ ਨੂੰ ਸੰਗਠਤ ਕਰਨ ਲਈ ਇਸ ਦੇ ਮਾਰਗ-ਦਰਸ਼ਨ ਦੀ ਪ੍ਰਸ਼ੰਸਾ ਕਰਦਾ ਹੈ।

ਅੰਬੇਡਕਰ ਰਾਜ ਦੀ ਅਗਵਾਈ ਵਾਲੀ ਆਰਥਕ ਮੁੜ ਵੰਡ ਦੇ ਹਮਾਇਤੀ ਸਨ ਅਤੇ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਨੂੰ ਉੱਚਾ ਚੁੱਕਣ ਦੀਆਂ ਨੀਤੀਆਂ ਵਿਚ ਵਿਸ਼ਵਾਸ ਰੱਖਦੇ ਸਨ। ਉਨ੍ਹਾਂ ਕਿਹਾ, 'ਆਰਥਕ ਅਤੇ ਸਮਾਜਿਕ ਸੁਤੰਤਰਤਾ ਤੋਂ ਬਿਨਾਂ, ਰਾਜਨੀਤਕ ਸੁਤੰਤਰਤਾ ਕੋਈ ਮਾਇਨੇ ਨਹੀਂ ਰੱਖਦੀ।' ਆਰਐੱਸਐੱਸ ਦਾ ਝੁਕਾਅ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਵੱਲ ਹੈ ਜੋ ਰਵਾਇਤੀ ਦਰਜਾਬੰਦੀ ਨੂੰ ਤਰਜੀਹ ਦਿੰਦੀਆਂ ਹਨ, ਇਹ ਅਕਸਰ ਅੰਬੇਡਕਰ ਦੇ ਆਰਥਕ ਮੁੜ ਵੰਡ ਦੇ ਨਿਆਂਕਾਰੀ ਨਜ਼ਰੀਏ ਨੂੰ ਦਰਕਿਨਾਰ ਕਰਦੀਆਂ ਹਨ। ਅੰਬੇਡਕਰ ਦੇ ਸਮਾਜਵਾਦੀ ਆਦਰਸ਼ਾਂ ਬਨਾਮ ਆਰਐੱਸਐੱਸ ਦੀ ਰਵਾਇਤੀ ਆਰਥਕ ਢਾਂਚੇ ਨੂੰ ਤਰਜੀਹ ਦਰਮਿਆਨ ਵਿਰੋਧ ਸਪੱਸ਼ਟ ਹੈ।

ਅੰਬੇਡਕਰ ਦੇ ਮੁਕਤੀ ਦੇ ਫ਼ਲਸਫ਼ੇ ਦੇ ਕੇਂਦਰ ਵਿਚ ਸਿੱਖਿਆ ਸੀ। ਉਨ੍ਹਾਂ ਨੇ ਦਲਿਤਾਂ ਨੂੰ 'ਪੜ੍ਹੋ, ਸੰਘਰਸ਼ ਕਰੋ, ਜਥੇਬੰਦ ਹੋਵੋ' ਦੀ ਤਾਕੀਦ ਕੀਤੀ। ਦੂਜੇ ਪਾਸੇ, ਆਰਐੱਸਐੱਸ ਜਿਸ ਸਿੱਖਿਆ ਨੂੰ ਉਤਸ਼ਾਹਿਤ ਕਰਦਾ ਹੈ ਉਸ ਦੀਆਂ ਜੜ੍ਹਾਂ ਹਿੰਦੂ ਪਰੰਪਰਾਵਾਂ ਵਿਚ ਹਨ, ਅਕਸਰ ਇਹ ਪਾਠਕ੍ਰਮ ਵਿਚ ਆਲੋਚਨਾਤਮਕ ਜਾਤੀ ਚਰਚਾ ਨੂੰ ਲਾਂਭੇ ਕਰ ਦਿੰਦਾ ਹੈ। ਸਿੱਖਿਆ ਪ੍ਰਤੀ ਅੰਬੇਡਕਰ ਦੀ ਧਰਮ ਨਿਰਪੱਖ, ਸਮਾਨਤਾਵਾਦੀ ਪਹੁੰਚ ਸਿੱਧੇ ਤੌਰ 'ਤੇ ਆਰਐੱਸਐੱਸ ਦੀ ਧਾਰਮਿਕ ਅਤੇ ਰਾਸ਼ਟਰਵਾਦੀ ਪਹੁੰਚ ਦੇ ਉਲਟ ਹੈ।

ਇਹ ਵਿਰੋਧ ਅੰਬੇਡਕਰਵਾਦੀ ਵਿਚਾਰਾਂ ਅਤੇ ਆਰਐੱਸਐੱਸ ਦੀ ਹਿੰਦੂਤਵ ਵਿਚਾਰਧਾਰਾ ਦਰਮਿਆਨ ਬੁਨਿਆਦੀ ਬੇਮੇਲਤਾ ਨੂੰ ਉਜਾਗਰ ਕਰਦੇ ਹਨ, ਜਿਸ ਤੋਂ ਰਾਜਨੀਤਕ ਲਾਭ ਲੈਣ ਲਈ ਅੰਬੇਡਕਰ ਦੀ ਵਿਰਾਸਤ ਨੂੰ ਹਥਿਆਉਣ ਦੇ ਮੌਕਾਪ੍ਰਸਤ ਸੁਭਾਅ ਦਾ ਪਰਦਾਫਾਸ਼ ਹੁੰਦਾ ਹੈ।

**ਅੰਬੇਡਕਰ ਨੂੰ ਆਪਣੇ ਵਿਚ ਰਲਾਉਣ ਦਾ ਇਤਿਹਾਸ :** ਅੰਬੇਡਕਰ ਨੇ ਹਿੰਦੂ ਰਾਸ਼ਟਰਵਾਦ ਨੂੰ ਰੱਦ ਕੀਤਾ, ਹਿੰਦੂ ਧਰਮ ਨੂੰ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਪ੍ਰਤੀ ਵਜੂਦ-ਸਮੋਏ ਪੱਖਪਾਤਾਂ ਵਾਲਾ ਧਰਮ ਮੰਨਿਆ। ਉਹ ਇਕ ਸਮਾਵੇਸ਼ੀ, ਧਰਮ ਨਿਰਪੱਖ ਰਾਸ਼ਟਰ ਵਿਚ ਵਿਸ਼ਵਾਸ ਰੱਖਦੇ ਸਨ ਜਿੱਥੇ ਸਾਰੇ ਧਰਮਾਂ ਨਾਲ ਬਰਾਬਰ ਦਾ ਵਿਵਹਾਰ ਕੀਤਾ ਜਾਣਾ ਸੀ।

ਇਨ੍ਹਾਂ ਬੁਨਿਆਦੀ ਵਿਰੋਧਾਂ ਦੇ ਮੱਦੇਨਜ਼ਰ, ਆਰਐੱਸਐੱਸ ਨੇ ਆਪਣੇ ਸ਼ੁਰੂਆਤੀ ਸਾਲਾਂ ਦੌਰਾਨ ਅੰਬੇਡਕਰ ਅਤੇ ਉਨ੍ਹਾਂ ਦੇ ਅੰਦੋਲਨ ਨੂੰ ਬਹੁਤ ਹੱਦ ਤੱਕ ਨਜ਼ਰਅੰਦਾਜ਼ ਕੀਤਾ। ਇਸ ਪਹੁੰਚ ਵਿਚ ਇਕ ਮਹੱਤਵਪੂਰਨ ਤਬਦੀਲੀ ਬਾਲਾਸਾਹਿਬ ਦਿਓਰਸ ਦੀ ਅਗਵਾਈ ਵਿਚ ਆਈ, ਜੋ ਗੋਲਵਲਕਰ ਤੋਂ ਬਾਅਦ ਸਰ ਸੰਘਚਾਲਕ (ਸੰਘ ਦਾ ਮੁਖੀ) ਬਣਿਆ। ਦੇਵਰਾਸ ਨੇ ਆਰਐੱਸਐੱਸ ਦੀ ਖਿੱਚ ਨੂੰ ਵਿਆਪਕ ਬਣਾਉਣ ਲਈ ਉਨ੍ਹਾਂ ਤੱਕ ਪਹੁੰਚ ਕਰਨ ਦਾ ਯੁੱਧਨੀਤਕ ਨਜ਼ਰੀਆ ਅਪਣਾਇਆ, ਜਿਸਦਾ ਉਦੇਸ਼ ਵੱਖ-ਵੱਖ ਭਾਈਚਾਰਿਆਂ ਦੇ ਚਿੰਨ੍ਹਾਂ ਨੂੰ ਆਪਣੇ ਵਿਚ ਰਲਾਉਣਾ ਹੈ। ਇਹ ਉਹ ਸਮਾਂ ਸੀ ਜਦੋਂ ਅੰਬੇਡਕਰ ਨੂੰ ਆਰਐੱਸਐੱਸ ਵੱਲੋਂ ਪ੍ਰਾਤ ਸਮਰਣੀਆ (ਸਵੇਰ ਵੇਲੇ ਯਾਦ ਕੀਤਾ ਜਾਣ ਵਾਲੇ) ਵਜੋਂ ਆਪਣੇ ਵਿਚ ਸ਼ਾਮਲ ਕੀਤਾ ਗਿਆ।

ਨੀਵੀਂ ਜਾਤੀ ਦੇ ਸਮੂਹਾਂ ਨੂੰ ਖਿੱਚਣ ਲਈ, ਆਰਐੱਸਐੱਸ ਨੇ ਜਾਤੀ ਦੇ ਖਾਤਮੇ ਨਾਲੋਂ ਸਮਾਜਿਕ ਸਦਭਾਵਨਾ ਉੱਤੇ ਜ਼ੋਰ ਦਿੰਦੇ ਹੋਏ ਸਮਾਜਿਕ ਸਮਰਸਤਾ ਮੰਚ (ਸਮਾਜਿਕ ਸਦਭਾਵਨਾ ਮੰਚ) ਬਣਾਇਆ। ਅਜਿਹੀਆਂ ਕਈ ਪ੍ਰਕਾਸ਼ਨਾਵਾਂ ਸਾਹਮਣੇ ਆਈਆਂ, ਜਿਨ੍ਹਾਂ ਵਿਚ ਅੰਬੇਡਕਰ ਦੀ ਭਗਵਾ ਰੰਗ ਵਿਚ ਮੁੜ ਵਿਆਖਿਆ ਕਰਨ ਅਤੇ ਉਨ੍ਹਾਂ ਨੂੰ ਆਰਐੱਸਐੱਸ ਆਗੂਆਂ ਨਾਲ ਜੁੜੇ ਹੋਣ ਦੇ ਰੂਪ 'ਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਨ੍ਹਾਂ ਪੇਸ਼ਕਾਰੀਆਂ ਦਾ ਮੁੱਖ ਸਰੋਤ ਆਰਐੱਸਐੱਸ ਦਾ ਪ੍ਰਚਾਰਕ ਦੱਤੋਪੰਤ ਥੇਂਗੜੀ ਸੀ, ਜਿਸ ਨੇ ਡਾ. ਅੰਬੇਡਕਰ ਅਤੇ ਸਮਾਜਿਕ ਕ੍ਰਾਂਤੀ ਕੀ ਯਾਤਰਾ ਨਾਂ ਦੀ ਕਿਤਾਬ ਲਿਖੀ (ਲੋਕਹਿਤ ਪ੍ਰਕਾਸ਼ਨ, ਲਖਨਊ)। ਇਸ ਵਿਚ ਉਹ ਅੰਬੇਡਕਰ ਦੀ ਆਪਣੇ ਅਤੇ ਹੋਰ ਆਰਐੱਸਐੱਸ ਆਗੂਆਂ ਨਾਲ ਕਥਿਤ ਨੇੜਤਾ ਬਾਰੇ ਵੱਡੇ-ਵੱਡੇ ਦਾਅਵੇ ਕਰਦਾ ਹੈ। ਦਿਲਚਸਪ ਗੱਲ ਇਹ ਹੈ ਕਿ ਅੰਬੇਡਕਰ ਦੀਆਂ ਬਹੁਤ ਵੱਡੀ ਤਾਦਾਦ 'ਚ ਲਿਖੀਆਂ ਲਿਖਤਾਂ ਅਤੇ ਭਾਸ਼ਣਾਂ ਦੇ ਨਾਲ-ਨਾਲ ਉਨ੍ਹਾਂ ਦੇ ਜੀਵਨੀ ਲੇਖਕਾਂ ਅਤੇ ਸਹਿਯੋਗੀਆਂ ਦੀਆਂ ਯਾਦਾਂ ਵਿਚ, ਥੇਂਗੜੀ ਜਾਂ ਜਿਨ੍ਹਾਂ ਘਟਨਾਵਾਂ ਦਾ ਉਹ ਜ਼ਿਕਰ ਕਰਦਾ ਹੈ, ਉਨ੍ਹਾਂ ਵਿੱਚੋਂ ਕਿਸੇ ਵੀ ਗੱਲ ਦਾ ਜ਼ਿਕਰ ਨਹੀਂ ਹੈ, ਜਿਸ ਨਾਲ ਇਨ੍ਹਾਂ ਦਾਅਵਿਆਂ ਦੀ ਭਰੋਸੇਯੋਗਤਾ ਬਾਰੇ ਸਵਾਲ ਖੜ੍ਹੇ ਹੋ ਜਾਂਦੇ ਹਨ।

ਅੰਬੇਡਕਰ ਅਤੇ ਆਰਐੱਸਐੱਸ ਵਿਚਾਲੇ ਕਥਿਤ ਸੰਬੰਧ ਅਕਸਰ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਅੰਬੇਡਕਰ ਨੇ 1939 ਵਿਚ ਆਰਐੱਸਐੱਸ ਦੇ ਸਿਖਲਾਈ ਕੈਂਪਾਂ ਦਾ ਦੌਰਾ ਕੀਤਾ - ਜਿਵੇਂ ਕਿ ਪੁਣੇ ਦੇ ਇਕ ਕੈਂਪ ਦਾ - ਜਿੱਥੇ, ਇਹ ਕਿਹਾ ਜਾਂਦਾ ਹੈ, ਉਹ ਆਰਐੱਸਐੱਸ ਦੇ ਬਾਨੀ ਕੇ.ਬੀ. ਹੇਡਗੇਵਾਰ ਨੂੰ ਮਿਲੇ ਅਤੇ ਉਨ੍ਹਾਂ ਨੇ ਆਰਐੱਸਐੱਸ ਵਲੰਟੀਅਰਾਂ ਵਿਚ ਅਨੁਸ਼ਾਸਨ ਅਤੇ ਜਾਤੀ ਮੁਕਤ ਵਾਤਾਵਰਣ ਦੀ ਪ੍ਰਸ਼ੰਸਾ ਕੀਤੀ। ਇਕ ਹੋਰ ਦਾਅਵਾ ਕਹਿੰਦਾ ਹੈ ਕਿ ਉਹ 1935 ਵਿਚ ਦਪੋਲੀ ਵਿਚ ਆਰਐੱਸਐੱਸ ਦੀ ਇਕ ਸ਼ਾਖਾ ਵਿਚ ਗਏ ਸਨ। ਇਹ ਬਿਰਤਾਂਤ ਮੂਲ ਰੂਪ 'ਚ ਆਰਐੱਸਐੱਸ ਦੇ ਮੈਂਬਰਾਂ ਦੀਆਂ ਜ਼ੁਬਾਨੀ ਗਵਾਹੀਆਂ ਉੱਤੇ ਆਧਾਰਤ ਹਨ ਅਤੇ ਕਿਸੇ ਹੋਰ ਸਰੋਤ ਤੋਂ

ਇਨ੍ਹਾਂ ਦੀ ਪੁਸ਼ਟੀ ਨਹੀਂ ਹੁੰਦੀ। ਆਰਐੱਸਐੱਸ ਦੇ ਸੂਤਰ ਇਹ ਵੀ ਕਹਿੰਦੇ ਹਨ ਕਿ ਸਤੰਬਰ 1949 'ਚ ਗੋਲਵਲਕਰ ਨੇ ਦਿੱਲੀ ਵਿਚ ਅੰਬੇਡਕਰ ਨਾਲ ਮੁਲਾਕਾਤ ਕੀਤੀ ਸੀ ਅਤੇ ਮਹਾਤਮਾ ਗਾਂਧੀ ਦੀ ਹੱਤਿਆ ਤੋਂ ਬਾਅਦ ਆਰਐੱਸਐੱਸ ਉੱਤੇ ਲਗਾਈ ਗਈ ਪਾਬੰਦੀ ਹਟਾਉਣ ਵਿਚ ਉਨ੍ਹਾਂ ਦੀ ਕਥਿਤ ਭੂਮਿਕਾ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਸੀ। ਹਾਲਾਂਕਿ ਮੀਟਿੰਗ ਦਾ ਦਸਤਾਵੇਜ਼ੀਕਰਨ ਕੀਤਾ ਗਿਆ ਹੈ, ਪਰ ਇਸ ਦਾਅਵੇ ਦੀ ਹਮਾਇਤ ਕਰਨ ਵਾਲਾ ਕੋਈ ਭਰੋਸੇਯੋਗ ਸਬੂਤ ਨਹੀਂ ਹੈ ਕਿ ਅੰਬੇਡਕਰ ਨੇ ਪਾਬੰਦੀ ਹਟਾਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਅੰਬੇਡਕਰ ਦੇ ਰਿਕਾਰਡ ਇਸ ਬਾਰੇ ਚੁੱਪ ਹਨ ਕਿ ਉਨ੍ਹਾਂ ਦੀ ਚਰਚਾ ਦੇ ਮੁੱਦੇ ਕੀ ਸਨ, ਜਿਸ ਨਾਲ ਇਹ ਸੰਭਾਵਨਾ ਨਹੀਂ ਹੈ ਕਿ ਐਨਾ ਮਹੱਤਵਪੂਰਨ ਯੋਗਦਾਨ ਬਿਨਾਂ ਨੋਟ ਕੀਤੇ ਰਹਿ ਗਿਆ ਹੋਵੇਗਾ।


ਆਰਐੱਸਐੱਸ ਨਾਲ ਸੰਬੰਧਤ ਸਰੋਤਾਂ ਦੁਆਰਾ ਅਕਸਰ ਕੀਤਾ ਜਾਣ ਵਾਲਾ ਇਕ ਹੋਰ ਦਾਅਵਾ ਇਹ ਹੈ ਕਿ ਅੰਬੇਡਕਰ ਨੇ ਆਰਐੱਸਐੱਸ ਦੀਆਂ ਸਫ਼ਾਂ ਦੇ ਅੰਦਰ ਅਨੁਸ਼ਾਸਨ ਅਤੇ ਜਾਤੀ ਮੁਕਤ ਮਾਹੌਲ ਦੀ ਪ੍ਰਸ਼ੰਸਾ ਕੀਤੀ। ਪਰ, ਅੰਬੇਡਕਰ ਦੀਆਂ ਲਿਖਤਾਂ ਜਾਂ ਭਾਸ਼ਣਾਂ ਵਿਚ ਅਜਿਹੀ ਪ੍ਰਸ਼ੰਸਾ ਦਾ ਕੋਈ ਜ਼ਿਕਰ ਨਹੀਂ ਹੈ। ਹਿੰਦੂ ਰੂੜ੍ਹੀਵਾਦ ਅਤੇ ਜਾਤੀਵਾਦ ਦੀ ਉਨ੍ਹਾਂ ਵੱਲੋਂ ਤਿੱਖੀ ਆਲੋਚਨਾ ਦੇ ਮੱਦੇਨਜ਼ਰ, ਇਹ ਅਸੰਭਵ ਹੈ ਕਿ ਉਨ੍ਹਾਂ ਨੇ ਆਪਣੀਆਂ ਵਿਆਪਕ ਲਿਖਤਾਂ ਵਿਚ ਇੰਨੀ ਮਹੱਤਵਪੂਰਨ ਤਬਦੀਲੀ ਦਾ ਦਸਤਾਵੇਜ਼ੀਕਰਨ ਕੀਤੇ ਬਿਨਾਂ ਆਰਐੱਸਐੱਸ ਦੀ ਸ਼ਲਾਘਾ ਕੀਤੀ ਹੋਵੇਗੀ।

ਆਪਣੇ ਸਿਧਾਂਤਾਂ ਦੀ ਅੰਬੇਡਕਰ ਵੱਲੋਂ ਪ੍ਰਸ਼ੰਸਾ ਜਾਂ ਆਪਣੇ ਆਗੂਆਂ ਨਾਲ ਉਨ੍ਹਾਂ ਦੇ ਸਬੰਧਾਂ ਬਾਰੇ ਆਰਐੱਸਐੱਸ ਦੇ ਦਾਅਵੇ ਅੰਬੇਡਕਰ ਦੀ ਵਿਰਾਸਤ ਦਾ ਲਾਹਾ ਲੈਣ ਲਈ ਉਸ ਨੂੰ ਹਥਿਆਉਣ ਦੀ ਵਿਆਪਕ ਯੁੱਧਨੀਤੀ ਦਾ ਹਿੱਸਾ ਜਾਪਦੇ ਹਨ। ਦਸਤਾਵੇਜ਼ੀ ਇਤਿਹਾਸ ਵਿਚ ਇਨ੍ਹਾਂ ਬਿਰਤਾਂਤਾਂ ਦੀ ਪੁਸ਼ਟੀ ਨਹੀਂ ਹੁੰਦੀ ਅਤੇ ਇਹ ਅੰਬੇਡਕਰ ਵੱਲੋਂ ਜਾਤੀ ਦੀ ਦ੍ਰਿੜ ਆਲੋਚਨਾ ਅਤੇ ਹਿੰਦੂ ਰੂੜ੍ਹੀਵਾਦ ਨੂੰ ਰੱਦ ਕਰਨ ਦੇ ਉਲਟ ਹਨ, ਜੋ ਉਨ੍ਹਾਂ ਦੀ ਵਿਚਾਰਧਾਰਾ ਦਾ ਅਧਾਰ ਹਨ।

**ਭਾਜਪਾ ਦੀ ਅੰਬੇਡਕਰ ਭਗਤੀ :** ਡਰਾਮੇਬਾਜ਼ੀ ਦੇ ਮਾਹਰ ਨਰਿੰਦਰ ਮੋਦੀ ਦੀ ਅਗਵਾਈ 'ਚ ਭਾਜਪਾ ਨੇ ਬਾਬਾ ਸਾਹਿਬ ਅੰਬੇਡਕਰ ਪ੍ਰਤੀ ਆਪਣੀ ਭਗਤੀ ਅਤੇ ਨਿਹਚਾ ਦੀ ਨੁਮਾਇਸ਼ ਲਾਈ ਹੈ। ਇਸ ਨੇ ਦਿੱਲੀ ਵਿਚ ਡਾ. ਅੰਬੇਡਕਰ ਇੰਟਰਨੈਸ਼ਨਲ ਸੈਂਟਰ (ਡੀ. ਏ. ਆਈ. ਸੀ.), ਲੰਡਨ ਵਿਚ ਅੰਬੇਡਕਰ ਮੈਮੋਰੀਅਲ ਅਤੇ ਦਿੱਲੀ ਵਿਚ ਅੰਬੇਡਕਰ ਨੈਸ਼ਨਲ ਮੈਮੋਰੀਅਲ ਵਰਗੀਆਂ ਸ਼ਾਨਦਾਰ ਯਾਦਗਾਰਾਂ ਸਥਾਪਤ ਕੀਤੀਆਂ ਹਨ। ਇਸ ਨੇ ਹੋਰ ਪਹਿਲਕਦਮੀਆਂ ਦੇ ਨਾਲ-ਨਾਲ ਅੰਬੇਡਕਰ ਜਯੰਤੀ ਦੇ ਮਹਾਂ ਉਤਸਵ ਨੂੰ ਸਮਰਸਤਾ ਦਿਵਸ ਵਜੋਂ ਸੰਸਥਾਗਤ ਰੂਪ ਦਿੱਤਾ ਹੈ ਅਤੇ ਅੰਬੇਡਕਰ ਦੀ ਵਿਰਾਸਤ ਨੂੰ ਹਥਿਆਉਣ 'ਚ ਇਸ ਨੇ ਹੋਰ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਤੇਜ਼ੀ ਨਾਲ ਪਛਾੜ ਦਿੱਤਾ ਹੈ। ਇਸ ਸੋਚੀ ਸਮਝੀ ਯੁੱਧਨੀਤੀ ਨੇ ਦਲਿਤ ਵੋਟਾਂ ਦੇ ਮਾਮਲੇ ਵਿਚ ਇਸ ਨੂੰ ਤਕੜਾ ਲਾਭ ਖੱਟ ਕੇ ਦਿੱਤਾ ਹੈ, ਭਾਜਪਾ ਨੇ ਹੋਰ ਸਾਰੀਆਂ ਪਾਰਟੀਆਂ ਦੀ ਸਾਂਝੀ ਗਿਣਤੀ ਨਾਲੋਂ ਵਧੇਰੇ ਰਾਖਵੀਆਂ ਸੀਟਾਂ ਹਾਸਲ ਕੀਤੀਆਂ ਹਨ। ਹਾਲਾਂਕਿ, ਅੰਬੇਡਕਰ ਦੀਆਂ ਕਦਰਾਂ-ਕੀਮਤਾਂ, ਸਿਧਾਂਤਾਂ ਅਤੇ ਆਦਰਸ਼ਾਂ ਨੂੰ ਕੁਚਲਣ ਵਿਚ ਭਾਜਪਾ ਦਾ ਬੇਜੋੜ ਰਿਕਾਰਡ ਹੈ। ਬਾਬਾ ਸਾਹਿਬ ਅੰਬੇਡਕਰ ਨੇ ਜਿਸ ਸੰਵਿਧਾਨ ਦੇ ਮੰਦਰ ਦੀ ਕਲਪਨਾ ਕੀਤੀ ਸੀ, ਉਹ ਇਸ ਦੇ ਰਾਜ ਤਹਿਤ ਮਹਿਜ਼ ਇਕ ਮਖੌਟਾ ਬਣਕੇ ਰਹਿ ਗਿਆ ਹੈ, ਜਿਸ ਵਿਚ ਫੱਟੜ ਹੋਇਆ ਲੋਕਤੰਤਰ ਆਪਣੀ ਹੋਂਦ ਬਚਾਉਣ ਲਈ ਹੱਥ-ਪੈਰ ਮਾਰ ਰਿਹਾ ਹੈ।

(**ਆਊਟਲੁੱਕ** 24 **ਜਨਵਰੀ** 2025 **ਦੇ ਧੰਨਵਾਦ ਸਹਿਤ**)

# ਜਿਊਂਦ ਲਿਖ ਰਿਹੈ ਮੁਜ਼ਾਰਾ ਲਹਿਰ ਦਾ ਅਗਲਾ ਵਰਕਾ



-ਅਮੋਲਕ ਸਿੰਘ
98778-68710

ਇਕ ਉਹ ਵੀ ਸਮਾਂ ਸੀ ਜਦੋਂ ਬੰਦਾ ਸਿੰਘ ਬਹਾਦਰ ਨੇ ਕੁੱਝ ਖੇਤਰਾਂ ਵਿੱਚ ਕਾਸ਼ਤਕਾਰਾਂ, ਬੇਜ਼ਮੀਨੇ ਲੋਕਾਂ ਨੂੰ ਖੇਤਾਂ ਦੇ ਪੁੱਤ ਬਣਾਇਆ। ਜਾਗੀਰਦਾਰਾਂ ਦੇ ਮੁਜ਼ਾਰੇ ਬਣੇ ਖੇਤਾਂ ਜਾਇਆਂ ਨੂੰ ਮਾਲਕੀ ਹੱਕ ਦਿੱਤੇ। ਜਦੋਂ ਮਿੱਟੀ ਵਿੱਚ ਹੱਡ ਗਾਲਦੇ ਲੋਕਾਂ ਨੂੰ ਜਾਗੀਰਦਾਰਾਂ ਦੀਆਂ ਜ਼ਮੀਨਾਂ ਤਕਸੀਮ ਕੀਤੀਆਂ ਤਾਂ ਖੇਤਾਂ ਅਤੇ ਫ਼ਸਲਾਂ ਨੂੰ ਆਪਣੇ ਧੀ ਪੁੱਤ ਸਮਝਦੇ ਹੋਏ ਉਹਨਾਂ ਨਾਲ ਆਪਣੀ ਜ਼ਿੰਦਗੀ ਦੀ ਸੁਰ ਤਾਲ ਮਿਲਾਉਣ ਲੱਗੇ। ਇੱਕ ਸਮਾਂ ਫਿਰ ਉਹ ਵੀ ਆਇਆ ਜਦੋਂ ਬ੍ਰਿਟਿਸ਼ ਸਾਮਰਾਜ ਨੇ ਆਪਣੇ ਸੇਵਾਦਾਰਾਂ ਅਤੇ ਪਿੰਡਾਂ ਤੱਕ ਆਪਣੇ ਰਾਜ ਭਾਗ ਦੀ ਮਜ਼ਬੂਤੀ ਲਈ ਵਫ਼ਾਦਾਰ ਬਿਸਵੇ ਦਾਰਾਂ ਨੂੰ ਵੱਡੇ ਮੁਰੱਬੇ ਦਿੱਤੇ। ਰਾਜਿਆਂ ਤੇ ਮਹਾਂ ਰਾਜਿਆਂ ਕੋਲ ਪਹਿਲਾਂ ਹੀ ਪਿੰਡਾਂ ਦੇ ਪਿੰਡ ਹੋਇਆ ਕਰਦੇ ਸਨ।

ਇਕ ਸਮਾਂ ਫਿਰ ਉਹ ਵੀ ਆਇਆ ਜਦੋਂ ਧਰਤੀ ਦੇ ਜਾਏ ਸੋਚਣ ਵਿਚਾਰਨ ਲੱਗੇ ਉਹ ਜਮੀਨਾਂ ਨੂੰ ਵਾਹੁਣ ਬੀਜਣ ਦੇ ਨਾਲ ਨਾਲ? ਆਪਣੇ ਮਨ ਦੀ ਜ਼ਮੀਨ ਵੀ ਵਾਹੁਣ ਬੀਜਣ ਲੱਗੇ। ਉਹਨਾਂ ਦੇ ਮਨ ਮਸਤਕ ਅੰਦਰ ਚੇਤਨਾ ਤੇ ਚਿੰਤਨ ਦੀਆਂ ਤਰੰਗਾਂ ਛਿੜਨ ਲੱਗੀਆਂ। ਉਹਨਾਂ ਦੇ ਮਨਾਂ ਅੰਦਰ ਆਪਣੇ ਹਿੱਸੇ ਦੀ ਜ਼ਮੀਨ ਅਤੇ ਸਵੈਮਾਣ ਭਰੀ ਜ਼ਿੰਦਗੀ ਦੇ ਫੁੱਲ ਖਿੜਨ ਲੱਗੇ। ਸੂਝ ਬੂਝ ਦੇ ਇਹਨਾਂ ਫੁੱਲਾਂ ਨੇ ਉਹਨਾਂ ਨੂੰ ਬਦਬੂ ਮਾਰਦੇ ਸਿਸਟਮ ਅਤੇ ਸੁਗੰਧੀ ਵਾਲੇ ਸਮਾਜ ਬਾਰੇ ਸਮਝਣਚੇਤਨਾ ਦਾ ਜਾਗ ਲਾਇਆ। ਅੱਗੇ ਚੱਲ ਕੇ 1907 ਅਤੇ 1908 ਦੇ ਦੌਰ ਵਿੱਚ ਵੀ 'ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ' ਲਹਿਰ ਦੇ ਵੇਲਿਆਂ ਚ ਵੀ ਖੇਤਾਂ ਤੇ ਖੇਤਾਂ 'ਚ ਸੱਪਾਂ ਦੀਆਂ ਸਿਰੀਆਂ ਮਿੱਧਣ ਵਾਲਿਆਂ ਦਾ ਆਪੋ ਵਿੱਚ ਰਿਸ਼ਤਾ ਕੀ ਹੈ ਇਹਦੀ ਚੇਤਨਾ ਦੀਆਂ ਕਰੂੰਬਲਾਂ ਫੁੱਟਣ ਲੱਗੀਆਂ। ਵੱਡੇ ਵੱਡੇ ਜਗੀਰਦਾਰਾਂ ਰਾਜਿਆਂ ਮਹਾਰਾਜਿਆਂ ਨੂੰ ਬੁਖ਼ਾਰ ਚੜ੍ਹਨ ਲੱਗਾ। ਧਰਤੀ ਪਾਸਾ ਪਰਤਿਆ ਤੇ ਇਹੋ ਜਿਹਾ ਸਮਾਂ ਆਣ ਢੁਕਾ ਜਦੋਂ 1947 ਅਤੇ '48 ਦੇ ਦੌਰ 'ਚ ਆਵਾਜ਼ਾਂ ਉੱਠੀਆਂ ਕਿ ਜ਼ਮੀਨ ਉਸਦੀ ਜੋ ਵਾਹੁੰਦਾ ਬੀਜਦਾ ਹੈ। ਪੰਜਾਬ ਅੰਦਰ ਮੁਜ਼ਾਰਾ ਲਹਿਰ ਨੇ ਕਰਵਟ ਲਈ। ਤੇਜਾ ਸਿੰਘ ਸੁਤੰਤਰ, ਛੱਜੂਮੱਲ ਵੈਦ, ਜਗੀਰ ਸਿੰਘ ਜੋਗਾ,ਧਰਮ ਸਿੰਘ ਫ਼ੱਕਰ, ਹਰਨਾਮ ਸਿੰਘ ਧਰਮਗੜ੍ਹ, ਬਾਬਾ ਦੁੱਲਾ ਸਿੰਘ ਜਲਾਲਦੀਵਾਲ, ਕੇਹਰ ਸਿੰਘ ਬਖ਼ਸ਼ੀਵਾਲਾ, ਹਰਦਿੱਤ ਸਿੰਘ ਭੱਠਲ, ਮਾਤਾ ਇੰਦ ਕੌਰ ਮੌੜ, ਜੰਗੀਰ ਸਿੰਘ ਕੌਲਸੇੜੀ, ਗੁਰਬਚਨ ਸਿੰਘ ਰਾਹੀ ਉਗਰਾਹਾਂ, ਗੁਰਚਰਨ ਸਿੰਘ ਰੰਧਾਵਾ, ਬੂਟਾ ਸਿੰਘ ਮਾਨਸਾ, ਲਾਲ ਸਿੰਘ ਕਾਲਸਾਂ, ਦਲੀਪ ਸਿੰਘ ਮਸਤ, ਸਾਹਿਬ ਸਿੰਘ ਸਲਾਣਾ, ਵਧਾਵਾ ਰਾਮ, ਅਰੂੜ ਸਿੰਘ ਚੂਹੜਚੱਕ ਅਤੇ ਜਵਾਲਾ ਸਿੰਘ ਠੱਠੀਆਂ ਵਰਗੇ ਅਣਗਿਣਤ ਲੋਕਾਂ ਨੇ ਮੁਜ਼ਾਰਾ ਲਹਿਰ ਨੂੰ ਸ਼ਿਖਰਾਂ ਤੇ ਪਹੁੰਚਾਇਆ। ਮਾਨਸਾ ਜ਼ਿਲ੍ਹੇ ਦੇ ਅੰਦਰ ਪੈਂਦਾ ਪਿੰਡ ਕਿਸ਼ਨਗੜ੍ਹ ਮੁਜ਼ਾਰਾ ਲਹਿਰ ਦਾ ਧੁਰਾ ਬਣਿਆ।

ਇਸ ਮੌਕੇ ਲੋਕਾਂ ਨੇ ਲਹਿਰ ਵਿੱਚੋਂ ਗੀਤਾਂ ਦੀ ਸਿਰਜਣਾ ਕੀਤੀ:

**'ਤੇਰੀ ਜਾਊਗੀ ਗਰੀਬੀ ਸ਼ੇਰਾ**
**ਰਾਜਿਆਂ ਦੇ ਰਾਜ ਜਾਣਗੇ'**
**'ਜ਼ਮੀਨਾਂ ਬਚਾਉਣ ਦਾ ਪੱਕਾ ਤਰੱਦਦ**
**ਇੱਕ ਦੂਜੇ ਦੀ ਕਰੀਏ ਮੱਦਦ'**

ਛੇ ਸੱਤ ਸੌ ਪਿੰਡ ਨੇ ਪੰਜਾਬ ਦੀ ਧਰਤੀ ਤੇ ਜਿੱਥੇ ਅਜਿਹੀ ਕਹਾਣੀ ਖੇਤਾਂ ਦੇ ਵੱਟਾਂ ਬੰਨਿਆ ਦੇ ਸਫ਼ਿਆਂ 'ਤੇ ਲਿਖੀ ਗਈ ਕਿ ਮੁਜ਼ਾਰੇ ਕਾਸ਼ਤਕਾਰ ਲੋਕ ਆਪਣੇ ਖੇਤਾਂ ਨੂੰ ਨਹੀਂ ਛੱਡਣਗੇ। ਵਕਤ ਦੀ ਹਵਾ ਦੇ ਬਦਲੇ ਮਿਜ਼ਾਜ ਨੂੰ ਅਨੁਭਵ ਕਰਦਿਆਂ ਮਹਾਰਾਜਾ ਪਟਿਆਲਾ ਨੇ ਪਹਿਲਾਂ 1947- 1948 ਵਿੱਚ ਕਦਮ ਦਰ ਕਦਮ ਅੱਗੇ ਪੈਰ ਪੁੱਟਦਿਆਂ ਇਹ ਕਿਹਾ ਕਿ ਪੈਪਸੂ ਖੇਤਰ ਦੇ ਜਿਹੜੇ ਕਾਸ਼ਤਕਾਰ ਸਿਰਫ਼ ਮਾਲੀਆ ਤਾਰਦੇ ਹਨ ਉਹਨਾਂ ਦੀ ਜ਼ਮੀਨ ਉੱਪਰ ਕਿਸੇ ਜਾਗੀਰਦਾਰਾਂ ਦਾ ਕੋਈ ਹੱਕ ਨਹੀਂ। ਜ਼ਮੀਨਾਂ ਹੁਣ ਉਹਨਾਂ ਕਾਸਤਕਾਰਾਂ ਕੋਲ ਰਹਿਣਗੀਆਂ ਜਿਹੜੇ ਦਹਾਕਿਆਂ ਤੋਂ ਵਾਹੁੰਦੇ ਬੀਜਦੇ ਭਾਵ ਕਾਸ਼ਤ ਕਰਦੇ ਆ ਰਹੇ ਹਨ।

ਕਾਸ਼ਤਕਾਰਾਂ ਨੂੰ ਇਹ ਹੱਕ ਕਿਸੇ ਨੇ ਥਾਲੀ ਵਿੱਚ ਪਰੋਸ ਕੇ ਨਹੀਂ ਦਿੱਤਾ। ਕਿਸਾਨਾਂ ਦੇ ਸਿਰਾਂ ਉੱਪਰ ਲਾਠੀਆਂ ਅਤੇ ਗੋਲੀਆਂ ਦੀ ਵਰਖਾ ਹੋਈ ਸੀ ਕਿੰਨੇ ਹੀ ਕਿਸਾਨ ਸ਼ਹੀਦ ਹੋਏ ਸੈਂਕੜੇ ਫੱਟੜ ਕਰ ਦਿੱਤੇ ਗਏ। ਕਿਸ਼ਨਗੜ੍ਹ ਦੀ ਜਮੀਨ ਦੇ ਸਮੇਤ ਹੋਰਾਂ ਖੇਤਰਾਂ ਅੰਦਰ ਵੀ ਜਮੀਨਾਂ ਕਾਸ਼ਤਕਾਰਾਂ ਦੇ ਨਾਂਅ ਕਰਨੀਆਂ ਪਈਆਂ। ਪੈਪਸੂ ਲਹਿਰ ਨੇ ਪੂਰੇ ਪੰਜਾਬ ਦੇ ਮੁਜਾਰਿਆਂ ਨੂੰ ਨਵੀਂ ਜਿੰਦਗੀ ਨਾਲ ਹੱਥ ਮਿਲਾਉਣ ਦੀ ਸੋਝੀ ਪ੍ਰਦਾਨ ਕੀਤੀ। 1947-48 ਤੋਂ ਬਾਅਦ ਪੈਪਸੂ ਮੁਜ਼ਾਰਾ ਲਹਿਰ ਤੋਂ ਬਾਅਦ ਇਹ ਵੀ ਜ਼ਿਕਰਯੋਗ ਹੈ 2005 ਵਿੱਚ ਜਗੀਰਦਾਰਾਂ ਅਤੇ ਮੁਜਾਰਿਆਂ ਦੇ ਰਿਸ਼ਤੇ ਬਾਰੇ ਪੰਜਾਬ ਸਰਕਾਰ ਨੇ ਨੋਟੀਫਿਕੇਸ਼ਨ ਜਾਰੀ ਕੀਤਾ ਜਿਸ ਵਿੱਚ 1947 ਅਤੇ 1948 ਦਾ ਹਵਾਲਾ ਸ਼ਾਮਿਲ ਹੈ। ਉਸ ਹਵਾਲੇ ਨਾਲ ਕਿਹਾ ਗਿਆ ਹੈ ਕਿ ਜਿਹੜੇ ਕਾਸ਼ਤਕਾਰ ਸਿਰਫ਼ ਮਾਲੀਆ ਭਰਦੇ ਨੇ ਉਹ ਸਾਰੇ ਇਸ ਜਮੀਨ ਦੇ ਹੱਕਦਾਰ ਨੇ। ਇਉਂ ਹੀ 2005 'ਚ ਸਰਕਾਰ ਦੇ ਪਰਦੇ ਪਿਛਲੇ ਇਸ਼ਾਰੇ ਕਾਰਨ ਕਿਸੇ ਵੀ ਸਰਕਾਰੀ ਵਕੀਲ ਨੇ ਇਹ ਤੱਥ ਅੱਗੇ ਚੱਲ ਕੇ ਅਦਾਲਤ ਵਿੱਚ ਜਾਣ ਬੁੱਝ ਕੇ ਪੇਸ਼ ਨਹੀਂ ਕੀਤਾ। ਪਿੰਡ ਜਿਉਂਦ ਦੀ ਸਰਪੰਚ ਗੁਰਮੀਤ ਕੌਰ ਅਤੇ ਇਸੇ ਤਰ੍ਹਾਂ ਦੇ ਨਾਲ 2021 ਵਿੱਚ ਜਿਉਂਦ ਦੇ ਸਰਪੰਚ ਗੁਰਜੰਟ ਸਿੰਘ ਨੇ ਇਹ ਕਾਗਜਾਤ ਪੇਸ਼ ਕੀਤੇ ਕਿ ਸਰਕਾਰੀ ਮਾਮਲਾ ਭਰਦੇ ਇਸ ਪਿੰਡ ਦੇ ਸੈਂਕੜੇ ਕਾਸ਼ਤਕਾਰ ਜਮੀਨਾਂ ਤੋਂ ਬੇਦਖ਼ਲ ਨਹੀਂ ਕੀਤੇ ਜਾ ਸਕਦੇ। ਹੋਇਆ ਇਹ ਕਿ ਸਰਕਾਰ, ਅਧਿਕਾਰੀ ਅਮਲਾ ਫੈਲਾ ਅਤੇ ਜਾਗੀਰਦਾਰਾਂ ਦੀ ਮਿਲੀ ਭੁਗਤ ਨਾਲ? ਸਰਕਾਰ ਦੇ ਉੱਚ ਅਧਿਕਾਰੀਆਂ ਨੇ ਕਚਹਿਰੀ ਜੱਜਾਂ ਦੇ ਸਾਹਮਣੇ ਮੁਜਾਰਿਆਂ ਦੇ ਪੱਖ ਵਿੱਚ ਭੁਗਤਦੇ ਸਬੂਤ ਅਦਾਲਤ ਵਿੱਚ ਪੇਸ਼ ਨਹੀਂ ਕੀਤੇ। ਚੀਫ਼ ਜਸਟਿਸ ਮੁੱਲਾ ਹੋਰਾਂ ਨੇ ਇੱਕ ਕੇਸ ਦੇ ਫੈਸਲੇ ਤੇ ਟਿੱਪਣੀ ਕਰਦਿਆਂ ਕਿਹਾ ਸੀ ਕਿ, 'ਅਦਾਲਤਾਂ ਫੈਸਲੇ ਕਰਦੀਆਂ ਨੇ ਇਨਸਾਫ ਨਹੀਂ ਕਰਦੀਆਂ' ਸੋ ਜੇ ਅਦਾਲਤ ਦੇ ਵਿੱਚ ਕਾਸ਼ਤਕਾਰਾਂ ਦਾ ਕਾਨੂੰਨੀ ਅਤੇ ਜਾਇਜ਼ ਪੱਖ ਸਰਕਾਰ ਨੇ ਨਹੀਂ ਰੱਖਣਾ ਇਹ ਸ਼ਰੇਆਮ ਕਾਸ਼ਤਕਾਰਾਂ ਨਾਲ ਬੇਇਨਸਾਫ਼ੀ ਨਹੀਂ ਤਾਂ ਹੋਰ ਕੀ ਹੈ? ਫਿਰ ਅਦਾਲਤਾਂ ਵਿੱਚੋਂ ਆਪਣੇ ਮਨਚਾਹੇ ਫੈਸਲੇ ਕਰਾਉਣ ਦੀ ਜ਼ਮੀਨ ਤਿਆਰ ਕਰਕੇ ਉਸ ਫੈਸਲੇ ਦੀ ਆੜ ਵਿੱਚ ਅੱਗੇ ਸਿਵਲ ਅਤੇ ਪੁਲਸ ਪ੍ਰਸ਼ਾਸਨ ਦੇ ਜ਼ੋਰ ਧੱਕੇ ਨਾਲ ਲੋਕਾਂ ਉਪਰ ਇਸਨੂੰ ਅਦਾਲਤੀ ਫੈਸਲਾ ਦੱਸ ਕੇ ਮੜ੍ਹਨਾ ਭਲਾ ਲੋਕ ਇਹ ਕਿਉਂ ਪ੍ਰਵਾਨ ਕਰਨਗੇ। ਇਹ ਮਸਲਾ ਸਿਰਫ਼ ਜਿਉਂਦ ਦਾ ਨਹੀਂ। ਇਹ ਮਸਲਾ ਪੰਜਾਬ ਦੇ ਛੇ ਸੱਤ ਸੌ ਪਿੰਡਾਂ ਦਾ ਹੈ। ਇਸ ਲਈ ਜਿਉਂਦ ਪਿੰਡ, ਪੰਜਾਬ ਦੇ ਛੇ ਸੱਤ ਸੌ ਪਿੰਡਾਂ ਦੀ ਤਕਦੀਰ ਲਿਖਣ ਜਾਂ ਰਿਹਾ ਹੈ। ਲੋਕਾਂ ਦਾ ਕਹਿਣਾ ਹੈ ਕਿ ਇਹ ਗੱਲ ਸਹੇ ਦੀ ਨਹੀਂ ਸਗੋਂ ਪਹੇ ਦੀ ਹੈ। ਕਿਹਾ ਜਾ ਰਿਹਾ ਕਿ ਸੁਪਰੀਮ ਕੋਰਟ ਨੇ 30 ਜਨਵਰੀ ਤੋਂ ਪਹਿਲਾਂ ਪਹਿਲਾਂ ਜਿਉਂਦ ਪਿੰਡ ਦੇ ਸਭਨਾਂ ਕਾਸ਼ਤਕਾਰਾਂ ਕੋਲੋਂ ਜਮੀਨ ਲੈ ਕੇ ਵੱਡੇ ਜਗੀਰਦਾਰਾਂ ਨੂੰ ਸੌਂਪਣ ਦਾ ਹੁਕਮ ਸੁਣਾਇਆ ਹੈ ਅਤੇ ਇਹ ਫੈਸਲਾ ਜੇਕਰ ਲਾਗੂ ਨਹੀਂ ਹੁੰਦਾ ਤਾਂ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਦੀਆਂ ਤਨਖਾਹਾਂ ਕੱਟਣ ਤੱਕ ਦੀ ਚੁਣੌਤੀ ਵੀ ਸ਼ਾਮਲ ਹੈ। ਜਿਉਂਦ ਪਿੰਡ ਦਾ ਕਹਿਣਾ ਹੈ ਕਿ 1947-1948 ਤੋਂ ਲੈ ਕੇ ਅੱਜ ਤੱਕ ਅਸੀਂ ਆਪਣੇ ਹੱਕ ਸੱਚ ਇਨਸਾਫ ਦੀ ਮੰਗ ਕਰਦੇ ਆ ਰਹੇ ਹਾਂ ਸਾਡੀ ਉੱਚ ਪੁਲਸ ਪ੍ਰਸ਼ਾਸਨ ਅਤੇ ਸਿਵਲ ਅਧਿਕਾਰੀ ਮਾਮਲੇ ਨੂੰ ਸੁਣਨ ਇਨਸਾਫ਼ ਵੱਲ ਕੰਨ ਕਰਨ ਦੀ ਬਜਾਏ ਸਿਰਫ ਤਕਨੀਕੀ ਨੁਕਤਿਆਂ ਨਾਲ ਜਗੀਰਦਾਰਾਂ ਦੇ ਹੱਕ ਵਿੱਚ ਭੁਗਤ ਕੇ ਸਾਡੇ ਕੋਲੋਂ ਰੋਟੀ ਰੋਜ਼ੀ ਖੋਹ ਕੇ ਹਜ਼ਾਰਾਂ ਹੀ ਜੀਆਂ ਦੇ ਢਿੱਡ ਵਿੱਚ ਲੱਤ ਮਾਰਨ ਦਾ ਕੰਮ ਕਰਨ ਜਾ ਰਹੇ ਨੇ। ਇਹ ਅਸੀਂ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰਾਂਗੇ।

ਜਿਉਂਦ ਪਿੰਡ ਸਬੰਧੀ ਕਿਸਾਨ ਪੱਖੀ ਇਸ ਨੋਟੀਫਿਕੇਸ਼ਨ ਨੂੰ ਛਿੱਕੇ ਟੰਗ ਦਿੱਤਾ ਗਿਆ ਹੈ:

ਸਕੱਤਰੇਤ ਮਾਲ, ਪਟਿਆਲਾ
ਨੋਟੀਫਿਕੇਸ਼ਨ ਨੰਬਰ 30
ਮਿਤੀ 18.05.2005

ਜ਼ਿਮੀਂਦਾਰਾ ਅਤੇ ਕਾਬਜ ਮੁਜ਼ਾਰਿਆਂ ਦਰਮਿਆਨ ਜਮੀਨ ਦੀ ਵੰਡ ਸਬੰਧੀ ਫਰਮਾਨੇ ਸ਼ਾਹੀ ਨੰਬਰ 6 ਮਿਤੀ 11 ਮਾਰਚ 1947 ਦੀ ਅੰਸ਼ਿਕ ਸੋਧ ਕਰਦਿਆਂ ਮਾਣਯੋਗ ਮਹਾਰਾਜਾ ਪਟਿਆਲਾ ਵਲੋਂ ਆਪਣੇ ਹੁਕਮ ਨੰਬਰ 1420/6 AR-03 ਮਿਤੀ 20.07.1948 ਜੋ ਕਿ ਉਹਨਾਂ ਵਲੋਂ ਇਸ ਦਫ਼ਤਰੀ ਨੋਟ ਨੰਬਰ 115/1 ਮਿਤੀ 23.12.1947/8.9.2004 ਪਰ ਫਰਮਾਇਆ ਗਿਆ, ਰਾਹੀਂ ਰਹਿਮਦਿਲੀ ਨਾਲ ਹੁਕਮ ਕੀਤਾ ਗਿਆ ਹੈ ਕਿ ਮੁਜਾਰਾ ਕ?ਨੂਨ ਦੀ ਧਾਰਾ 5, 6 ਅਤੇ 8 ਅਧੀਨ ਕਾਬਜ ਮੁਜਾਰੇ, ਜੋ ਮਾਮਲੇ ਜਾਂ ਕਿਸੇ ਕਰ ਤੋਂ ਸਵਾਏ, ਨਗਦੀ ਜਾਂ ਫਸਲ ਹਿੱਸੇ ਵਜੋਂ ਕੋਈ ਠੇਕਾ ਨਹੀਂ ਦਿੰਦੇ, ਉਹਨਾਂ ਨੂੰ ਉਹਨਾਂ ਦੇ ਕਬਜੇ ਹੇਠਲੇ ਰਕਬੇ ਦੇ ਪੂਰੇ ਮਾਲਕ ਵਜੋਂ ਤਸਲੀਮ ਕੀਤਾ ਜਾਵੇ।

ਪ੍ਰੀਤਮ ਸਿੰਘ ਸਿੱਧੂ
ਸਕੱਤਰ ਮਾਲ

ਜਿਉਂਦ ਪਿੰਡ ਦੀਆਂ ਪੌਣਾਂ ਵਿੱਚ ਇਹ ਬੋਲ ਘੁਲੇ ਮਿਲੇ ਹੋਏ ਨੇ। ਇਸ ਕਰਕੇ ਹੀ ਇਹ ਆਵਾਜ਼ ਗੂੰਜਦੀ ਹੈ ਕਿ, 'ਬੱਚਾ ਬੱਚਾ ਝੋਕ ਦਿਆਂਗੇ, ਜ਼ਮੀਨਾਂ ਤੇ ਕਬਜ਼ੇ ਰੋਕ ਦਿਆਂਗੇ' ਲੋਕਾਂ ਦੇ ਕਾਫ਼ਲੇ, ਜ਼ਮੀਨ ਦੇ ਚਾਰੇ ਪਾਸੇ ਡੇਰਾ ਜਮ੍ਹਾਂ ਕੇ ਬੈਠ ਗਏ। ਪਿੰਡ ਨੂੰ ਆਉਂਦੇ ਸਾਰੇ ਦੇ ਸਾਰੇ ਰਾਹ ਵੀ ਰੋਕ ਲਏ। ਪਿੰਡ ਵਿੱਚ ਥਾਂ ਥਾਂ ਲੰਗਰ ਅਤੇ ਸਟੇਜਾਂ ਲੱਗ ਗਈਆਂ। ਔਰਤਾਂ ਸਮੇਤ ਸਾਰਾ ਨਗਰ ਪੂਰੀ ਤਰ੍ਹਾਂ ਦੇ ਨਾਲ ਡਟ ਕੇ ਆਪਣੇ ਹੱਕ ਲਈ ਉਠ ਖੜਿਆ ਹੈ।

ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੀ ਅਗਵਾਈ ਵਿੱਚ ਕਿਸਾਨ ਮਜ਼ਦੂਰ ਮਰਦ ਔਰਤਾਂ ਜਬਰ ਦੀ ਪ੍ਰਵਾਹ ਨਾ ਕਰਦਿਆਂ ਡਟ ਗਏ। ਪਹਿਲੇ ਦਿਨ ਜਦੋਂ ਖੇਤਾਂ ਦੇ ਇੱਕ ਪਾਸੇ ਅਜੇ ਦਸ ਪੰਦਰਾਂ ਕੁ ਕਿਸਾਨ ਹੀ ਜੁੜੇ ਸਨ ਉਹਨਾਂ ਉੱਪਰ ਵਹਿਸ਼ੀਆਨਾ ਲਾਠੀ ਚਾਰਜ ਕਰ ਦਿੱਤਾ। ਕਿਸਾਨਾਂ ਕੋਲੋਂ ਇੱਕ ਟਰਾਲੀ ਖੋਹ ਲਈ। ਜਿਉਂ ਹੀ ਹੋਰਨਾ ਪਿੰਡਾਂ ਤੋਂ ਕਿਸਾਨ ਅਤੇ ਯੂਨੀਅਨ ਦੇ ਵਰਕਰ ਆਗੂ ਪਿੰਡ ਜਿਉਂਦ ਪਹੁੰਚੇ ਤਾਂ ਉਹਨਾਂ ਨੇ ਸਵਾਲ ਕੀਤਾ ਕਿ ਸਾਡੇ ਵਰਕਰਾਂ ਉੱਪਰ ਲਾਠੀ ਚਾਰਜ ਕਿਉਂ ਕੀਤਾ ਗਿਆ ਅਤੇ ਆਪਣੀ ਟਰਾਲੀ ਪ੍ਰਾਪਤ ਕਰਨ ਲਈ ਅਲਟੀਮੇਟਮ ਦੇ ਦਿੱਤਾ ਤਾਂ ਉਸ ਮੌਕੇ ਪ੍ਰਸ਼ਾਸਨ ਅਤੇ ਪੁਲਿਸ ਦੇ ਕੁਝ ਉੱਚ ਅਧਿਕਾਰੀ ਸ਼ਰੇਆਮ ਝੂਠ ਬੋਲਣ ਲੱਗੇ ਕਿ ਤੁਹਾਡੀ ਟਰਾਲੀ ਵਿੱਚ ਪੈਟਰੋਲ ਬੰਬ ਹਨ। ਅਧਿਕਾਰੀ ਧਮਕਾਉਣ ਲੱਗੇ ਪਰ ਲੋਕਾਂ ਦੇ ਰੋਹ ਨੇ ਐਲਾਨ ਕਰ ਦਿੱਤਾ ਕਿ ਸਾਡੀਆਂ ਲੋਥਾਂ ਦੇ ਉੱਪਰ ਦੀ ਤੁਸੀਂ ਗੱਡੀਆਂ ਲੰਘਾ ਕੇ ਦਗੜ ਦਗੜ ਕਰਦੇ ਜਮੀਨਾਂ ਵੱਲ ਨੂੰ ਜਾ ਸਕਦੇ ਹੋ ਅਸੀਂ ਐਂ ਸਿਰ ਝੁਕਾ ਕੇ ਤੇ ਗੋਡੇ ਟੇਕ ਕੇ ਆਪਣੀ ਮਾਂ ਧਰਤੀ ਤੁਹਾਡੇ ਹਵਾਲੇ ਨਹੀਂ ਕਰਾਂਗੇ।

ਅਖੀਰ ਵਿੱਚ ਉਹਨਾਂ ਨੂੰ ਪਿੱਛੇ ਕਦਮ ਮੋੜਨੇ ਪਏ ਭਾਵੇਂ ਵਕਤੀ ਤੌਰ ਤੇ ਪਿੱਛੇ ਮੁੜਨ ਲਈ ਹੋਰ ਪੈਂਤੜੇ ਵੀ ਖੇਡੇ ਕਿ, 'ਸਾਨੂੰ ਵਾਪਸ ਜਾਣ ਲਈ ਰਾਹ ਦੇ ਦਿਓ' ਸੂਝਵਾਨ ਲੀਡਰਸ਼ਿਪ ਨੇ ਰਾਹ ਛੱਡ ਦਿੱਤਾ ਪਰ ਹਕੀਕਤ ਹੋਰ ਸਾਹਮਣੇ ਆਈ ਕਿ ਪੁਲਿਸ ਉਸ ਰਾਹ ਆਉਣ ਦੀ ਬਜਾਏ ਹੋਰ ਰਾਹ ਨਿਕਲ ਗਈ। ਇਸ ਤੋਂ ਪਤਾ ਲੱਗਦਾ ਹੈ ਕਿ ਇਹ ਕੋਰਾ ਬਹਾਨਾ ਸੀ ਕਿ ਸ਼ਾਇਦ ਯੂਨੀਅਨ ਕਹੇਗੀ ਅਸੀਂ ਰਾਹ ਨਹੀਂ ਦਿੰਦੇ ਤੇ ਫਿਰ ਇੱਕ ਅਡੰਬਰ ਖੜ੍ਹਾ ਕੀਤਾ ਜਾਏਗਾ ਕਿ ਇਹ ਕਾਨੂੰਨ ਨੂੰ ਹੱਥ ਵਿੱਚ ਲੈਂਦੇ ਨੇ। ਇਹ ਸਾਨੂੰ ਤਾਂ ਵਾਪਸ ਵੀ ਨਹੀਂ ਮੁੜਨ ਦਿੰਦੇ। ਇਸ ਦਾ ਪ੍ਰਮਾਣ ਬਾਅਦ ਵਿੱਚ ਇਉਂ ਹੋਇਆ ਜਦੋਂ ਪ੍ਰਸ਼ਾਸਨ ਨੇ ਪ੍ਰੈਸ ਦੇ ਅੱਗੇ ਵੀ ਤੇ ਹੋਰਾਂ ਥਾਵਾਂ ਤੇ ਵੀ ਇਹ ਬੋਲਣਾ ਸ਼ੁਰੂ ਕਰ ਦਿੱਤਾ ਕਿ ਇਹਨਾਂ ਨੇ ਸਾਡੇ ਮੁਲਾਜ਼ਮ ਬੰਦੀ ਬਣਾ ਲਏ। ਇਹਨਾਂ ਕੋਲ ਪੈਟਰੋਲ ਬੰਬ ਨੇ। ਮੀਡੀਆ ਸਾਹਮਣੇ ਅਧਿਕਾਰੀਆਂ ਨੇ ਫਿਰ ਗੱਲ ਬਦਲ ਵੀ ਲਈ ਜਦੋਂ ਕਿ ਪ੍ਰੈਸ ਦੇ ਸਾਹਮਣੇ ਪੁਲਸ ਮੁਲਾਜ਼ਮਾਂ ਨੇ ਕਿਹਾ ਕਿ ਨਾ ਕੋਈ ਸਾਡੀ ਚੀਜ਼ ਕਿਸਾਨਾਂ ਨੇ ਖੋਹੀ ਅਤੇ ਨਾ ਹੀ ਸਾਨੂੰ ਕਿਸਾਨਾਂ ਨੇ ਕੋਈ ਬੁਰਾ ਭਲਾ ਕਿਹਾ। ਇਹਦੇ ਬਾਵਜੂਦ ਵੀ ਹੁਣ ਦਰਜਣਾਂ ਕਿਸਾਨਾਂ, ਜਥੇਬੰਦੀ ਦੇ ਸਿਰਮੌਰ ਆਗੂਆਂ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਸਮੇਤ ਦਰਜਣਾਂ ਆਗੂਆਂ ਤੇ ਵਰਕਰਾਂ ਉੱਪਰ ਸੰਗੀਨ ਧਰਾਵਾਂ ਮੜ੍ਹ ਕੇ ਦੋ ਐਫ ਆਈ ਆਰ ਦਰਜ਼ ਕਰ ਦਿੱਤੀਆਂ।

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਨੇ 30 ਜਨਵਰੀ ਤੱਕ ਜਿਉਂਦ ਪਿੰਡ ਵਿੱਚ ਪੱਕਾ ਮੋਰਚਾ ਗੱਡ ਦਿੱਤਾ ਹੈ। ਇਉਂ ਹੀ ਭਵਾਨੀਗੜ੍ਹ ਲਾਗੇ ਭਾਰਤ ਮਾਲਾ ਪ੍ਰੋਜੈਕਟ ਤਹਿਤ ਧੱਕੇ ਨਾਲ ਜ਼ਮੀਨਾਂ ਹਥਿਆਉਣ ਖ਼ਿਲਾਫ਼ ਪੱਕਾ ਮੋਰਚਾ ਗੱਡ ਦਿੱਤਾ। ਲੇਲੇ ਵਾਲਾ, ਦੁੱਨੇਵਾਲਾ ਆਦਿ ਕਿੰਨੇ ਥਾਵਾਂ ਤੇ ਸੰਘਰਸ਼ ਦੇ ਅਖਾੜੇ ਪਹਿਲਾਂ ਹੀ ਭਖੇ ਹੋਏ ਹਨ।

ਇੱਕ ਬੰਨੇ ਜਿਉਂਦ ਪਿੰਡ ਤੇ ਹੱਲੇ ਦੌਰਾਨ ਹੀ ਬਠਿੰਡਾ ਡੀ ਸੀ ਦਫਤਰ ਅੱਗੇ ਲੱਗਿਆ ਪੱਕਾ ਮੋਰਚਾ ਆਪਣੇ ਲੋਕਾਂ ਦੀਆਂ ਮੰਗਾਂ ਮਨਵਾਉਣ ਵਿਚ ਸਫ਼ਲ ਰਿਹਾ ਹੈ। ਟੋਹਾਣਾ ਰੈਲੀ ਤੇ ਜਾਂਦੇ ਸਮੇਂ ਭਿਆਨਕ ਬੱਸ ਹਾਦਸੇ ਵਿੱਚ ਮਾਰੇ ਗਏ ਜੀਆਂ ਦੇ ਪਰਿਵਾਰਾਂ ਨੂੰ ਮੁਆਵਜ਼ਾ, ਨੌਕਰੀ ਅਤੇ ਬੱਚਿਆਂ ਦੀ ਪੜ੍ਹਾਈ ਦੀਆਂ ਮੰਗਾਂ ਪ੍ਰਵਾਨ ਕਰਾਉਣ ਉਪਰੰਤ ਪਿੰਡ ਕੋਠਾਗੁਰੂ ਦੀਆਂ ਔਰਤਾਂ ਅਤੇ ਮਜ਼ਦੂਰ ਕਿਸਾਨ ਆਗੂਆਂ ਨੂੰ ਰੋਹ ਭਰੀ ਅੰਤਿਮ ਵਿਦਾਇਗੀ ਦਿੱਤੀ ਗਈ।

ਇਸ ਮੌਕੇ ਮੰਡੀਆਂ ਦਾ ਭੋਗ ਪਾਉਣ ਦਾ ਖੇਤੀ ਡਰਾਫਟ ਰੱਦ ਕਰਾਉਣ ਲਈ ਸੰਗਰਾਮ ਹੋਰ ਵਿਸ਼ਾਲ ਅਤੇ ਤਿੱਖਾ ਕਰਨ ਦਾ ਅਹਿਦ ਕੀਤਾ ਗਿਆ। ਜਿਊਂਦ ਵਿਖੇ ਲੱਗੇ ਪੱਕੇ ਮੋਰਚੇ ਤੇ ਸਿਰ ਜੋੜਕੇ ਹੋ ਰਹੀਆਂ ਨੇ ਗੰਭੀਰ ਵਿਚਾਰਾਂ।

ਜ਼ਿਕਰਯੋਗ ਹੈ ਕਿ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਵੀ ਇਸ ਵਰ੍ਹੇ 25 ਜਨਵਰੀ ਤੋਂ 31 ਜਨਵਰੀ ਤੱਕ 'ਕਲਮ, ਕਲਾ ਅਤੇ ਲੋਕ ਸਾਂਝ' ਦੀ ਹਫ਼ਤਾਵਾਰ ਮੁਹਿੰਮ ਮੌਕੇ ਅਜਿਹੇ ਭਖ਼ਦੇ ਮਸਲਿਆਂ ਨਾਲ ਹੋਰ ਵੀ ਸੁਰ ਤਾਲ ਮਿਲਾਉਣ ਜਾ ਰਿਹਾ ਹੈ।




www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਬੌਧਿਕ ਚਿੰਤਨ ਦੀ ਮੁੜ ਬਹਾਲੀ ਦੀ ਜ਼ਰੂਰਤ ਕਿਉਂ?








ਡਾ. ਕੁਲਦੀਪ ਸਿੰਘ
98151-15429

"ਜਿਸ ਕਿਸਮ ਦੇ ਦੌਰ ਵਿਚੋਂ ਦੁਨੀਆ ਗੁਜ਼ਰ ਰਹੀ ਹੈ ਉਹ ਤੱਤ ਰੂਪ ਵਿਚ ਪੂੰਜੀਵਾਦੀ ਦੌਰ ਹੈ। ਦੁਨੀਆ ਦਾ ਕੋਈ ਵੀ ਕੋਨਾ ਅਜਿਹਾ ਨਹੀਂ ਜਿਥੇ ਪੂੰਜੀ ਨੇ ਅਮੀਰੀ ਅਤੇ ਗਰੀਬੀ ਇਥੋਂ ਤੱਕ ਪ੍ਰਵਾਸ ਅਤੇ ਜੰਗ ਵਰਗੇ ਸਵਾਲਾਂ ਨੂੰ ਸਮੁੱਚੀ ਦੁਨੀਆ ਦੇ ਸਵਾਲ ਬਣਾ ਦਿੱਤਾ ਹੈ। ਇਸ ਸਮੇਂ ਇਨ੍ਹਾਂ ਸਵਾਲਾਂ ਨੂੰ ਸਮਝਣ ਅਤੇ ਵੱਖ ਵੱਖ ਦੁਨੀਆ ਦੇ ਕੋਨਿਆਂ ਵਿਚ ਚੱਲ ਰਹੀਆਂ ਲੋਕਪੱਖੀ ਲਹਿਰਾਂ ਨੂੰ ਪੂੰਜੀਵਾਦ ਦੇ ਖਿਲਾਫ਼ ਵਿਕਸਿਤ ਕਰਨ ਅਤੇ ਸਮਾਜਵਾਦ ਦੇ ਸਵਾਲ ਨੂੰ ਕੇਂਦਰ 'ਤੇ ਲਿਆਉਣ ਦੀ ਜ਼ਰੂਰਤ ਹੈ।" ਇਹ ਸ਼ਬਦ ਪ੍ਰੋ. ਰਾਧਿਕਾ ਡਿਸਾਈ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪ੍ਰੋ. ਰਵਿੰਦਰ ਰਵੀ ਮੈਮੋਰੀਅਲ ਲੈਕਚਰ ਦਿੰਦਿਆਂ ਕਹੇ। ਉਨ੍ਹਾਂ ਆਪਣਾ ਲੈਕਚਰ ਅਜੋਕੇ ਦੌਰ ਵਿਚ ਬੁੱਧੀਜੀਵੀਆਂ ਦੀਆਂ ਭੂਮਿਕਾ ਸਬੰਧੀ ਬੋਲਦਿਆਂ ਕਿਹਾ ਕਿ ਵਰ੍ਹਾ 1970 ਤੋਂ ਬਾਅਦ ਜਿਸ ਕਿਸਮ ਨਾਲ ਵਿਚਾਰਧਾਰਕ ਖੜੋਤ ਆਈ ਹੈ। ਪਹਿਚਾਣਾਂ ਦੇ ਸਵਾਲ, ਮਨੁੱਖੀ ਅਧਿਕਾਰਾਂ ਦੇ ਸਵਾਲ, ਧਾਰਮਿਕ ਪੁਨਰਸੁਰਜੀਤੀ ਦੇ ਸਵਾਲ ਕੇਂਦਰੀ ਸਵਾਲ ਬਣਾ ਕੇ ਪੇਸ਼ ਕੀਤੇ ਗਏ ਹਨ। ਇਨ੍ਹਾਂ ਨੂੰ ਸਮਝਣ ਅਤੇ ਇਨ੍ਹਾਂ ਦੇ ਹੱਕ ਲਈ ਬੁੱਧੀਜੀਵੀ ਕਾਮੇ ਦਿਨ ਰਾਤ ਇਕ ਕਰ ਰਹੇ ਹਨ। ਜਿਸ ਦਾ ਸਿੱਟਾ ਕੁਝ ਵੀ ਨਹੀਂ ਨਿਕਲ ਰਿਹਾ ਹੈ ਬਲਕਿ ਪੂੰਜੀਵਾਦ ਦੀ ਉਮਰ ਲੰਬੀ ਰਹੀ ਹੈ ਕਿਉਂਕਿ ਰਾਜਨੀਤਕ ਆਰਥਿਕਤਾ ਨੂੰ ਕੇਂਦਰੀ ਸਵਾਲ ਸਮਝਣ ਤੋਂ ਬਿਨਾਂ ਅਜੋਕੇ ਪੂੰਜੀਵਾਦ ਦੇ ਅੰਦਰ ਅਤੇ ਬਾਹਰ ਦੀਆਂ ਲੜਾਈਆਂ ਨੂੰ ਸਮਝਿਆ ਨਹੀਂ ਜਾ ਸਕਦਾ ਕਿਉਂਕਿ ਜੋ ਵੀ ਵਾਤਾਵਰਣ ਤੋਂ ਲੈ ਕੇ ਜੰਗਾਂ ਤੱਕ ਜੰਗਾਂ ਤੋਂ ਲੈ ਕੇ ਪ੍ਰਵਾਸ ਤੱਕ ਅਤੇ ਇਥੋਂ ਤੱਕ ਪ੍ਰਾਂਤਨਪੰਥੀ ਸਰਕਾਰਾਂ ਜੋ ਮੋਦੀ ਅਤੇ ਟਰੰਪ ਦੇ ਰੂਪ ਵਿਚ ਆ ਰਹੀਆਂ ਹਨ ਇਹ ਦੁਨੀਆ ਲਈ ਤਬਾਹੀ ਦਾ ਸਬੂਤ ਹਨ। ਇਸ ਕਰਕੇ ਸਾਡੇ ਬੁੱਧੀਜੀਵੀਆਂ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਜੋਕੇ ਪੂੰਜੀਵਾਦ ਦੀਆਂ ਵੱਖ ਵੱਖ ਧਰਾਵਾਂ ਨੂੰ ਸਮਝਣ ਅਤੇ ਉਨ੍ਹਾਂ ਦੇ ਖਿਲਾਫ਼ ਆਪਣੀ ਬੌਧਿਕ ਸ਼ਕਤੀ ਨੂੰ ਵਿਕਸਿਤ ਅਤੇ ਇਸਤੇਮਾਲ ਕਰਨ।

ਪ੍ਰੋ. ਰਣਧੀਰ ਸਿੰਘ ਮੈਮੋਰੀਅਲ ਲੈਕਚਰ ਜੋ ਕਿ ਇੰਸਟੀਚਿਊਟ ਆਫ਼ ਕਮਿਊਨੀਕੇਸ਼ਨ ਐਂਡ ਡਿਵੈਲਪਮੈਂਟ ਚੰਡੀਗੜ੍ਹ ਵਿਖੇ ਪ੍ਰੋ. ਰਾਧਿਕਾ ਡਿਸਾਈ ਅਤੇ ਪ੍ਰੋ. ਐਲਨਫਰੀਮੈਨ ਨੇ ਦਿੱਤਾ ਸੀ। ਇਸ ਮੌਕੇ ਪ੍ਰੋ. ਐਲਨਫਰੀਮੈਨ ਨੇ ਬੋਲਦਿਆਂ ਕਿਹਾ ਕਿ ਅਮਰੀਕਾ ਦੀ ਜੋ ਸਿਆਸੀ ਜਮਾਤ ਹੈ ਚਾਹੇ ਉਹ ਰਿਪਬਲਿਕਨ ਹਨ ਚਾਹੇ ਡੈਮੋਕ੍ਰੇਟਿਕ ਤੱਤ ਰੂਪ ਵਿਚ ਉਹ ਅਜੋਕੇ ਕਾਰਪੋਰੇਟ ਘਰਾਣਿਆਂ ਦੀ ਹੀ ਚਾਕਰੀ ਕਰਦੇ ਹਨ। ਇਨ੍ਹਾਂ ਨੂੰ ਤੋੜ ਕੇ ਨਹੀਂ ਦੇਖਣਾ ਨਹੀਂ ਚਾਹੀਦਾ। ਉਨ੍ਹਾਂ ਕਿਹਾ ਕਿ ਅਸਲ ਵਿਚ ਕਾਰਪੋਰੇਟ ਘਰਾਣੇ ਹੀ ਇਨ੍ਹਾਂ ਨੂੰ ਚਲਾ ਰਹੇ ਹਨ ਅਤੇ ਨਾ ਹੀ ਮੁੜ ਸੁਰਜੀਤੀ ਵਾਲੇ ਪੈਂਤੜੇ ਜੋ ਕਿ ਫਾਸਿਸਟ ਕਿਸਮ ਦੇ ਹਨ ਉਹ ਵੀ ਇਸ ਦਾ ਹਿੱਸਾ ਬਣੇ ਹਨ। ਅਜੋਕਾ ਰਾਸ਼ਟਰਪਤੀ ਟਰੰਪ ਆਉਣ ਵਾਲੇ ਸਮੇਂ ਵਿਚ ਆਪਣੇ ਮੁਲਕ ਲਈ ਤਾਂ ਤਬਾਹੀ ਵਾਲਾ ਸਾਬਤ ਹੋਵੇਗਾ ਬਲਕਿ ਦੁਨੀਆ ਲਈ ਵੀ ਅਜਿਹਾ ਹੀ ਬਣੇਗਾ। ਇਸ ਮੌਕੇ ਪ੍ਰੋ. ਰਾਧਿਕਾ ਡਿਸਾਈ ਨੇ ਵਿਸ਼ਵ ਪੱਧਰ ਦੀ ਪੂੰਜੀਵਾਦੀ ਆਰਥਿਕਤਾ ਦੇ ਵੱਖ ਵੱਖ ਪਹਿਲੂਆਂ ਨੂੰ ਛੂਹਦਿਆਂ ਕਿਹਾ ਕਿ ਮੁੜ ਅਜੋਕੇ ਵੱਖ ਵੱਖ ਦੁਨੀਆ ਦੇ ਹਿੱਸਿਆਂ ਵਿਚਲੇ ਜੰਗਾਂ ਅਤੇ ਜਮਹੂਰੀਅਤਾਂ ਦੇ ਸਵਾਲਾਂ ਨੂੰ ਪੂੰਜੀਵਾਦ ਨਾਲ ਜੋੜ ਕੇ ਸਮਝਣ ਦੀ ਲੋੜ ਹੈ। ਇਸ ਸੰਕਟਗ੍ਰਸਤ ਦੌਰ ਦੀ ਆਪਣੀ ਤਰਾਸਦੀ ਹੈ।





ਪ੍ਰੋ. ਤਰਸੇਮ ਬਾਹੀਆ ਮੈਮੋਰੀਅਲ ਲੈਕਚਰ ਜੋ ਕਿ ਪੰਜਾਬੀ ਸਾਹਿਤਕ ਅਕਾਡਮੀ ਲੁਧਿਆਣਾ ਨਾਲ ਸਾਂਝੇ ਰੂਪ ਵਿਚ ਕਰਵਾਇਆ ਗਿਆ ਸੀ ਜਿਸ ਦਾ ਵਿਸ਼ਾ ਅਜੋਕੇ ਕਾਰਪੋਰੇਟ ਦੌਰ ਵਿਚ ਕਿਸਾਨ ਲਹਿਰਾਂ ਅਤੇ ਉਨ੍ਹਾਂ ਦੇ ਬਦਲ ਦਾ ਸਵਾਲ ਸੀ। ਇਸ ਮੌਕੇ ਪ੍ਰੋ. ਰਾਧਿਕਾ ਡਿਸਾਈ ਨੇ ਬੋਲਦਿਆਂ ਕਿਹਾ ਕਿ ਸਾਨੂੰ ਬੜੇ ਸੰਜੀਦਾ ਢੰਗ ਨਾਲ ਪੂੰਜੀਵਾਦ ਨੂੰ ਭਾਰਤ ਵਿਚ ਕਿਸ ਤਰ੍ਹਾਂ ਵਿਕਸਿਤ ਹੋਇਆ ਅਤੇ ਇਸ ਦੀਆਂ ਕਿਹੜੀਆਂ ਕਿਹੜੀਆਂ ਵੰਨਗੀਆਂ ਹਨ ਇਨ੍ਹਾਂ ਨੂੰ ਸਮਝਣ ਦੀ ਜ਼ਰੂਰਤ ਹੈ ਕਿ ਕਿਸ ਤਰ੍ਹਾਂ ਪਿਛਲੇ 50 ਸਾਲਾਂ ਵਿਚ ਅਸੀਂ ਇਕ ਪਿਛਲ ਮੋੜੇ ਵੱਲ ਮੁੜ ਗਏ ਹਨ। ਜਦੋਂ ਵੱਖ ਵੱਖ ਖਿੱਤਿਆਂ ਵਿਚ ਮੁੜ ਧਰਮ ਪਰਿਵਰਤਣ ਦੀਆਂ ਲਹਿਰਾਂ ਕੱਟੜਤਾ ਦੇ ਰੂਪ ਵਿਚ ਵਿਕਸਿਤ ਹੋ ਗਈਆਂ ਹਨ ਅਤੇ ਵੱਖ ਵੱਖ ਖੇਤਰਾਂ ਵਿਚ ਮੱਧ ਵਰਗੀ ਜਮਾਤ ਅਜੋਕੀ ਸੱਜੇਪੱਖੀ ਵਿਚਾਰਧਾਰਾ ਨਾਲ ਜੁੜ ਗਈ ਹੈ। ਉਨ੍ਹਾਂ ਬੜੇ ਜ਼ੋਰ ਨਾਲ ਕਿਹਾ ਕਿ ਅਸੀਂ ਜੋ ਖੇਤਰੀ ਪਾਰਟੀਆਂ ਕਹਿੰਦੇ ਹਾਂ ਬੁਨਿਆਦੀ ਤੌਰ 'ਤੇ ਇਹ ਇਕ ਖਿੱਤੇ ਦੀ ਪੂੰਜੀਵਾਦੀ ਜਮਾਤ ਹੈ। ਜਿਵੇਂ ਪੰਜਾਬ ਵਿਚ ਅਕਾਲੀ ਦਲ ਹੈ, ਆਂਧਰਾ ਵਿਚ ਤੇਲਗੂ ਦੇਸਮ ਹੈ, ਬੰਗਾਲ ਵਿਚ ਮਮਤਾ ਬੈਨਰਜੀ ਆਦਿ ਵੀ ਇਨ੍ਹਾਂ ਹਿੱਸਿਆਂ ਦੀ ਹੀ ਪ੍ਰਤੀਨਿਧਤਾ ਕਰਦੇ ਹਨ। ਖੇਤਰੀ ਪੂੰਜੀਵਾਦੀ ਜਮਾਤ ਅਤੇ ਭਾਰਤ ਦੀ ਪੂੰਜੀਵਾਦੀ ਜਮਾਤ ਵਿਚ ਆਪਸੀ ਗਠਜੋੜ ਬੁਰੀ ਤਰ੍ਹਾਂ ਬਣਿਆ ਹੋਇਆ ਹੈ। ਅਸੀਂ ਸਿਰਫ਼ ਤੇ ਸਿਰਫ਼ ਕੁਝ ਅਜਿਹੇ ਸਵਾਲਾਂ ਨੂੰ ਹੀ ਕੇਂਦਰ ਵਿਚ ਬਣਾ ਰਹੇ ਹਾਂ ਜਿਵੇਂ ਕਿ ਇਹ ਸੰਕਟ ਪੂੰਜੀਵਾਦ ਦਾ ਨਾ ਹੋ ਕੇ ਦੋਮ ਦਰਜੇ ਦੀਆਂ ਪ੍ਰਵਿਰਤੀਆਂ ਕਾਰਨ ਹੈ। ਉਨ੍ਹਾਂ ਸਪਸ਼ਟ ਕਿਹਾ ਕਿ ਅਜੋਕੇ ਖੇਤੀਬਾੜੀ ਸੰਕਟ ਨੂੰ ਸਮਝਣ ਲਈ ਪੰਜਾਬ ਦੇ ਪੂੰਜੀਵਾਦੀ ਵਿਕਾਸ ਵਿਚ ਉਤਪੰਨ ਹੋਈਆਂ ਜਮਾਤਾਂ ਨੂੰ ਅਤੇ ਉਨ੍ਹਾਂ ਵਿਚਲੇ ਟਕਰਾਅ ਨੂੰ ਸਮਝਣ ਦੀ ਜ਼ਰੂਰਤ ਹੈ। ਪੰਜਾਬ ਬੁਰੀ ਤਰ੍ਹਾਂ ਪੂੰਜੀਵਾਦੀ ਵਿਕਾਸ ਅਤੇ ਸੰਕਟ ਵਿਚ ਗੁੱਥਮ ਗੁੱਥਾ ਹੋਇਆ ਪਿਆ ਹੈ। ਇਥੋਂ ਨਾ ਪ੍ਰਵਾਸ ਬੁਨਿਆਦੀ ਤੌਰ 'ਤੇ ਇਸ ਧਰਤੀ ਦੀਆਂ ਵੱਖ-ਵੱਖ ਸੰਸਥਾਵਾਂ ਦਾ ਤੈਸ਼-ਨੈਸ਼ ਹੋਣਾ ਹੈ ਉਸ ਦੇ ਕਈ ਕਾਰਨ ਹਨ ਜਿਨ੍ਹਾਂ ਬਾਰੇ ਚਿੰਤਨ ਕਰਨ ਦੀ ਜ਼ਰੂਰਤ ਹੈ। ਅਜੋਕੇ ਸਮੇਂ ਵਿਚ ਪੰਜਾਬ ਨੂੰ ਸਮਝਣ ਲਈ ਇਸ ਦੀ ਰਾਜਨੀਤਕ ਆਰਥਿਕਤਾ ਨੂੰ ਕੇਂਦਰ ਵਿਚ ਰੱਖ ਕੇ ਸਮਝਿਆ ਜਾਵੇ। ਨਹੀਂ ਤਾਂ ਅਸੀਂ ਸਭਿਆਚਾਰਕ ਅਤੇ ਹੋਰ ਪਛਾਣ ਦੀਆਂ ਲਹਿਰਾਂ ਵਿਚ ਗੁਆਚ ਜਾਵਾਂਗੇ।


ਪ੍ਰੋ. ਰਾਧਿਕਾ ਡਿਸਾਈ ਦੀ ਇਸ ਫੇਰੀ ਸਬੰਧੀ ਪ੍ਰੋ. ਜਗਮੋਹਨ ਸਿੰਘ ਦਾ ਕਹਿਣਾ ਸੀ ਕਿ ਇਹ ਅਜਿਹਾ ਕਦਮ ਸੀ ਜਿਸ ਦਾ ਸਾਨੂੰ ਹੋਰ ਭਰਵਾਂ ਲਾਹਾ ਲੈਣ ਦੀ ਜ਼ਰੂਰਤ ਸੀ। ਕਿਉਂਕਿ ਅਸੀਂ ਇਸ ਵੇਲੇ ਵਿਚਾਰਧਾਰਕ ਦੋਚਿੱਤੀ ਵਿਚ ਫਸੇ ਹੋਏ ਹਾਂ। ਨਰਭਿੰਦਰ ਦਾ ਕਹਿਣਾ ਸੀ ਕਿ ਹੁਣ ਦਾ ਦੌਰ ਵਿਚਾਰਾਂ ਦੀ ਪ੍ਰਪੱਕਤਾ ਲਈ ਸਿਰ ਜੋੜ ਕੇ ਸੋਚਣ ਦਾ ਦੌਰ ਹੈ। ਰਘਬੀਰ ਖੰਨਾ ਦਾ ਵਿਚਾਰ ਸੀ ਕਿ ਪ੍ਰੋ. ਰਾਧਿਕਾ ਡਿਸਾਈ ਦੀਆਂ ਲਿਖਤਾਂ ਨੂੰ ਪੰਜਾਬੀ ਜਗਤ ਵਿਚ ਲੈ ਕੇ ਜਾਣ ਦੀ ਜ਼ਰੂਰਤ ਹੈ। ਸਤਨਾਮ ਚਾਨਾ ਦਾ ਕਹਿਣਾ ਸੀ ਕਿ ਅਸੀਂ ਆਪਣੀਆਂ ਛੋਟੀਆਂ-ਛੋਟੀਆਂ ਵੰਨਗੀਆਂ ਅਤੇ ਗਰੁੱਪਾਂ ਤੋਂ ਉਪਰ ਉਠ ਕੇ ਇਕਜੁਟ ਰੂਪ ਵਿਚ ਸੋਚੀਏ। ਪ੍ਰੋ. ਮਲੇਰੀ ਦਾ ਵਿਚਾਰ ਸੀ ਕਿ ਅਜਿਹਾ ਚਿੰਤਨ ਹੋਣਾ ਚਾਹੀਦਾ ਹੈ। ਪ੍ਰੋ. ਸੁਰਜੀਤ ਸਿੰਘ ਦੀ ਭਾਵਨਾ ਸੀ ਕਿ ਅਸੀਂ ਜਿੰਨੇ ਕੁ ਬੌਧਿਕ ਕਾਮੇ ਬਚੇ ਹੋਏ ਹਾਂ ਸਾਨੂੰ ਇਸ ਦਿਸ਼ਾ ਵੱਲ ਸੋਚਣਾ ਚਾਹੀਦਾ ਹੈ। ਡਾ. ਮਿੱਤਰਾ ਦੀ ਇੱਛਾ ਸੀ ਕਿ ਅਜੋਕੀ ਵਿਚਾਰਾਂ ਦੀ ਲਹਿਰ ਇਕਜੁਟ ਕਰਕੇ ਸ਼ੁਰੂ ਕਰਨੀ ਚਾਹੀਦੀ ਹੈ। ਸੁਖਦੇਵ ਭੂੰਦੜੀ ਦਾ ਵਿਚਾਰ ਸੀ ਜਿਸ ਕਿਸਮ ਨਾਲ ਪੰਜਾਬ ਦੀਆਂ ਸਮੱਸਿਆਵਾਂ ਵਧ ਗਈਆਂ ਹਨ ਅਤੇ ਵੱਖ-ਵੱਖ ਖੇਤਰਾਂ ਵਿਚ ਚੱਲ ਰਹੇ ਸੰਘਰਸ਼ਾਂ ਨੂੰ ਇਕਜੁਟ ਹੋ ਕੇ ਸਮਝਣ ਅਤੇ ਦਿਸ਼ਾ ਦੇਣ ਦੀ ਜ਼ਰੂਰਤ ਹੈ। ਕਾਮਰੇਡ ਮੋਹਨ ਦਾ ਵਿਚਾਰ ਸੀ ਕਿ ਸਾਮਰਾਜ ਜਿਸ ਤੇਜ਼ੀ




ਨਾਲ ਕਿਸਾਨੀ ਨੂੰ ਭੰਨਦਾ ਆ ਰਿਹਾ ਹੈ ਉਸ ਖਿਲਾਫ਼ ਲਹਿਰਾਂ ਉਠਣਗੀਆਂ। ਸਮੁੱਚੇ ਸੈਮੀਨਾਰਾਂ ਦੀ ਪਹਿਲਕਦਮੀ ਕਰਨ ਵਾਲੇ ਡਾ. ਕੁਲਦੀਪ ਸਿੰਘ ਨੇ ਕਿਹਾ ਕਿ ਅੱਜ ਸਾਨੂੰ ਆਪਣੀਆਂ ਧਿਰਾਂ ਅਤੇ ਗਰੁੱਪਾਂ ਤੋਂ ਉਪਰ ਉਠ ਕੇ ਸੋਚਣ ਅਤੇ ਕਾਰਜ ਕਰਨ ਦੀ ਜ਼ਰੂਰਤ ਹੈ। ਮਾ. ਭਜਨ ਸਿੰਘ ਦਾ ਵਿਚਾਰ ਸੀ ਕਿ ਸਰੋਕਾਰਾਂ ਦੀ ਆਵਾਜ਼ ਇਸ ਕਦਮ ਲਈ ਹਰ ਇਕ ਨੂੰ ਜੀ ਆਇਆਂ ਕਹਿੰਦੀ ਹੈ। ਤੱਤ ਰੂਪ ਵਿਚ ਸਮੁੱਚਾ ਬੌਧਿਕ ਚਿੰਤਨ ਦਾ ਸਿਲਸਿਲਾ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਇਕ ਸਫ਼ਲਤਾਪੂਰਵਕ ਕਦਮ ਸੀ।




## ਮਾਰਕਸਵਾਦੀ ਚਿੰਤਕ ਪ੍ਰੋ. ਰਾਧਿਕਾ ਡਿਸਾਈ



ਪ੍ਰੋ. ਰਾਧਿਕਾ ਡਿਸਾਈ ਡਿਪਾਰਟਮੈਂਟ ਆਫ਼ ਪਾਲੀਟੀਕਲ ਸਟੱਡੀ ਅਤੇ ਡਾਇਰੈਕਟਰ ਜੀਓ ਪਾਲੀਟੀਕਲ ਇਕਾਨਮੀ ਰਿਸਰਚ ਗਰੁੱਪ ਯੂਨੀਵਰਸਿਟੀ ਆਫ਼ ਮੈਨੀਟੋਬਾ, ਕੈਨੇਡਾ ਅਤੇ ਕਨਵੀਨਰ ਇੰਟਰਨੈਸ਼ਨਲ ਮੈਨੀਫੈਸਟੋ ਗਰੁੱਪ ਹਨ। ਪ੍ਰੋ. ਰਾਧਿਕਾ ਡਿਸਾਈ ਜਿਨ੍ਹਾਂ ਦਾ ਦਾਇਰਾ ਰਾਜਨੀਤੀ ਤੋਂ ਲੈ ਕੇ ਜੀਓ ਪਾਲੀਟੀਕਲ ਇਕਾਨਮੀ, ਆਰਥਿਕ ਥਿਊਰੀ, ਰਾਸ਼ਟਰਵਾਦ, ਫਾਸਇਜ਼ਮ, ਯੂਐਸਏ ਅਤੇ ਇੰਡੀਅਨ ਰਾਜਨੀਤੀ ਜੋ ਅਜੋਕੇ ਪੂੰਜੀਵਾਦੀ ਸੰਸਾਰ ਵਿਚ ਪ੍ਰਮੁੱਖਤਾ ਹਾਸਲ ਕੀਤੀ ਹੋਈ ਹੈ ਉਨ੍ਹਾਂ ਦਾ ਪ੍ਰਸਿੱਧ ਕਾਰਜ ਜੀਓ ਪਾਲੀਟੀਕਲ ਇਕਾਨਮੀ ਜਦੋਂ 2013 ਵਿਚ ਪ੍ਰਕਾਸ਼ਤ ਹੋਇਆ ਤਾਂ ਇਸ ਨੂੰ ਮਾਰਕਸ ਦੇ ਪੂੰਜੀਵਾਦੀ ਵਿਸ਼ਲੇਸ਼ਣ ਅਤੇ ਲੇਟ ਕੈਪੀਟਲਿਜ਼ਮ 'ਤੇ ਪ੍ਰਸਿੱਧ ਪੁਸਤਕ ਲਿਖੀ। ਉਨ੍ਹਾਂ ਦਾ ਕਾਰਜ ਇੰਡੀਅਨ ਪੂੰਜੀਪਤੀ ਜਮਾਤ ਕਿਸ ਤਰ੍ਹਾਂ ਬਣੀ ਅਤੇ ਵਿਕਸਤ ਹੋਈ ਉਸ 'ਤੇ ਚਲ ਰਿਹਾ ਹੈ। ਉਨ੍ਹਾਂ ਦੀ ਪ੍ਰਸਿੱਧ ਪੁਸਤਕ ਕੈਪੀਟਲਿਜ਼ਮ, ਕਰੋਨਾ-ਵਾਇਸਰ ਅਤੇ ਜੰਗ (2023) ਕਾਂਗਰਸ ਤੋਂ ਹਿੰਦੂਤਵਾ ਤੱਕ ਦਾ ਸਫ਼ਰ (2004), ਬੁੱਧੀਜੀਵੀ ਅਤੇ ਸਮਾਜਵਾਦ (1994) ਆਦਿ ਪ੍ਰਮੁੱਖ ਪੁਸਤਕਾਂ ਹਨ। ਦੁਨੀਆ ਭਰ ਵਿਚ ਉਨ੍ਹਾਂ ਦੀ ਮਸ਼ਹੂਰ ਲਿਖਤ 'ਸਲੋਹਮੋਸ਼ਨ ਕਾਊਂਟਰ ਰੈਵੂਲੇਸ਼ਨ : ਇਮਾਰਜੈਂਸ ਆਫ਼ ਨਿਊ ਲਿਬਰਲਿਜ਼ਮ' ਵੀ ਹੈ ਜਿਸ ਰਾਹੀਂ ਉਨ੍ਹਾਂ ਨੇ ਭਾਰਤ ਦੇ ਪੂੰਜੀਵਾਦੀ ਵਿਕਾਸ ਦੀਆਂ ਵਿਚਾਰਧਾਰਕ ਤੰਤਾਂ ਨੂੰ ਫਰੋਲਿਆ ਹੋਇਆ ਹੈ। ਅਜਿਹੀ ਚਿੰਤਕ ਜਿਸ ਦੀ ਰੇਂਜ ਬੜੇ ਵੱਡੇ ਪੱਧਰ 'ਤੇ ਹੈ। ਅਜੋਕੇ ਵਿਸ਼ਵੀ ਪੂੰਜੀਵਾਦੀ ਸੰਕਟ ਦੀਆਂ ਅਹਿਮ ਪਰਤਾਂ ਨੂੰ ਵਿਚਾਰਧਾਰਕ ਤੌਰ 'ਤੇ ਪਰਖਦੀ ਅਤੇ ਉਨ੍ਹਾਂ ਦਾ ਵਿਸ਼ਲੇਸ਼ਣ ਕਰਦੀ ਹੈ। ਦੁਨੀਆ ਦਾ ਕੋਈ ਵੀ ਅਜਿਹਾ ਹਿੱਸਾ ਨਹੀਂ ਜਿਹੜਾ ਉਸ ਨੇ ਆਪਦੀਆਂ ਲਿਖਤਾਂ ਵਿਚ ਨਾ ਛੂਹਿਆ ਹੋਵੇ। ਵਿਸ਼ੇਸ਼ ਕਰਕੇ ਪਾਲੀਟੀਕਲ ਇਕਾਨਮੀ ਦੇ ਨਜ਼ਰੀਏ ਤੋਂ। ਅਜੋਕੇ ਦੌਰ ਵਿਚ ਉਨ੍ਹਾਂ ਦੀਆਂ ਲਿਖਤਾਂ ਨੂੰ ਪੜ੍ਹਨਾ ਸਾਡੇ ਸਾਰਿਆਂ ਲਈ ਅਤੀ ਜ਼ਰੂਰੀ ਹੈ ਜਦੋਂ ਬਹਿਸ ਪੂੰਜੀਵਾਦ ਤੋਂ ਹਟ ਕੇ ਸਿਰਫ਼ ਮਨੁੱਖੀ ਹੱਕਾਂ, ਪ੍ਰਵਾਸ, ਸਭਿਆਚਾਰ, ਦਾਬੇ ਆਦਿ ਤੱਕ ਸੀਮਤ ਹੋ ਗਈ ਹੈ। ਇਨ੍ਹਾਂ ਸਭ ਕੁਝ ਦੀਆਂ ਵਿਚਾਰਧਾਰਕ ਕਮਜ਼ੋਰੀਆਂ ਨੂੰ ਉਹ ਵੱਡੇ ਪੱਧਰ 'ਤੇ 1970ਵਿਆਂ ਤੋਂ ਸਮਝਦੀ ਹੋਈ ਮਾਰਕਸੀ ਦ੍ਰਿਸ਼ਟੀਕੋਣ ਤੋਂ ਵੱਖਰੇ ਰੂਪ ਵਿਚ ਦਰਜ ਕਰਦੀ ਹੈ ਕਿ ਅਜੋਕਾ ਸਮਾਂ ਪੂੰਜੀਵਾਦ ਅਤੇ ਸਮਾਜਵਾਦ ਦੀਆਂ ਬਹਿਸਾਂ ਦੇ ਦਰਮਿਆਨ ਹੋਣਾ ਚਾਹੀਦਾ ਹੈ। ਇਹ ਵਿਚਾਰਧਾਰਕ ਸੋਝੀ ਵੱਖ ਵੱਖ ਖੇਤਰਾਂ ਵਿਚ ਕੰਮ ਕਰਦੇ ਅਗਵਾਨੂੰਆਂ ਨੂੰ ਹਾਸਲ ਕਰਨੀ ਚਾਹੀਦੀ ਹੈ। ਅਜਿਹੇ ਮਾਰਕਸਵਾਦੀ ਸ਼ਖਸੀਅਤ ਦਾ ਅਜੋਕੇ ਦੌਰ ਵਿਚ ਦੁਨੀਆ ਦੇ ਪੈਮਾਨੇ 'ਤੇ ਵਿਚਾਰਧਾਰਕ ਬਹਿਸਾਂ ਨੂੰ ਤਿੱਖੇ ਕਰਨ ਅਤੇ ਵਿਕਸਿਤ ਕਰਨ ਵਿਚ ਉਚੇਚਾ ਯੋਗਦਾਨ ਹੈ। ਦੁਨੀਆ ਦੀਆਂ ਅਹਿਮ ਸੰਸਥਾਵਾਂ ਵਲੋਂ ਸਮੇਂ ਸਮੇਂ 'ਤੇ ਉਨ੍ਹਾਂ ਨੂੰ ਵੱਖ-ਵੱਖ ਮਾਣ ਸਤਿਕਾਰ ਦਿੱਤੇ ਗਏ ਹਨ। ਅੱਜ ਕੱਲ੍ਹ ਉਹ ਬਤੌਰ ਡਿਪਟੀ ਐਡੀਟਰ, ਵਰਲਡ ਮਾਰਕਸਿਸਟ ਰਿਵਿਊ ਦੇ ਤੌਰ 'ਤੇ ਵੀ ਭੂਮਿਕਾ ਨਿਭਾਅ ਰਿਹਾ ਹੈ।

# ਵਾਸ਼ਿੰਗਟਨ ਦੀ ਨੈਸ਼ਨਲ ਬਿਸ਼ਪ ਮੈਰੀਅਮ ਐਡਗਰ ਬਡੀ ਵਲੋਂ ਟਰੰਪ ਨੂੰ ਨਸੀਹਤ

**ਅਨੁਵਾਦ : ਸੁਖਵੰਤ ਹੁੰਦਲ**

ਅਮਰੀਕਾ ਦਾ ਪ੍ਰੈਜ਼ੀਡੈਂਟ ਡੌਨਲਡ ਟਰੰਪ ਆਪਣੀ ਪ੍ਰੈਜ਼ੀਡੈਂਸੀ ਦੇ ਪਹਿਲੇ ਦਿਨ ਵਸ਼ਿੰਗਟਨ ਸ਼ਹਿਰ ਦੇ ਨੈਸ਼ਨਲ ਕੈਥੀਡਰਲ ਵਿੱਚ ਗਿਆ। ਇਸ ਸਮੇਂ ਦੌਰਾਨ ਇਸ ਕੈਥੀਡਰਲ ਦੀ ਬਿਸ਼ਪ ਮੈਰੀਅਮ ਐਡਗਰ ਬਡੀ ਨੇ ਆਪਣੇ ਉਪਦੇਸ਼ ਵਿੱਚ ਪ੍ਰੈਜ਼ੀਡੈਂਟ ਟਰੰਪ ਨੂੰ ਇਹ ਕਿਹਾ:

'ਮਿਸਟਰ ਪ੍ਰੈਜ਼ੀਡੈਂਟ ਮੈਨੂੰ ਆਖਰੀ ਅਪੀਲ ਕਰਨ ਦੀ ਇਜਾਜ਼ਤ ਦਿਉ। ਕ੍ਰੋੜਾਂ ਲੋਕਾਂ ਨੇ ਤੁਹਾਡੇ ਵਿੱਚ ਭਰੋਸਾ ਜਤਾਇਆ ਹੈ ਅਤੇ ਜਿਵੇਂ ਤੁਸੀਂ ਕੱਲ ਕੌਮ (ਨੇਸ਼ਨ) ਨੂੰ ਦੱਸਿਆ ਸੀ ਕਿ ਤੁਸੀਂ ਪਿਆਰੇ ਰੱਬ ਦਾ ਮਿਹਰ ਭਰਿਆ ਹੱਥ ਮਹਿਸੂਸ ਕੀਤਾ ਹੈ। ਆਪਣੇ ਰੱਬ ਦੇ ਨਾਂ, ਮੈਂ ਤੁਹਾਨੂੰ ਆਪਣੇ ਦੇਸ਼ ਵਿਚਲੇ ਉਹਨਾਂ ਲੋਕਾਂ 'ਤੇ ਰਹਿਮ ਕਰਨ ਦੀ ਬੇਨਤੀ ਕਰਦੀ ਹਾਂ, ਜੋ ਡਰੇ ਹੋਏ ਹਨ। ਡੈਮੋਕਰੈਟਿਕ, ਰਿਪਬਲਕਿਨ ਅਤੇ ਅਜ਼ਾਦ ਪਰਿਵਾਰਾਂ ਵਿੱਚ ਗੇਅ, ਲੈਸਬੀਅਨ ਅਤੇ ਟਰਾਂਸਜੈਂਡਰ ਬੱਚੇ ਹਨ- ਜਿਨ੍ਹਾਂ ਵਿੱਚੋਂ ਕੁੱਝ ਨੂੰ ਆਪਣੀਆਂ ਜ਼ਿੰਦਗੀਆਂ ਦਾ ਡਰ ਹੈ। ਉਹ ਲੋਕ ਜਿਹੜੇ ਸਾਡੀਆਂ ਫਸਲਾਂ ਕੱਟਦੇ/ਵੱਢਦੇ/ਚੁਗਦੇ ਹਨ ਅਤੇ ਸਾਡੇ ਦਫਤਰਾਂ ਦੀਆਂ ਬਿਲਡਿੰਗਾਂ ਨੂੰ ਸਾਫ ਕਰਦੇ ਹਨ, ਜਿਹੜੇ ਸਾਡੇ ਪੋਲਟਰੀ ਫਾਰਮਾਂ ਅਤੇ ਮੀਟ-ਪੈਕਿੰਗ ਦੇ ਪਲਾਂਟਾਂ ਵਿੱਚ ਕੰਮ ਕਰਦੇ ਹਨ, ਜਿਹੜੇ ਸਾਡੇ ਵਲੋਂ ਰੈਸਟੋਰੈਂਟਾਂ ਵਿੱਚ ਖਾਣ ਤੋਂ ਬਾਅਦ ਭਾਂਡੇ ਧੋਂਦੇ ਹਨ ਅਤੇ ਹਸਪਤਾਲਾਂ ਵਿੱਚ ਨਾਈਟ ਸ਼ਿਫਟਾਂ ਨੂੰ ਕੰਮ ਕਰਦੇ ਹਨ-ਹੋ ਸਕਦਾ ਹੈ ਉਹ ਸਿਟੀਜ਼ਨ ਨਾ ਹੋਣ ਜਾਂ ਉਹਨਾਂ ਕੋਲ ਸਹੀ ਕਾਗਜ਼ ਨਾ ਹੋਣ, ਪਰ ਬਹੁਗਿਣਤੀ ਇਮੀਗ੍ਰੈਂਟ ਮੁਜਰਮ ਨਹੀਂ ਹਨ। ਉਹ ਟੈਕਸ ਦਿੰਦੇ ਹਨ ਅਤੇ ਚੰਗੇ ਗਵਾਂਢੀ ਹਨ। ਉਹ ਸਾਡੀਆਂ ਚਰਚਾਂ ਅਤੇ ਮਸਜਿਦਾਂ, ਸਿਨਾਗੌਗਾਂ, ਗੁਰਦਵਾਰਿਆਂ ਅਤੇ ਮੰਦਿਰਾਂ ਦੇ ਵਿਸ਼ਵਾਸ ਕਰਨ ਵਾਲੇ ਮੈਂਬਰ ਹਨ।

ਮਿਸਟਰ ਪ੍ਰੈਜ਼ੀਡੈਂਟ, ਮੈਂ ਤੁਹਾਨੂੰ ਉਹਨਾਂ ਲੋਕਾਂ 'ਤੇ ਰਹਿਮ ਕਰਨ ਦੀ ਅਪੀਲ ਕਰਦੀ ਹਾਂ ਜਿਹਨਾਂ ਦੇ ਬੱਚਿਆਂ ਨੂੰ ਡਰ ਹੈ ਕਿ ਉਹਨਾਂ ਦੇ ਮਾਪਿਆਂ ਨੂੰ ਚੁੱਕ ਲਿਆ ਜਾਵੇਗਾ ਅਤੇ ਉਨ੍ਹਾਂ ਲੋਕਾਂ ਦੀ ਮਦਦ ਕਰਨ ਦੀ ਅਪੀਲ ਕਰਦੀ ਹਾਂ ਜਿਹੜੇ ਆਪਣੇ ਦੇਸ਼ਾਂ ਵਿੱਚ ਲੱਗੀਆਂ ਜੰਗਾਂ ਅਤੇ ਜ਼ੁਲਮ ਤੋਂ ਭੱਜ ਕੇ ਇੱਥੇ ਦਇਆ ਅਤੇ ਸਵਾਗਤ ਲਈ ਆਉਂਦੇ ਹਨ। ਸਾਡਾ ਰੱਬ ਸਾਨੂੰ ਸਿਖਾਉਂਦਾ ਹੈ ਕਿ ਅਸੀਂ ਅਜਨਬੀਆਂ 'ਤੇ ਰਹਿਮ



ਕਰੀਏ, ਕਿਉਂਕਿ ਕਿਸੇ ਸਮੇਂ ਅਸੀਂ ਵੀ ਇਸ ਧਰਤੀ 'ਤੇ ਅਜਨਬੀ ਸਾਂ। ਕਾਮਨਾ ਕਰਦੀ ਹਾਂ ਕਿ ਰੱਬ ਸਾਨੂੰ ਹਰ ਇਕ ਇਨਸਾਨ ਦੇ ਸਵੈਮਾਨ ਦੀ ਇੱਜ਼ਤ ਕਰਨ, ਪਿਆਰ ਨਾਲ ਇਕ ਦੂਸਰੇ ਅੱਗੇ ਸੱਚ ਬੋਲਣ ਅਤੇ ਇਸ ਮੁਲਕ ਅਤੇ ਸਮੁੱਚੀ ਦੁਨੀਆ ਦੇ ਸਾਰੇ ਲੋਕਾਂ ਦੀ ਭਲਾਈ ਲਈ ਇਕ ਦੂਸਰੇ ਨਾਲ ਅਤੇ ਆਪਣੇ ਰੱਬ ਨਾਲ ਨਿਰਮਾਨਤਾ ਨਾਲ ਤੁਰਨ ਲਈ ਤਾਕਤ ਅਤੇ ਹੌਸਲਾ ਦੇਵੇ। ਆਮੀਨ।'




Taralake Dental

Taralake Dental offers Full Range of General and Cosmetic Dental Services

TARALAKE DENTAL

We Offer

Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction

Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6

We are Hiring New & Experienced Realtors.
We can also help you to get Realtor License.

We provide following Services:
• Residential • Commercial • Business
• Land Investment • Property • Management Services

Ramandeep Gill, REALTOR®, 403-852-2852, yograman9@yahoo.com
Amandeep Gill, REALTOR®, 403-919-6962, amangill@instarlt.com
Amarjit Pangly, REALTOR®, 403-891-2424, amarpangly@instarlt.com
Mousam Mann, REALTOR®, 403-923-3620, mousammann@instarlt.com
Amandeep Gill, REALTOR®, 825-733-7551, gillhomes18@gmail.com
Manpreet Kaur, REALTOR®, 587-438-4091, Realtor.manpreetk@gmail.com
Aman Batth, REALTOR®, 403-918-7254, realtoramanbatth@gmail.com
Gurpreet Kaur, REALTOR®, 403-613-2459, realestatebygurpreet@gmail.com

Insta Realty
BUY SELL INSTANTLY

Harcharan Parhar
REAL ESTATE BROKER
www.instarlt.com
403.681.8689
400, 3115-12th St NE Calgary AB T2E 7J2
Email: info@instarlt.com

Harsimran Bawa, REALTOR®, 403-689-4506, simrkakra@gmail.com
Karan Nanda, REALTOR®, 778-681-0480, karannanda@instarlt.com
Navi Tiwana, REALTOR®, 403-383-9496, navutiwana@instarlt.com
Sahil Lamba, REALTOR®, 613-854-3762, sahillamba273@gmail.com

Book Your New Dream Home with our team in Savanna, City Scape, Red Stone, Corner Stone, Home Stead, Cochrane.